ਡਾ. ਹਰਜਿੰਦਰ ਸਿੰਘ ਦਿਲਗੀਰ

ਸਿੱਖ ਕੌਣ ਹਨ ?



ਸਿੱਖ ਯੂਨੀਵਰਸਿਟੀ ਪ੍ਰੈਸ
2007

SIKH KAUN HAN?

by

Dr. Harjinder Singh Dilgeer

Ph.D., M.Phil., M.A. (English, Philosophy, Punjabi)
L.L.B., Adi Granth Acharya, D.G. Phil.

hsdilgeer@yahoo.com

First Edition 199
Second Edition 200

Published By :
Sikh University Press
4300, Waremme
Belgium

Distributers :
Singh Brothers
Amritsar

Printed at :
Printwell
Amritsar

Price : Rs. 80

ਡਾ. ਗੁਰਬਚਨ ਸਿੰਘ ਬਚਨ

ਦੇ ਨਾਂ

ਜ਼ਰੂਰੀ ਨੋਟ

ਇਸ ਕਿਤਾਬ ਵਿਚ ਤਾਰੀਖ਼ਾਂ ਭੱਟ ਵਹੀਆਂ ਅਤੇ ਕੁਝ ਹੋਰ ਕੀਮਤੀ ਤਵਾਰੀਖ਼ੀ ਸੋਮਿਆਂ ਦੇ ਆਧਾਰ 'ਤੇ ਦਿੱਤੀਆਂ ਹੋਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਨਾਨਕ ਸਾਹਿਬ ਦਾ ਜਨਮ 15 ਅਪ੍ਰੈਲ 1469 ਨੂੰ ਵੀ ਮੰਨਦੀ ਹੈ, ਪਰ ਗੁਰਦੁਆਰਿਆਂ ਵਿਚ ਗੁਰਪੁਰਬ ਸਿਰਫ਼ 20 ਅਕਤੂਬਰ 1469 (ਕੱਤਕ ਦੀ ਪੂਰਨਮਾਸ਼ੀ) ਦੇ ਮੁਤਾਬਿਕ ਹੀ ਮਨਾਇਆ ਜਾਂਦਾ ਹੈ। ਇੰਵ ਹੀ ਕੁਝ ਲੇਖਕ ਗੁਰੂ ਅਮਰ ਦਾਸ ਸਾਹਿਬ ਦਾ ਜਨਮ 15 ਅਪ੍ਰੈਲ 1509 ਦੀ ਥਾਂ 5 ਮਈ 1479 ਨੂੰ, ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ 20 ਜੁਲਾਈ 1652 ਦੀ ਥਾਂ 7 ਜੁਲਾਈ 1656, ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ 18 ਅਕਤੂਬਰ 1621 ਦੀ ਥਾਂ 1 ਅਪ੍ਰੈਲ 1621 ਨੂੰ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ 18 ਦਸੰਬਰ 1661 ਦੀ ਥਾਂ 22 ਦਸੰਬਰ 1666 ਨੂੰ ਮੰਨਦੇ ਹਨ। ਸੰਜੀਦਾ ਹਿਸਟੋਰੀਅਨ ਭੱਟ ਵਹੀਆਂ ਦੀ ਕੀਮਤ ਨੂੰ ਸਮਝਦੇ ਅਤੇ ਪਛਾਣਦੇ ਹਨ, ਇਸ ਕਰ ਕੇ ਅਸੀਂ ਭੱਟ ਵਹੀਆਂ ਦੀਆਂ ਤਾਰੀਖ਼ਾਂ ਨੂੰ ਹੀ ਸਹੀ ਮੰਨਦੇ ਹਾਂ। ਸ਼ਰੋਮਣੀ ਕਮੇਟੀ ਜਾਂ ਕੁਝ ਪੁਰਾਣੇ ਲੇਖਕਾਂ ਦੀਆਂ ਤਾਰੀਖ਼ਾਂ ਬਾਰੇ ਇਹ ਨੋਟ ਇਸ ਕਰ ਕੇ ਦਿੱਤਾ ਹੈ ਤਾਂ ਜੁ ਸੂਝਵਾਨ ਪਾਠਕ ਕਿਤੇ ਇਹ ਸਮਝ ਲੈਣ ਕਿ ਮੈਂ ਗ਼ਲਤੀ ਨਾਲ ਹੋਰ ਤਾਰੀਖ਼ਾਂ ਲਿਖੀਆਂ ਹਨ। ਭੱਟ ਵਹੀਆਂ ਮੁਤਾਬਿਕ ਸਹੀ ਤਾਰੀਖ਼ਾਂ ਇਹ ਹਨ:

ਗੁਰੂ ਨਾਨਕ ਸਾਹਿਬ ਦਾ ਜਨਮ ਦਿਨ	20.10.1469
ਗੁਰੂ ਅਮਰ ਦਾਸ ਸਾਹਿਬ ਦਾ ਜਨਮ ਦਿਨ	5.5.1509
ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ	19.6.1590
ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ ਦਿਨ	20.7.1652
ਗੁਰੂ ਤੇਗ਼ ਬਹਾਦਰ ਸਾਹਿਬ ਦਾ ਜਨਮ ਦਿਨ	18.10.1621
ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਨ	18.12.1661

ਪਹਿਲੀ ਐਡੀਸ਼ਨ ਦੀ ਪੇਸ਼ਕਾਰੀ

ਸਿੱਖ ਕੌਣ ਹਨ ? ਕਿਤਾਬ ਤੁਹਾਡੇ ਹੱਥਾਂ ਵਿਚ ਹੈ। 1997 ਵਿਚ *ਸਿੱਖ ਰੈਫਰੈਂਸ ਬੁੱਕ* ਛਪਣ ਮਗਰੋਂ ਮੈਨੂੰ ਅਹਿਸਾਸ ਹੋਇਆ ਸੀ ਕਿ ਉਹ ਕਿਤਾਬ ਹਰ ਆਮ ਪਾਠਕ ਵਾਸਤੇ ਨਹੀਂ। ਇਸ ਨੂੰ ਮਹਿਸੂਸਦਿਆਂ ਹੋਇਆਂ ਮੈਂ ਇਸ ਕਿਤਾਬ ਨੂੰ ਤਿਆਰ ਕਰਨਾ ਸ਼ੁਰੂ ਕੀਤਾ। ਇਸ ਦਾ ਹੋਰ ਨਿੱਕਾ ਰੂਪ 1991 ਵਿਚ ਕੈਨੇਡਾ ਤੋਂ Who Are the Sikhs ? ਨਾਂ ਹੇਠ ਛਾਪਿਆ ਗਿਆ ਸੀ। 1993-94 ਵਿਚ ਡੈਨਮਾਰਕ ਦੀਆਂ ਸੰਗਤਾਂ ਨੇ ਉਸ ਦਾ ਤਰਜਮਾ ਕਰ ਕੇ ਉਸ ਨੂੰ ਡੇਨਿਸ਼ ਬੋਲੀ ਵਿੱਚ ਛਾਪਿਆ ਸੀ। 1994 ਵਿਚ ਬੈਲਜੀਅਮ ਦੇ ਸ: ਸੁਰਜੀਤ ਸਿੰਘ ਫਰੌੜੀ ਨੇ ਇਸ ਦਾ ਤਰਜਮਾ ਡੱਚ ਬੋਲੀ ਵਿਚ ਕਰਵਾ ਕੇ ਛਾਪਿਆ। ਉਨ੍ਹਾਂ ਇਸ ਵਿਚ ਕੁਝ ਵਾਧਾ ਵੀ ਕੀਤਾ।

ਸ: ਸੁਰਜੀਤ ਸਿੰਘ ਫਰੌੜੀ Who Are the Sikhs? ਨੂੰ ਜਰਮਨ, ਫਰੈਂਚ, ਸਪੈਨਿਸ਼, ਇਟੈਲੀਅਨ, ਪੁਰਤਗੀਜ਼, ਜਾਪਾਨੀ, ਥਾਈ ਤੇ ਹੋਰ ਬੋਲੀਆਂ ਛਾਪਣਾ ਚਾਹੁੰਦੇ ਸਨ। ਉਨ੍ਹਾਂ ਦੀ ਖ਼ਾਹਿਸ਼ ਸੀ ਕਿ ਇਸ ਵਧੇਰੇ ਮੈਟਰ ਪਾਇਆ ਜਾਏ। ਮੈਂ ਉਨ੍ਹਾਂ ਵਾਸਤੇ ਨਵੀਂ Who Are the Sikhs ? ਤਿਆਰ ਕੀਤੀ। ਅੱਜ-ਕੱਲ੍ਹ ਉਹ ਉਸ ਕੁਝ ਨਵਾਂ ਪਾ ਕੇ, ਆਪਣੀ ਲੋੜ ਮੁਤਾਬਿਕ ਕਰ ਕੇ, ਛਾਪਣ ਦੀ ਤਿਆਰੀ ਵਿਚ ਹਨ। ਮੈਂ ਅੰਗਰੇਜ਼ੀ ਐਡੀਸ਼ਨ ਤਾਂ ਤਿਆਰ ਕਰ ਲਿਆ ਪਰ ਛਾਪ ਨਾ ਸਕਿਆ। ਇਸੇ ਦੌਰਾਨ ਮੈਂ ਸੋਚਿਆ ਕਿ ਮੈਂ "Sikh Reference Book" ਸਿਰਫ਼ ਅੰਗਰੇਜ਼ੀ ਪਾਠਕਾਂ ਨੂੰ ਹੀ ਦੇ ਰਿਹਾ ਹਾਂ ਤੇ ਪੰਜਾਬੀ ਪਾਠਕਾਂ ਨੂੰ ਨਹੀਂ । ਸੋ, ਇਹ ਸੋਚ ਕੇ ਮੈਂ Who Are the Sikhs ? ਦਾ ਪੰਜਾਬੀ ਤਰਜਮਾ ਕੀਤਾ, ਜੋ ਆਪ ਦੇ ਹੱਥਾਂ ਵਿਚ ਹੈ। ਇਹ ਦਰਅਸਲ ਅੰਗਰੇਜ਼ੀ ਕਿਤਾਬ ਦਾ ਪੰਜਾਬੀ ਤਰਜਮਾ ਹੈ।

ਮੈਂ ਕੋਸ਼ਿਸ਼ ਕੀਤੀ ਹੈ ਕਿ ਸਿੱਖ ਪੰਥ ਬਾਰੇ ਵੱਧ ਤੋਂ ਵੱਧ ਪਰ ਮੁਖ਼ਤਸਰ (ਸੰਖੇਪ) ਵਾਕਫ਼ੀ ਇਸ ਕਿਤਾਬ ਵਿਚ ਦੇਵਾਂ। ਪਤਾ ਨਹੀਂ ਮੈਂ ਕੁ ਕਾਮਯਾਬ ਹੋਇਆ ਹਾਂ। ਪਰ ਵਾਅਦਾ ਕਰਦਾ ਹਾਂ ਕਿ ਅਗਲੀ ਐਡੀਸ਼ਨ 'ਚ ਇਸ ਦੀਆਂ ਕਮੀਆਂ ਤੇ ਤਰੁਟੀਆਂ ਦੂਰ ਕਰਨ ਦੀ ਕੋਸ਼ਿਸ਼ ਕਰਾਂਗਾ।

ਹਰ ਸੰਜੀਦਾ ਪਾਠਕ ਦੇ ਸੁਝਾਅ ਸਿਰ ਮੱਥੇ ਕਬੂਲ ਕਰਾਂਗਾ।

ਦੂਜੀ ਐਡੀਸ਼ਨ ਦੀ ਪੇਸ਼ਕਾਰੀ

ਸਿੱਖ ਕੌਣ ਹਨ ? ਦਾ ਪਹਿਲਾ ਐਡੀਸ਼ਨ 1999 ਵਿਚ ਛਪਿਆ ਸੀ ਤੇ 2004 ਵਿਚ ਇਹ ਖ਼ਤਮ ਹੋ ਚੁਕਾ ਸੀ। ਮੈਂ ਇਸ ਵਿਚ ਸੁਧਾਈ ਤੇ ਵਾਧਾ ਕਰ ਕੇ ਦੂਜਾ ਐਡੀਸ਼ਨ ਛਾਪਣਾ ਚਾਹੁੰਦਾ ਸੀ। ਆਪਣੀਆਂ ਨਵੀਆਂ ਕਿਤਾਬਾਂ ਵਿਚ ਰੁਝਿਆ ਹੋਣ ਕਰ ਕੇ ਮੈਂ ਇਸ ਦੀ ਸੁਧਾਈ ਨਾ ਕਰ ਸਕਿਆ। ਅਪਰੈਲ 2006 ਵਿਚ ਮੈਂ ਨਾਰਵੇ ਗਿਆ ਤਾਂ ਇਸ ਦੀ ਸੁਧਾਈ ਕਰਨ ਵਾਸਤੇ ਸਮਾਂ ਮਿਲ ਗਿਆ। ਹੁਣ ਦੀ ਐਡੀਸ਼ਨ ਵਿਚ ਪਹਿਲਾਂ ਤੋਂ ਕਾਫ਼ੀ ਵਧ ਸਮੱਗਰੀ ਤਾਂ ਹੈ ਈ; ਇਸ ਦੇ ਨਾਲ ਹੀ ਇਸ ਵਿਚ ਬਹੁਤ ਸਾਰੀ ਸੁਧਾਈ ਵੀ ਕੀਤੀ ਹੋਈ ਹੈ। ਹੋ ਸਕਦਾ ਹੈ ਕਿ ਇਸ ਵਿਚ ਅਜੇ ਵੀ ਕੁਝ ਕਮੀਆਂ ਰਹਿ ਗਈਆਂ ਹੋਣ। ਤੁਹਾਡੇ ਸੁਝਾਆਂ ਦੀ ਉਡੀਕ ਰਹੇਗੀ।

ਹਰਜਿੰਦਰ ਸਿੰਘ ਦਿਲਗੀਰ

22.10.2006

ਸਿੱਖ ਕੌਣ ਹਨ?

ਸੈਂਕੜੇ ਤੇ ਹਜ਼ਾਰਾਂ ਦੇ ਇਕੱਠ ਵਿਚੋਂ ਇਕ ਸਿੱਖ ਦੀ ਪਛਾਣ ਇਕ ਦਮ ਹੋ ਜਾਂਦੀ ਹੈ। ਖ਼ੂਬਸੂਰਤ ਦਾੜ੍ਹੀ ਤੇ ਸ਼ਾਹੀ ਦਸਤਾਰ ਵਾਲਾ ਸ਼ਖ਼ਸ਼ ਭਲਾ ਲੁਕਿਆ ਕਿਵੇਂ ਰਹਿ ਸਕਦਾ ਹੈ ! ਕਈ ਸਿੱਖ ਤਾਂ ਅਜਿਹੇ ਸਜੇ ਹੁੰਦੇ ਹਨ ਕਿ ਉਨ੍ਹਾਂ ਦੇ ਲੰਮੇ ਚੋਗੇ ਤੇ ਸ਼ਾਨਦਾਰ ਦਸਤਾਰ ਇਕ ਸ਼ਹਿਜ਼ਾਦੇ ਦਾ ਭੁਲੇਖਾ ਪਾਉਂਦੇ ਹਨ।

ਦੁਨੀਆਂ ਭਰ ਦੇ ਹਰ ਵੱਡੇ ਸ਼ਹਿਰ ਅਤੇ ਕਈ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਵੀ ਰੰਗ-ਬਰੰਗੀਆਂ ਦਸਤਾਰਾਂ ਵਾਲੇ ਸਿੰਘ, ਸਲਵਾਰਾਂ ਕਮੀਜ਼ਾਂ 'ਚ ਸਜੀਆਂ ਬੀਬੀਆਂ ਅਤੇ ਨਿੱਕੇ ਨਿੱਕੇ ਨੌਜਵਾਨ ਸਵੇਰ ਵੇਲੇ ਗੁਰਦੁਆਰੇ ਵੱਲ ਜਾਂਦੇ ਆਉਂਦੇ, ਚਿਹਰਿਆਂ 'ਤੇ ਇਕ ਨੂਰ ਤੇ ਚੜ੍ਹਦੀ ਕਲਾ ਵਾਲੀ ਝਲਕ, ਕਿਸੇ ਖ਼ੂਬਸੂਰਤ ਜਲੌ ਦਾ ਨਜ਼ਾਰਾ ਹੁੰਦੇ ਹਨ।

ਕਈ ਜਗ੍ਹਾ ਰੋਜ਼ਾਨਾ ਦੋ ਵਾਰੀ, ਕਿਤੇ ਹਫ਼ਤੇਵਾਰੀ ਅਤੇ ਕੁਝ ਜਗ੍ਹਾ ਗੁਰਪੁਰਬ ਦੇ ਦਿਹਾੜੇ 'ਤੇ ਸਮਾਗਮਾਂ ਦੀਆਂ ਰੌਣਕਾਂ ਵੇਲੇ, ਅੱਗੇ ਵੱਧ ਕੇ ਸੇਵਾ ਕਰਦੇ ਹੋਏ ਲੋਕ, ਗੁਰਦੁਆਰੇ ਦੇ ਫ਼ਰਸ਼ਾਂ, ਬਗੀਚੇ, ਸੜਕਾਂ ਅਤੇ ਟੱਟੀਆਂ ਦੀ ਸੇਵਾ ਸਫ਼ਾਈ 'ਚ ਦਿਲੀ ਚਾਅ ਨਾਲ ਹਿੱਸਾ ਪਾਉਂਦੇ ਹੋਏ ਲੋਕ, ਸਰੋਵਰ ਦੀ ਕਾਰ-ਸੇਵਾ ਵੇਲੇ ਮਿੱਟੀ ਤੇ ਚਿਕੜ ਨੂੰ ਸ਼ਰਧਾ ਨਾਲ ਸਾਫ਼ ਕਰਦੇ ਲੋਕ, ਆਪਣੀ ਕਿਰਤ ਕਮਾਈ 'ਚੋਂ ਦਸਵੰਧ ਕੱਢ ਕੇ, ਭਾਈਚਾਰੇ ਅਤੇ ਮਹਿਮਾਨਾਂ ਦੀ ਮਦਦ ਕਰਦੇ ਹੋਏ ਲੋਕ ਅਤੇ ਅਜਿਹੀਆਂ ਹੋਰ ਧਾਰਮਿਕ ਤੇ ਸਮਾਜਿਕ ਸੇਵਾਵਾਂ ਨੂੰ ਦਿਲੀ ਚਾਅ, ਸ਼ਰਧਾ, ਸੰਜੀਦਗੀ, ਪਿਆਰ, ਜਜ਼ਬਾਤ ਰੂਹਾਨੀਅਤ ਦੇ ਜਜ਼ਬੇ ਨਾਲ ਕਰਨ ਵਾਲੇ ਜੋ ਲੋਕ ਨਜ਼ਰ ਆਉਂਦੇ ਹਨ, ਉਹ ਸਿੱਖ ਹਨ।

1984 ਵਿਚ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਇੰਦਰਾ ਗਾਂਧੀ ਦੇ ਹੁਕਮ ਨਾਲ ਭਾਰਤ ਦੀ ਫ਼ੌਜ ਵੱਲੋਂ ਕੀਤੇ ਗਏ ਹਮਲੇ ਸਮੇਂ ਮੁੱਠੀ ਭਰ ਲੋਕ ਲੱਖਾਂ ਫ਼ੌਜਾਂ ਨਾਲ ਗਹਿ-ਗੱਚ ਮੁਕਾਬਲੇ ਕਰਦੇ ਵੇਖੇ ਗਏ। ਦੁਨੀਆਂ ਭਰ ਨੂੰ ਹੈਰਾਨੀ ਹੋਈ ਕਿ ਇਕ ਪਾਸੇ ਆਪਣੇ ਆਪ ਨੂੰ ਦੁਨੀਆਂ ਦੀ ਪੰਜਵੀਂ ਫ਼ੌਜੀ ਤਾਕਤ ਆਖਣ ਵਾਲੇ ਮੁਲਕ ਦੀ ਫ਼ੌਜ ਹੈਲੀਕਾਪਟਰਾਂ, ਟੈਂਕਾਂ, ਤੋਪਾਂ, ਮਿਜ਼ਾਇਲਾਂ ਅਤੇ ਦੁਨੀਆਂ ਭਰ ਦੇ ਸਭ ਤੋਂ ਵੱਧ ਮਾਰੂ ਹਥਿਆਰਾਂ ਨਾਲ ਲੈਸ ਦੀ ਤੇ ਉਹ ਵੀ ਲੱਖਾਂ ਦੀ ਗਿਣਤੀ ਵਿਚ। ਉਨ੍ਹਾਂ ਦਾ ਮੁਕਾਬਲਾ ਕਰ ਰਹੇ ਸਨ ਕੁਝ ਦਰਜਨ ਪੱਗਾਂ ਵਾਲੇ ਲੋਕ, ਜਿਨ੍ਹਾਂ ਕੋਲ 100 ਕੁ ਬੰਦੂਕਾਂ, ਢਾਈ-ਕੁ ਏ.ਕੇ. 47 ਤੇ ਚਾਰ ਪੰਜ ਐਂਟੀ-ਟੈਂਕ ਗੋਲੇ ਸਨ। ਦੁਨੀਆਂ ਭਰ ਨੇ ਹੈਰਾਨੀ ਨਾਲ ਤੱਕਿਆ ਕਿ ਇਨ੍ਹਾਂ ਲੋਕਾਂ ਨੇ ਕਿਵੇਂ ਐਡੀ ਵੱਡੀ ਤਾਕਤ ਨੂੰ ਪੰਜ ਛੇ ਦਿਨ ਤੱਕ ਡੱਕੀ ਰੱਖਿਆ। ਫਿਰ ਦਰਬਾਰ ਸਾਹਿਬ 'ਤੇ ਇਸ ਹਮਲੇ ਦੇ ਖਿਲਾਫ਼ ਪ੍ਰੋਟੈਸਟ ਵਜੋਂ ਹਜ਼ਾਰਾਂ ਫ਼ੌਜੀਆਂ ਨੇ ਆਪਣੀਆਂ ਨੌਕਰੀਆਂ ਅਤੇ ਕੈਰੀਅਰ ਛੱਡ ਦਿੱਤੇ। ਦੁਨੀਆਂ ਭਰ ਵਿਚ ਜਿਥੇ ਵੀ ਕੁਝ ਕੁ ਸਿੱਖ ਬੈਠੇ ਸਨ, ਉਨ੍ਹਾਂ ਨੇ ਵੱਡੇ ਵੱਡੇ ਜਲੂਸ ਅਤੇ ਪ੍ਰੋਟੈਸਟ ਦੀਵਾਨ ਕਰ ਕੇ ਆਪਣੇ ਰੋਹ, ਆਪਣੇ ਜਜ਼ਬਾਤ ਅਤੇ ਆਪਣੀ ਕੌਮੀ ਸਾਂਝ ਦਾ ਇਜ਼ਹਾਰ ਕੀਤਾ। 'ਇਹ ਕੌਮ ਕਿਹੜੀ ਹੈ ਤੇ ਇਹ ਕੌਣ ਹਨ ? ਇਹ ਸਿੱਖ ਕੌਣ ਹਨ ?' ਦਾ ਸਵਾਲ ਹਰ ਇਕ ਦੇ ਦਿਲ ਵਿਚ ਇਨ੍ਹਾਂ ਬਾਰੇ ਜਾਣਨ ਦੀ ਤਲਬ ਭਰ ਗਿਆ।

ਜਦੋਂ ਬਾਹਰਲੇ ਮੁਲਕਾਂ ਦੇ ਲੋਕਾਂ ਨੂੰ ਪਤਾ ਲੱਗਾ ਕਿ ਇਹ ਸਿੱਖ ਉਹੀ ਹਨ, ਜਿਨ੍ਹਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਭਾਰਤ ਦੇ ਹਾਕਮਾਂ ਦੇ ਧਰਮ ਨੂੰ ਖ਼ਤਮ ਹੋਣੋਂ ਬਚਾਉਣ ਵਾਸਤੇ 'ਇਨਸਾਨ ਦੇ ਧਾਰਮਿਕ ਹੱਕਾਂ' ਵਾਸਤੇ ਕੁਰਬਾਨੀ ਦਿੱਤੀ ਸੀ ਤਾਂ ਉਹ ਬੜੇ ਹੈਰਾਨ ਹੋਏ? ਉਨ੍ਹਾਂ ਨੂੰ ਇਹ ਵੀ ਹੈਰਾਨਕੁੰਨ ਲਗਿਆ ਕਿ ਜਿਨ੍ਹਾਂ ਹਜ਼ਾਰਾਂ ਹਿੰਦੂ ਕੁੜੀਆਂ ਨੂੰ ਅਫ਼ਗਾਨੀ ਲੁਟੇਰਾ ਅਹਿਮਦ ਸ਼ਾਹ ਅਬਦਾਲੀ ਚੁੱਕ ਕੇ ਲਿਜਾ ਰਿਹਾ ਸੀ, ਉਨ੍ਹਾਂ ਨੂੰ ਸ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਸਿੱਖਾਂ ਨੇ ਬਚਾਇਆ ਸੀ ਅਤੇ 10 ਅਪ੍ਰੈਲ 1763 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਇਕ ਬ੍ਰਾਹਮਣ ਦੀ ਫ਼ਰਿਆਦ 'ਤੇ ਉਸ ਦੀ ਪਤਨੀ ਨੂੰ ਕਸੂਰ ਦੇ ਨਵਾਬ ਤੋਂ ਵਾਪਿਸ ਲੈ ਲਿਆਉਣ ਵਾਸਤੇ ਸੈਂਕੜੇ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ ਤਾਂ ਉਹ ਹੋਰ ਵੀ ਹੈਰਾਨ ਹੋਏ। ਖ਼ੂਨੀ ਨਵੰਬਰ 1984 ਵਿਚ ਦਿੱਲੀ ਅਤੇ ਹੋਰ ਭਾਰਤੀ ਸ਼ਹਿਰਾਂ ਵਿਚ ਹਜ਼ਾਰਾਂ ਸਿੱਖਾਂ ਨੂੰ ਦੁਨੀਆਂ ਭਰ ਦੇ ਵੱਧ ਤੋਂ ਵੱਧ ਘਿਨਾਉਣੇ, ਜ਼ਾਲਮਾਨਾ, ਜੰਗਲੀ ਤਸੀਹਿਆਂ ਨਾਲ ਸ਼ਹੀਦ ਕਰਨ ਅਤੇ ਉਨ੍ਹਾਂ ਦੀਆਂ ਔਰਤਾਂ ਦਾ ਗੈਂਗ-ਰੇਪ ਕਰਨ ਵਾਲੇ ਹਿੰਦੂਆਂ ਦੀ ਅਹਿਸਾਨ-ਫ਼ਰਾਮੋਸ਼ੀ ਨੇ ਸਿੱਖਾਂ ਵਾਸਤੇ ਹੋਰ ਵੀ ਹਮਦਰਦੀ ਭਰੀ ਤੇ ਨਾਲ ਹੀ ਉਨ੍ਹਾਂ ਦੇ ਮਨ ਵਿਚ ਇਸ ਕੌਮ ਦੀ ਤਵਾਰੀਖ਼, ਧਰਮ ਤੇ ਕਲਚਰ ਬਾਰੇ ਜਾਣਨ ਦੀ ਖ਼ਾਹਿਸ਼ ਵੀ ਪੈਦਾ ਕੀਤੀ।

ਇਹ ਵੀ ਕਮਾਲ ਦੀ ਗੱਲ ਹੈ ਕਿ ਸਿੱਖ-ਪੰਜਾਬ ਭਾਰਤ ਦੇ ਖਾਣੇ ਦੇ ਗੋਦਾਮ ਵਿਚ 70 ਫ਼ੀਸਦੀ ਕਣਕ, ਚਾਵਲ ਤੇ ਹੋਰ ਅਨਾਜ ਭਰਦਾ ਹੈ। ਪੰਜਾਬ, ਭਾਰਤ ਨੂੰ ਅਨਾਜ ਨਾ ਦੇਵੇ ਤਾਂ ਅੱਧੇ ਤੋਂ ਵੱਧ ਭਾਰਤ ਅਫ਼ਰੀਕਾ ਵਾਂਗ ਭੁੱਖਾ ਮਰਨ ਲੱਗ ਪਵੇ। ਭਾਰਤ ਨੂੰ ਜੰਗ ਲੜਨ ਦੀ ਜ਼ਰੂਰਤ ਪਏ ਤਾਂ ਸਰਹੱਦਾਂ 'ਤੇ ਦਸਤਾਰਾਂ ਤੇ ਦਾੜ੍ਹੀਆਂ ਵਾਲੇ ਸਿੱਖ ਹੀ ਜੂਝਦੇ ਹੁੰਦੇ ਹਨ। ਸਿਰਫ਼ ਭਾਰਤ ਹੀ ਨਹੀਂ ਬਲਕਿ ਇੰਗਲੈਂਡ, ਫ਼ਰਾਂਸ, ਮਲੇਸ਼ੀਆ, ਹਾਂਗਕਾਂਗ ਵਗ਼ੈਰਾ ਦੀ ਅਜ਼ਾਦੀ ਨੂੰ ਕਾਇਮ ਰੱਖਣ ਵਾਸਤੇ ਵੀ ਹਜ਼ਾਰਾਂ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ। ਇਨ੍ਹਾਂ ਸਿੱਖਾਂ ਦੀਆਂ ਸ਼ਹੀਦੀਆਂ ਦੀਆਂ ਯਾਦਾਂ ਵਿਚ ਅੱਜ ਵੀ ਫ਼ਰਾਂਸ, ਇਟਲੀ, ਹਾਲੈਂਡ, ਬੈਲਜੀਅਮ ਤੇ ਇੰਗਲੈਂਡ ਵਿਚ ਯਾਦਗਾਰਾਂ ਬਣੀਆਂ ਹੋਈਆਂ ਹਨ। ਯੂਰਪੀਨ ਮੁਲਕਾਂ ਦੇ ਅਜਾਇਬ ਘਰਾਂ ਵਿਚ ਪਏ ਰਿਕਾਰਡਜ਼ ਵਿਚ ਉਨ੍ਹਾਂ ਮੁਲਕਾਂ ਵਾਸਤੇ ਜਾਨ ਵਾਰਨ ਵਾਲੇ ਹਜ਼ਾਰਾਂ ਸਿੱਖਾਂ ਦੀਆਂ ਲਿਸਟਾਂ ਉਥੇ ਪਈਆਂ ਹੋਈਆਂ ਹਨ।

ਸਿਰਫ਼ ਸਿਆਸੀ ਆਜ਼ਾਦੀ ਹੀ ਨਹੀਂ ਸਿੱਖਾਂ ਨੇ ਤਾਂ ਦੁਨੀਆਂ ਭਰ ਦੇ ਹਰ ਮੁਲਕ ਵਿਚ ਮਾਲੀ ਤਰੱਕੀ ਵਿਚ ਵੀ ਬੇਮਿਸਾਲ ਰੋਲ ਅਦਾ ਕੀਤਾ ਹੈ। ਜਿਥੇ ਵੀ ਸਿੱਖ ਵੱਸਦਾ ਹੈ, ਉਹ ਆਪਣੀ ਮਿਹਨਤ, ਹਿੰਮਤ, ਦਲੇਰੀ, ਜੱਦੋ-ਜਹਿਦ ਵਾਸਤੇ ਜਾਣਿਆ ਜਾਂਦਾ ਹੈ। ਦੁਨੀਆਂ ਭਰ ਵਿਚ ਕਿਤੇ ਵੀ ਸਿੱਖ ਮਾਲੀ ਪੱਖੋਂ ਕਮਜ਼ੋਰ ਨਹੀਂ ਦਿਸਦਾ। ਕਿਸੇ ਵੀ ਜਗ੍ਹਾ ਸਿੱਖ ਮੰਗਣ ਵਾਸਤੇ ਹੱਥ ਵਿਚ ਠੂਠਾ ਫੜੀ ਵੀ ਨਜ਼ਰ ਨਹੀਂ ਆਉਂਦਾ। ਸਿਰਫ਼ ਨਿਜ ਵਾਸਤੇ ਹੀ ਨਹੀਂ ਬਲਕਿ ਸਿੱਖਾਂ ਨੇ ਤਾਂ ਜਿਸ ਮੁਲਕ ਵਿਚ ਵੀ ਉਹ ਰਹਿੰਦੇ ਹਨ, ਉਥੋਂ ਦੀ ਖੁਸ਼ਹਾਲੀ ਵਾਸਤੇ ਮਾਅਰਕੇ ਦਾ ਰੋਲ ਅਦਾ ਕੀਤਾ ਹੈ। ਥਾਈਲੈਂਡ ਮਲੇਸ਼ੀਆ, ਸਿੰਘਾਪੁਰ, ਹਾਂਗਕਾਂਗ, ਕੀਨੀਆ, ਈਥੋਪੀਆ, ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਹੀ ਨਹੀਂ, ਬਲਕਿ ਹਰ ਛੋਟੇ ਵੱਡੇ ਮੁਲਕ ਤੇ ਟਾਪੂ ਵਿਚ ਸਿੱਖਾਂ ਨੇ ਖੇਤੀ, ਵਪਾਰ ਤੇ ਇੰਡਸਟਰੀ ਵਿਚ ਕਮਾਲ ਦੀ ਸੇਵਾ ਕੀਤੀ ਹੈ ਅਤੇ ਲੱਖਾਂ ਕਰੋੜਾਂ ਲੋਕਾਂ ਨੂੰ ਰੋਜ਼ਗਾਰ ਤੇ ਖੁਸ਼ਹਾਲੀ ਦਿੱਤੀ ਹੈ। ਇਸ ਦਾ ਪਿਛੋਕੜ ਸਿੱਖ ਵਿਚ ਧਾਰਮਿਕ ਜਜ਼ਬਾਤ,

ਵੰਡ ਛਕਣਾ, ਇਨਸਾਨੀ ਹਮਦਰਦੀ, ਸੇਵਾ, ਅਗਾਂਹ ਵਧਣਾ, ਚੜ੍ਹਦੀ ਕਲਾ ਵਿਚ ਰਹਿਣਾ, ਹਰ ਵੇਲੇ ਜਮ੍ਹਾਂ ਦੀ ਹੀ ਸੋਚਣਾ, ਅੱਗੇ ਅੱਗੇ ਪੁਲਾਂਘਾਂ ਪੁਟਣਾ (ਅਤੇ ਉਹ ਵੀ ਕਿਸੇ ਨੂੰ ਠਿੱਬੀ ਦੇ ਕੇ ਨਹੀਂ, ਬਲਕਿ ਮਿਹਨਤ ਅਤੇ ਹਿੰਮਤ ਨਾਲ)।

ਸਿੱਖਾਂ ਵਿਚ ਦਸਵੰਧ ਵੀ ਕਮਾਲ ਦੀ ਕੌਮੀ ਖ਼ੂਬੀ ਹੈ। ਸਿੱਖ ਆਪਣੀ ਕਿਰਤ ਕਮਾਈ 'ਚੋਂ ਆਪਣਾ ਦਸਵੰਧ ਕੱਢਦਾ ਹੈ ਅਤੇ ਲੋੜਵੰਦਾਂ, ਸਾਥੀਆਂ ਕਮਜ਼ੋਰ ਰਿਸ਼ਤੇਦਾਰਾਂ ਤੇ ਵਾਕਫ਼ਾਂ 'ਤੇ ਖਰਚਾ ਕਰਦਾ ਹੈ। ਜੇ ਕਰ ਅਜਿਹੇ ਲੋਕ ਨਜ਼ਰ ਨਾ ਆਉਣ ਤਾਂ ਸਿੱਖ ਆਪਣੀ ਕਿਰਤ ਕਮਾਈ ਦਾ ਦਸਵੰਧ ਗੁਰਦੁਆਰੇ ਦੇ ਲੰਗਰ ਵਿਚ ਭੇਟਾ ਕਰ ਦੇਂਦਾ ਹੈ। ਸਿੱਖਾਂ ਦੀ ਭੇਟਾ, ਲੰਗਰ 'ਚ ਪਾਇਆ ਹਿੱਸਾ, ਦਿਖਾਵੇ ਦਾ ਜਾਂ ਕਾਰਵਾਈ ਪਾਉਣ ਵਾਸਤੇ ਨਹੀਂ ਹੁੰਦਾ ਅਤੇ ਨਾ ਹੀ ਡੰਗ-ਟਪਾਊ ਹੁੰਦਾ ਹੈ। ਸਿੱਖ ਤਾਂ ਗੁਰੂ ਦੇ ਲੰਗਰ ਨੂੰ ਆਪਣੇ ਘਰ ਤੋਂ ਵੀ ਬਿਹਤਰ ਤਿਆਰ ਕਰਦਾ ਹੈ। ਉਥੇ ਸੇਵਾ ਕਰਨ ਵੇਲੇ ਆਪਣੇ ਆਪ ਨੂੰ ਸਭ ਤੋਂ ਵੱਧ ਹਲੀਮੀ, ਸ਼ਰਧਾ ਤੇ ਨਿਘ ਵਾਲਾ ਸੇਵਾਦਾਰ ਸਮਝ ਕੇ ਕੰਮ ਕਰਦਾ ਹੈ। ਕਿਤਾਬਾਂ ਵਿਚ ਕਾਲੇ ਹਬਸ਼ੀਆਂ ਨੂੰ ਗ਼ੁਲਾਮਾਂ ਵਾਂਗ 'ਸੇਵਾ ਕਰਦੇ' ਦਿਖਾਇਆ ਗਿਆ ਪੜ੍ਹਿਆ ਜਾ ਸਕਦਾ ਹੈ, ਪਰ ਉਹ ਸਾਰੀ 'ਸੇਵਾ' ਜਬਰੀ ਸੀ ਅਤੇ ਜ਼ੁਲਮ ਤੇ ਦਹਿਸ਼ਤ ਦੇ ਡਰ ਹੇਠ ਸੀ। ਪਰ ਜਦੋਂ ਸਿੱਖ ਤਹਿ ਦਿਲੋਂ ਸ਼ਰਧਾ ਨਾਲ ਸੱਚੀ ਸੇਵਾ ਕਰਦਾ ਹੈ ਤਾਂ ਗ਼ੈਰ-ਸਿੱਖ ਨੂੰ ਇਸ ਜਜ਼ਬਾਤ ਅਤੇ ਸ਼ਰਧਾ 'ਤੇ ਹੈਰਾਨੀ ਹੁੰਦੀ ਹੈ। ਫਿਰ ਵੱਡੀ ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਇਸ ਸੇਵਾ ਵਿਚ ਹਿੱਸਾ ਪਾਉਣ ਵਾਲਿਆਂ ਵਿਚ ਸਾਬਕ ਰਾਜੇ, ਮਹਾਰਾਜੇ, ਵੱਡੇ ਵੱਡੇ ਜਗੀਰਦਾਰ ਅਤੇ ਅਰਬਾਂ-ਖਰਬਾਂ ਦੇ ਮਾਲਿਕ ਅਤੇ ਮਜ਼ਦੂਰ ਤੇ ਗ਼ਰੀਬ ਲੋਕ ਬਰਾਬਰ ਦੇ ਅਤੇ ਇਕੋ ਜਿਹੇ ਭਾਈਵਾਲ ਹੁੰਦੇ ਹਨ।

ਸਿੱਖ ਵਿਚ ਵੰਡ ਛਕਣ ਦੀ ਭਾਵਨਾ ਵੀ ਕਮਾਲ ਦੀ ਹੈ। ਸਿੱਖ ਵਾਸਤੇ ਸੇਵਾ ਨਿਜ ਤੋਂ ਵਧੇਰੇ ਅਹਿਮ ਹੈ। ਸਿੱਖ 'ਦੇਣ' ਵਿਚ ਯਕੀਨ ਰਖਦਾ ਹੈ ਨਾ ਕਿ 'ਲੈਣ' ਵਿਚ। ਸਿੱਖ ਸੋਸਾਇਟੀ ਦਾ 'ਜਮ੍ਹਾਂ' ਵਾਲਾ ਹਿੱਸਾ ਹੈ। ਸਿੱਖ ਹਰ ਭਾਈਚਾਰਕ ਕੰਮ ਵਿਚ ਤਨ, ਮਨ, ਧਨ ਨਾਲ ਅੱਗੇ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਹੈ। ਸਿੱਖ ਭਾਈਚਾਰਕ ਫ਼ਰਜ਼ ਤੋਂ ਕਦੇਂ ਕੰਨੀ ਨਹੀਂ ਕਤਰਾਉਂਦਾ।

ਸਿੱਖ ਵਾਅਦੇ ਦਾ ਪੱਕਾ ਹੈ। ਸਿੱਖ ਕਿਸੇ ਦੀ ਬਾਂਹ ਫੜਦਾ ਹੈ ਤਾਂ ਜਾਨ ਦੇਣੀ ਪਵੇ ਤਾਂ ਵੀ ਨਹੀਂ ਛੱਡਦਾ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਜ਼ਿੰਦਗੀ ਦੀ ਕਹਾਣੀ ਆਪਣੇ ਆਪ ਵਿਚ ਇਸ ਦੀ ਮਿਸਾਲ ਹੈ।

ਫ਼ਲਸਫ਼ੇ ਪੱਖੋਂ ਸਿੱਖ ਧਰਮ ਉਲਾਰ ਨਹੀਂ। ਨਿਰੀ ਭਗਤੀ, ਨਿਰਾ ਦਿਖਾਵੇ ਦੀ ਸ਼ਰਧਾ ਤੇ ਕਰਮ ਕਾਂਡ, ਸਿੱਖ ਧਰਮ ਵਿਚ ਕੋਈ ਥਾਂ ਨਹੀਂ ਰੱਖਦੇ। ਸਿੱਖ ਨੂੰ ਧਾਰਮਿਕ ਤੇ ਰੂਹਾਨੀ ਬਣਨ ਵਾਸਤੇ ਘਰ ਛੱਡ ਜਾਣ ਦੀ ਲੋੜ ਨਹੀਂ। ਸਿੱਖ ਪੁੱਤਰ, ਬਾਪ, ਪਤੀ, ਭਰਾ, ਦੋਸਤ ਹੁੰਦਿਆਂ ਵੀ 'ਮੁਕਤੀ' ਹਾਸਿਲ ਕਰ ਸਕਦਾ ਹੈ। ਸਿੱਖ ਇਸ ਦੁਨੀਆਂ ਵਿਚ ਰਹਿੰਦਿਆਂ ਅਤੇ ਇਸ ਦੀ ਜੱਦੋ-ਜਹਿਦ ਵਿਚ ਹਿੱਸਾ ਪਾਉਂਦਿਆਂ ਵੀ ਰੱਬ ਨਾਲ ਮਿਲ ਸਕਦਾ ਹੈ।

ਸਿੱਖ ਨੂੰ 'ਮੁਕਤੀ' ਹਾਸਿਲ ਕਰਨ ਵਾਸਤੇ ਕਿਸੇ ਅਣਦਿਸਦੇ 'ਸਵਰਗ' ਜਾਂ 'ਨਰਕ' ਦਾ ਵਹਿਮ ਨਹੀਂ ਹੁੰਦਾ। ਸਿੱਖ ਨੂੰ ਇਸੇ ਜ਼ਿੰਦਗੀ ਵਿਚ ਹੀ ਮੁਕਤੀ ਹਾਸਿਲ ਹੁੰਦੀ ਹੈ। ਰੱਬ ਦੇ ਨੇੜੇ ਹੋਣਾ, ਉਸ ਨੂੰ ਚੇਤੇ ਰੱਖਣਾ, ਉਸ ਦਾ ਕੀਰਤਨ ਕਰਨਾ, ਉਸ ਤੋਂ ਡਰਨਾ, ਉਸ ਦੇ ਪੈਦਾ ਕੀਤੇ ਇਨਸਾਨਾਂ ਨਾਲ ਪਿਆਰ ਕਰਨਾ, ਉਸ ਦੇ ਹੁਕਮ ਤੇ ਜ਼ਾਬਤੇ 'ਚ ਰਹਿਣਾ 'ਸਵਰਗ' ਹੈ ਤੇ ਇਸ ਦਾ ਉਲਟ 'ਨਰਕ' ਹੈ।

ਸਿੱਖ ਧਰਮ ਵਿਚ ਅਖੌਤੀ ਦੇਵੀ-ਦੇਵਤਿਆਂ/ਫ਼ਰਿਸ਼ਤਿਆਂ ਹੀ ਨਹੀਂ ਬਲਕਿ ਗੁਰੂ ਸਾਹਿਬ, ਸ਼ਹੀਦਾਂ, ਰਹਿਬਰਾਂ, ਆਗੂਆਂ ਦੀ ਵੀ ਪੂਜਾ ਨਹੀਂ ਕੀਤੀ ਜਾਂਦੀ। ਕਿਸੇ ਨੂੰ ਸਿੱਖ ਬਣਨ ਵਾਸਤੇ ਅਜਿਹਾ ਅਡੰਬਰ ਨਹੀਂ ਕਰਨਾ ਪੈਂਦਾ। ਸਿੱਖ ਧਰਮ ਵਿਚ ਸਿਰਫ਼ ਅਕਾਲ ਪੁਰਖ ਦੀ 'ਪੂਜਾ' ਹੀ ਹੈ। ਅਕਾਲ ਪੁਰਖ ਤੇ ਸਿੱਖ ਦੇ ਵਿਚਕਾਰ ਕੋਈ ਵਿਚੋਲਾ ਨਹੀਂ। ਅਜਿਹਾ ਆਸਾਨ ਧਰਮ ਹੋਰ ਕਿਹੜਾ ਹੈ!

ਸਿੱਖ ਹਿੰਮਤੀ ਹੈ। ਸਵੇਰੇ ਉਠ ਕੇ ਨਹਾਉਣਾ, ਸੱਜਣਾ, ਭਗਤੀ ਕਰਨਾ, ਗੁਰਦੁਆਰੇ ਜਾਣਾ, ਸਾਧ ਸੰਗਤ ਦੇ ਦਰਸ਼ਨ ਕਰਨਾ, ਹਿੰਮਤ ਨਾਲ ਆਪਣੇ ਕੰਮ ਨੇਪਰੇ ਚਾੜਨਾ, ਆਪਣੀ ਡਿਊਟੀ ਨੂੰ ਤਹਿ ਦਿਲੋਂ ਕਰਨਾ, ਇਹ ਸਿੱਖ ਦਾ ਰੋਜ਼ਨਾਮਚਾ ਹੈ। ਸਿੱਖ ਕੰਮ-ਚੋਰ ਸੁਸਤ ਜਾਂ ਆਲਕੀ ਨਹੀਂ ਹੋ ਸਕਦਾ। ਦਲਿੱਦਰ ਸਿੱਖੀ ਤੋਂ ਦੂਪਰੀ ਚੀਜ਼ ਹੈ। ਸਿੱਖ ਹਰ ਵੇਲੇ ਚੁਸਤ, ਫੁਰਤੀ ਭਰਿਆ, ਨੱਚਦਾ, ਜੂਝਦਾ ਤੇ ਸੇਵਾ ਕਰਦਾ ਨਜ਼ਰ ਆਉਂਦਾ ਹੈ ਇਹ ਖ਼ੂਬੀ ਵੀ ਇਸ ਧਰਮ ਦੀ ਖ਼ਾਸੀਅਤ ਹੈ।

ਸਿੱਖ ਹੋਮਲੈਂਡ, ਪੰਜਾਬ ਵਿਚ ਹੋਰ ਧਰਮਾਂ ਦੇ ਲੋਕ ਵੀ ਵਸਦੇ ਹਨ। ਸਿੱਖਾਂ ਵਿਚ ਜਿਨ੍ਹਾਂ ਜਾਤਾਂ (ਜੱਟ, ਖਤਰੀ, ਰਾਜਪੂਤ, ਬ੍ਰਾਹਮਣ, ਕੰਬੋਜ, ਲੁਬਾਣੇ, ਚਮਾਰ ਵਗੈਰਾ) ਦੇ ਲੋਕ ਹਨ, ਉਨ੍ਹਾਂ ਜਾਤਾਂ ਦੇ ਲੋਕਾਂ ਨੇ ਹੋਰ ਧਰਮ ਵੀ ਅਪਣਾਏ ਹੋਏ ਹਨ। ਪਰ ਜਦੋਂ ਉਹ ਲੋਕ ਸਿੱਖ ਬਣ ਜਾਂਦੇ ਹਨ ਤੇ ਖੰਡੇ ਦੀ ਪਾਹੁਲ ਲੈ ਲੈਂਦੇ ਹਨ ਤਾਂ ਉਨ੍ਹਾਂ ਵਿਚ ਉੱਦਮ, ਚੁਸਤੀ ਫੁਰਤੀ, ਦਲੇਰੀ, ਬਹਾਦਰੀ, ਹਲੀਮੀ ਸ਼ਰਧਾ ਇਕ ਦਮ ਕਿਵੇਂ ਆ ਜਾਂਦੀਆਂ ਹਨ! ਇਕ ਆਮ ਆਦਮੀ ਵਾਸਤੇ ਇਹ ਹੈਰਾਨੀ ਦੀ ਗੱਲ ਹੈ। ਖੰਡੇ ਦੀ ਪਾਹੁਲ ਵਿਚ ਅਜਿਹੀ ਕੋਈ ਖ਼ਾਸ ਰੂਹਾਨੀ ਤਾਕਤ ਹੈ, ਜੋ ਬੁਜ਼ਦਿਲ ਨੂੰ ਦਲੇਰ, ਦਲਿੱਦਰੀ ਨੂੰ ਚੁਸਤ ਤੇ ਉੱਦਮੀ, ਕਮਜ਼ੋਰ ਨੂੰ ਸ਼ੇਰ, ਆਕੜਖੋਰ ਨੂੰ ਨਿਮਰ, ਨਾਸਤਿਕ ਨੂੰ ਸ਼ਰਧਾਵਾਨ, ਭਗਤ ਤੇ 'ਸੰਤ ਸਿਪਾਹੀ' ਬਣਾ ਦੇਂਦੀ ਹੈ। ਦੁਨੀਆਂ ਭਰ ਦੇ ਲੇਖਕ, ਫ਼ਿਲਾਸਫ਼ਰ, ਆਗੂ ਤੇ ਹੋਰ ਲੋਕ ਹਮੇਸ਼ਾ ਇਸ ਬਾਰੇ ਹੈਰਾਨ ਹੁੰਦੇ ਹਨ ਕਿ ਗੁਰੂ ਸਾਹਿਬ ਦੀ ਅੰਮ੍ਰਿਤ ਬਾਣੀ 'ਚ ਅਜਿਹੀ ਕਿਹੜੀ ਗ਼ੈਬੀ ਤਾਕਤ ਹੈ।

ਸਿੱਖਾਂ ਦੇ ਗੁਰਦੁਆਰੇ ਵੀ ਖ਼ਾਸ ਅਹਿਮੀਅਤ ਰਖਦੇ ਹਨ। ਸਿੱਖ ਗੁਰਦੁਆਰੇ 'ਚੋਂ ਰੂਹਾਨੀਅਤ ਹਾਸਿਲ ਕਰਦੇ ਹਨ। ਇਹ ਗੁਰੂ ਦੇ ਘਰ 'ਚ ਦਾਖ਼ਿਲ ਹੋਣ ਦਾ ਦਰਵਾਜ਼ਾ ਹੈ। ਗੁਰਦੁਆਰਾ ਸਿੱਖ ਭਾਈਚਾਰੇ ਦਾ ਕੌਮੀ ਸੈਂਟਰ ਹੈ। ਸਿੱਖ ਇਥੇ ਆ ਕੇ ਭਾਈਚਾਰੇ ਦੀ ਮਦਦ ਕਰਦਾ ਹੈ ਅਤੇ ਮਦਦ ਲੈ ਸਕਦਾ ਹੈ। ਤਕਰੀਬਨ ਹਰ ਗੁਰਦੁਆਰੇ ਨਾਲ ਇਕ ਸਰਾਂ ਅਤੇ ਲੰਗਰ ਹੁੰਦਾ ਹੈ। ਮੁਸਾਫ਼ਿਰ ਤੇ ਲੋੜਵੰਦ ਨੂੰ ਉਥੇ ਆਸਰਾ ਮਿਲਦਾ ਹੈ। ਗੁਰੂ ਸਾਹਿਬ ਨੇ ਭਾਈਚਾਰਕ ਰੋਲ ਆਪ ਕਰ ਕੇ ਸਿੱਖ ਧਰਮ ਦੀ ਇਸ ਖ਼ਾਸੀਅਤ ਨੂੰ ਪੇਸ਼ ਕੀਤਾ ਸੀ। ਗੁਰੂ ਸਾਹਿਬ ਨੇ ਸਰੋਵਰ, ਬਾਉਲੀਆਂ, ਤਲਾਅ, ਖ਼ੂਹ, ਬਾਗ਼ ਲਗਵਾਏ ਅਤੇ ਧਰਮਸਾਲਾਵਾਂ ਤੇ ਸਰਾਵਾਂ ਕਾਇਮ ਕਰਵਾਈਆਂ। ਇਹ ਸਾਰਾ ਕੁਝ ਸਿੱਖ ਭਾਈਚਾਰੇ ਨੂੰ ਰੂਹਾਨੀ ਤੇ ਸਮਾਜਿਕ ਪੱਖੋਂ ਇਕ ਘਰ ਦੇ ਮੈਂਬਰ ਹੋਣ ਦਾ ਅਹਿਸਾਸ ਦੇਣ ਵਾਸਤੇ ਸੀ।

ਕਿਰਤ ਕਰਨਾ, ਵੰਡ ਛਕਣਾ, ਸੇਵਾ ਕਰਨਾ, ਦੁਖੀ ਤੇ ਗ਼ਰੀਬ ਦੀ ਬਾਂਹ ਫੜਨਾ, ਦਸਵੰਧ ਕਢਣਾ, ਹਿੰਮਤ, ਚੁਸਤੀ ਤੇ ਮਿਹਨਤ ਨਾਲ ਖੁਸ਼ਹਾਲ ਹੋਣਾ ਤੇ ਦੂਜਿਆਂ ਨੂੰ ਮਾਲੀ ਪੱਖੋਂ ਲੋੜ ਵੇਲੇ 'ਚ ਮਦਦ ਕਰਨਾ, ਜ਼ੁਲਮ ਦੇ ਖ਼ਿਲਾਫ਼ ਡਟ ਕੇ ਖੜੋਣਾ, ਆਪਣੇ ਕੰਮ ਨੂੰ ਦਿਆਨਤਦਾਰੀ ਨਾਲ ਕਰਨਾ, ਲੜਾਈ ਵੇਲੇ ਜਾਨ ਤਲੀ 'ਤੇ ਰੱਖ ਕੇ ਜੂਝਣਾ, ਅੰਨ

ਪੈਦਾ ਕਰਨ ਵੇਲੇ ਖ਼ੂਨ ਪਸੀਨਾ ਇਕ ਕਰ ਕੇ ਦੁਨੀਆਂ ਭਰ ਨੂੰ ਰੋਟੀ ਦੇਣਾ, ਆਪਣੀ ਡਿਊਟੀ ਵੇਲੇ ਵਫ਼ਾਦਾਰੀ ਤੇ ਇਮਾਨਦਾਰੀ ਨਾਲ ਹਰ ਕੰਮ ਕਰਨਾ, ਝੂਠ ਨਾ ਬੋਲਣਾ, ਧੋਖਾ ਨਾ ਦੇਣਾ, ਦੂਜੇ ਦੀ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਣਾ, ਲੁਟ ਖੋਹ ਨਾ ਕਰਨਾ, ਧੱਕੇਸ਼ਾਹੀ ਨਾ ਕਰਨਾ ਤੇ ਨਾ ਸਹਿਣਾ, ਹਲੀਮੀ ਨਾਲ ਰਹਿਣਾ, ਮਿੱਠਾ ਬੋਲਣਾ, ਕਿਸੇ ਦਾ ਹੱਕ ਨਾ ਮਾਰਨਾ, ਦਿਲ ਨਾ ਦੁਖਾਉਣਾ, ਕਿਰਤ ਕਮਾਈ 'ਚੋਂ ਭਾਈਚਾਰੇ ਦੀ ਸੇਵਾ ਵਿਚ ਹਿੱਸਾ ਪਾਉਣਾ: ਇਹੀ ਸਿੱਖੀ ਹੈ।

ਸਿੱਖ ਤਵਾਰੀਖ਼

ਗੁਰੂ ਨਾਨਕ ਸਾਹਿਬ (20.10.1469-22.9.1539)

ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ। ਗੁਰੂ ਨਾਨਕ ਸਾਹਿਬ ਨੂੰ ਸਿੱਖ ਫ਼ਲਸਫ਼ੇ ਦਾ ਇਲਹਾਮ ਵਾਹਿਗੁਰੂ ਦੀ ਮਿਹਰ ਨਾਲ ਹੋਇਆ ਸੀ।

ਆਪ ਜੀ ਦਾ ਜਨਮ ਮਾਤਾ ਤ੍ਰਿਪਤਾ ਅਤੇ ਬਾਬਾ ਕਲਿਆਣ ਦਾਸ (ਪੁੱਤਰ ਬਾਬਾ ਸ਼ਿਵ ਨਰਾਇਣ ਅਤੇ ਪੋਤਾ ਬਾਬਾ ਰਾਮ ਨਰਾਇਣ) ਦੇ ਘਰ 'ਰਾਇ ਭੋਇ ਦੀ ਤਲਵੰਡੀ' (ਹੁਣ ਨਾਨਕਾਣਾ ਸਾਹਿਬ), ਜ਼ਿਲਾ ਸ਼ੇਖ਼ੂਪੁਰਾ, ਪਾਕਿਸਤਾਨ ਵਿਚ ਹੋਇਆ ਸੀ। ਜਦੋਂ ਆਪ ਪੰਜ ਸਾਲ ਦੇ ਹੋਏ ਤਾਂ ਆਪ ਨੂੰ ਸਕੂਲ ਪੜ੍ਹਨ ਭੇਜਿਆ ਗਿਆ। ਇਥੇ ਆਪ ਨੇ ਸਿੱਧੋਛਾਇਆ (ਪੰਜਾਬੀ ਬੋਲੀ ਦੀ ਪਹਿਲੀ ਲਿੱਪੀ/ਖ਼ਤ) ਸਿੱਖੀ। ਸੱਤ ਸਾਲ ਦੀ ਉਮਰ 'ਚ ਆਪ ਨੇ ਸੰਸਕ੍ਰਿਤ ਵੀ ਪੜ੍ਹੀ। ਤੇਰ੍ਹਾਂ ਸਾਲ ਦੀ ਉਮਰ ਵਿਚ ਆਪ ਨੇ ਫ਼ਾਰਸੀ ਤੇ ਅਰਬੀ ਵਿਚ ਵੀ ਮਹਾਰਤ ਹਾਸਿਲ ਕਰ ਲਈ ਸੀ। ਆਪ ਨੇ ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਦੀਆਂ ਕਈ ਕਿਤਾਬਾਂ ਪੜ੍ਹੀਆਂ। ਸੋਲ੍ਹਾਂ ਸਾਲ ਦੀ ਉਮਰ ਵਿਚ ਆਪ ਆਪਣੇ ਇਲਾਕੇ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਨੌਜਵਾਨ ਸਨ। 1487 ਵਿਚ ਆਪ ਦਾ ਵਿਆਹ (ਮਾਤਾ) ਸੁਲੱਖਣੀ ਨਾਲ ਹੋਇਆ। ਆਪ ਦੇ ਘਰ ਦੋ ਬੇਟਿਆਂ: ਸ੍ਰੀਚੰਦ ਤੇ ਲਖਮੀ ਦਾਸ ਨੇ ਜਨਮ ਲਿਆ। ਆਪ ਕਈ ਸਾਲ ਤਲਵੰਡੀ ਵਿਚ ਰਹਿ ਕੇ ਵਪਾਰ ਕਰਦੇ ਰਹੇ। ਆਪ ਦੀ ਕਾਬਲੀਅਤ ਵੇਖ ਕੇ ਨਵੰਬਰ 1504 ਵਿਚ ਸੁਲਤਾਨਪੁਰ ਲੋਧੀ ਦੇ ਨਵਾਬ ਦੌਲਤ ਖ਼ਾਨ ਨੇ ਆਪ ਨੂੰ ਆਪਣੇ ਮੋਦੀਖ਼ਾਨੇ ਵਿਚ ਸੀਨੀਅਰ ਅਫ਼ਸਰ, ਮੋਦੀ, ਦਾ ਅਹੁਦਾ ਪੇਸ਼ ਕੀਤਾ। ਆਪ ਤਿੰਨ ਸਾਲ ਉਥੇ ਰਹੇ ਅਤੇ ਇਸ ਦੌਰਾਨ ਆਪ ਆਲਮ-ਫ਼ਾਜ਼ਲ ਲੋਕਾਂ, ਸਰਕਾਰੀ ਅਫ਼ਸਰਾਂ ਅਤੇ ਆਮ ਲੋਕਾਂ ਨਾਲ ਧਰਮ ਚਰਚਾ ਕਰਦੇ ਰਹੇ। ਇੱਥੇ ਹੀ ਆਪ ਨੇ ਇਕ ਨਵੇਂ ਧਰਮ ਦਾ ਪ੍ਰਚਾਰ ਕਰਨ ਦਾ ਫ਼ੈਸਲਾ ਕੀਤਾ।

ਅਕਤੂਬਰ 1507 ਵਿਚ ਆਪ ਨੇ ਅਕਾਲ ਪੁਰਖ ਦੇ ਹੁਕਮ ਹੇਠ ਸਿੱਖ ਧਰਮ ਦਾ ਪ੍ਰਚਾਰ ਸ਼ੁਰੂ ਕਰਨ ਵਾਸਤੇ ਸੁਲਤਾਨਪੁਰ ਤੋਂ ਚਾਲੇ ਪਾਏ। ਆਪ ਦੇ ਨਾਲ ਆਪ ਦਾ ਨਿੱਘਾ ਸਾਥੀ ਭਾਈ ਮਰਦਾਨਾ ਵੀ ਗਿਆ। ਆਪ ਨੇ ਤਕਰੀਬਨ 13 ਸਾਲ (ਅਕਤੂਬਰ 1507 ਤੋਂ 1521 ਤਕ, 1516-17 ਦਾ ਇਕ ਸਾਲ ਛੱਡ ਕੇ) ਦੁਨੀਆਂ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕੀਤਾ। ਆਪ ਸਾਊਦੀ ਅਰਬ, ਇਰਾਕ, ਅਫ਼ਗਾਨਿਸਤਾਨ, ਮੌਜੂਦਾ ਪਾਕਿਸਤਾਨ, ਸ੍ਰੀਲੰਕਾ, ਤਿੱਬਤ, ਆਸਾਮ, ਬੰਗਾਲ, ਕਸ਼ਮੀਰ, ਪੰਜਾਬ ਅਤੇ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਗਏ। ਆਪ ਨੇ ਹਿੰਦੂਆਂ, ਬੋਧੀਆਂ, ਜੈਨੀਆਂ, ਜੋਗੀਆਂ, ਸੂਫ਼ੀਆਂ ਅਤੇ ਮੁਸਲਮਾਨਾਂ ਦੇ ਵੱਡੇ-ਵੱਡੇ ਸੈਂਟਰ ਅਤੇ ਡੇਰੇ ਵੇਖੇ ਅਤੇ ਉਥੇ ਹਾਜ਼ਿਰ ਸਕਾਲਰਾਂ, ਫ਼ਿਲਾਸਫ਼ਰਾਂ ਤੇ ਪ੍ਰਚਾਰਕਾਂ ਤੋਂ ਇਲਾਵਾ ਆਮ ਲੋਕਾਂ ਨਾਲ ਵੀ ਵਿਚਾਰ ਸਾਂਝੇ ਕੀਤੇ। ਆਪ ਜਿਥੇ ਵੀ ਗਏ, ਆਲਮ ਫ਼ਾਜ਼ਿਲ ਲੋਕਾਂ ਅਤੇ ਆਮ ਮਲਕਤ; ਸਭ ਨੇ ਆਪ ਦੀ ਅਜ਼ਮਤ ਅੱਗੇ ਸਿਰ ਝੁਕਾਇਆ ਅਤੇ ਆਪ ਦੀ ਸਿੱਖਿਆ ਕਬੂਲ ਕੀਤੀ। ਆਪ ਨੇ

ਇਨ੍ਹਾਂ 13 ਸਾਲਾਂ ਵਿਚ ਹਜ਼ਾਰਾਂ ਲੋਕ ਆਪਣੇ ਧਰਮ ਨਾਲ ਜੋੜੇ। 1522 ਵਿਚ ਆਪ ਨੇ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਨਾਂ ਦੇ ਪਿੰਡ ਦਾ ਮੁੱਢ ਬੰਨ੍ਹਿਆ ਅਤੇ ਆਪਣੀ ਛੇਕੜਲੀ ਉਮਰ ਦਾ ਵਧੇਰੇ ਹਿੱਸਾ ਏਥੇ ਹੀ ਬਿਤਾਇਆ। ਇਸ ਦੌਰਾਨ ਵੀ ਆਪ ਵੱਖ-ਵੱਖ ਇਲਾਕਿਆਂ ਵਿਚ ਪ੍ਰਚਾਰ ਕਰਨ ਵਾਸਤੇ ਜਾਂਦੇ ਰਹੇ।

ਗੁਰੂ ਨਾਨਕ ਸਾਹਿਬ ਇਕ ਅਜ਼ੀਮ ਸ਼ਖ਼ਸੀਅਤ ਸਨ। ਇਸ ਨੂੰ ਜੇ ਦੋ ਲਫ਼ਜ਼ਾਂ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਆਪ ਇਕ "ਰੂਹਾਨੀ ਚੁੰਬਕ" ਸਨ। ਜਿਵੇਂ ਚੁੰਬਕ ਲੋਹੇ ਦੇ ਹਰ ਇਕ ਕਣ ਨੂੰ ਆਪਣੇ ਵੱਲ ਖਿਚ ਲੈਂਦਾ ਹੈ, ਉਵੇਂ ਹੀ ਗੁਰੂ ਨਾਨਕ ਸਾਹਿਬ ਹਰ ਇਨਸਾਨ ਨੂੰ ਆਪਣੀ ਸਿਖਿਆ ਨਾਲ ਸਿੱਖ ਬਣਾ ਲੈਂਦੇ ਸਨ। ਗੁਰੂ ਸਾਹਿਬ ਨੇ ਵੱਡੇ-ਵੱਡੇ ਆਲਮ-ਫ਼ਾਜ਼ਲ (ਵਿਦਵਾਨ) ਲੋਕ, ਰਾਜੇ-ਮਹਾਰਾਜੇ, ਜਗੀਰਦਾਰ, ਚੌਧਰੀ, ਅਮੀਰ ਤੇ ਸ਼ਾਹ, ਮਿਹਨਤਕਸ਼ ਤੇ ਫ਼ਕੀਰ ਆਪਣੀ ਰੂਹਾਨੀ ਸ਼ਖ਼ਸੀਅਤ ਨਾਲ ਆਪਣੇ ਮੁਰੀਦ ਬਣਾ ਲਏ ਸਨ। ਭਾਵੇਂ ਗੁਰੂ ਸਾਹਿਬ ਨੇ ਕਿਸੇ ਨੂੰ ਵੀ ਸਿੱਖ ਬਣਨ ਵਾਸਤੇ ਨਹੀਂ ਕਿਹਾ ਪਰ ਜੋ ਵੀ ਸ਼ਖ਼ਸ ਗੁਰੂ ਸਾਹਿਬ ਨੂੰ ਮਿਲਿਆ ਉਹ ਸਦਾ ਵਾਸਤੇ ਗੁਰੂ ਜੀ ਦਾ ਸਿੱਖ ਬਣ ਗਿਆ।

ਗੁਰੂ ਸਾਹਿਬ ਦੁਨੀਆਂ ਦੇ ਸਭ ਤੋਂ ਵੱਡੇ ਧਾਰਮਿਕ ਪਰਚਾਰਕ ਸਨ। ਉਨ੍ਹਾਂ ਨੇ 40-50 ਹਜ਼ਾਰ ਕਿਲੋਮੀਟਰ ਪੈਦਲ ਚਲ ਕੇ ਕਈ ਮੁਲਕਾਂ ਦਾ ਦੌਰਾ ਕੀਤਾ ਅਤੇ ਸੈਂਕੜੇ ਨਗਰਾਂ ਅਤੇ ਹਜ਼ਾਰਾਂ ਲੋਕਾਂ ਨੂੰ ਰੂਹਾਨੀਅਤ ਦਾ ਸਬਕ ਪੜ੍ਹਾਇਆ। ਉਨ੍ਹਾਂ ਨੇ ਲੋਕਾਂ ਦੀ ਸਮਾਜਿਕ ਤੇ ਧਾਰਮਿਕ ਜ਼ਿੰਦਗੀ ਬਦਲ ਦਿੱਤੀ।

ਗੁਰੂ ਸਾਹਿਬ ਨੇ 'ਸਚਿਆਰ' ਦੀ ਜ਼ਿੰਦਗੀ ਜਿਊਣ (ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ) ਦਾ ਸਬਕ ਦਿਤਾ। ਹਰ ਇਨਸਾਨ ਨੂੰ ਕਿਰਤ ਕਮਾਈ ਦੀ, ਹੱਕ-ਹਲਾਲ ਦੀ, ਈਮਾਨਦਾਰੀ ਦੀ, ਕਮਾਈ ਕਰਨੀ ਚਾਹੀਦੀ ਹੈ। ਹਰ ਇਨਸਾਨ ਦਾ ਫ਼ਰਜ਼ ਹੈ ਕਿ ਉਹ ਆਪਣੀ ਕਮਾਈ ਵਿਚੋਂ ਦਸਵੰਧ (ਕੁਝ ਹਿੱਸਾ) ਕੱਢ ਕੇ ਲੋਕਾਈ ਦੇ ਭਲੇ ਵਾਸਤੇ ਖਰਚ ਕਰੇ ਅਤੇ ਲੋੜਵੰਦ, ਮਜਬੂਰ ਤੇ ਲਾਚਾਰ ਲੋਕਾਂ ਦੀ ਮਦਦ ਕਰੇ। ਯਾਨਿ ਉਨ੍ਹਾਂ ਨੇ ਹਰ ਸਿੱਖ ਨੂੰ ਸਮਾਜ ਦਾ ਫ਼ਾਇਦੇ ਵਾਲਾ, ਜਮ੍ਹਾ ਵਾਲਾ (positive) ਹਿੱਸਾ ਬਣਾਇਆ। ਉਨ੍ਹਾਂ ਆਖਿਆ ਕਿ ਹਰ ਇਕ ਇਨਸਾਨ ਦਾ ਫ਼ਰਜ਼ ਹੈ ਕਿ ਉਹ ਲੋਕਾਈ ਦੇ ਭਲੇ ਵਿਚ ਆਪਣਾ ਵਧ ਤੋਂ ਵਧ ਹਿੱਸਾ ਪਾਵੇ। ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਕਿਰਤ ਕਰਨ ਤੇ ਵੰਡ ਛਕਣ ਦੇ ਨਾਲ-ਨਾਲ ਰੱਬ ਦਾ ਨਾਂ ਵੀ ਜਪਣਾ (ਯਾਨਿ ਉਸ ਨੂੰ ਹਰ ਵੇਲੇ ਯਾਦ ਰਖਣਾ) ਚਾਹੀਦਾ ਹੈ। ਰੱਬ ਦਾ ਨਾਂ ਜਪਣ ਦਾ ਮਤਲਬ ਹਰ ਵੇਲੇ 'ਰੱਬ, ਰੱਬ' (ਜਾਂ ਵਾਹਿਗੁਰੂ, ਵਾਹਿਗੁਰੂ ਜਾਂ ਰਾਮ, ਰਾਮ) ਕਹੀ ਜਾਣਾ ਨਹੀਂ ਬਲਕਿ ਰੱਬ ਨੂੰ ਹਰ ਥਾਂ ਹਾਜ਼ਰ-ਨਾਜ਼ਰ ਜਾਣ ਕੇ, ਉਸ ਦੇ ਪਵਿੱਤਰ ਤੇ ਨਿਰਮਲ ਭਉ ਵਿਚ ਰਹਿ ਕੇ ਜ਼ਿੰਦਗੀ ਜੀਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰੱਬ ਦੇ 'ਭਉ' (ਪਵਿੱਤਰ ਡਰ) ਵਿੱਚੋਂ ਹੀ 'ਭਾਉ' (ਪਿਆਰ) ਪੈਦਾ ਹੁੰਦਾ ਹੈ। ਇਹੀ ਰੱਬ ਦੀ ਅਸਲ ਭਗਤੀ ਹੈ। ਉਨ੍ਹਾਂ ਕਿਹਾ ਕਿ ਇਨਸਾਨ ਨੂੰ ਦੁਨੀਆਂ ਤੋਂ ਨਹੀਂ ਬਲਕਿ ਮਾਇਆ ਤੋਂ (ਦੁਨੀਆਂ ਦੀ ਮੋਹ ਮਾਇਆ ਤੋਂ) ਦਿਲਗੀਰ ਹੋਣ ਦੀ ਲੋੜ ਹੈ। ਇਹ ਇੰਞ ਹੀ ਹੈ ਜਿਵੇਂ 'ਚਿੱਕੜ ਵਿਚ ਕਮਲ ਦਾ ਫੁੱਲ' ਹੁੰਦਾ ਹੈ।

ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਰੱਬ 'ਨਿਰੰਕਾਰ' ਹੈ। ਉਸ ਦਾ ਕੋਈ ਰੰਗ, ਰੂਪ, ਸ਼ਕਲ ਨਹੀਂ ਹੈ। ਇਸ ਕਰ ਕੇ ਉਸ ਦੀ ਕੋਈ ਮੂਰਤੀ ਜਾਂ ਬੁੱਤ ਵੀ ਨਹੀਂ ਹੋ ਸਕਦਾ)। ਉਹ ਕਦੇ ਵੀ ਇਨਸਾਨੀ ਰੂਪ ਵਿਚ ਨਹੀਂ ਆਉਂਦਾ। ਗੁਰੂ ਨਾਨਕ ਸਾਹਿਬ

ਨੇ ਕਿਹਾ ਕਿ ਅਕਾਲ ਪੁਰਖ ਸਾਰੀ ਦੁਨੀਆਂ ਵਿਚ 'ਰਮਿਆ' (ਸਮਾਇਆ) ਹੋਇਆ ਹੈ। ਅਸੀਂ ਰੱਬ ਨੂੰ ਉਸ ਦੀ ਕੁਦਰਤ ਵਿਚੋਂ ਵੇਖ ਸਕਦੇ ਹਾਂ। ਉਸ ਦੀ ਪੈਦਾ ਕੀਤੀ ਦੁਨੀਆਂ 'ਤੇ ਅਸੀਂ ਵਿਸਮਾਦ (ਖ਼ੁਸ਼ੀ-ਭਰੀ ਹੈਰਾਨੀ) ਜ਼ਾਹਿਰ ਕਰ ਸਕਦੇ ਹਾਂ। ਉਸ ਦੀ ਕੁਦਰਤ ਵਿੱਚੋਂ ਅਸੀਂ ਉਸ ਦੀ ਮਹਾਨਤਾ, ਤਾਕਤ ਤੇ ਹਸਤੀ ਦਾ ਅਹਿਸਾਸ ਕਰ ਸਕਦੇ ਹਾਂ। ਸਾਰੀ ਦੁਨੀਆਂ, ਸਾਰੀ ਕਾਇਨਾਤ ਉਸੇ ਦੇ ਹੁਕਮ ਵਿਚ ਚਲ ਰਹੀ ਹੈ।

ਉਨ੍ਹਾਂ ਦਸਿਆ ਕਿ ਅਕਾਲ ਪੁਰਖ ਹਰ ਇਨਸਾਨ ਨੂੰ ਇੱਕੋ ਜਿਹਾ ਪਿਆਰ ਕਰਦਾ ਹੈ। ਉਸ ਦੀ ਨਿਗਹ ਵਿਚ ਕੋਈ 'ਛੋਟਾ' ਜਾ 'ਵੱਡਾ' ਨਹੀਂ ਹੈ। ਉਸ ਵਾਸਤੇ ਕੋਈ 'ਚੁਣੇ ਹੋਏ' ਜਾਂ 'ਰੱਦ ਕੀਤੇ ਹੋਏ' ਲੋਕ ਨਹੀਂ ਸਨ। ਰੱਬ ਸਾਰਿਆਂ 'ਤੇ ਇੱਕੋ ਜਿਹੀ ਨਦਰ ਰਖਦਾ ਹੈ। ਉਸ ਦੀ ਕਿਰਪਾ, ਮਿਹਰ, ਬਖ਼ਸ਼ੀਸ਼, ਉਸ ਦਾ ਪ੍ਰਸਾਦਿ ਹਰ ਇਕ ਵਾਸਤੇ ਇੱਕੋ ਜਿਹਾ ਹੈ। ਉਸ ਦਾ ਇਨਸਾਫ਼ ਹਰ ਇਕ ਵਾਸਤੇ ਇੱਕੋ ਜਿਹਾ ਹੈ। ਪਰ ਜਿਨ੍ਹਾਂ ਕੋਲ ਦਇਆ, ਪਿਆਰ, ਨੇਕੀ, ਇਨਸਾਨੀਅਤ ਨਹੀਂ ਹੁੰਦੀ ਤੇ ਜੋ ਲੋਕ ਨਫ਼ਰਤ ਵੰਡਦੇ ਹਨ ਉਹ ਰੱਬ ਦੀ ਬਖ਼ਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਨ। ਪਰ, ਅਜਿਹੇ ਸ਼ਖ਼ਸ ਵੀ, ਮੁੜ ਰੱਬ ਦੇ ਰਸਤੇ 'ਤੇ ਚਲ ਕੇ, ਉਸ ਦੀ ਬਖ਼ਸ਼ਿਸ਼ ਹਾਸਿਲ ਕਰ ਸਕਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਵਾਪਰ ਰਿਹਾ ਹੈ ਸਭ ਉਸ ਦੇ ਹੁਕਮ, ਉਸ ਦੀ ਰਜ਼ਾ ਤੇ ਉਸ ਦੇ ਭਾਣੇ ਵਿਚ ਹੈ। ਇਨਸਾਨ ਨੂੰ ਰੱਬ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਉਸ (ਵਾਹਿਗੁਰੂ) ਨੂੰ ਪਤਾ ਹੈ ਕਿ ਉਸ ਨੇ ਕਿਸ ਨੂੰ ਕੀਹ, ਕਿਉਂ, ਕਿੰਨਾ, ਕਦੋਂ ਤੇ ਕਿਵੇਂ ਦੇਣਾ ਹੈ। ਰੱਬ ਨਾਲ ਸ਼ਿਕਵਾ-ਸ਼ਿਕਾਇਤ ਕਰਨਾ ਉਸ ਦਾ ਭਾਣਾ ਨਾ ਮੰਨਣਾ ਹੈ।

ਉਨ੍ਹਾਂ ਆਖਿਆ ਕਿ ਹਰ ਇਨਸਾਨ ਵਿਚ ਅਕਾਲ ਪੁਰਖ ਦੀ ਜੋਤਿ ਹੈ, ਅਸੀਂ ਸਾਰੇ ਉਸ ਦੇ ਬੱਚੇ ਹਾਂ (Fatherhood of God and Brotherhood of Man)। ਇੰਞ ਅਸੀਂ ਸਾਰੇ ਇਕ ਦੂਜੇ ਦੇ ਭੈਣ-ਭਰਾ ਹਾਂ। ਅਕਾਲ ਪੁਰਖ ਨੂੰ ਸਭ ਦਾ ਪਿਤਾ ਮੰਨਣ ਵਾਲਾ ਸ਼ਖ਼ਸ ਕਿਸੇ ਵੀ ਇਨਸਾਨ ਨਾਲ ਨਫ਼ਰਤ, ਵਿਤਕਰਾ ਜਾਂ ਵਖਰੇਵਾਂ ਨਹੀਂ ਕਰ ਸਕਦਾ। ਹਰ ਇਨਸਾਨ ਵਿਚ ਅਕਾਲ ਪੁਰਖ ਦੀ ਜੋਤਿ ਹੈ ਤੇ ਕਿਸੇ ਵੀ ਇਨਸਾਨ ਨਾਲ ਨਫ਼ਰਤ ਕਰਨ ਵਾਲਾ ਅਕਾਲ ਪੁਰਖ (ਦੀ ਜੋਤਿ ਦੇ ਉਸ ਹਿੱਸੇ) ਨਾਲ ਨਫ਼ਰਤ-ਕਰਦਾ ਹੈ। ਅਜਿਹਾ ਸ਼ਖ਼ਸ ਰੂਹਾਨੀਅਤ ਤੋਂ ਕੋਰਾ ਹੈ, ਅਕਾਲ ਪੁਰਖ ਦੇ ਫ਼ਲਸਫ਼ੇ ਤੋਂ ਅਣਜਾਣ ਹੈ ਜਾਂ ਦੰਭੀ ਤੇ ਪਾਖੰਡੀ ਹੈ। ਉਨ੍ਹਾਂ ਸਿੱਖ ਪੰਥ ਨੂੰ ਇਕ ਭਾਈਚਾਰਾ, ਇਕ ਪਰਿਵਾਰ, ਵਜੋਂ ਕਾਇਮ ਕੀਤਾ ਸੀ।

ਗੁਰੂ ਨਾਨਕ ਸਾਹਿਬ ਔਰਤ ਨੂੰ ਮਰਦ ਤੋਂ ਨੀਵਾਂ ਦਰਜਾ ਦੇਣ ਨੂੰ ਵੀ ਗ਼ੈਰ-ਰੂਹਾਨੀ ਸੋਚ ਆਖਦੇ ਹਨ। ਜਿਹੜੀ ਔਰਤ ਰਾਜਿਆਂ ਤੇ ਮਹਾਨ ਰੂਹਾਨੀ ਹਸਤੀਆਂ ਨੂੰ ਜਨਮ ਦੇਂਦੀ ਹੈ, ਉਹ ਮਾੜੀ ਕਿਵ ਹੋ ਸਕਦੀ ਹੈ? ਫਿਰ ਉਹ ਵੀ ਤਾਂ ਰੱਬ ਦੀ ਪੈਦਾ ਕੀਤੀ ਹੋਈ ਹੈ। ਰੱਬ ਦੀ ਕਿਸੇ ਵੀ ਰਚਨਾ ਨੂੰ ਮਾੜਾ ਨਹੀਂ ਕਿਹਾ ਜਾ ਸਕਦਾ।

ਗੁਰੂ ਨਾਨਕ ਸਾਹਿਬ ਨੇ ਰੂਹਾਨੀਅਤ ਅਤੇ ਸੇਵਾ ਨੂੰ ਇਕ ਦੂਜੇ ਦਾ ਪੂਰਕ ਬਣਾਇਆ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਤੋਂ ਬਿਨਾਂ ਧਰਮ ਅਧੂਰਾ ਹੈ ਅਤੇ ਲੋਕਾਈ ਦੇ ਭਲੇ ਤੋਂ ਬਿਨਾਂ ਰੂਹਾਨੀਅਤ ਫੋਕੀ ਹੈ। ਉਨ੍ਹਾਂ ਧਰਮ ਨੂੰ ਭਾਈਚਾਰਕ ਰੂਹਾਨੀਅਤ (Social Spiritualism) ਬਣਾਇਆ।

ਗੁਰੂ ਨਾਨਕ ਸਾਹਿਬ ਨੇ ਲੋਕਾਈ ਨੂੰ 'ਇਨਸਾਨੀਅਤ ਦੀ ਪਾਹੁਲ ਵਾਲੀ ਰੂਹਾਨੀਅਤ' ਦਾ ਸਬਕ ਦਿਤਾ। ਉਨ੍ਹਾਂ ਨੇ ਧਰਮ ਤੇ ਰੂਹਾਨੀਅਤ ਨੂੰ ਅਖੌਤੀ ਸੰਨਿਆਸ ਲੈ ਕੇ ਜੰਗਲਾਂ,

ਉਜਾੜਾਂ ਤੇ ਪਹਾੜਾਂ ਵਿਚ ਲੁਕ ਕੇ, ਦੁਨੀਆਂ ਤੋਂ ਭੱਜ ਕੇ, ਜਿਸਮ ਨੂੰ ਦੁਖ ਦੇ ਕੇ, ਅਖੌਤੀ ਤਪੱਸਿਆ ਕਰਨ ਦੇ ਭਰਮ ਤੋਂ ਆਜ਼ਾਦ ਕੀਤਾ। ਉਨ੍ਹਾਂ ਕਿਹਾ ਕਿ ਇਨਸਾਨ ਇਕ ਆਮ ਗ੍ਰਹਿਸਤੀ ਵਜੋਂ ਜ਼ਿੰਦਗੀ ਜਿਊਂਦਿਆਂ ਹੀ ਇਕ ਰੂਹਾਨੀ ਹਸਤੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਗ੍ਰਹਿਸਤ ਰੂਹਾਨੀਅਤ ਦੇ ਰਾਹ ਵਿਚ ਰੋੜਾ ਨਹੀਂ ਬਲਕਿ ਇਸ ਦੇ ਰਸਤੇ ਵਿਚ ਮਦਦਗਾਰ ਹੁੰਦਾ ਹੈ।

ਗੁਰੂ ਸਾਹਿਬ ਗ੍ਰਹਿਸਤ ਧਰਮ ਨੂੰ ਇਨਸਾਨ ਵਾਸਤੇ ਸਭ ਤੋਂ ਚੰਗਾ ਰਸਤਾ ਕਹਿੰਦੇ ਹਨ। ਇਸ ਦੁਨੀਆਂ ਵਿਚ ਰਹਿਣ ਵਾਲੇ ਇਨਸਾਨ ਦੀਆਂ ਕੁਝ ਬੁਨਿਆਦੀ ਜਿਸਮਾਨੀ ਲੋੜਾਂ ਵੀ ਹਨ। ਗੁਰੂ ਸਾਹਿਬ ਇਨਸਾਨ ਦੀ ਜ਼ਿੰਦਗੀ ਦੇ ਇਸ ਪਹਿਲੂ ਨੂੰ ਰੱਦ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਇਨਸਾਨ ਨੂੰ ਮੋਹ ਮਾਇਆ ਛੱਡਣੀ ਚਾਹੀਦੀ ਹੈ ਦੁਨੀਆਂ ਨਹੀਂ। ਇਨਸਾਨ ਨੂੰ ਇਸ ਦੁਨੀਆਂ ਦੀ ਪਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ ਨਾ ਕਿ ਦੁਨੀਆਂਦਾਰੀ ਹੀ ਛੱਡ ਦੇਣੀ ਚਾਹੀਦੀ ਹੈ। ਦੁਨੀਆਂ ਤਿਆਗਣਾ ਤਾਂ ਮੈਦਾਨ ਚੋਂ ਦੌੜਨ ਵਾਲੀ ਗੱਲ ਹੈ। ਦੂਜਾ, ਦੁਨੀਆਂ ਤਿਆਗ ਕੇ ਫੇਰ ਗ੍ਰਹਿਸਤੀਆਂ ਤੋਂ ਹੀ ਬੁਨਿਆਦੀ ਜ਼ਰੂਰਤਾਂ ਵਾਸਤੇ ਮਦਦ ਮੰਗਣੀ ਪੈਂਦੀ ਹੈ, ਸੋ ਇਹ ਤਾਂ ਇਕ ਕਿਸਮ ਦਾ ਦੰਭ ਹੀ ਹੈ। ਤੀਜਾ, ਤਿਆਗ ਮਗਰੋਂ ਪਰਚਾਰ ਕਰਨ ਵਾਸਤੇ ਕਰਮ-ਖੇਤਰ ਵੀ ਤਾਂ ਗ੍ਰਹਿਸਤੀ ਲੋਕ ਹੀ ਹਨ ਤੇ ਉਨ੍ਹਾਂ ਵਿਚ ਹੀ ਸੱਚ ਦੇ ਰਸਤੇ ਦਾ ਪਰਚਾਰ ਕਰਨਾ ਹੁੰਦਾ ਹੈ। ਇਸ ਕਰ ਕੇ ਸਭ ਤੋਂ ਵਧੀਆ ਰਸਤਾ ਤਾਂ ਗ੍ਰਹਿਸਤ ਦਾ ਰਸਤਾ ਹੀ ਹੈ। ਇਨਸਾਨ ਤਾਂ ਹਸਦੇ-ਖੇਡਦੇ, ਖਾਂਦੇ-ਪੀਂਦੇ ਇਸ ਦੁਨੀਆਂ ਦੇ ਡਰਾਉਣੇ-ਦਿਸਦੇ ਸਮੁੰਦਰ ਨੂੰ ਤੈਰ ਕੇ ਪਾਰ ਕਰ ਜਾਂਦਾ ਹੈ। ਅਜਿਹੇ ਗ੍ਰਹਿਸਤੀ ਨੂੰ ਦੁਨੀਆਂ ਡਰਾਉਣੀ ਨਹੀਂ ਬਲਕਿ ਸੁਖਾਲੀ (ਸਹਿਜ) ਦਿਸਦੀ ਹੈ।

ਗੁਰੂ ਸਾਹਿਬ ਦਾ ਸਬਕ ਸੀ ਕਿ ਇਨਸਾਨ ਨੇ ਮੁਕਤੀ ਇਸੇ ਜ਼ਿੰਦਗੀ ਵਿਚ ਹਾਸਿਲ ਕਰਨੀ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਆਪਣੇ ਆਪ ਨੂੰ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੇ ਹਉਮੈ ਤੋਂ ਬਚਾਅ ਲੈਣਾ ਹੀ ਮੁਕਤੀ ਹੈ। ਮੁਕਤੀ ਕੋਈ ਮਰਨ ਪਿੱਛੋਂ ਹਾਸਿਲ ਕਰਨ ਵਾਲੀ ਸ਼ੈਅ ਨਹੀਂ ਹੈ। ਮਰਨ ਮਗਰੋਂ ਹਾਸਿਲ ਹੋਣ ਵਾਲੀ ਤਾਂ ਅਖੌਤੀ ਮੁਕਤੀ ਹੈ (ਉਸ ਹਿਸਾਬ ਨਾਲ ਤਾਂ 'ਮੌਤ' ਹੀ ਮੁਕਤੀ ਹੈ)। ਅਸਲ ਮੁਕਤੀ ਤਾਂ 'ਜੀਵਨ-ਮੁਕਤੀ' ਹੈ ਜੋ ਇਨਸਾਨ ਜਿਊਂਦਿਆਂ ਜੀਅ ਹਾਸਿਲ ਕਰ ਸਕਦਾ ਹੈ। ਇਨਸਾਨ ਪੰਜ ਤੱਤਾਂ (ਹਵਾ, ਪਾਣੀ, ਅੱਗ, ਮਿੱਟੀ ਤੇ ਆਕਾਸ਼) ਦਾ ਬਣਿਆ ਹੋਇਆ ਵਜੂਦ ਹੈ। ਮਰਨ ਪਿੱਛੋਂ ਇਹ ਤੱਤ ਆਪਣੇ ਮੂਲ ਵਿਚ ਸਮਾਅ ਜਾਂਦੇ ਹਨ। ਮੌਤ ਇਨਸਾਨ ਦਾ ਅਖ਼ੀਰ ਹੈ। ਇਸ ਪਿੱਛੋਂ ਇਨਸਾਨੀ ਹਸਤੀ ਦਾ ਕੋਈ ਵਜੂਦ ਨਹੀਂ ਰਹਿੰਦਾ। ਮੁੜ-ਮੁੜ ਨਵੀਂ ਜੂਨ ਵਿਚ ਆਉਣਾ ਇਕ ਵਹਿਮ ਹੈ। ਦੁਨੀਆਂ ਵਿਚ 84 ਲੱਖ (ਯਾਨਿ ਬੇਅੰਤ) ਜੂਨਾਂ (ਕਿਸਮਾਂ) ਦੇ ਜੀਵ ਹਨ ਤੇ ਇਨਸਾਨ ਉਨ੍ਹਾਂ ਸਾਰਿਆਂ ਤੋਂ ਬੇਹਤਰ ਜੀਵ ਹੈ। ਪਰ ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਇਨਸਾਨੀ ਜਨਮ ਪੂਰੀਆਂ 84 ਲੱਖ ਜੂਨਾਂ ਵਿੱਚੋਂ ਲੰਘਣ ਮਗਰੋਂ ਮਿਲਦਾ ਹੈ। ਇਨਸਾਨ ਦੀ ਇਕ ਜੂਨ ਹੀ ਹੈ ਤੇ ਉਹ ਮੁੜ-ਮੁੜ ਜੂਨਾਂ ਵਿਚ ਨਹੀਂ ਆਉਂਦਾ। ਅਖੌਤੀ ਪੁਨਰ-ਜਨਮ ਸਿੱਖੀ ਵਿਚ ਕੋਈ ਥਾਂ ਨਹੀਂ ਰਖਦਾ। ਇਸੇ ਜਨਮ ਵਿਚ ਹੀ ਇਨਸਾਨ ਨੇ ਉੱਚੀਆਂ ਬੁਲੰਦੀਆਂ ਛੂਹਣੀਆਂ ਹਨ। ਇਨਸਾਨ ਨੇ ਸਵਰਗ ਤੇ ਨਰਕ ਇਸੇ ਜਨਮ ਵਿਚ ਹੀ ਹੰਢਾਉਣੇ ਹਨ। ਜਦ ਅਸੀਂ ਰੱਬ ਦੇ ਹੁਕਮ ਵਿਚ ਚਲਦੇ ਹਾਂ ਤਾਂ ਇਹ ਸਵਰਗ ਵਿਚ ਰਹਿਣਾ ਹੈ ਤੇ ਜਦ ਅਸੀਂ ਰੱਬ ਤੋਂ ਦੂਰ ਹਾਂ ਤੇ ਪਾਪ ਦੀ ਜ਼ਿੰਦਗੀ ਬਿਤਾਉਂਦੇ ਹਾਂ ਤਾਂ ਇਹ ਨਰਕ ਹੁੰਦਾ ਹੈ। ਇਸ ਸਾਰੇ ਰਾਜ਼ ਨੂੰ ਸਮਝ ਲੈਣਾ ਹੀ "ਮੁਕਤੀ"

ਹੈ। ਬ੍ਰਾਹਮਣਾਂ ਦੀ ਅਖੌਤੀ ਮੁਕਤੀ ਤੇ ਇਸ ਦੀ ਖ਼ਾਹਿਸ਼ ਨੂੰ ਇਕ ਸਿੱਖ ਬਪੁਰੀ" (ਵਿਚਾਰੀ) ਆਖ ਕੇ ਰੱਦ ਕਰਦਾ ਹੈ। ਗੁਰੂ ਸਾਹਿਬ ਨੇ ਇਹ ਵੀ ਕਿਹਾ ਕਿ ਇਸ ਅਸਲ ਮੁਕਤੀ ਨੂੰ ਹਾਸਿਲ ਕਰਨ ਦਾ ਹੱਕ ਹਰ ਇਕ ਦਾ ਬਰਾਬਰ ਦਾ ਹੈ। ਇਹ ਹੱਕ ਸਿਰਫ਼ ਅਖੌਤੀ ਉੱਚੀ ਜ਼ਾਤ ਵਾਲਿਆਂ ਦਾ ਜਾਂ ਸਿਰਫ਼ ਮਰਦਾਂ ਦਾ ਹੀ ਨਹੀਂ ਹੈ। ਇਹ ਸਿਰਫ਼ ਪੜ੍ਹੇ ਲਿਖਿਆਂ ਦਾ ਜਾਂ ਦਿਖਾਵੇ ਦੀ ਅਖੌਤੀ ਭਗਤੀ ਕਰਨ ਵਾਲਿਆਂ ਜਾਂ ਅਖੌਤੀ ਤਪ ਕਰਨ ਵਾਲਿਆਂ ਦਾ ਹੱਕ ਨਹੀਂ ਹੈ। ਅਜਿਹੀ ਅਖੌਤੀ ਭਗਤੀ ਤੇ ਤਪ ਦਰਅਸਲ ਦੰਭ ਤੇ ਕਰਮ ਕਾਂਡ ਹਨ।

ਉਨ੍ਹਾਂ ਨੇ ਇਨਸਾਨ ਨੂੰ ਸਾਦੀ ਜ਼ਿੰਦਗੀ ਜਿਊਣ ਦਾ ਸਬਕ ਦਿਤਾ। ਉਨ੍ਹਾਂ ਕਿਹਾ ਕਿ ਬੰਦਾ ਆਪਣੀਆਂ ਖ਼ਾਹਿਸ਼ਾਂ ਵਧਾਉਂਦਾ-ਵਧਾਉਂਦਾ ਇਸ ਮਾਇਆ-ਜਾਲ ਵਿਚ ਫਸ ਜਾਂਦਾ ਹੈ ਤੇ ਫਿਰ ਵਧਦੀਆਂ ਖ਼ਾਹਿਸ਼ਾਂ ਦੀ ਪੂਰਤੀ ਵਾਸਤੇ ਪਾਪ ਕਰਦਾ ਹੈ। ਇਨਸਾਨ ਨੂੰ ਤਾਂ 'ਅੰਨ ਪਾਣੀ ਥੋੜ੍ਹਾ' ਖਾਣ ਦੀ ਸੋਚ ਨੂੰ ਵੀ ਅਪਣਾਉਣਾ ਚਾਹੀਦਾ ਹੈ। ਇਨਸਾਨ ਨੂੰ ਇਸ ਫ਼ਾਨੀ ਦੁਨੀਆਂ ਰੂਪੀ ਸਰਾਂ ਵਿਚ ਇਕ ਮੁਸਾਫ਼ਿਰ ਦੇ ਤੌਰ'ਤੇ ਵਿਚਰਨਾ ਚਾਹੀਦਾ ਹੈ। ਇਨਸਾਨ ਨੂੰ ਇਸ ਦੁਨੀਆਂ ਦੀ ਪਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ।

ਗੁਰੂ ਸਾਹਿਬ ਨੇ ਕਰਮ ਕਾਂਡ, ਧਾਰਮਿਕ ਦਿਖਾਵੇ ਨੂੰ ਪਾਖੰਡ ਦੱਸਿਆ। ਉਨ੍ਹਾਂ ਕਿਹਾ ਕਿ ਚੰਗਾ ਇਨਸਾਨ ਬਣਨਾ ਹੀ ਅਸਲ ਧਰਮ ਹੈ। ਧਰਮ ਵਿਚ ਸੱਚ, ਪਿਆਰ, ਇਨਸਾਨੀਅਤ, ਇਨਸਾਫ਼, ਸਾਦਾ ਜੀਵਨ, ਲੋਕ ਸੇਵਾ, ਵਿਕਾਰਾਂ ਤੋਂ ਬਚਣਾ, ਮਨ ਦੀਆਂ ਖ਼ਾਹਿਸ਼ਾਂ 'ਤੇ ਕਾਬੂ ਪਾਉਣਾ (ਮਨ ਨੂੰ ਜਿੱਤਣਾ) ਹੀ ਅਸਲ ਕਰਮ ਤੇ ਭਗਤੀ ਹਨ। ਦਿਖਾਵੇ ਦਾ ਨਾਮ-ਰਟਣ, ਯੱਗ, ਹਵਨ, ਪੂਜਾ ਸਭ ਫ਼ਜ਼ੂਲ ਦੇ ਕਰਮ-ਕਾਂਡ ਤੇ ਪਾਖੰਡ ਹਨ। ਇਹ ਕਿਸੇ ਵੀ ਤਰ੍ਹਾਂ ਦੀ ਭਗਤੀ ਨਹੀਂ ਹਨ ਤੇ ਇਨ੍ਹਾਂ ਦਾ ਜ਼ਰਾ-ਮਾਸਾ ਵੀ ਫ਼ਾਇਦਾ ਨਹੀਂ।

ਗੁਰੂ ਸਾਹਿਬ ਨੇ ਦਸਿਆ ਕਿ ਧਰਮ ਇਕ ਰਸਤਾ ਹੈ, ਅਖ਼ੀਰ ਨਹੀਂ। ਜਿਸ ਰਸਤੇ 'ਤੇ ਟੁਰਿਆਂ ਇਨਸਾਨ 'ਰੱਬੀ ਜ਼ਾਬਤੇ' ਵਿਚ ਰਹਿੰਦਾ ਹੈ, ਭਲਾ ਇਨਸਾਨ ਬਣਦਾ ਹੈ, ਦੁਨੀਆਂ 'ਚੋਂ ਦਰਿਦਰ, ਦੁਖ ਤੇ ਮੁਸ਼ਕਿਲਾਂ ਨੂੰ ਦੂਰ ਕਰਨ ਵਿਚ ਮਦਦਗਾਰ ਹੁੰਦਾ ਹੈ, ਉਹੀ ਰਸਤਾ ਠੀਕ ਹੈ, ਭਾਵੇਂ ਉਹ ਕੋਈ ਵੀ ਰਸਤਾ ਹੋਵੇ। ਇਕ ਮੁਸਲਮਾਨ ਸੱਚਾ ਇਸਲਾਮ ਜੀਅ ਕੇ, ਇਕ ਬ੍ਰਾਹਮਣ ਰੱਬ ਦੇ ਰਸਤੇ 'ਤੇ ਟੁਰ ਕੇ, ਤੇ ਇਕ ਸਿੱਖ ਵਾਹਿਗੁਰੂ ਦੇ ਭਾਣੇ ਵਿਚ ਰਹਿ ਕੇ 'ਪਰਮ-ਮਨੁੱਖ' (ਸਹੀ ਇਨਸਾਨ) ਬਣ ਸਕਦਾ ਹੈ। ਇਹੀ ਜਿਊਂਦਿਆਂ ਹਾਸਿਲ ਹੋਣ ਵਾਲੀ 'ਅਸਲ ਮੁਕਤੀ' ਹੈ। ਇਹੀ 'ਸਦੀਵੀ ਅਨੰਦ' ਹੈ। ਇਹੀ 'ਸਹਿਜ' ਹੈ।

ਗੁਰੂ ਸਾਹਿਬ ਮੁਤਾਬਿਕ ਰੱਬ ਸਿਰਫ਼ ਤੇ ਸਿਰਫ਼ ਮੁਹੱਬਤ ਦਾ ਸੋਮਾ ਹੈ। ਉਸ ਦੇ ਘਰ ਵਿਚ ਨਫ਼ਰਤ ਜਾਂ ਵਖਰੇਵਾਂ ਨਹੀਂ ਹੈ। ਉਸ ਦੇ ਘਰ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ ਹੈ। ਵਾਹਿਗੁਰੂ ਕਿਸੇ ਨੂੰ ਵਧੇਰੇ ਪਿਆਰ ਜਾਂ ਕਿਸੇ ਨੂੰ ਨਫ਼ਰਤ ਨਹੀਂ ਕਰਦਾ। ਸਾਰੇ ਉਸ ਦੇ ਆਪਣੇ ਪੁਤਰ ਹਨ। ਹਰ ਇਕ ਨੂੰ ਉਸ ਨੇ ਆਪਣੀ ਜੋਤਿ ਵਿਚੋਂ ਪੈਦਾ ਕੀਤਾ ਹੈ। ਉਸ ਦਾ ਸਲੂਕ ਹਰ ਇਕ ਸ਼ਖ਼ਸ ਨਾਲ ਇਕੋ ਜਿਹਾ ਹੈ। ਇਹ ਸਾਡੀ ਹਿੰਮਤ ਹੈ ਕਿ ਅਸੀਂ ਆਪਣੇ ਆਪ ਨੂੰ ਉਸ ਦੀ ਮਿਹਰ ਹਾਸਿਲ ਕਰਨ ਵਾਸਤੇ ਕਿੰਨੇ ਕੁ ਕਾਬਿਲ ਬਣਾ ਸਕਦੇ ਹਾਂ। ਗੁਰਬਾਣੀ ਤਾਂ ਰੱਬ ਦੇ ਇਸ ਪਿਆਰ ਦਾ ਪੈਗ਼ਾਮ ਹੈ। ਗੁਰਬਾਣੀ ਦੇ ਹਰ ਲਫ਼ਜ਼ ਵਿਚ ਰੱਬ ਦੇ ਪਿਆਰ ਨੂੰ ਵੱਖ-ਵੱਖ ਤਰੀਕੇ ਨਾਲ ਪੇਸ਼ ਕੀਤਾ ਹੋਇਆ ਹੈ।

ਗੁਰੂ ਨਾਨਕ ਸਾਹਿਬ ਨੇ ਰਾਜਾ, ਪਾਤਿਸ਼ਾਹ, ਰੱਬ, ਮੁਕਤੀ, ਧਰਮ, ਭਗਤੀ, ਇਨਸਾਨ ਦੀ ਜ਼ਿੰਦਗੀ ਦਾ ਮਕਸਦ ਵਗ਼ੈਰਾ ਦੇ ਨਵੇਂ ਮਾਅਨੇ ਦੱਸੇ। ਗੁਰੂ ਨਾਨਕ ਸਾਹਿਬ ਪਹਿਲੇ ਸ਼ਖ਼ਸ ਸਨ ਜਿਨ੍ਹਾਂ ਨੇ ਧਰਤੀ ਦੀ ਰਚਨਾ ਤੇ ਇਸ ਬ੍ਰਹਿਮੰਡ ਦੀ ਬੇਅੰਤਤਾ ਬਾਰੇ ਅਜੋਕੀ ਸਾਇੰਸ ਤੋਂ ਵੀ ਅਗਲੇਰੀਆਂ ਗੱਲਾਂ ਪੇਸ਼ ਕੀਤੀਆਂ ਸਨ। ਅਜ ਜੋ ਕੁਝ ਸਾਇੰਸ ਮੰਨ ਰਹੀ ਹੈ ਉਸ ਦਾ ਬਹੁਤ ਸਾਰਾ ਹਿੱਸਾ ਗੁਰੂ ਨਾਨਕ ਸਹਿਬ ਦੀ ਬਾਣੀ ਵਿਚ ਪਹਿਲੋਂ ਹੀ ਮੌਜੂਦ ਹੈ।

ਗੁਰੂ ਨਾਨਕ ਸਾਹਿਬ ਨੇ ਅਜਿਹੇ ਧਰਮ ਦੀ ਨੀਂਹ ਰੱਖੀ ਜੋ ਇਨਸਾਨ ਨੂੰ ਪੂਰਨਤਾ ਬਖ਼ਸ਼ਦਾ ਹੈ। ਆਪ ਧਾਰਮਿਕ ਦੁਨੀਆਂ ਦੇ ਪਹਿਲੇ ਰੂਹਾਨੀ ਤਾਰੀਖ਼ਦਾਨ, ਸਾਇੰਸਦਾਨ, ਸਿਆਸੀ ਫ਼ਿਲਾਸਫ਼ਰ, ਰੂਹਾਨੀ ਸਮਾਜ-ਵਿਗਿਆਨੀ ਤੇ ਮਨੋਵਿਗਿਆਨੀ ਸਨ। ਦੁਨੀਆਂ 'ਤੇ ਅਜਿਹੀ ਲਾਸਾਨੀ ਹਸਤੀ ਨਾ ਪਹਿਲੋਂ ਹੋਈ ਸੀ ਤੇ ਨਾ ਹੀ ਉਨ੍ਹਾਂ ਤੋਂ ਮਗਰੋਂ ਨਜ਼ਰ ਆਉਂਦੀ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੇ ਫ਼ਲਸਫ਼ੇ ਨੂੰ ਬਾਣੀ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਨੇ 957 ਸ਼ਬਦ ਲਿਖੇ ਹਨ। ਆਪ ਦੀ ਬਾਣੀ ਵਿਚ ਜਪੁਜੀ ਸਾਹਿਬ, ਆਸਾ ਦੀ ਵਾਰ, ਸਿਧ ਗੋਸਟਿ, ਬਾਰਹ ਮਾਹ, ਓਅੰਕਾਰੁ (ਦੱਖਣੀ) ਵੀ ਸ਼ਾਮਿਲ ਹਨ। ਆਪ ਦੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਨੂੰ ਧਰਮ ਵਜੋਂ ਆਪਣੀ ਜ਼ਿੰਦਗੀ ਵਿਚ ਹੀ ਕਾਇਮ ਕਰ ਦਿੱਤਾ ਸੀ। ਉਨ੍ਹਾਂ ਨੇ ਵੱਖ-ਵੱਖ ਇਲਾਕਿਆਂ ਵਿਚ 'ਸੰਗਤ' ਤੇ 'ਧਰਮਸਾਲਾਵਾਂ' ਕਾਇਮ ਕੀਤੀਆਂ। ਆਪ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਨੂੰ ਆਪਣਾ ਜਾਂਨਸ਼ੀਨ ਨਾਮਜ਼ਦ ਕੀਤਾ। ਗੁਰੂ ਨਾਨਕ ਸਾਹਿਬ ਨੇ ਆਪਣੇ ਪੁੱਤਰ ਸ੍ਰੀਚੰਦ ਨੂੰ ਗੁਰਗੱਦੀ ਦੇਣ ਦੀ ਬਜਾਇ ਆਪਣੇ ਸਭ ਤੋਂ ਵੱਧ ਕਾਬਿਲ ਸਿੱਖ ਨੂੰ ਚੁਣਿਆ। ਗੁਰੂ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਗੁਰਗੱਦੀ ਸੌਂਪਣ ਦੇ ਨਾਲ ਹੀ ਆਪਣੀ ਸਾਰੀ ਬਾਣੀ ਅਤੇ ਹੋਰ ਸਮੱਗਰੀ ਦੇ ਗ੍ਰੰਥ, ਜੋ ਵੀ ਉਨ੍ਹਾਂ ਕੋਲ ਸਨ, ਵੀ ਸੌਂਪ ਦਿੱਤੇ ਅਤੇ ਆਪਣੀ ਅਜ਼ਮਤ ਗੁਰੂ ਅੰਗਦ ਸਾਹਿਬ ਦੀ ਹਸਤੀ ਵਿਚ ਸ਼ਾਮਿਲ ਕਰ ਦਿੱਤੀ। ਹੁਣ ਉਹ ਭਾਵੇਂ ਦੋ ਵੱਖਰੇ ਕਲਬੂਤ ਸਨ, ਪਰ ਉਨ੍ਹਾਂ ਵਿਚ ਇਕੋ ਹਸਤੀ ਤੇ ਇਕੋ ਰੂਹ ਸੀ। ਗੁਰੂ ਨਾਨਕ ਸਾਹਿਬ ਕਰਤਾਪੁਰ ਵਿਚ 22 ਸਤੰਬਰ 1539 ਨੂੰ ਜੋਤੀ-ਜੋਤਿ ਸਮਾ ਗਏ।

ਗੁਰੂ ਅੰਗਦ ਸਾਹਿਬ (31.3.1504–29.3.1552)

ਆਪ ਜੀ ਦਾ ਜਨਮ ਮਾਤਾ ਰਾਮੋ (ਆਪ ਦੇ ਨਾਂ ਸਭਰਾਈ, ਮਨਸਾ ਦੇਵੀ ਤੇ ਦਇਆ ਕੌਰ ਵੀ ਲਿਖੇ ਮਿਲਦੇ ਹਨ) ਅਤੇ ਬਾਬਾ ਫੇਰੂ ਮੱਲ (ਪੁੱਤਰ ਬਾਬਾ ਨਾਰਾਇਣ ਦਾਸ ਤ੍ਰੇਹਨ) ਦੇ ਘਰ ਪਿੰਡ ਮੱਤੇ ਦੀ ਸਰਾਂ (ਮੁਕਤਸਰ ਦੇ ਨੇੜੇ) ਵਿਚ ਹੋਇਆ ਸੀ। ਹੁਣ ਇਸ ਪਿੰਡ ਨੂੰ ਨਾਂਗੇ ਦੀ ਸਰਾਂ ਆਖਿਆ ਜਾਂਦਾ ਹੈ। (ਇਕ ਸੋਮਾ ਆਪ ਦਾ ਜਨਮ ਪਿੰਡ ਹਰੀਕੇ ਵਿਚ ਹੋਇਆ ਲਿਖਦਾ ਹੈ)। ਆਪ ਦਾ ਪਹਿਲਾਂ ਨਾਂ ਭਾਈ ਲਹਿਣਾ ਸੀ। ਆਪ ਦੇ ਮਾਪੇ ਹਿੰਦੂ ਧਰਮ ਦੇ ਕਰਮ-ਕਾਂਡ ਨਿਭਾਉਂਦੇ ਸਨ ਤੇ ਇਕ ਮਿਥਹਾਸਕ ਦੇਵੀ ਦੁਰਗਾ ਨੂੰ ਪੂਜਦੇ ਸਨ। ਜਨਵਰੀ 1520 ਵਿਚ ਆਪ ਦਾ ਵਿਆਹ (ਮਾਤਾ) ਖੀਵੀ ਨਾਲ ਹੋਇਆ। ਆਪ ਦੇ ਘਰ ਦੋ ਬੇਟੇ (ਦਾਸੂ 1524 ਵਿਚ ਤੇ ਦਾਤੂ 1537 ਵਿਚ) ਤੇ ਦੋ ਬੇਟੀਆਂ (ਅਮਰੋ 1526 ਵਿਚ ਤੇ ਅਣੋਖੀ 1535 ਵਿਚ) ਪੈਦਾ ਹੋਈਆਂ।

ਅਕਤੂਬਰ 1532 ਵਿਚ ਇਕ ਵਾਰ ਜਦੋਂ ਆਪ ਦੁਰਗਾ ਪੂਜਾ ਵਾਸਤੇ ਯਾਤਰਾ 'ਤੇ ਜਾ ਰਹੇ ਸਨ ਤਾਂ ਰਸਤੇ ਵਿਚ ਆਪ ਨੇ ਕਰਤਾਰਪੁਰ ਵਿਚ ਪੜਾਅ ਕੀਤਾ। ਕਰਤਾਰਪੁਰ ਵਿਚ ਆਪ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਵੀ ਗਏ। ਗੁਰੂ ਨਾਨਕ ਸਾਹਿਬ ਦੀ ਸਿਖਿਆ ਤੋਂ ਭਾਈ ਲਹਿਣਾ ਏਨੇ ਅਸਰ-ਅੰਦਾਜ਼ ਹੋਏ ਕਿ ਆਪ ਨੇ ਦੇਵੀ ਦੇ ਮੰਦਰ ਵੱਲ ਜਾਣ ਦਾ ਇਰਾਦਾ ਬਿਲਕੁਲ ਹੀ ਛੱਡ ਦਿੱਤਾ। ਆਪ ਨੇ ਮਹਿਸੂਸ ਕੀਤਾ ਕਿ ਜਿਸ ਦੇਵੀ ਦੀ ਮਿਹਰ ਦੀ ਉਡੀਕ ਆਪ ਐਨੇ ਸਾਲਾਂ ਤੋਂ ਕਰ ਰਹੇ ਸਨ, ਉਹ ਤਾਂ ਗੁਰੂ ਨਾਨਕ ਸਾਹਿਬ ਦੀ ਗੋਲੀ ਬਣਨ ਦੇ ਕਾਬਿਲ ਵੀ ਨਹੀਂ ਸੀ। ਇਸ ਮਗਰੋਂ ਭਾਈ ਲਹਿਣਾ ਬਹੁਤਾ ਸਮਾਂ ਕਰਤਾਰਪੁਰ ਹੀ ਰਹੇ ਤੇ ਉਨ੍ਹਾਂ ਦਾ ਗੁਰੂ ਨਾਨਕ ਸਾਹਿਬ ਨਾਲ ਏਨਾ ਪਿਆਰ ਪੈ ਗਿਆ ਕਿ ਉਹ ਗੁਰੂ ਸਹਿਬ ਦੇ ਹੀ ਹੋ ਕੇ ਰਹਿ ਗਏ। ਆਪ ਨੇ ਅਗਲੇ ਸੱਤ ਸਾਲ ਗੁਰੂ ਨਾਨਕ ਸਾਹਿਬ ਦੀ ਸੰਗਤ ਵਿਚ ਬਿਤਾਏ ਤੇ ਸਿੱਖ ਫ਼ਲਸਫ਼ੇ ਦਾ ਡੂੰਘਾ ਇਲਮ ਹਾਸਿਲ ਕੀਤਾ।

14 ਜੂਨ 1539 ਦੇ ਦਿਨ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਨੂੰ ਆਪਣਾ ਜਾਂਨਸ਼ੀਨ ਨਾਮਜ਼ਦ ਕਰ ਦਿੱਤਾ ਅਤੇ ਆਪ ਨੂੰ ਨਵਾਂ ਨਾਂ (ਗੁਰੂ ਅੰਗਦ ਸਾਹਿਬ) ਵੀ ਦੇ ਦਿੱਤਾ। 7 ਸਤੰਬਰ 1537 ਨੂੰ ਆਪ ਨੂੰ ਰਸਮੀ ਤੌਰ 'ਤੇ ਗੁਰਗੱਦੀ ਵੀ ਸੌਂਪ ਦਿੱਤੀ ਗਈ। ਗੁਰੂ ਨਾਨਕ ਸਾਹਿਬ ਨੇ ਆਪਣੀ ਅਜ਼ਮਤ (ਗੁਰੂ) ਅੰਗਦ ਸਾਹਿਬ ਦੀ ਹਸਤੀ ਵਿਚ ਸ਼ਾਮਿਲ ਕਰ ਦਿੱਤੀ ਅਤੇ 22 ਸਤੰਬਰ ਨੂੰ ਜੋਤੀ-ਜੋਤਿ ਸਮਾ ਗਏ। ਇਸ ਮਗਰੋਂ ਗੁਰੂ ਅੰਗਦ ਸਾਹਿਬ ਨੇ ਖਡੂਰ ਸਾਹਿਬ ਨੂੰ ਆਪਣਾ ਹੈਡਕੁਆਰਟਰਜ਼ ਬਣਾਇਆ। ਗੁਰੂ ਅੰਗਦ ਸਾਹਿਬ ਨੇ ਆਪਣੇ ਸਮੇਂ ਦੌਰਾਨ ਵੱਖ-ਵੱਖ ਇਲਾਕਿਆਂ ਦਾ ਦੌਰਾ ਕੀਤਾ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਗੁਰੂ ਸਾਹਿਬ ਨੇ ਆਪਣਾ ਪ੍ਰਚਾਰ ਪੰਜਾਬੀ ਬੋਲੀ ਅਤੇ ਗੁਰਮੁਖੀ ਲਿੱਪੀ ਵਿਚ ਕੀਤਾ। ਗੁਰਮੁਖੀ ਲਿੱਪੀ ਗੁਰੂ ਨਾਨਕ ਸਾਹਿਬ ਨੇ ਵੀ ਵਰਤੀ ਸੀ। ਇਸ ਨੂੰ ਕੌਮੀ ਲਿੱਪੀ ਵਜੋਂ ਪ੍ਰਚਾਰਨ ਨਾਲ ਸਿੱਖਾਂ ਵਿਚ ਭਾਈਚਾਰਕ ਸਾਂਝ ਦਾ ਵਾਧਾ ਹੋਇਆ। ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀ ਜਨਮਸਾਖੀ ਵੀ ਲਿਖਵਾਈ (ਮਗਰੋਂ ਇਸ ਜਨਮਸਾਖੀ ਵਿਚ ਬੜੀਆਂ ਗ਼ਲਤ ਗੱਲਾਂ ਸ਼ਾਮਿਲ ਕਰ ਕੇ ਇਸ ਨੂੰ 'ਭਾਈ ਬਾਲੇ ਦੀ ਜਨਮਸਾਖੀ' ਵਜੋਂ ਪ੍ਰਚਾਰਿਆ ਗਿਆ)। ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਵੱਲੋਂ ਸ਼ੁਰੂ ਕੀਤੀ ਲੰਗਰ ਦੀ ਪਿਰਤ ਨੂੰ ਵੀ ਪ੍ਰਚਾਰਿਆ। ਗੁਰੂ ਸਾਹਿਬ ਨੇ ਮੱਲ-ਅਖਾੜੇ ਸ਼ੁਰੂ ਕੀਤੇ ਅਤੇ ਸਿੱਖ ਨੌਜਵਾਨਾਂ ਵਿਚ ਖੇਡਾਂ ਤੇ ਕੁਸ਼ਤੀਆਂ ਦਾ ਸ਼ੌਕ ਭਰਿਆ। ਉਨ੍ਹਾਂ ਨੇ ਰੂਹਾਨੀਅਤ ਦੇ ਨਾਲ-ਨਾਲ ਨਰੋਏ ਜਿਸਮ 'ਤੇ ਵੀ ਜ਼ੋਰ ਦਿੱਤਾ। ਗੁਰੂ ਅੰਗਦ ਸਾਹਿਬ ਵੇਲੇ ਖਡੂਰ ਸਾਹਿਬ ਇਕ ਬੜਾ ਵੱਡਾ ਧਾਰਮਿਕ ਸੈਂਟਰ ਬਣ ਗਿਆ। ਆਪ ਨੇ ਬਾਣੀ ਦੀ ਰਚਨਾ ਵੀ ਕੀਤੀ। ਆਪ ਦੇ ਸਾਰੇ 63 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। 1552 ਵਿਚ 48 ਸਾਲ ਦੀ ਉਮਰ ਵਿਚ ਆਪ ਜੋਤੀ ਜੋਤਿ ਸਮਾ ਗਏ। ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪ ਨੇ ਗੁਰੂ ਅਮਰ ਦਾਸ ਸਾਹਿਬ ਨੂੰ ਗੁਰਗੱਦੀ ਸੌਂਪ ਦਿੱਤੀ।

ਗੁਰੂ ਅਮਰ ਦਾਸ ਸਾਹਿਬ (15.4.1509-1.9.1574)

ਆਪ ਜੀ ਦਾ ਜਨਮ ਮਾਤਾ ਬਖ਼ਤ ਕੌਰ (ਆਪ ਨੂੰ ਮਾਤਾ ਲੱਖੋ, ਸੁਲੱਖਣੀ ਤੇ ਲੱਖਣੀ ਦੇਵੀ ਵੀ ਲਿਖਿਆ ਗਿਆ ਹੈ ਅਤੇ ਬਾਬਾ ਤੇਜ ਭਾਨ (ਪੁੱਤਰ ਬਾਬਾ ਹਰੀ ਦਾਸ) ਦੇ ਘਰ ਪਿੰਡ ਬਾਸਰਕੇ (ਹੁਣ ਬਾਸਰਕੇ ਗਿੱਲਾਂ) ਵਿਚ ਹੋਇਆ। ਆਪ ਦੇ ਮਾਪੇ ਵੈਸ਼ਨੂੰ ਸੋਚ ਵਾਲੇ ਸਨ ਅਤੇ ਹਰ ਸਾਲ ਬਾਕਾਇਦਾ ਹਰਿਦੁਆਰ ਤੇ ਕੁਰਖੇਤਰ (ਕੁਰੂਕਸ਼ੇਤਰ) ਜਾਇਆ

ਕਰਦੇ ਸਨ। ਭਾਈ ਅਮਰ ਦਾਸ ਦਾ ਵਿਆਹ 1532 ਵਿਚ (ਮਾਤਾ) ਮਨਸਾ ਦੇਵੀ ਨਾਲ ਹੋਇਆ। ਆਪ ਦੇ ਘਰ ਇਕ ਬੇਟੀ (ਭਾਨੀ 1533 ਵਿਚ) ਅਤੇ ਦੋ ਬੇਟੇ (ਮੋਹਨ 1536 ਵਿਚ ਤੇ ਮੋਹਰੀ 1539 ਵਿਚ) ਪੈਦਾ ਹੋਏ। ਆਪ ਦੇ ਇਕ ਭਤੀਜੇ ਦਾ ਵਿਆਹ ਗੁਰੂ ਅੰਗਦ ਸਾਹਿਬ ਦੀ ਬੇਟੀ ਬੀਬੀ ਅਮਰੋ ਨਾਲ ਹੋਇਆ ਸੀ। ਇਕ ਸੋਮੇ ਮੁਤਾਬਿਕ ਇਕ ਦਿਨ ਬੀਬੀ ਅਮਰੋ ਨੂੰ ਪਾਠ ਕਰਦਿਆਂ ਸੁਣ ਕੇ ਆਪ ਦੇ ਦਿਲ ਵਿਚ ਗੁਰੂ ਸਾਹਿਬ ਨੂੰ ਮਿਲਣ ਦੀ ਖ਼ਾਹਿਸ਼ ਪੈਦਾ ਹੋਈ। ਬੀਬੀ ਅਮਰੋ ਆਪ ਨੂੰ ਖਡੂਰ ਸਾਹਿਬ ਲੈ ਗਈ। ਗੁਰੂ ਅੰਗਦ ਸਾਹਿਬ ਦੇ ਦਰਸ਼ਨ ਕਰ ਕੇ ਭਾਈ ਅਮਰ ਦਾਸ ਏਨੇ ਮੁਤਾਸਿਰ ਹੋਏ ਕਿ ਆਪ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਆਪ ਨੇ ਬਾਕੀ ਉਮਰ ਗੁਰੂ ਸਾਹਿਬ ਦੇ ਨਾਲ ਤੇ ਉਨ੍ਹਾਂ ਦੀ ਸੇਵਾ ਵਿਚ ਹੀ ਬਿਤਾਉਣ ਦਾ ਫ਼ੈਸਲਾ ਕਰ ਲਿਆ। ਇਹ ਗੱਲ 1544 ਦੀ ਹੈ।

1552 ਵਿਚ ਗੁਰੂ ਅੰਗਦ ਸਾਹਿਬ ਨੇ ਭਾਈ ਅਮਰ ਦਾਸ ਨੂੰ ਤੀਜੇ ਗੁਰੂ ਨਾਮਜ਼ਦ ਕਰ ਦਿੱਤਾ। ਆਪ ਨੇ ਆਪਣੀ ਅਜ਼ਮਤ ਗੁਰੂ ਅਮਰ ਦਾਸ ਸਾਹਿਬ ਦੀ ਹਸਤੀ ਵਿਚ ਸ਼ਾਮਿਲ ਕਰ ਦਿੱਤੀ ਅਤੇ ਸਾਰੀ ਬਾਣੀ ਤੇ ਹੋਰ ਪੋਥੀਆਂ ਵੀ ਆਪ ਨੂੰ ਸੌਂਪ ਦਿੱਤੀਆਂ। ਗੁਰੂ ਅਮਰ ਦਾਸ ਸਾਹਿਬ ਨੇ ਗੋਇੰਦਵਾਲ ਨੂੰ ਆਪਣਾ ਹੈਡਕੁਆਰਟਰ ਬਣਾਇਆ। 1557 ਵਿਚ ਗੁਰੂ ਅਮਰ ਦਾਸ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਲੰਬੀ ਯਾਤਰਾ ਕੀਤੀ। ਇਸ ਦੌਰਾਨ ਆਪ ਹੋਰ ਜਗ੍ਹਾ ਤੋਂ ਇਲਾਵਾ ਹਰਿਦੁਆਰ ਅਤੇ ਕੁਰਖੇਤਰ ਵੀ ਗਏ। ਇਸ ਦੌਰਾਨ ਬਹੁਤ ਸਾਰੇ ਲੋਕ ਸਿੱਖ ਧਰਮ ਵਿਚ ਸ਼ਾਮਿਲ ਹੋਏ। ਗੁਰੂ ਅਮਰ ਦਾਸ ਸਾਹਿਬ ਨੇ ਸਿੱਖੀ ਦੇ ਪ੍ਰਚਾਰ ਵਾਸਤੇ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਕਾਇਮੀ ਕੀਤੀ। ਇਨ੍ਹਾਂ ਸਾਰੇ 74 ਥਾਵਾਂ 'ਤੇ ਆਪ ਨੇ ਇਕ-ਇਕ ਪ੍ਰਚਾਰਕ ਨੂੰ ਨਾਮਜ਼ਦ ਕੀਤਾ। ਇਨ੍ਹਾਂ ਪ੍ਰਚਾਰਕਾਂ ਵਿਚ ਵੱਖ-ਵੱਖ ਜ਼ਾਤਾਂ ਤੇ ਇਲਾਕਿਆਂ ਦੇ ਸਿੱਖ ਮਰਦਾਂ ਤੋਂ ਇਲਾਵਾ ਇਕ ਔਰਤ ਵੀ ਸ਼ਾਮਿਲ ਸੀ। ਉਨ੍ਹਾਂ ਗੁਰੂ ਨਾਨਕ ਸਾਹਿਬ ਦੇ ਹੁਕਮ ਮੁਤਾਬਿਕ ਔਰਤਾਂ ਦੀ ਹਸਤੀ ਦੀ ਸ਼ਾਨ ਕਾਇਮ ਕਰਨ ਵਾਸਤੇ ਤੇ ਪ੍ਰਚਾਰ 'ਚ ਵਾਧਾ ਕਰਨ ਵਾਸਤੇ ਸਿਰਫ਼ ਇਹੀ ਨਹੀਂ ਕੀਤਾ ਬਲਕਿ ਔਰਤਾਂ ਵਿਚ ਪਰਦੇ ਅਤੇ ਸਤੀ ਦੀ ਰਸਮ ਨੂੰ ਵੀ ਖ਼ਤਮ ਕੀਤਾ। ਸਤੀ ਨੂੰ, ਮਗਰੋਂ, ਅਕਬਰ ਬਾਦਸ਼ਾਹ ਨੇ ਵੀ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਸੀ। ਅਜਿਹਾ ਜਾਪਦਾ ਹੈ ਕਿ ਅਕਬਰ ਨੇ ਸਤੀ ਦੀ ਰਸਮ ਖ਼ਤਮ ਕਰਨ ਵੇਲੇ ਗੁਰੂ ਸਾਹਿਬ ਦਾ ਹੁਕਮ ਵੀ ਜਾਣਿਆ ਹੋਵੇਗਾ। 1556 ਵਿਚ ਆਪ ਨੇ ਗੋਇੰਦਵਾਲ ਵਿਚ ਇਕ ਬਾਉਲੀ ਤਿਆਰ ਕਾਰਵਾਈ ਤਾਂ ਜੋ ਇਲਾਕੇ ਵਿਚ ਪੀਣ ਵਾਲੇ ਪਾਣੀ ਦੀ ਮੁਸ਼ਕਿਲ ਹੱਲ ਕੀਤੀ ਜਾਏ। ਮਗਰੋਂ ਹੋਰ ਗੁਰੂ ਸਾਹਿਬਾਨ ਨੇ ਵੀ ਕਈ ਜਗ੍ਹਾ ਖੂਹ ਅਤੇ ਬਾਉਲੀਆਂ ਬਣਵਾਈਆਂ। ਗੁਰੂ ਅਮਰ ਦਾਸ ਸਾਹਿਬ ਨੇ ਪਹਿਲੀ ਮਾਘ, ਪਹਿਲੀ ਵਿਸਾਖ ਅਤੇ ਹਿੰਦੂ-ਦੀਵਾਲੀ ਵਾਲੇ ਦਿਨ, ਹਰ ਸਾਲ ਗੋਇੰਦਵਾਲ ਵਿਚ ਸਿੱਖਾਂ ਦੇ ਇਕੱਠ ਕਰਨੇ ਸ਼ੁਰੂ ਕੀਤੇ। ਇਨ੍ਹਾਂ ਇਕੱਠਾਂ 'ਤੇ ਹਜ਼ਾਰਾਂ ਸਿੱਖ ਪੁੱਜਿਆ ਕਰਦੇ ਸਨ। ਗੁਰੂ ਸਾਹਿਬ ਨੇ ਇਹ ਦਿਨ ਇਸ ਕਰਕੇ ਨਹੀਂ ਚੁਣੇ ਕਿ ਸਿੱਖ ਧਰਮ ਵਿਚ ਮਾਘੀ, ਵਿਸਾਖੀ ਜਾਂ ਦੀਵਾਲੀ ਦੀ ਕੋਈ ਅਹਿਮੀਅਤ ਸੀ ਬਲਕਿ ਇਸ ਕਰ ਕੇ ਚੁਣੇ ਸਨ ਕਿਉਂ ਕਿ ਇਹ ਦਿਨ ਆਮ ਲੋਕਾਂ ਨੂੰ ਪਤਾ ਹੋਣ ਕਰ ਕੇ ਪ੍ਰੋਗਰਾਮ ਦਾ ਪਤਾ ਕਰਨਾ ਆਸਾਨ ਸੀ ਅਤੇ ਉਨ੍ਹੀਂ ਦਿਨੀ ਕੈਲੰਡਰ ਵੀ ਨਹੀਂ ਹੋਇਆ ਕਰਦੇ ਸੀ।

ਗੁਰੂ ਅਮਰ ਦਾਸ ਸਾਹਿਬ ਨੇ ਵੀ ਬਾਣੀ ਦੀ ਰਚਨਾ ਕੀਤੀ। ਆਪ ਦੇ ਸਾਰੇ ਦੇ ਸਾਰੇ 869 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਵਿਚ 'ਅਨੰਦ ਸਾਹਿਬ' ਬਾਣੀ ਵੀ ਸ਼ਾਮਿਲ ਹੈ, ਜਿਸ ਨੂੰ ਸਿੱਖ ਹਰ ਰੋਜ਼ ਪੜ੍ਹਦੇ ਹਨ।

ਗੁਰੂ ਅਮਰ ਦਾਸ ਸਾਹਿਬ ਨੇ ਗੁਰੂ ਨਾਨਕ ਸਾਹਿਬ ਵੱਲੋਂ ਸ਼ੁਰੂ ਕੀਤੇ ਲੰਗਰ ਨੂੰ ਸਿੱਖ ਦਰਬਾਰ ਦਾ ਇਕ ਲਾਜ਼ਮੀ ਹਿੱਸਾ ਬਣਾ ਦਿੱਤਾ। ਦਰਬਾਰ ਵਿਚ ਆਉਣ ਵਾਲੇ ਹਰ ਸ਼ਖ਼ਸ ਵਾਸਤੇ ਪਹਿਲਾਂ ਲੰਗਰ ਛਕਣਾ ਲਾਜ਼ਮੀ ਕਰ ਦਿੱਤਾ ਗਿਆ। ਲੰਗਰ ਦਾ ਮਾਅਨਾ ਮੁਫ਼ਤ ਰੋਟੀ ਨਹੀਂ ਸੀ ਬਲਕਿ ਰੂਹਾਨੀ, ਸਮਾਜਿਕ ਤੇ ਭਾਈਚਾਰਕ ਸਾਂਝ ਸੀ। ਜਿਸ ਨਾਲ ਅਖੌਤੀ ਵੱਡੇ ਦੀ ਹੈਂਕੜ ਅਤੇ ਅਖੌਤੀ ਛੋਟੇ ਦਾ ਅਹਿਸਾਸੇ-ਕਮਤਰੀ (ਹੀਣਤਾ ਦੀ ਸੋਚ) ਵੀ ਖ਼ਤਮ ਹੁੰਦਾ ਸੀ। ਜਦੋਂ ਅਕਬਰ ਪਹਿਲੀ ਵਾਰੀ ਗੋਇੰਦਵਾਲ ਗਿਆ ਤਾਂ ਉਸ ਨੂੰ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਲੰਗਰ ਛਕਣਾ ਪਿਆ ਸੀ। ਗੁਰੂ ਅਮਰ ਦਾਸ ਸਾਹਿਬ ਦੀ ਸ਼ਖ਼ਸੀਅਤ ਨੇ ਅਕਬਰ ਨੂੰ ਬਹੁਤ ਅਸਰ-ਅੰਦਾਜ਼ ਕੀਤਾ। ਗੁਰੂ ਅਮਰ ਦਾਸ ਸਾਹਿਬ ਦੇ ਵੇਲੇ ਤਕ ਸਿੱਖਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋ ਚੁੱਕਾ ਸੀ। ਪੰਥ ਦੀ ਸੇਵਾ ਕਰਦੇ ਆਪ 1574 ਵਿਚ ਜੋਤੀ- ਜੋਤਿ ਸਮਾ ਗਏ। ਜੋਤੀ-ਜੋਤਿ ਸਮਾਉਣ ਤੋਂ ਕੁਝ ਚਿਰ ਪਹਿਲੋਂ ਉਨ੍ਹਾਂ ਨੇ ਭਾਈ ਜੇਠਾ ਨੂੰ ਚੌਥੇ ਗੁਰੂ ਥਾਪ ਦਿੱਤਾ ਤੇ ਉਨ੍ਹਾਂ ਨੂੰ ਨਵਾਂ ਨਾਂ 'ਗੁਰੂ ਰਾਮ ਦਾਸ' ਵੀ ਦਿੱਤਾ। ਉਨ੍ਹਾਂ ਗੁਰੂ ਰਾਮ ਦਾਸ ਸਾਹਿਬ ਨੂੰ ਇੱਕ ਮਾਡਲ ਸਿੱਖ ਨਗਰ ਕਾਇਮ ਕਰਨ ਵਾਸਤੇ ਹਦਾਇਤ ਵੀ ਦਿੱਤੀ (ਇਸ ਨਗਰ ਦੀ ਨੀਂਹ 1564 ਵਿਚ ਰੱਖੀ ਜਾ ਚੁਕੀ ਸੀ। (ਉਸ ਵੇਲੇ ਇਸ ਦਾ ਨਾਂ 'ਗੁਰੂ ਦਾ ਚੱਕ', ਫਿਰ 'ਚੱਕ ਰਾਮਦਾਸ' ਬਣਿਆ ਤੇ ਹੁਣ ਇਸ ਨੂੰ 'ਅੰਮ੍ਰਿਤਸਰ' ਕਰ ਕੇ ਜਾਣਿਆ ਜਾਂਦਾ ਹੈ)।

ਗੁਰੂ ਰਾਮਦਾਸ ਸਾਹਿਬ (24.9.1534-1.9.1581)

ਆਪ ਜੀ ਦਾ ਜਨਮ ਮਾਤਾ ਦਇਆ ਕੌਰ ਅਤੇ ਬਾਬਾ ਹਰਿਦਾਸ (ਪੁੱਤਰ ਬਾਬਾ ਠਾਕਰ ਦਾਸ, ਪੋਤਾ ਬਾਬਾ ਹਰਦਿਆਲ ਸੋਢੀ) ਦੇ ਘਰ ਲਾਹੌਰ ਵਿਚ ਹੋਇਆ ਸੀ। ਆਪ ਦਾ ਬਚਪਨ ਦਾ ਨਾਂ ਜੇਠਾ ਸੀ। ਆਪ ਅਜੇ ਸਤ ਕੁ ਸਾਲ ਦੇ ਸਨ ਕਿ ਆਪ ਦੇ ਪਿਤਾ ਚੜ੍ਹਾਈ ਕਰ ਗਏ। 1541 ਵਿਚ ਆਪ ਦੇ ਮਾਤਾ ਆਪ ਨੂੰ ਪਿੰਡ ਬਾਸਰਕੇ ਲੈ ਗਏ। ਇਥੇ ਭਾਈ ਜੇਠਾ ਦਾ ਮੇਲ (ਗੁਰੂ) ਅਮਰ ਦਾਸ ਸਾਹਿਬ ਨਾਲ ਹੋਇਆ। ਕੁਝ ਸਾਲਾਂ ਮਗਰੋਂ (ਗੁਰੂ) ਅਮਰ ਦਾਸ ਸਾਹਿਬ ਗੋਇੰਦਵਾਲ ਚਲੇ ਗਏ ਤਾਂ ਭਾਈ ਜੇਠਾ ਨੂੰ ਵੀ ਨਾਲ ਲੈ ਗਏ। ਗੁਰੂ ਅਮਰ ਦਾਸ ਸਾਹਿਬ ਭਾਈ ਜੇਠਾ ਦੀਆਂ ਖ਼ੂਬੀਆਂ ਤੋਂ ਏਨੇ ਅਸਰ-ਅੰਦਾਜ਼ ਹੋਏ ਕਿ ਉਹ ਜਿਥੇ ਵੀ ਜਾਂਦੇ, ਭਾਈ ਜੇਠਾ ਨੂੰ ਵੀ ਲੈ ਕੇ ਜਾਂਦੇ। ਜਨਵਰੀ 1553 ਵਿਚ ਜਦੋਂ ਗੁਰੂ ਸਾਹਿਬ ਕੁਰਖੇਤਰ ਤੇ ਹਰਿਦੁਆਰ ਵੱਲ ਧਾਰਮ ਪ੍ਰਚਾਰ ਦੇ ਦੌਰੇ 'ਤੇ ਗਏ ਤਾਂ ਭਾਈ ਜੇਠਾ ਵੀ ਆਪ ਦੇ ਨਾਲ ਸਨ। 16 ਫ਼ਰਵਰੀ 1554 ਦੇ ਦਿਨ ਗੁਰੂ ਅਮਰ ਦਾਸ ਸਾਹਿਬ ਨੇ ਆਪਣੀ ਬੇਟੀ ਭਾਨੀ ਦਾ ਵਿਆਹ ਭਾਈ ਜੇਠਾ ਨਾਲ ਕਰ ਦਿੱਤਾ। ਬੀਬੀ ਭਾਨੀ ਨੇ ਤਿੰਨ ਪੁੱਤਰਾਂ ਨੂੰ ਜਨਮ ਦਿੱਤਾ: ਪ੍ਰਿਥੀਚੰਦ 1558 ਵਿਚ, ਮਹਾਂਦੇਵ 1560 ਵਿਚ ਅਤੇ (ਗੁਰੂ) ਅਰਜਨ ਸਾਹਿਬ 1563 ਵਿਚ।

ਇਕ ਵਾਰ ਬ੍ਰਾਹਮਣਾਂ ਨੇ ਮੁਗ਼ਲ ਬਾਦਸ਼ਾਹ ਅਕਬਰ ਨੂੰ ਸ਼ਿਕਾਇਤ ਕੀਤੀ ਕਿ ਗੁਰੂ ਅਮਰ ਦਾਸ ਸਾਹਿਬ ਲੋਕਾਂ ਨੂੰ ਗਾਇਤ੍ਰੀ-ਮੰਤ੍ਰ ਪੜ੍ਹਨੋਂ ਹਟਾ ਕੇ ਗੁਰਬਾਣੀ ਨਾਲ ਜੋੜ ਰਹੇ ਸਨ। ਉਨ੍ਹੀਂ ਦਿਨੀਂ ਅਕਬਰ ਹਿੰਦੂਆਂ ਦੀ ਗੱਲ ਬੜੇ ਧਿਆਨ ਨਾਲ ਸੁਣਿਆ ਕਰਦਾ ਸੀ ਕਿਉਂਕਿ ਜੋਧਪੁਰ ਦੇ ਹਿੰਦੂ ਰਾਜੇ ਨੇ ਆਪਣੀ ਧੀ ਉਸ ਨਾਲ ਵਿਆਹੀ ਹੋਈ ਸੀ। ਕੁਝ ਚਿਰ ਮਗਰੋਂ ਜਦੋਂ ਅਕਬਰ ਲਾਹੌਰ ਆਇਆ ਤਾਂ ਉਸ ਨੇ ਗੁਰੂ ਸਾਹਿਬ ਨੂੰ ਬੁਲਾ ਭੇਜਿਆ। ਗੁਰੂ ਅਮਰ ਦਾਸ ਸਾਹਿਬ ਆਪ ਤਾਂ ਨਾ ਗਏ ਪਰ ਭਾਈ ਜੇਠਾ ਨੂੰ ਭੇਜ ਦਿੱਤਾ। ਭਾਈ ਜੇਠਾ ਨੇ ਅਕਬਰ ਦੀ ਪੂਰੀ ਤਸੱਲੀ ਕਰਵਾਈ ਤੇ ਉਸ ਨੂੰ ਦੱਸਿਆ ਕਿ ਸਿੱਖ ਧਰਮ

ਇਕ ਵੱਖਰਾ ਧਰਮ ਹੈ। ਹਿੰਦੂ ਸਿੱਖਾਂ 'ਤੇ ਆਪਣੇ ਮੰਤਰ ਠੋਸਣਾ ਚਾਹੁੰਦੇ ਹਨ, ਜਿਸ ਨੂੰ ਸਿੱਖ ਮਨਜ਼ੂਰ ਨਹੀਂ ਕਰਦੇ। ਅਸੀਂ ਕਿਸੇ ਹਿੰਦੂ ਨੂੰ ਉਸ ਦਾ ਧਰਮ ਨਿਭਾਉਣ ਤੋਂ ਨਹੀਂ ਰੋਕਦੇ। ਇਸ 'ਤੇ ਅਕਬਰ ਨੇ ਪੰਡਤਾਂ ਨੂੰ ਝਿੜਕਿਆ ਅਤੇ ਭਾਈ ਜੇਠਾ ਦਾ ਲਾਹੌਰ ਆਉਣ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਦੇਣ 'ਤੇ ਸ਼ੁਕਰੀਆ ਅਦਾ ਕੀਤਾ।

1564 ਵਿਚ ਗੁਰੂ ਅਮਰ ਦਾਸ ਸਾਹਿਬ ਨੇ ਭਾਈ ਜੇਠਾ ਨੂੰ ਹਦਾਇਤ ਦਿੱਤੀ ਕਿ ਉਹ ਪੰਜਾਬ ਦੇ ਵਿਚਕਾਰ ਕੋਈ ਜਗ੍ਹਾ ਖ਼ਰੀਦ ਕੇ ਸਿੱਖਾਂ ਵਾਸਤੇ ਇਕ ਮਾਡਲ ਨਗਰ ਦੀ ਨੀਂਹ ਰੱਖਣ। ਭਾਈ ਜੇਠਾ ਨੇ ਸੁਲਤਾਨਵਿੰਡ, ਤੁੰਗ, ਗਿਲਵਾਲੀ ਤੇ ਗੁਮਟਾਲਾ ਪਿੰਡਾਂ ਦੀ ਕੁਝ ਜ਼ਮੀਨ ਖ਼ਰੀਦ ਕੇ ਗੁਰੂ ਦੀ ਨਗਰੀ ਦਾ ਮੁੱਢ ਬੰਨ੍ਹਿਆ। ਉਨ੍ਹਾਂ ਨੇ 1564 ਵਿਚ ਸੰਤੋਖਸਰ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ। ਪਰ ਕੁਝ ਹੀ ਮਹੀਨਿਆਂ ਬਾਅਦ ਗੁਰੂ ਅਮਰ ਦਾਸ ਸਾਹਿਬ ਨੇ ਉਨ੍ਹਾਂ ਨੂੰ ਵਾਪਿਸ ਗੋਇੰਦਵਾਲ ਬੁਲਾ ਲਿਆ; ਇਸ ਕਰ ਕੇ ਨਵੇਂ ਨਗਰ ਦਾ ਕੰਮ ਇਕ ਵਾਰ ਤਾਂ ਰੁਕ ਗਿਆ। ਪਹਿਲੀ ਸਤੰਬਰ 1574 ਦੇ ਦਿਨ ਆਪ ਨੂੰ ਚੌਥੇ ਗੁਰੂ ਵਜੋਂ ਗੁਰਗੱਦੀ ਸੌਂਪੀ ਗਈ। ਇਸ ਤੋਂ ਛੇਤੀ ਮਗਰੋਂ ਹੀ ਆਪ ਉਸ ਥਾਂ 'ਤੇ ਆ ਗਏ ਜਿੱਥੇ ਆਪ ਨਵੇਂ ਨਗਰ ਦਾ ਮੁੱਢ ਬੰਨ੍ਹ ਹਏ ਸਨ। ਏਥੇ 1577 ਵਿਚ ਆਪ ਨੇ ਅੰਮ੍ਰਿਤਸਰ ਸਰੋਵਰ ਦੀ ਪੁਟਾਈ ਸ਼ੁਰੂ ਕਰਵਾਈ (ਹੁਣ ਸਰੋਵਰ ਦੇ ਨਾਂ ਕਰ ਕੇ ਇਸ ਸ਼ਹਿਰ ਦਾ ਨਾਂ ਅੰਮ੍ਰਿਤਸਰ ਜਾਣਿਆ ਜਾਂਦਾ ਹੈ)। ਥੋੜ੍ਹੇ ਚਿਰ ਵਿਚ ਹੀ ਗੁਰੂ ਦਾ ਚੱਕ ਵਿਚ ਖ਼ੂਬ ਰੌਣਕਾਂ ਸ਼ੁਰੂ ਹੋ ਗਈਆਂ। ਨਵੇਂ ਨਗਰ ਆਮ ਤੌਰ 'ਤੇ ਸਰਕਾਰਾਂ ਕਾਇਮ ਕਰਿਆ ਕਰਦੀਆਂ ਹਨ ਪਰ ਗੁਰੂ ਰਾਮਦਾਸ ਸਾਹਿਬ ਨੇ ਨਵਾਂ ਨਗਰ ਵਸਾ ਕੇ ਤਵਾਰੀਖ਼ ਵਿਚ ਇਕ ਹੋਰ ਮੀਲ ਪੱਥਰ ਕਾਇਮ ਕੀਤਾ।

ਗੁਰੂ ਰਾਮ ਦਾਸ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਕੌਮੀ ਭਾਈਚਾਰੇ ਦੇ ਤਾਲਮੇਲ ਵਾਸਤੇ ਮਸੰਦ ਸਿਸਟਮ ਸ਼ੁਰੂ ਕੀਤਾ। ਹਰ ਇਕ ਇਲਾਕੇ ਵਿਚ ਇਕ ਜਾਂ ਵੱਧ ਮਸੰਦ ਨਾਮਜ਼ਦ ਕੀਤੇ। ਇਸ ਨਾਲ ਸਿੱਖਾਂ ਅਤੇ ਗੁਰੂ ਸਾਹਿਬ ਵਿਚਕਾਰ ਰਾਬਤਾ ਵਧੀਆ ਹੋਣ ਲੱਗ ਪਿਆ। ਗੁਰੂ ਰਾਮ ਦਾਸ ਸਾਹਿਬ ਵੇਲੇ ਬਾਬਾ ਸ੍ਰੀਚੰਦ (ਪੁੱਤਰ ਗੁਰੂ ਨਾਨਕ ਸਾਹਿਬ) ਨੇ ਵੀ ਸਿੱਖ ਪਰਿਵਾਰ ਵਿਚ ਸ਼ਾਮਿਲ ਹੋਣ ਦੀ ਖ਼ਾਹਿਸ਼ ਦਾ ਇਜ਼ਹਾਰ ਕੀਤਾ। ਗੁਰੂ ਸਾਹਿਬ ਨੇ ਉਦਾਸੀਆਂ ਨੂੰ ਇਸ ਸ਼ਰਤ 'ਤੇ ਸਿੱਖੀ ਵਿਚ ਸ਼ਾਮਿਲ ਕੀਤਾ ਕਿ ਉਹ ਸਿੱਖ ਮਰਿਆਦਾ ਦਾ ਹੀ ਪ੍ਰਚਾਰ ਕਰਨਗੇ। ਪੰਥ ਦੀ ਸੇਵਾ ਕਰਦੇ ਗੁਰੂ ਰਾਮ ਦਾਸ ਸਾਹਿਬ 1581 ਵਿਚ ਜੋਤੀ ਜੋਤਿ ਸਮਾ ਗਏ। ਇਸ ਤੋਂ ਪਹਿਲਾਂ ਉਨ੍ਹਾਂ ਨੇ ਗੁਰੂ ਅਰਜਨ ਸਾਹਿਬ ਨੂੰ ਗੁਰਗੱਦੀ ਸੌਂਪ ਦਿੱਤੀ ਸੀ। ਗੁਰੂ ਰਾਮਦਾਸ ਸਾਹਿਬ ਨੇ ਸਿਰਫ਼ ਸੱਤ ਸਾਲ ਗੁਰਗੱਦੀ ਸੰਭਾਲੀ ਸੀ ਪਰ ਉਨ੍ਹਾਂ ਨੇ ਇਸ ਤੋਂ ਪਹਿਲਾਂ ਵੀ 32 ਸਾਲ ਪੰਥ ਦੀ ਸੇਵਾ ਵਿਚ ਲਾਏ ਸਨ, ਯਾਨਿ ਆਪਣੀ ਉਮਰ ਦੇ 47 ਸਾਲਾਂ ਵਿੱਚੋਂ 39 ਸਾਲ ਆਪ ਪੰਥ ਸੇਵਾ ਨਾਲ ਜੁੜੇ ਰਹੇ ਸਨ।

ਗੁਰੂ ਅਰਜਨ ਸਾਹਿਬ (15.4.1563-30.5.1606)

ਆਪ ਜੀ ਦਾ ਜਨਮ ਮਾਤਾ ਭਾਨੀ ਅਤੇ ਗੁਰੂ ਰਾਮ ਦਾਸ ਸਾਹਿਬ ਦੇ ਘਰ ਗੋਇੰਦਵਾਲ ਵਿਖੇ ਹੋਇਆ ਸੀ। 1579 ਵਿਚ ਆਪ ਜੀ ਦਾ ਵਿਆਹ (ਮਾਤਾ) ਰਾਮਦੇਈ ਨਾਲ ਹੋਇਆ। ਜਦੋਂ ਦਸ ਸਾਲ ਤਕ ਆਪ ਦੇ ਘਰ ਕੋਈ ਬਾਲ ਨਾ ਹੋਇਆ ਤਾਂ ਮਾਤਾ ਰਾਮਦੇਈ ਤੇ ਬਾਬਾ ਬੁੱਢਾ ਜੀ ਦੇ ਜ਼ੋਰ ਪਾਉਣ 'ਤੇ ਆਪ ਨੇ 1589 ਵਿਚ ਦੂਜਾ ਵਿਆਹ (ਮਾਤਾ ਗੰਗਾ ਨਾਲ) ਕਰ ਲਿਆ। 19 ਜੂਨ 1590 ਦੇ ਦਿਨ ਆਪ ਦੇ ਘਰ (ਗੁਰੂ)

ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ। ਮਗਰੋਂ ਪ੍ਰਿਥੀ ਚੰਦ ਦੇ ਵਾਰਸਾਂ (ਮੀਣਿਆਂ) ਨੇ (ਗੁਰੂ) ਹਰਿਗੋਬਿੰਦ ਸਾਹਿਬ ਦਾ ਜਨਮ ਬਾਬਾ ਬੁੱਢਾ ਜੀ ਦੀ ਅਸ਼ੀਰਵਾਦ ਨਾਲ ਹੋਏ ਹੋਣ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਅਰਜਨ ਸਾਹਿਬ ਪਹਿਲੀ ਸਤੰਬਰ 1581 ਦੇ ਦਿਨ ਪੰਜਵੇਂ ਗੁਰੂ ਥਾਪੇ ਗਏ। ਗੁਰਗੱਦੀ ਸੰਭਾਲਣ ਮਗਰੋਂ ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਪ੍ਰੋਗਰਾਮ ਉਲੀਕੇ। ਪਰ ਦੂਜੇ ਪਾਸੇ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀਚੰਦ, ਜਿਸ ਨੂੰ ਗੁਰੂ ਰਾਮਦਾਸ ਸਾਹਿਬ ਨੇ ਗੁਰਗੱਦੀ ਦੇ ਕਾਬਿਲ ਨਹੀਂ ਸਮਝਿਆ ਸੀ, ਨੇ ਸਾਜ਼ਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਗੁਰੂ ਦਾ ਚੱਕ ਵਿਚ ਆਉਣ ਵਾਲੀ ਭੇਟਾ, ਰਸਦ ਤੇ ਹੋਰ ਵਸਤਾਂ ਆਪਣੇ ਵਾਸਤੇ ਸੰਭਾਲਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਦਾ ਅਸਰ ਗੁਰੂ ਦੇ ਲੰਗਰ 'ਤੇ ਵੀ ਪਿਆ; ਪਰ ਛੇਤੀ ਹੀ ਬਾਬਾ ਬੁੱਢਾ, ਭਾਈ ਗੁਰਦਾਸ ਅਤੇ ਹੋਰ ਸਿਰਕਰਦਾ ਸਿੱਖਾਂ ਦੀ ਮਦਦ ਨਾਲ ਸਿੱਖਾਂ ਨੂੰ ਸੱਚ ਦਾ ਪਤਾ ਲਗਿਆ ਤਾਂ ਸਾਰਾ ਸਿਲਸਿਲਾ ਫੇਰ ਸਹੀ ਹੋ ਗਿਆ। ਇਸ ਮਗਰੋਂ ਆਪ ਨੇ ਅੰਮ੍ਰਿਤਸਰ ਸਰੋਵਰ ਨੂੰ ਪੱਕਾ ਕਰਨਾ ਸ਼ੁਰੂ ਕਰ ਦਿੱਤਾ।

1586 ਵਿਚ ਅੰਮ੍ਰਿਤਸਰ ਸਰੋਵਰ ਤਿਆਰ ਹੋ ਗਿਆ। 3 ਜਨਵਰੀ 1588 ਦੇ ਦਿਨ ਆਪ ਨੇ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਨੀਂਹ ਰੱਖੀ (ਉਂਨੀਵੀਂ ਸਦੀ ਵਿਚ ਇਕ ਮੁਸਲਮਾਨ ਲਿਖਾਰੀ ਬੂਟੇ ਸ਼ਾਹ ਨੇ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਦਰਬਾਰ ਸਾਹਿਬ ਦੀ ਨੀਂਹ ਸਾਂਈਂ ਮੀਆਂ ਮੀਰ ਨੇ ਰੱਖੀ ਸੀ; ਕੁਝ ਭੋਲੇ ਸਿੱਖਾਂ ਨੇ ਇਸ ਨੂੰ ਸੱਚ ਮੰਨ ਕੇ ਇਸ ਦਾ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ)। 1588 ਵਿਚ ਹੀ ਸੰਤੋਖਸਰ ਸਰੋਵਰ ਤਿਆਰ ਹੋ ਗਿਆ। 1590 ਵਿਚ ਆਪ ਨੇ ਤਰਨ ਤਾਰਨ ਸਰੋਵਰ ਦੀ ਨੀਂਹ ਰੱਖੀ। 1593 ਵਿਚ ਆਪ ਨੇ ਕਰਤਾਰਪੁਰ (ਜਲੰਧਰ) ਦੀ ਮੋੜ੍ਹੀ ਗੱਡੀ। 1597 ਵਿਚ ਆਪ ਨੇ, ਰੁਹੀਲਾ ਪਿੰਡ ਦੀ ਥੇਹ 'ਤੇ, ਗੋਬਿੰਦਪੁਰ (ਹੁਣ ਹਰਿਗੋਬਿੰਦਪੁਰ) ਦਾ ਨਗਰ ਵਸਾਉਣਾ ਸ਼ੁਰੂ ਕੀਤਾ। 1601 ਵਿਚ ਰਾਮਸਰ ਸਰੋਵਰ ਤਿਆਰ ਹੋ ਗਿਆ। ਇਸ ਸਮੇਂ ਵਿਚ ਗੁਰੂ ਅਰਜਨ ਸਾਹਿਬ ਗੋਇੰਦਵਾਲ, ਗੁਰੂ ਦਾ ਚੱਕ (ਹੁਣ ਅੰਮ੍ਰਿਤਸਰ), ਗੁਰੂ ਦੀ ਵਡਾਲੀ (ਹੁਣ ਛੇਹਰਟਾ) ਤੇ ਕਰਤਾਰਪੁਰ (ਜਲੰਧਰ) ਵਿਚ ਰਹਿੰਦੇ ਰਹੇ। ਇਕ ਵਾਰ ਆਪ ਗੋਇੰਦਵਾਲ ਵਿਚ ਸਨ ਤਾਂ ਮੁਗ਼ਲ ਬਾਦਸ਼ਾਹ ਅਕਬਰ ਵੀ ਆਪਣੇ ਵਜ਼ੀਰ ਅਬੂ ਫ਼ਜ਼ੁਲ ਨਾਲ ਉਥੇ (24 ਨਵੰਬਰ 1598 ਦੇ ਦਿਨ) ਆਇਆ ਸੀ।

ਗੁਰੂ ਅਰਜਨ ਸਾਹਿਬ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਵੀ ਕੀਤੀ। ਆਪ ਨੇ ਦੋ ਹਜ਼ਾਰ ਤੋਂ ਵੱਧ ਸਲੋਕ ਲਿਖੇ ਤੇ ਇਹ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹਨ। ਆਪ ਨੇ ਬਾਕੀ ਗੁਰੂ ਸਾਹਿਬ ਦੀ ਅਤੇ ਆਪਣੀ ਬਾਣੀ ਨੂੰ ਇੱਕਠਾ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਇਹ ਬੀੜ 31 ਜੁਲਾਈ 1604 ਦੇ ਦਿਨ ਤਿਆਰ ਹੋਈ ਤੇ ਇਸ ਦਾ ਪਹਿਲਾ ਪ੍ਰਕਾਸ਼ 16 ਅਗਸਤ 1604 ਦੇ ਦਿਨ ਦਰਬਾਰ ਸਾਹਿਬ ਵਿਚ ਕੀਤਾ ਗਿਆ।

ਗੁਰੂ ਅਰਜਨ ਸਾਹਿਬ ਨੇ ਦਸਵੰਧ ਨੂੰ ਸਿੱਖ ਜੀਵਨ-ਜਾਚ ਦਾ ਇਕ ਅਟੁੱਟ ਹਿੱਸਾ ਬਣਾਇਆ। ਭਾਵੇਂ ਦਸਵੰਧ ਦੀ ਸ਼ੁਰੂਆਤ ਗੁਰੂ ਨਾਨਕ ਸਾਹਿਬ ਨੇ ਹੀ ਕੀਤੀ ਸੀ ਪਰ ਗੁਰੂ ਅਰਜਨ ਸਾਹਿਬ ਨੇ ਦਸਵੰਧ ਨੂੰ ਇਕ ਜਗਹ ਇਕੱਠੇ ਕਰਨ ਅਤੇ ਇਸ ਨੂੰ ਕੌਮੀ ਮੁਫ਼ਾਦ ਵਾਸਤੇ ਵਰਤਣ ਦਾ ਸਿਸਟਮ ਬਣਾਇਆ। ਗੁਰੂ ਰਾਮ ਦਾਸ ਸਾਹਿਬ ਵੱਲੋਂ ਨਾਮਜ਼ਦ ਕੀਤੇ ਗਏ ਮਸੰਦਾਂ ਰਾਹੀਂ ਸਿੱਖਾਂ ਦਾ ਦਸਵੰਧ ਸਿੱਧਾ ਗੁਰੂ ਸਾਹਿਬ ਕੋਲ ਪਹੁੰਚਣਾ ਸ਼ੁਰੂ ਹੋ ਗਿਆ। ਇਹ ਮਸੰਦ ਸਿੱਖ ਧਰਮ ਦਾ ਪ੍ਰਚਾਰ ਵੀ ਕਰਦੇ ਸਨ ਤੇ ਸਿੱਖਾਂ ਵਿਚ

ਭਾਈਚਾਰਕ ਸਾਂਝ ਵੀ ਵਧਾਉਂਦੇ ਸਨ। ਇਸ ਨਾਲ ਸਿੱਖਾਂ ਵਿਚ ਆਪਸੀ ਸਾਂਝ ਤੇ ਪਿਆਰ ਵਧ ਗਿਆ ਜਿਸ ਤੋਂ ਕਈ ਸਿੱਖ-ਦੁਸ਼ਮਣ ਈਰਖਾ ਕਰਦੇ ਸਨ। ਇਨ੍ਹਾਂ ਵਿਚ ਸ਼ੈਖ ਅਹਿਮਦ ਸਾਹਰਿੰਦੀ (ਸਰਹੰਦੀ), ਬ੍ਰਾਹਮਣ ਮਹੇਸ਼ ਭੱਟ (ਬੀਰਬਲ) ਅਤੇ ਕੋਈ ਹੋਰ ਹਿੰਦੂ ਤੇ ਮੁਸਲਮਾਨ ਜਗੀਰਦਾਰ ਵੀ ਸਨ। ਇਹ ਸਾਰੇ ਅਕਬਰ ਨੂੰ ਭੜਕਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ ਪਰ ਕਾਮਯਾਬ ਨਹੀਂ ਹੋ ਸਕੇ ਸਨ। ਇਕ ਵਾਰ 1586 ਵਿਚ ਬੀਰਬਲ ਜਦੋਂ ਅਫ਼ਗਾਨਾਂ ਦੀ ਬਗ਼ਾਵਤ ਨੂੰ ਦਬਾਉਣ ਵਾਸਤੇ ਭੇਜੀ ਫ਼ੌਜ ਦੇ ਨਾਲ ਗਿਆ ਤਾਂ ਉਸ ਨੇ ਗੋਇੰਦਵਾਲ ਤੋਂ ਪੱਤਣ ਪਾਰ ਕਰਨ ਵੇਲੇ ਅੰਮ੍ਰਿਤਸਰ ਵਿਚ ਆਪਣਾ ਏਲਚੀ ਭੇਜ ਕੇ ਗੁਰੂ ਸਾਹਿਬ ਤੋਂ ਟੈਕਸ ਦੀ ਮੰਗ ਵੀ ਕੀਤੀ। ਗੁਰੂ ਸਾਹਿਬ ਵੱਲੋਂ ਟੈਕਸ ਦੇਣ ਤੋਂ ਨਾਂਹ ਕਰਨ 'ਤੇ ਬੀਰਬਲ ਨੇ ਹਮਲਾ ਕਰਨ ਦੀ ਧਮਕੀ ਦਿੱਤੀ। ਇਹ ਵੱਖਰੀ ਗੱਲ ਹੈ ਕਿ ਇਸ ਦੌਰਾਨ ਬੀਰਬਲ ਇਕ ਲੜਾਈ ਵਿਚ ਮਾਰਿਆ ਗਿਆ ਤੇ ਹਮਲਾ ਨਾ ਕਰ ਸਕਿਆ। ਉਧਰ ਗੁਰੂ ਅਰਜਨ ਸਾਹਿਬ ਦਾ ਵੱਡਾ ਭਰਾ ਪ੍ਰਿਥੀਚੰਦ ਵੀ ਗੁਰੂ ਸਾਹਿਬ ਦੇ ਖ਼ਿਲਾਫ਼ ਸਾਜ਼ਿਸ਼ਾਂ ਕਰਦਾ ਰਿਹਾ। ਉਸ ਨੇ ਪਹਿਲੋਂ ਸੁਲਹੀ ਖ਼ਾਨ ਤੇ ਫਿਰ ਸੁਲਬੀ ਖ਼ਾਨ ਨੂੰ ਭੜਕਾ ਕੇ ਦਰਬਾਰ ਸਾਹਿਬ 'ਤੇ ਹਮਲਾ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਕਾਮਯਾਬ ਨਾ ਹੋ ਸਕਿਆ। ਉਸ ਨੇ ਗੁਰੂ ਸਾਹਿਬ ਦੇ ਬੇਟੇ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਮਰਵਾਉਣ ਦੀਆਂ ਵੀ ਕਈ ਕੋਸ਼ਿਸ਼ਾਂ ਕੀਤੀਆਂ।

1605 ਵਿਚ ਅਕਬਰ ਦੀ ਮੌਤ ਹੋ ਗਈ ਤੇ ਜਹਾਂਗੀਰ ਬਾਦਸ਼ਾਹ ਬਣਿਆ। ਜਹਾਂਗੀਰ ਦੇ ਬਾਦਸ਼ਾਹ ਬਣਨ ਦੇ ਨਾਲ ਹੀ ਉਸ ਦੇ ਪੁੱਤਰ ਖੁਸਰੋ ਨੇ ਬਗ਼ਾਵਤ ਕਰ ਦਿੱਤੀ। ਖੁਸਰੋ ਇਕ ਵੱਡੀ ਹਾਰ ਮਗਰੋਂ ਪੰਜਾਬ ਵੱਲ ਭੱਜ ਗਿਆ। ਰਸਤੇ ਵਿਚ ਗੋਇੰਦਵਾਲ ਕੋਲ ਦਰਿਆ ਪਾਰ ਕਰਨ ਵੇਲੇ ਉਹ ਰਸਮੀ ਤੌਰ 'ਤੇ ਗੁਰੂ ਅਰਜਨ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਵੀ ਗਿਆ। ਥੋੜ੍ਹੇ ਹੀ ਚਿਰ ਵਿਚ ਖੁਸਰੋ ਦੀ ਬਗ਼ਾਵਤ ਦਬਾਅ ਦਿੱਤੀ ਗਈ। ਹੁਣ ਜਹਾਂਗੀਰ ਨੇ ਹਰ ਉਸ ਸ਼ਖ਼ਸ ਦੇ ਖ਼ਿਲਾਫ਼ ਜਹਾਦ ਸ਼ੁਰੂ ਕਰ ਦਿੱਤਾ, ਜਿਸ ਨੂੰ ਖੁਸਰੋ ਕਦੇ ਮਿਲਿਆ ਵੀ ਸੀ। ਇਸੇ ਸਿਲਸਿਲੇ ਵਿਚ 23 ਮਈ 1606 ਨੂੰ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ। ਗੁਰੂ ਅਰਜਨ ਸਾਹਿਬ ਨੂੰ ਜਹਾਂਗੀਰ ਦੇ ਸੰਮਨ 25 ਮਈ ਨੂੰ ਪੁੱਜੇ। ਉਸੇ ਦਿਨ ਗੁਰੂ ਸਾਹਿਬ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਛੇਵੇਂ ਨਾਨਕ ਥਾਪ ਕੇ ਆਪ ਲਾਹੌਰ ਵੱਲ ਚਾਲੇ ਪਾ ਦਿੱਤੇ। ਆਪ ਨੂੰ 27 ਮਈ ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ। ਜਹਾਂਗੀਰ ਦੇ ਹੁਕਮ ਹੇਠ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਵਾਸਤੇ ਲਾਹੌਰ ਦੇ ਗਵਰਨਰ ਮੁਰਤਜ਼ਾ ਖ਼ਾਨ ਦੇ ਸਪੁਰਦ ਕਰ ਦਿੱਤਾ ਗਿਆ। ਮੁਰਤਜ਼ਾ ਖ਼ਾਨ ਨੇ ਗੁਰੂ ਸਾਹਿਬ ਨੂੰ ਆਪਣੇ ਇਕ ਹਿੰਦੂ ਅਹਿਲਕਾਰ ਚੰਦੂ ਦੇ ਹਵਾਲੇ ਕਰ ਦਿੱਤਾ। ਚੰਦੂ ਨੇ ਗੁਰੂ ਸਾਹਿਬ ਨੂੰ ਤੱਤੀ ਰੇਤ ਵਿਚ ਬਿਠਾ ਕੇ ਅਤੇ ਉਨ੍ਹਾਂ ਦੇ ਨੰਗੇ ਜਿਸਮ 'ਤੇ ਸੜਦੀ ਰੇਤ ਪਾਉਣ ਵਾਸਤੇ ਗੁਰਦਿੱਤਾ ਭਠਿਆਰਾ ਨੂੰ ਬੁਲਾ ਲਿਆ। ਤਿੰਨ ਦਿਨ ਦੇ ਤਸੀਹੇ ਮਗਰੋਂ ਗੁਰੂ ਸਾਹਿਬ ਦਾ ਜਿਸਮ ਛਾਲੇ-ਛਾਲੇ ਹੋ ਗਿਆ ਤਾਂ ਉਨ੍ਹਾਂ ਦੇ ਜਿਸਮ ਨੂੰ ਨੂੜ ਕੇ ਰਾਵੀ ਦਰਿਆ ਦੇ ਬੁਰਦ ਕਰ ਦਿੱਤਾ ਗਿਆ।

ਗੁਰੂ ਹਰਿਗੋਬਿੰਦ ਸਾਹਿਬ (19.6.1590–3.3.1644)

ਆਪ ਜੀ ਦਾ ਜਨਮ ਮਾਤਾ ਗੰਗਾ ਅਤੇ ਗੁਰੂ ਅਰਜਨ ਸਾਹਿਬ ਦੇ ਘਰ ਪਿੰਡ ਗੁਰੂ ਕੀ ਵਡਾਲੀ (ਨੇੜੇ ਛੇਹਰਟਾ ਸਾਹਿਬ) ਵਿਚ ਹੋਇਆ। ਆਪ ਨੇ ਆਪਣਾ ਬਚਪਨ ਗੁਰੂ ਕੀ ਵਡਾਲੀ, ਅੰਮ੍ਰਿਤਸਰ ਤੇ ਗੋਇੰਦਵਾਲ ਵਿਚ ਬਿਤਾਇਆ। 1604 ਵਿਚ ਆਪ ਦਾ

ਵਿਆਹ (ਮਾਤਾ) ਦਮੋਦਰੀ ਨਾਲ ਤੇ 1620 ਵਿਚ (ਮਾਤਾ) ਨਾਨਕੀ ਅਤੇ ਮਹਾਂਦੇਵੀ ਨਾਲ ਹੋਇਆ। ਆਪ ਦੇ ਘਰ ਪੰਜ ਬੇਟਿਆਂ (ਗੁਰਦਿੱਤਾ, ਸੂਰਜ ਮੱਲ, ਅਣੀ ਰਾਇ, ਅਟਲ ਰਾਇ ਤੇ ਤੇਗ ਬਹਾਦਰ) ਅਤੇ ਇਕ ਬੇਟੀ (ਵੀਰੋ) ਨੇ ਜਨਮ ਲਿਆ।

25 ਮਈ 1606 ਨੂੰ ਆਪ ਨੂੰ ਛੇਵੇਂ ਗੁਰੂ ਥਾਪਿਆ ਗਿਆ। ਆਪ ਨੇ 1609 ਵਿਚ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ। ਆਪ ਨੇ ਗੁਰੂ ਨਾਨਕ ਸਾਹਿਬ ਦੇ ਰਾਜਾ-ਜੋਗੀ ਦੇ ਫ਼ਲਸਫ਼ੇ ਨੂੰ ਮੂਰਤੀਮਾਨ ਕਰਦਿਆਂ, ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰ ਕੇ ਸਿੱਖੀ ਵਿਚ ਮੀਰੀ-ਪੀਰੀ ਦੇ ਇਕ ਹੋਣ ਦਾ ਅਮਲੀ ਰੂਪ ਵਿਚ ਐਲਾਨ ਕੀਤਾ। ਆਪ ਨੇ ਆਖਿਆ ਕਿ ਸਿੱਖ ਕਿਸੇ ਦੁਨਿਆਵੀ ਹਾਕਮ ਦਾ ਗ਼ੁਲਾਮ ਨਹੀਂ ਹੋ ਸਕਦਾ। ਇਸ ਕਰ ਕੇ ਸਿੱਖ ਦੀ ਵਫ਼ਾਦਾਰੀ ਸਿਰਫ਼ ਅਕਾਲ ਪੁਰਖ ਅਤੇ ਅਕਾਲ ਤਖ਼ਤ ਸਾਹਿਬ ਨਾਲ ਹੀ ਹੋ ਸਕਦੀ ਹੈ। ਇਕ ਮੀਰ (ਦੁਨਿਆਵੀ ਹਾਕਮ) ਦਾ ਫ਼ਰਜ਼ ਹੈ ਕਿ ਉਹ ਧਰਮ ਦਾ ਰਾਜਾ ਬਣੇ ਅਤੇ ਇਨਸਾਨੀ ਹਕੂਕ ਦਾ ਰਾਖਾ ਹੋਵੇ ਅਤੇ ਹਰ ਪੀਰ ਦਾ ਫ਼ਰਜ਼ ਹੈ ਕਿ ਉਹ ਜਿਥੇ ਵੀ ਜ਼ੁਲਮ ਅਤੇ ਬੇਇਨਸਾਫ਼ੀ ਵੇਖੇ, ਉਥੇ ਆਪਣੀ ਜਾਨ 'ਤੇ ਜੂਝ ਕੇ ਵੀ ਹੱਕ ਤੇ ਸੱਚ ਵਾਸਤੇ ਲੜੇ। ਉਨ੍ਹਾਂ ਆਖਿਆ ਕਿ ਹਰ ਇਕ ਸਿੱਖ ਵਿਚ ਇਹ ਦੋਵੇਂ ਖ਼ੂਬੀਆਂ ਹੋਣੀਆਂ ਚਾਹੀਦੀਆਂ ਹਨ। ਇਕ ਸਿੱਖ ਵਿਚ ਮੀਰੀ ਤੇ ਪੀਰੀ ਦੋਵੇਂ ਵੱਖ-ਵੱਖ ਨਹੀਂ ਬਲਕਿ ਇਕਮਿਕ ਹੋਣੀਆਂ ਚਾਹੀਦੀਆਂ ਹਨ।

1609 ਵਿਚ ਆਪ ਨੇ ਅੰਮ੍ਰਿਤਸਰ ਦੇ ਦੁਆਲੇ ਦੀਵਾਰ ਅਤੇ ਨਾਲ ਹੀ ਕਿਲ੍ਹਾ (ਲੋਹਗੜ੍ਹ) ਵੀ ਬਣਾਉਣਾ ਸ਼ੁਰੂ ਕੀਤਾ। 1612 ਵਿਚ ਇਹ ਉਸਾਰੀਆਂ ਮੁਕੰਮਲ ਹੋ ਗਈਆਂ। ਇਨ੍ਹੀਂ ਦਿਨੀ (ਲਾਹੌਰ ਦਾ ਸਾਬਕਾ ਕੋਤਵਾਲ) ਮੁਰਤਜ਼ਾ ਖ਼ਾਨ ਲਾਹੌਰ ਦਾ ਸੂਬੇਦਾਰ ਬਣ ਚੁਕਾ ਸੀ। ਉਸ ਨੇ ਗੁਰੂ ਸਾਹਿਬ ਦੀਆਂ ਕਾਰਵਾਈਆਂ ਦੀ ਸ਼ਿਕਾਇਤ ਜਹਾਂਗੀਰ ਬਾਦਸ਼ਾਹ ਨੂੰ ਕਰ ਦਿਤੀ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਆਪਣੇ ਦਰਬਾਰ ਵਿਚ ਬੁਲਾ ਲਿਆ। 31 ਦਸੰਬਰ 1612 ਨੂੰ ਆਪ ਅੰਮ੍ਰਿਤਸਰ ਤੋਂ ਦਿੱਲੀ ਵਾਸਤੇ ਚੱਲ ਪਏ। ਜਨਵਰੀ 1613 ਵਿਚ ਆਪ ਨੂੰ 12 ਸਾਲ ਕੈਦ ਦਾ ਹੁਕਮ ਸੁਣਾ ਕੇ ਕਿਲ੍ਹਾ ਗਵਾਲੀਅਰ ਵਿਚ ਭੇਜ ਦਿੱਤਾ ਗਿਆ। ਇਸ ਕਿਲ੍ਹੇ ਵਿਚ ਉਸ ਵੇਲੇ ਇਕ ਸੌ ਤੋਂ ਵਧ ਹਿੰਦੂ ਰਾਜੇ ਤੇ ਸ਼ਹਿਜ਼ਾਦੇ ਵੀ ਕੈਦ ਸਨ।

ਇਸ ਗ੍ਰਿਫ਼ਤਾਰੀ ਪਿੱਛੇ ਵਧੇਰੇ ਕਰ ਕੇ ਮੁਰਤਜ਼ਾ ਖ਼ਾਨ (ਗਵਰਨਰ ਲਾਹੌਰ) ਅਤੇ ਸ਼ੈਖ਼ ਅਹਿਮਦ ਸਾਹਰਿੰਦੀ (ਜੋ ਗ਼ੈਰ-ਮੁਸਲਮਾਨਾਂ ਨੂੰ ਬੜੀ ਨਫ਼ਰਤ ਕਰਦਾ ਸੀ) ਦਾ ਹੱਥ ਸੀ, ਜੋ ਜਹਾਂਗੀਰ ਨੂੰ ਗੁਰੂ ਸਾਹਿਬ ਦੇ ਖ਼ਿਲਾਫ਼ ਭੜਕਾਉਂਦੇ ਰਹਿੰਦੇ ਸਨ। 1618 ਵਿਚ ਮੁਰਤਜ਼ਾ ਖ਼ਾਨ ਮਰ ਗਿਆ ਅਤੇ ਉਸ ਦੀ ਜਗ੍ਹਾ ਵਜ਼ੀਰ ਖ਼ਾਂ ਲਾਹੌਰ ਦਾ ਗਵਰਨਰ ਬਣਿਆ। ਸ਼ੈਖ਼ ਅਹਿਮਦ ਸਰਹੰਦੀ ਦਾ ਅਸਰ ਵੀ ਜਹਾਂਗੀਰ 'ਤੇ ਨਾ ਰਿਹਾ। ਉਧਰ ਸਾਈਂ ਮੀਆਂ ਮੀਰ ਅਤੇ ਮਲਿਕਾ ਨੂਰ ਜਹਾਂ ਨੇ ਵੀ ਜਹਾਂਗੀਰ ਨੂੰ ਸਮਝਾਇਆ ਅਤੇ 'ਸਿੱਖਾਂ ਦੇ ਪੀਰ' ਗੁਰੂ ਹਰਿਗੋਬਿੰਦ ਸਾਹਿਬ ਦੀ ਰਿਹਾਈ ਵਾਸਤ ਜ਼ੋਰ ਪਾਇਆ। ਅਖ਼ੀਰ ਜਹਾਂਗੀਰ ਨੇ 26 ਅਕਤੂਬਰ 1619 ਦੇ ਦਿਨ ਆਪ ਨੂੰ ਰਿਹਾਅ ਕਰ ਦਿੱਤਾ। ਗੁਰੂ ਸਾਹਿਬ ਨੇ ਰਿਹਾਈ ਵਾਸਤੇ ਸ਼ਰਤ ਰੱਖੀ ਕਿ 101 ਹਿੰਦੂ ਰਾਜੇ (49 ਛੋਟੀਆਂ ਕੈਦਾਂ ਵਾਲੇ ਅਤੇ 52 ਲੰਬੀਆਂ ਕੈਦਾਂ ਵਾਲੇ) ਵੀ ਰਿਹਾਅ ਕੀਤੇ ਜਾਣ। ਰਿਹਾਈ ਮਗਰੋਂ ਗੁਰੂ ਸਾਹਿਬ ਅਤੇ ਜਹਾਂਗੀਰ ਵਿਚਕਾਰ 27 ਜਨਵਰੀ 1620 ਨੂੰ ਗੋਇੰਦਵਾਲ ਤੇ ਫਿਰ 8 ਫ਼ਰਵਰੀ ਨੂੰ ਕਲਾਨੌਰ ਵਿਚ ਮੁਲਾਕਾਤ ਹੋਈ।

1620 ਤੋਂ 1630 ਤਕ ਗੁਰੂ ਸਾਹਿਬ ਵਧੇਰੇ ਕਰ ਕੇ ਅੰਮ੍ਰਿਤਸਰ ਤੇ ਗੋਇੰਦਵਾਲ ਵਿਚ ਰਹੇ। 18 ਮਾਰਚ 1631 ਨੂੰ ਆਪ ਡਰੌਲੀ ਭਾਈ (ਜ਼ਿਲ੍ਹਾ ਮੋਗਾਂ) ਗਏ ਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਲੈ ਗਏ। ਆਪ ਕਈ ਮਹੀਨੇ ਡਰੌਲੀ ਵਿਚ ਰਹੇ ਤੇ ਫਿਰ ਧਰਮ ਪ੍ਰਚਾਰ ਵਾਸਤੇ ਅੱਗੇ ਚਲ ਪਏ। ਆਪ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਰਤਾਰਪੁਰ (ਜਲੰਧਰ) ਭੇਜ ਦਿੱਤਾ। ਇਸ ਪਿੱਛੋਂ ਕੁਝ ਚਿਰ ਆਪ ਫੇਰ ਅੰਮ੍ਰਿਤਸਰ ਆ ਕੇ ਰਹੇ। 1634 ਵਿਚ ਲਾਹੌਰ ਦੇ ਸਾਬਕ ਗਵਰਨਰ ਵਜ਼ੀਰ ਖ਼ਾਨ (ਜੋ ਉਦੋਂ ਆਗਰੇ ਰਹਿੰਦਾ ਸੀ) ਦੀ ਮੌਤ ਹੋ ਗਈ। ਇਸ ਮਗਰੋਂ ਲਾਹੌਰ ਦਰਬਾਰ ਨੇ ਸਿੱਖਾਂ ਨਾਲ ਫੇਰ ਦੁਸ਼ਮਣੀ ਕਰਨੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ 'ਤੇ ਪਹਿਲਾ ਗ਼ੈਰ-ਸਰਕਾਰੀ ਹਮਲਾ ਰੁਹੀਲਾ (ਹੁਣ ਹਰਿਗੋਬਿੰਦਪੁਰ) ਵਿਚ 27 ਸਤੰਬਰ ਅਤੇ 3 ਅਕਤੂਬਰ 1621 ਦੇ ਦਿਨ ਹੋਇਆ ਸੀ, ਪਰ ਉਸ ਵੇਲੇ ਹਮਲਾਵਰ ਭਗਵਾਨ ਦਾਸ ਘੇਰੜ ਤੇ ਚੰਦੂ ਦਾ ਪੁੱਤਰ ਕਰਮ ਚੰਦ ਤੇ ਉਨ੍ਹਾਂ ਦੇ ਸਾਥੀ ਮੁਗ਼ਲ ਫ਼ੌਜੀ ਸਨ। ਪਰ ਸਰਕਾਰੀ ਤੌਰ 'ਤੇ ਪਹਿਲਾ ਹਮਲਾ 13 ਅਪ੍ਰੈਲ 1634 ਦੇ ਦਿਨ ਅੰਮ੍ਰਿਤਸਰ ਵਿਚ ਹੋਇਆ ਸੀ। ਇਸ ਲੜਾਈ ਵਿਚ ਮੁਗ਼ਲ ਫ਼ੌਜਾਂ ਦੇ ਜਰਨੈਲ ਮਾਰੇ ਜਾਣ ਮਗਰੋਂ ਫ਼ੌਜ ਭੱਜ ਗਈ ਸੀ। ਦਸੰਬਰ 1634 ਵਿਚ ਜਦੋਂ ਗੁਰੂ ਸਾਹਿਬ ਮਹਿਰਾਜ ਪਿੰਡ ਰੁਕੇ ਹੋਏ ਸਨ ਤਾਂ ਮੁਗ਼ਲ ਫ਼ੌਜਾਂ ਨੇ ਲੱਲਾ ਬੇਗ ਦੀ ਕਮਾਂਡ ਹੇਠ ਫੇਰ ਹਮਲਾ ਕੀਤਾ। ਇਸ ਮਗਰੋਂ ਗੁਰੂ ਸਾਹਿਬ ਕਰਤਾਰਪੁਰ ਆ ਗਏ। ਏਥੇ 26 ਅਪ੍ਰੈਲ 1635 ਦੇ ਦਿਨ ਗੁਰੂ ਸਾਹਿਬ ਦਾ ਨਮਕ-ਹਰਾਮ ਸਿਪਾਹੀ ਪੈਂਦੇ ਖ਼ਾਨ, ਮੁਗ਼ਲ ਫ਼ੌਜਾਂ ਨੂੰ ਚੜ੍ਹਾ ਲਿਆਇਆ ਤੇ ਹਜ਼ਾਰਾਂ ਸਾਥੀਆਂ ਤੇ ਮੁਗ਼ਲ ਸਿਪਾਹੀਆਂ ਸਣੇ ਮਾਰਿਆ ਗਿਆ। ਇਨ੍ਹਾਂ ਸਾਰੀਆਂ ਲੜਾਈਆਂ ਵਿਚ ਭਾਵੇਂ ਗੁਰੂ ਸਾਹਿਬ ਦੀ ਜਿੱਤ ਹੋਈ ਪਰ ਉਨ੍ਹਾਂ ਮਹਿਸੂਸ ਕੀਤਾ ਕਿ ਜੰਗਾਂ ਨਾਲ ਧਰਮ ਪ੍ਰਚਾਰ ਵਿਚ ਰੁਕਾਵਟ ਪੈਂਦੀ ਹੈ ਇਸ ਕਰ ਕੇ ਉਨ੍ਹਾਂ ਜਰਨੈਲੀ ਸੜਕ ਤੋਂ ਦੂਰ ਆਪਣੇ ਹੈਡਕੁਆਰਟਰਜ਼ ਬਣਾਉਣ ਦਾ ਫ਼ੈਸਲਾ ਕਰ ਲਿਆ।

3 ਮਈ 1635 ਦੇ ਦਿਨ ਗੁਰੂ ਸਾਹਿਬ ਕੀਰਤਪੁਰ ਸਾਹਿਬ ਪਹੁੰਚ ਗਏ। ਆਪ ਅਗਲੇ ਨੌਂ ਸਾਲ ਵਿਚੋਂ ਬਹੁਤਾ ਵਕਤ ਏਥੇ ਹੀ ਰਹੇ ਅਤੇ ਇਥੋਂ ਵੱਖ-ਵੱਖ ਇਲਾਕਿਆਂ ਵਿਚ ਧਰਮ ਪ੍ਰਚਾਰ ਵਾਸਤੇ ਜਾਂਦੇ ਰਹੇ। ਇਸ ਦੌਰਾਨ ਵੱਖ-ਵੱਖ ਇਲਾਕਿਆਂ ਦੇ ਬਾਗ਼ੀ ਰਾਜੇ ਤੇ ਹੋਰ ਵਡੇ ਸ਼ਖ਼ਸ ਗੁਰੂ ਸਾਹਿਬ ਕੋਲ ਪਨਾਹਗੀਰ ਬਣ ਕੇ ਰਹੇ। ਗੁਰੂ ਸਾਹਿਬ ਨੇ ਸਭ ਨੂੰ ਆਪਣੀ ਹਿਫ਼ਾਜ਼ਤ ਵਿਚ ਰੱਖਿਆ। ਪੰਥ ਦੀ ਸੇਵਾ ਕਰਦੇ ਆਪ 1644 ਵਿਚ ਜੋਤੀ ਜੋਤਿ ਸਮਾ ਗਏ।

ਗੁਰੂ ਹਰਿ ਰਾਇ ਸਾਹਿਬ (16.1.1630-6.10.1661)

ਆਪ ਜੀ ਦਾ ਜਨਮ ਮਾਤਾ ਅਨੰਤੀ (ਆਪ ਨੂੰ ਮਾਤਾ ਬਸੀ ਤੇ ਮਾਤਾ ਨਿਹਾਲ ਕੌਰ ਵੀ ਲਿਖਿਆ ਮਿਲਦਾ ਹੈ) ਅਤੇ ਬਾਬਾ ਗੁਰਦਿੱਤਾ (ਪੁੱਤਰ ਗੁਰੂ ਹਰਿਗੋਬਿੰਦ ਸਾਹਿਬ) ਦੇ ਘਰ ਕੀਰਤਪੁਰ ਸਾਹਿਬ ਵਿਚ ਹੋਇਆ। ਆਪ ਨੇ ਆਪਣਾ ਬਚਪਨ ਕੀਰਤਪੁਰ ਸਾਹਿਬ ਵਿਚ ਹੀ ਬਿਤਾਇਆ। 1640 ਵਿਚ ਆਪ ਦਾ ਵਿਆਹ (ਮਾਤਾ) ਸੁਲੱਖਣੀ (ਆਪ ਦਾ ਨਾਂ ਮਾਤਾ ਕ੍ਰਿਸ਼ਨ ਕੌਰ ਤੇ ਕੋਟ ਕਲਿਆਣੀ ਵੀ ਲਿਖਿਆ ਮਿਲਦਾ ਹੈ) ਨਾਲ ਹੋਇਆ। ਆਪ ਦੇ ਘਰ ਰਾਮ ਰਾਇ (1646 ਵਿਚ), ਬੀਬੀ ਰੂਪ ਕੌਰ (1649 ਵਿਚ) ਅਤੇ (ਗੁਰੂ) ਹਰਿਕ੍ਰਿਸ਼ਨ ਸਾਹਿਬ (1652 ਵਿਚ) ਨੇ ਜਨਮ ਲਿਆ। 18 ਮਾਰਚ 1642 ਦੇ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਨੂੰ ਸਤਵੇਂ ਗੁਰੂ ਥਾਪ ਦਿੱਤਾ। ਆਪ ਨੇ ਬਹੁਤ ਸਾਰੇ ਇਲਾਕੇ ਵਿਚ ਸਿੱਖ ਧਰਮ ਦਾ ਬਹੁਤ ਪ੍ਰਚਾਰ ਤੇ ਪ੍ਰਸਾਰ ਕੀਤਾ। ਸਿੱਖ ਧਰਮ ਦੇ ਪ੍ਰਚਾਰ ਨੂੰ ਵਧੇਰੇ

ਅਸਰਦਾਰ ਬਣਾਉਣ ਵਾਸਤੇ ਆਪ ਨੇ 360 ਮਿਸ਼ਨਰੀ ਸੈਂਟਰ ਕਾਇਮ ਕੀਤੇ ਤੇ ਹੋਰ ਸੈਂਟਰ 'ਤੇ ਇਕ-ਇਕ ਮਸੰਦ ਨਾਮਜ਼ਦ ਕੀਤਾ। ਆਪ ਕੋਲ 2200 ਘੋੜੇ ਤੇ ਹਜ਼ਾਰਾਂ ਪੈਦਲ ਸਿੱਖਾਂ ਦੀ ਫ਼ੌਜ ਵੀ ਸੀ। ਆਪ ਨੇ ਸਿੱਖਾਂ ਨੂੰ ਫ਼ੌਜੀ ਸਿਖਲਾਈ ਦੇ ਨਾਲ-ਨਾਲ ਸਿਆਸੀ ਨਿਜ਼ਾਮ ਚਲਾਉਣ ਦੀ ਜਾਚ ਵੀ ਸਿਖਾਈ। ਕੀਰਤਪੁਰ ਤੋਂ ਆਪ ਅਕਸਰ ਹਿਮਾਂਚਲ, ਕਸ਼ਮੀਰ, ਪੰਜਾਬ ਦੇ ਦੌਰੇ 'ਤੇ ਜਾਇਆ ਕਰਦੇ ਸਨ। 1659-60 ਵਿਚ ਆਪ ਨੇ ਲਾਹੌਰ, ਜਲਾਲਪੁਰ ਜੱਟਾਂ, ਗਲੋਟੀਆਂ ਖੁਰਦ, ਸਿਆਲਕੋਟ, ਸ੍ਰੀਨਗਰ, ਅਖਨੂਰ, ਜੰਮੂ, ਰਾਮਗੜ੍ਹ, ਸਾਂਭਾ ਤੇ ਪਠਾਨਕੋਟ ਵਗੈਰਾ ਦਾ ਲੰਮਾ ਮਿਸ਼ਨਰੀ ਦੌਰਾ ਕੀਤਾ ਤੇ ਬਹੁਤ ਸਾਰੇ ਲੋਕਾਂ ਨੂੰ ਸਿੱਖ ਧਰਮ ਨਾਲ ਜੋੜਿਆ।

ਉਧਰ 1658 ਵਿਚ ਮੁਗ਼ਲਾਂ ਵਿਚ ਗੱਦੀ ਦੀ ਲੜਾਈ ਸ਼ੁਰੂ ਹੋ ਗਈ। ਔਰੰਗਜ਼ੇਬ ਤੋਂ ਹਾਰ ਖਾ ਕੇ ਦਾਰਾ ਸ਼ਿਕੋਹ ਪੰਜਾਬ ਵੱਲ ਨੂੰ ਭੱਜ ਟੁਰਿਆ। ਗੋਇੰਦਵਾਲ ਕੋਲ ਦਰਿਆ ਬਿਆਸ ਪਾਰ ਕਰਨ ਵੇਲੇ ਉਸ ਨੇ ਗੁਰੂ ਹਰਿ ਰਾਇ ਸਾਹਿਬ ਦੀ ਮਦਦ ਮੰਗੀ। ਗੁਰੂ ਸਾਹਿਬ ਨੇ ਉਸ ਦੇ ਦਰਿਆ ਪਾਰ ਕਰਨ ਮਗਰੋਂ ਪਿੱਛੋਂ ਆ ਰਹੀ ਔਰੰਗਜ਼ੇਬ.ਦੀ ਫ਼ੌਜ ਨੂੰ ਕਾਫ਼ੀ ਦੇਰ ਡੱਕੀ ਰੱਖਿਆ। ਏਨੇ ਚਿਰ ਵਿਚ ਦਾਰਾ ਸ਼ਿਕੋਹ ਕਾਫ਼ੀ ਦੂਰ ਨਿਕਲ ਗਿਆ। ਅਖ਼ੀਰ ਦਾਰਾ ਸ਼ਿਕੋਹ ਫੜਿਆ ਗਿਆ। ਜਦੋਂ ਔਰੰਗਜ਼ੇਬ ਗੱਦੀ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਗਿਆ ਤਾਂ ਉਸ ਨੇ ਹਰ ਉਸ ਸ਼ਖ਼ਸ ਨੂੰ ਤਲਬ ਕੀਤਾ, ਜਿਸ ਦੇ ਦਾਰਾ ਸ਼ਿਕੋਹ ਨਾਲ ਜ਼ਰਾ-ਮਾਸਾ ਵੀ ਸਬੰਧ ਰਹੇ ਸਨ। ਉਸ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਵੀ ਸੰਮਨ ਭੇਜੇ। ਗੁਰੂ ਸਾਹਿਬ ਨੇ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਦਿੱਲੀ ਭੇਜਿਆ ਪਰ ਆਪ ਨਾ ਗਏ। ਰਾਮ ਰਾਇ ਨੂੰ ਔਰੰਗਜ਼ੇਬ ਨੇ ਜ਼ਾਮਨੀ ਵਜੋਂ ਦਿੱਲੀ ਵਿਚ ਰਖ ਲਿਆ। ਜਦੋਂ ਰਾਮ ਰਾਇ ਨੇ ਔਰੰਗਜ਼ੇਬ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗੁਰੂ ਸਾਹਿਬ ਨੇ ਉਸ ਨੂੰ ਗੁਰਗੱਦੀ ਤੋਂ ਮੌਕੂਫ਼ ਕਰਨ ਦਾ ਐਲਾਨ ਕਰ ਦਿੱਤਾ। ਆਪ ਨੇ ਅਠਵੇਂ ਗੁਰੂ ਵਜੋਂ ਗੁਰਗੱਦੀ ਦੇਣ ਵਾਸਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਚੁਣਿਆ। ਆਪ 6 ਅਕਤੂਬਰ 1661 ਦੇ ਦਿਨ ਕੀਰਤਪੁਰ ਸਾਹਿਬ ਵਿਚ ਜੋਤੀ-ਜੋਤਿ ਸਮਾ ਗਏ।

ਗੁਰੂ ਹਰਿਕ੍ਰਿਸ਼ਨ ਸਾਹਿਬ (20.7.1652-30.3.1664)

ਆਪ ਜੀ ਦਾ ਜਨਮ ਮਾਤਾ ਸੁਲੱਖਣੀ ਅਤੇ ਗੁਰੂ ਹਰਿ ਰਾਇ ਸਾਹਿਬ ਦੇ ਘਰ ਕੀਰਤਪੁਰ ਸਾਹਿਬ ਵਿਚ ਹੋਇਆ। 5 ਅਕਤੂਬਰ 1661 ਦੇ ਦਿਨ ਆਪ ਅਠਵੇਂ ਗੁਰੂ ਥਾਪੇ ਗਏ। ਦੂਜੇ ਪਾਸੇ ਆਪ ਦੇ ਵੱਡੇ ਭਰਾ ਰਾਮ ਰਾਇ, ਜਿਸ ਨੂੰ ਗੁਰੂ ਹਰਿ ਰਾਇ ਸਾਹਿਬ ਨੇ ਗੁਰਗੱਦੀ ਤੋਂ ਮੌਕਫ਼ ਕਰ ਦਿੱਤਾ ਸੀ, ਨੇ ਔਰੰਗਜ਼ੇਬ ਦੀ ਮਦਦ ਨਾਲ ਗੁਰਗੱਦੀ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ। ਰਾਮ ਰਾਇ ਦੇ ਆਖਣ 'ਤੇ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸੰਮਨ ਭੇਜੇ। 19 ਮਾਰਚ 1664 ਦੇ ਦਿਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਕੀਰਤਪੁਰ ਸਾਹਿਬ ਤੋਂ ਦਿੱਲੀ ਵੱਲ ਚੱਲ ਪਏ। ਰਸਤੇ ਵਿਚ ਆਪ ਵੱਖ-ਵੱਖ ਥਾਵਾਂ ਤੋਂ ਹੁੰਦੇ ਹੋਏ ਪੰਜੋਖੜਾ ਪੁੱਜੇ। ਪੰਜੋਖੜਾ ਵਿਚ ਲਾਲ ਚੰਦ ਨਾਂ ਦੇ ਇਕ ਪੰਡਤ ਨੇ ਗੁਰੂ ਸਾਹਿਬ ਦੀ ਛੋਟੀ ਉਮਰ ਵੇਖ ਕੇ ਉਨ੍ਹਾਂ ਦੀ ਅਜ਼ਮਤ 'ਤੇ ਸ਼ੱਕ ਕੀਤਾ ਅਤੇ ਗੁਰੂ ਸਾਹਿਬ ਨੂੰ ਆਖਿਆ ਕਿ ਉਹ ਗੀਤਾ ਦੇ ਮਾਅਨੇ ਸਮਝਾਉਣ। ਗੁਰੂ ਸਾਹਿਬ ਨੇ ਉਸ ਹੰਕਾਰੀ ਪੰਡਤ ਨੂੰ ਆਖਿਆ ਕਿ ਇਹ ਕੰਮ ਤਾਂ ਹਰ ਇਕ ਸਿੱਖ ਕਰ ਸਕਦਾ ਹੈ ਕਿਉਂਕਿ ਸਿੱਖਾਂ ਵਿਚ ਵਿਦਿਆ ਦਾ ਹੱਕ ਸਿਰਫ਼ ਬ੍ਰਾਹਮਣਾਂ ਦਾ ਨਹੀਂ। ਇਸ 'ਤੇ ਲਾਲ ਚੰਦ ਕਹਿਣ ਲੱਗਾ ਕੀ ਛੱਜੂ ਰਾਮ ਝਿਊਰ ਵੀ ਮੇਰੀ ਤਸੱਲੀ ਕਰਵਾ ਸਕੇਗਾ? ਗੁਰੂ ਸਾਹਿਬ ਦੇ ਆਖਣ 'ਤੇ ਭਾਈ ਛੱਜੂ ਰਾਮ

ਨੇ ਗੀਤਾ ਦੇ ਕਮਾਲ ਦੇ ਮਾਅਨੇ ਕਰ ਦੱਸੇ। ਪੰਡਤ ਦਾ ਗ਼ਰੂਰ ਚੂਰ-ਚੂਰ ਹੋ ਗਿਆ। ਗੁਰੂ ਸਾਹਿਬ ਨੇ ਪੰਡਤ ਨੂੰ ਸਮਝਾਇਆ ਕਿ ਆਲਮ ਫ਼ਾਜ਼ਲ ਆਦਮੀ ਵਿਚ ਗ਼ਰੂਰ ਨਹੀਂ ਬਲਕਿ ਹਲੀਮੀ ਹੋਣੀ ਚਾਹੀਦੀ ਹੈ। ਪੰਜਖੋਤਾ ਤੋਂ ਕੁਰਖੇਤਰ ਹੋ ਕੇ, ਗੁਰੂ ਸਾਹਿਬ ਦਿੱਲੀ ਪੁੱਜੇ। ਦਿੱਲੀ ਵਿਚ ਆਪ ਰਾਜਾ ਜੈ ਸਿੰਘ, ਮਿਰਜ਼ਾ ਦੇ ਬੰਗਲੇ ਵਿਚ ਠਹਿਰੇ। ਇਥੇ ਵੀ ਰਾਜਾ ਜੈ ਸਿੰਘ ਮਿਰਜ਼ਾ ਦੀ ਬੇਗ਼ਮ ਪੁਸ਼ਪਾ ਦੇਵੀ ਨੇ ਗੁਰੂ ਸਾਹਿਬ ਦਾ ਇਮਤਿਹਾਨ ਲੈਣਾ ਚਾਹਿਆ। ਪਰ ਗੁਰੂ ਸਾਹਿਬ ਨੂੰ ਮਿਲ ਕੇ ਰਾਣੀ ਨੂੰ ਵੀ ਗੁਰੂ ਸਾਹਿਬ ਦੀ ਸੂਝ ਤੇ ਅਜ਼ਮਤ ਦਾ ਅਹਿਸਾਸ ਹੋਇਆ। ਰਾਣੀ ਨੇ ਵੀ ਆਪ ਨੂੰ ਅਰਜ਼ ਕੀਤੀ ਕਿ ਉਸ ਨੂੰ ਵੀ ਆਪਣੇ ਸਿੱਖੀ ਧਰਮ ਵਿਚ ਸ਼ਾਮਿਲ ਕਰਨ।

21 ਮਾਰਚ 1664 ਦੇ ਦਿਨ (ਗੁਰੂ) ਤੇਗ਼ ਬਹਾਦਰ ਸਾਹਿਬ, ਜੋ ਪਿਛਲੇ ਅੱਠ ਸਾਲ ਅਸਾਮ, ਬੰਗਾਲ ਤੇ ਬਿਹਾਰ ਵਿਚ ਧਰਮ ਪ੍ਰਚਾਰ ਕਰਦੇ ਰਹੇ ਸਨ, ਵੀ ਦਿੱਲੀ ਪੁੱਜੇ। ਅਗਲੇ ਦਿਨ (ਗੁਰੂ) ਤੇਗ਼ ਬਹਾਦਰ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਵਿਚ ਮੁਲਾਕਾਤ ਹੋਈ। (ਗੁਰੂ) ਤੇਗ਼ ਬਹਾਦਰ ਸਾਹਿਬ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਔਰੰਗਜ਼ੇਬ ਦੀ ਪਾਲਿਸੀ ਬਾਰੇ ਦੱਸਿਆ ਤੇ ਉਸ ਤੋਂ ਚੌਕਸ ਰਹਿਣ ਵਾਸਤੇ ਆਖਿਆ। 25 ਮਾਰਚ 1664 ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਵਿਚ ਔਰੰਗਜ਼ੇਬ ਵਿਚ ਮੁਲਾਕਾਤ ਹੋਈ। ਅਗਲੀ ਮੁਲਾਕਾਤ ਵਾਸਤੇ ਵਕਤ ਮਿਥਿਆ ਗਿਆ ਪਰ ਵਾਹਿਗੁਰੂ ਦਾ ਹੁਕਮ ਕੁਝ ਹੋਰ ਹੀ ਸੀ। ਉਸੇ ਰਾਤ ਗੁਰੂ ਸਾਹਿਬ 'ਤੇ ਚੀਚਕ ਦਾ ਹਮਲਾ ਹੋਇਆ। ਅਗਲੇ ਚਾਰ ਦਿਨ ਚੀਚਕ ਦਾ ਅਸਰ ਵਧਦਾ ਗਿਆ। 30 ਮਾਰਚ ਦੇ ਦਿਨ ਆਪ ਜੋਤੀ ਜੋਤਿ ਸਮਾ ਗਏ। ਜਾਣ ਤੋਂ ਪਹਿਲਾਂ ਆਪ (ਗੁਰੂ) ਤੇਗ਼ ਬਹਾਦਰ, 'ਬਾਬੇ ਬਕਾਲੇ' ਵਾਲੇ ਬਾਬੇ ਨੂੰ ਗੱਦੀ ਸੌਂਪ ਗਏ। (ਉਸ ਵੇਲੇ ਗੁਰੂ ਤੇਗ਼ ਬਹਾਦਰ ਸਾਹਿਬ ਬਕਾਲਾ ਵਿਚ ਰਹਿ ਰਹੇ ਸਨ।

ਗੁਰੂ ਤੇਗ਼ ਬਹਾਦਰ ਸਾਹਿਬ (18.10.1621-11.11.1675)

ਆਪ ਜੀ ਦਾ ਜਨਮ ਮਾਤਾ ਨਾਨਕੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਹੋਇਆ ਸੀ। ਅੰਮ੍ਰਿਤਸਰ ਵਿਚ ਰਹਿ ਕੇ ਆਪ ਨੇ ਧਰਮ ਤੇ ਫ਼ਲਸਫ਼ੇ ਦੀ ਪੜ੍ਹਾਈ ਕੀਤੀ ਅਤੇ ਨਾਲ ਹੀ ਘੋੜ-ਸਵਾਰ ਤੇ ਤਲਵਾਰ-ਬਾਜ਼ੀ ਵੀ ਸਿੱਖੀ। 1632 ਵਿਚ ਆਪ ਦਾ ਵਿਆਹ (ਮਾਤਾ) ਗੁਜਰੀ ਨਾਲ ਹੋਇਆ। 18 ਦਸੰਬਰ 1661 ਦੇ ਦਿਨ ਆਪ ਦੇ ਘਰ (ਗੁਰੂ) ਗੋਬਿੰਦ ਸਿੰਘ ਸਾਹਿਬ ਨੇ ਜਨਮ ਲਿਆ। ਭਾਵੇਂ (ਗੁਰੂ) ਤੇਗ਼ ਬਹਾਦਰ ਸਾਹਿਬ ਨੂੰ ਅਜੇ ਗੁਰਗੱਦੀ ਨਹੀਂ ਸੀ ਮਿਲੀ, ਪਰ ਆਪ ਸ਼ੁਰੂ ਤੋਂ ਹੀ ਲੋਕ-ਸੇਵਾ ਤੇ ਧਰਮ ਪ੍ਰਚਾਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਕਰਦੇ ਸਨ। ਇਸ ਸਿਲਸਿਲੇ ਵਿਚ 1656 ਤੋਂ 1664 ਤਕ ਆਸਾਮ, ਬੰਗਾਲ, ਬਿਹਾਰ ਤੇ ਯੂ.ਪੀ. ਦਾ ਦੌਰਾ ਕਰਦੇ ਰਹੇ ਸਨ। ਮਾਰਚ 1664 ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਆਪ ਨੂੰ ਨੌਵੇਂ ਗੁਰੂ ਥਾਪ ਗਏ ਸਨ।

ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ-ਜੋਤਿ ਸਮਾਉਣ ਮਗਰੋਂ, 11 ਅਗਸਤ 1664 ਦੇ ਦਿਨ ਆਪ ਨੂੰ ਨੌਵੇਂ ਗੁਰੂ ਥਾਪਣ ਦੀ ਅਰਦਾਸਿ ਕੀਤੀ ਗਈ। ਇਸ ਮਗਰੋਂ ਆਪ ਪੰਜਾਬ ਵਿਚ ਮਿਸ਼ਨਰੀ ਦੌਰੇ 'ਤੇ ਨਿਕਲ ਪਏ। ਮਾਲਵਾ ਤੇ ਬਾਂਗਰ ਦੇਸ ਦੇ ਦੌਰੇ ਦੌਰਾਨ ਆਪ ਨੇ ਤਲਵੰਡੀ ਸਾਬੋ ਵਿਚ ਇਕ ਸਰੋਵਰ ਤਿਆਰ ਕਰਵਾਇਆ। ਅਪਰੈਲ 1665 ਵਿਚ ਆਪ ਧਮਤਾਨ ਸਨ, ਜਿੱਥੇ ਆਪ ਨੇ ਸਿੱਖ ਪੰਥ ਦਾ ਇਕ ਨਵਾਂ ਸੈਂਟਰ ਕਾਇਮ ਕਰਨ ਦਾ ਫ਼ੈਸਲਾ ਕੀਤਾ। ਮਈ 1665 ਵਿਚ ਬਿਲਾਸਪੁਰ ਦਾ ਰਾਜਾ ਦੀਪ ਚੰਦ ਮਰ ਗਿਆ। ਆਪ ਉਸ ਦੇ ਭੋਗ 'ਤੇ ਬਿਲਾਸਪੁਰ ਗਏ। ਉਸ ਦੀ ਵਿਧਵਾ ਰਾਣੀ ਚੰਪਾ ਨੇ

ਗੁਰੂ ਸਾਹਿਬ ਨੂੰ ਬੜੀ ਆਜਜ਼ੀ ਨਾਲ ਅਰਜ਼ ਕੀਤੀ ਕਿ ਉਹ ਕਹਿਲੂਰ ਰਿਆਸਤ ਦੇ ਨੇੜੇ ਹੀ ਰਹਿਣ ਥਾ ਜੋ ਉਹ (ਰਾਣੀ) ਆਪਣੇ ਆਪ ਨੂੰ ਮਹਿਫ਼ੂਜ਼ ਸਮਝ ਸਕੇ। ਇਸ 'ਤੇ ਗੁਰੂ ਸਾਹਿਬ ਨੇ ਸਹੋਟਾ, ਮੀਆਂਪੁਰ ਤੇ ਲੋਦੀਪੁਰ ਦੇ ਵਿਚਕਾਰ ਚੱਕ ਨਾਨਕੀ (ਹੁਣ ਅਨੰਦਪੁਰ ਸਾਹਿਬ ਦਾ ਹਿੱਸਾ) ਪਿੰਡ ਦਾ ਮੁੱਢ ਬੰਨ੍ਹਿਆ। ਕੁਝ ਦਿਨ ਏਥੇ ਰਹਿਣ ਮਗਰੋਂ ਆਪ ਫੇਰ ਬਾਂਗਰ ਦੇਸ ਵੱਲ ਨਿਕਲ ਗਏ। ਇੱਥੇ ਅਕਤੂਬਰ ਵਿਚ ਗ੍ਰਿਫ਼ਤਾਰ ਕਰ ਕੇ ਆਪ ਨੂੰ 8 ਨਵੰਬਰ 1665 ਦੇ ਦਿਨ ਔਰੰਗਜ਼ੇਬ ਕੋਲ ਪੇਸ਼ ਕੀਤਾ ਗਿਆ। ਔਰੰਗਜ਼ੇਬ ਨੇ ਆਪ ਨੂੰ ਰਾਜਾ ਰਾਮ ਸਿੰਘ ਮਿਰਜ਼ਾ ਦੀ ਸਪੁਰਦਗੀ ਵਿਚ ਨਜ਼ਰਬੰਦ ਕਰ ਦਿੱਤਾ। ਦੋ ਮਹੀਨੇ ਤੇ ਤਿੰਨ ਦਿਨ ਦੀ ਕੈਦ ਤੇ ਨਜ਼ਰਬੰਦੀ ਮਗਰੋਂ, 17 ਦਸੰਬਰ ਦੇ ਦਿਨ ਆਪ ਰਿਹਾਅ ਹੋਏ। ਇਸ ਮਗਰੋਂ ਆਪ ਫੇਰ ਆਸਾਮ, ਬੰਗਾਲ ਤੇ ਬਿਹਾਰ ਦੇ ਦੌਰੇ 'ਤੇ ਚਲੇ ਗਏ। ਆਪ ਚਾਰ ਸਾਲ ਤੋਂ ਵੱਧ ਇਸ ਇਲਾਕੇ ਵਿਚ ਰਹੇ। ਇਸ ਦੌਰਾਨ ਆਪ ਨੇ ਅਸਾਮ ਦੇ ਰਾਜੇ ਤੇ ਔਰੰਗਜ਼ੇਬ ਦੇ ਜਰਨੈਲ ਰਾਜਾ ਰਾਮ ਸਿੰਘ ਮਿਰਜ਼ਾ ਵਿਚਕਾਰ ਅਹਿਦਨਾਮਾ ਵੀ ਕਰਵਾਇਆ। ਅਪ੍ਰੈਲ 'ਚ ਆਪ ਵਾਪਸ ਚੱਲ ਪਏ। ਦਿੱਲੀ ਵੱਲ ਆਉਂਦਿਆਂ ਆਪ ਨੂੰ ਜੂਨ 1670 ਵਿਚ ਆਗਰੇ ਵਿਚ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਛੇਤੀ ਹੀ ਰਿਹਾਅ ਕਰ ਦਿੱਤਾ ਗਿਆ। ਇਸ ਮਗਰੋਂ ਆਪ ਬਕਾਲੇ ਆ ਕੇ ਰਹੇ। ਮਾਰਚ 1672 ਵਿਚ ਆਪ ਚੱਕ ਨਾਨਕੀ ਆ ਗਏ। ਅਗਲੇ ਤਿੰਨ ਸਾਲ ਆਪ ਏਥੇ ਰਹੇ ਅਤੇ ਏਥੋਂ ਹੀ ਵੱਖ-ਵੱਖ ਇਲਾਕਿਆਂ ਵਿਚ ਦੌਰੇ 'ਤੇ ਜਾਂਦੇ ਰਹੇ।

25 ਮਈ 1675 ਦੇ ਦਿਨ 16 ਕਸ਼ਮੀਰੀ ਬ੍ਰਾਹਮਣ, ਇਕ ਸਿੱਖ ਭਾਈ ਕ੍ਰਿਪਾ ਰਾਮ ਦੱਤ ਨੂੰ ਨਾਲ ਲੈ ਕੇ, ਚੱਕ ਨਾਨਕੀ ਆਏ ਅਤੇ ਔਰੰਗਜ਼ੇਬ ਤੇ ਉਸ ਦੇ ਕਸ਼ਮੀਰ ਦੇ ਮੁਤੱਸਬੀ ਸੂਬੇਦਾਰ ਵੱਲੋਂ ਜਬਰੀ ਇਸਲਾਮ ਫ਼ੈਲਾਉਣ ਬਾਰੇ ਦੱਸਿਆ। ਗੁਰੂ ਸਾਹਿਬ ਨੇ ਬ੍ਰਾਹਮਣਾਂ ਨੂੰ ਕਿਹਾ ਕਿ ਉਹ ਕਸ਼ਮੀਰ ਦੇ ਸੂਬੇਦਾਰ ਨੂੰ ਕਹਿਣ ਕਿ ਜੇ ਗੁਰੂ ਤੇਗ ਬਹਾਦਰ ਸਾਹਿਬ ਮੁਸਲਮਾਨ ਬਣ ਜਾਣ ਤਾਂ ਅਸੀਂ ਸਾਰੇ ਆਪੇ ਹੀ ਮੁਸਲਮਾਨ ਬਣ ਜਾਵਾਂਗੇ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਮਿਲਣ ਵਾਸਤੇ ਦਿੱਲੀ ਜਾਣ ਦਾ ਫ਼ੈਸਲਾ ਕੀਤਾ। ਉਧਰ ਜਦ ਔਰੰਗਜ਼ੇਬ ਨੂੰ ਗੁਰੂ ਸਾਹਿਬ ਦਾ ਐਲਾਨ ਪਤਾ ਲੱਗਾ ਤਾਂ ਉਸ ਨੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਜਾਰੀ ਕਰ ਦਿੱਤਾ।

ਗੁਰੂ ਤੇਗ ਬਹਾਦਰ ਸਾਹਿਬ ਨੇ 8 ਜੁਲਾਈ 1675 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਗੁਰਗੱਦੀ ਸੌਂਪੀ ਅਤੇ 11 ਜੁਲਾਈ ਨੂੰ ਆਪ ਦਿੱਲੀ ਵੱਲ ਚੱਲ ਪਏ। ਰਸਤੇ ਵਿਚ ਮੁਲਕਪੁਰ ਰੰਘੜਾਂ ਪਿੰਡ ਵਿਚ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਆਪ ਸਾਢੇ ਤਿੰਨ ਮਹੀਨੇ ਬੱਸੀ ਪਠਾਣਾਂ ਕਿਲ੍ਹੇ ਵਿਚ ਕੈਦ ਰਹੇ। ਉਸ ਵੇਲੇ ਔਰੰਗਜ਼ੇਬ ਹਸਨ ਅਬਦਾਲ ਵਿਚ ਸੀ। ਔਰਗਜ਼ੇਬ ਨੇ ਕਈ ਬੰਦੇ ਭੇਜ ਕੇ ਗੁਰੂ ਸਾਹਿਬ ਨੂੰ ਇਸਲਾਮ ਕਬੂਲ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਨਾ-ਕਾਮਯਾਬ ਹੋਣ ਮਗਰੋਂ ਆਪ ਨੂੰ ਦਿੱਲੀ ਲਿਜਾ ਕੇ ਉਸ (ਔਰੰਗਜ਼ੇਬ) ਅੱਗੇ ਪੇਸ਼ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਪਰ ਅਚਾਨਕ ਔਰੰਗਜ਼ੇਬ ਦਿੱਲੀ ਨਾ ਜਾ ਸਕਿਆ ਅਤੇ ਉਸ ਨੇ ਦਿੱਲੀ ਦੇ ਸੂਬੇਦਾਰ ਨੂੰ ਫ਼ਤਵਾ ਜਾਰੀ ਕਰ ਕੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਵਾਸਤੇ ਆਖ ਦਿੱਤਾ। ਆਪ 5 ਨਵੰਬਰ ਨੂੰ ਦਿੱਲੀ ਪਹੁੰਚਾਏ ਗਏ। ਕੈਦ ਤੇ ਤਿੰਨ ਦਿਨਾਂ ਦੇ ਘੋਰ ਤਸੀਹਿਆਂ ਮਗਰੋਂ ਆਪ ਨੂੰ 11 ਨਵੰਬਰ 1675 ਦੇ ਦਿਨ ਸ਼ਹੀਦ ਕਰ ਦਿੱਤਾ ਗਿਆ। (ਇਸ ਤੋਂ ਪਹਿਲਾਂ ਆਪ ਦੀਆਂ ਅੱਖਾਂ ਸਾਹਵੇਂ ਭਾਈ ਦਿਆਲ ਦਾਸ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਸ਼ਹੀਦ ਕੀਤਾ ਗਿਆ)। ਹਿੰਦੂਆਂ ਨੇ ਆਪ ਨੂੰ "ਹਿੰਦੂ ਧਰਮ ਦੇ ਰਾਖੇ" ਆਖ ਕੇ ਸਨਮਾਨਿਆ ਅਤੇ

ਜੋ ਬ੍ਰਾਹਮਣ ਆਪ ਕੋਲ ਫਰਿਆਦ ਲੈ ਕੇ ਆਏ ਸਨ, ਆਪਣੇ ਟੱਬਰਾਂ ਸਣੇ ਸਿੱਖ ਬਣ ਗਏ।

ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਬਾਣੀ ਦੀ ਰਚਨਾ ਕੀਤੀ। ਆਪ ਨੇ 115 ਸਲੋਕ ਲਿਖੇ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ (18.12.1661-7.10.1708)

ਆਪ ਜੀ ਦਾ ਜਨਮ ਮਾਤਾ ਗੁਜਰੀ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਘਰ ਪਟਨਾ ਵਿਚ ਹੋਇਆ। ਆਪ ਨੇ ਆਪਣੇ ਪਹਿਲੇ ਸਾਢੇ 8 ਸਾਲ ਪਟਨਾ ਵਿਚ ਬਿਤਾਏ। 1670 ਵਿਚ ਆਪ ਪਟਨਾ ਤੋਂ ਬਕਾਲਾ ਚਲੇ ਗਏ। ਮਾਰਚ 1672 ਵਿਚ ਆਪ ਚੱਕ ਨਾਨਕੀ ਆ ਗਏ। 1673 ਵਿਚ, 12 ਸਾਲ ਦੀ ਉਮਰ ਵਿਚ, ਆਪ ਨੇ ਘੋੜ-ਸਵਾਰੀ ਅਤੇ ਹਥਿਆਰ ਚਲਾਉਣ ਦੀ ਟ੍ਰੇਨਿੰਗ ਲੈਣੀ ਸ਼ੁਰੂ ਕੀਤੀ। ਇਸ ਤੋਂ ਇਲਾਵਾ ਫ਼ਿਲਾਸਫ਼ੀ ਦੀਆਂ ਬਹੁਤ ਸਾਰੀਆਂ ਕਿਤਾਬਾਂ ਵੀ ਪੜ੍ਹੀਆਂ। ਆਪ ਨੂੰ ਪੰਜਾਬੀ, ਫ਼ਾਰਸੀ, ਸੰਸਕ੍ਰਿਤ, ਜ਼ਬਾਨਾਂ 'ਚ ਪੂਰੀ ਮਹਾਰਤ ਹਾਸਿਲ ਸੀ।

8 ਜੁਲਾਈ 1675 ਦੇ ਦਿਨ ਆਪ ਨੂੰ ਗੁਰਗੱਦੀ ਮਿਲੀ। 11 ਨਵੰਬਰ 1675 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਮਗਰੋਂ ਆਪ ਨੇ ਪੰਥ ਦੀ ਵਾਗਡੋਰ ਸੰਭਾਲੀ। ਇਸ ਮਗਰੋਂ ਆਪ ਨੇ ਦਰਬਾਰੀ ਸਿੱਖਾਂ ਅਤੇ ਵਿਦਵਾਨਾਂ ਨਾਲ ਵਿਚਾਰ ਕਰਨ ਮਗਰੋਂ ਸਿੱਖ ਫ਼ੌਜ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਦਾ ਫ਼ੈਸਲਾ ਕਰ ਲਿਆ। 5 ਮਾਰਚ 1680 ਦੇ ਦਿਨ ਆਪ ਨੇ ਰਣਜੀਤ ਨਗਾਰਾ ਮੜ੍ਹਾਇਆ ਅਤੇ ਸਿੱਖ ਰਿਆਸਤ ਦੀ ਖ਼ੁਦਮੁਖ਼ਤਿਆਰੀ ਦਾ ਐਲਾਨ ਕੀਤਾ। ਗੁਰੂ ਸਾਹਿਬ ਨੇ ਹੁਕਮਨਾਮੇ ਭੇਜੇ ਕਿ ਜੋ ਸਿੱਖ ਗੁਰੂ-ਘਰ 'ਚ ਭੇਟਾ ਚੜ੍ਹਾਉਣਾ ਚਾਹੁਣ ਉਹ ਚੰਗੇ ਘੋੜੇ, ਹਥਿਆਰ ਤੇ ਚੰਗੇ ਗ੍ਰੰਥ ਲੈ ਕੇ ਆਉਣ। ਮਾਰਚ 1683 ਵਿਚ ਆਪ ਨੇ ਸਿੰਘਾਂ ਵਿਚ ਨੇਜ਼ਾਬਾਜ਼ੀ, ਗਤਕਾ, ਤਲਵਾਰ ਚਲਾਉਣ ਤੇ ਕੁਸ਼ਤੀਆਂ ਦੇ ਮੁਕਾਬਲੇ ਕਰਵਾਉਣੇ ਸ਼ੁਰੂ ਕੀਤੇ। ਹੌਲੀ ਹੌਲੀ ਗੁਰੂ ਸਾਹਿਬ ਕੋਲ ਹਥਿਆਰ ਚਲਾਉਣ 'ਚ ਮਾਹਿਰ ਨੌਜਵਾਨਾਂ ਦੀ ਗਿਣਤੀ ਚੋਖੀ ਵਧ ਗਈ।

ਅਪ੍ਰੈਲ 1685 ਵਿਚ ਨਾਹਨ ਦੇ ਰਾਜੇ ਨੇ ਆਪ ਨੂੰ ਨਾਹਨ 'ਚ ਦਰਸ਼ਨ ਦੇਣ ਵਾਸਤੇ ਅਰਜ਼ ਕੀਤੀ। ਉਥੇ ਹੀ ਆਪ ਨੇ ਪਾਉਂਟਾ ਸਾਹਿਬ ਨਗਰ ਵਸਾਉਣ ਦਾ ਫ਼ੈਸਲਾ ਕੀਤਾ। ਜਮਨਾ ਦਰਿਆ ਦੇ ਕੰਢੇ ਇਕ ਰਮਣੀਕ ਜਗਹ ਦੇਖ ਕੇ ਆਪ ਦੇ ਨਵੇਂ ਨਗਰ ਦੀ ਨੀਂਹ ਰੱਖੀ। ਥੋੜ੍ਹੇ ਚਿਰ ਮਗਰੋਂ ਰਾਮ ਰਾਇ ਵੀ ਉਥੇ ਆਇਆ ਅਤੇ ਆਪਣੀ ਭੁੱਲ ਬਖ਼ਸ਼ਵਾਈ। ਰਾਮ ਰਾਇ ਦੀ ਮੌਤ ਪਿੱਛੋਂ ਉਸ ਦੇ ਇਕ ਚੇਲੇ ਗੁਰਬਖ਼ਸ਼ ਰਾਏ ਨੇ ਗੜ੍ਹਵਾਲ ਦੇ ਰਾਜੇ ਨੂੰ ਭੜਕਾ ਕੇ ਗੁਰੂ ਸਾਹਿਬ 'ਤੇ ਹਮਲਾ ਕਰਵਾ ਦਿੱਤਾ। 18 ਸਤੰਬਰ 1687 ਨੂੰ ਭੰਗਾਣੀ 'ਚ ਗੁਰੂ ਸਾਹਿਬ ਦੀ ਪਹਿਲੀ ਲੜਾਈ ਹੋਈ। ਇਸ ਲੜਾਈ ਤੋਂ ਇਕ ਮਹੀਨੇ ਦਸ ਦਿਨ ਮਗਰੋਂ ਗੁਰੂ ਸਾਹਿਬ ਵਾਪਸ ਅਨੰਦਪੁਰ ਸਾਹਿਬ ਨੂੰ ਚੱਲ ਪਏ। ਮਾਰਚ 1689 ਵਿਚ ਬਿਲਾਸਪੁਰ ਦੀ ਮਹਾਰਾਣੀ ਚੰਪਾ ਚੱਕ ਨਾਨਕੀ ਆਈ। ਉਸ ਨੇ ਗੁਰੂ ਸਾਹਿਬ ਨੂੰ ਸੁਝਾਅ ਦਿੱਤਾ ਕਿ ਅਨੰਦਪੁਰ ਸਾਹਿਬ ਦੇ ਦੁਆਲੇ ਕਿਲ੍ਹੇ ਬਣਾਉਣ। ਗੁਰੂ ਸਾਹਿਬ ਨੇ ਰਾਣੀ ਤੋਂ ਮਗੀਮਪੁਰ ਤੇ ਤਾਰਾਪੁਰ ਦੀ ਜ਼ਮੀਨ ਖ਼ਰੀਦ ਲਈ। ਅਗਲੇ ਦਿਨ 30 ਮਾਰਚ 1689 ਦੇ ਦਿਨ ਆਪ ਨੇ ਹੁਣ ਵਾਲੇ ਕਿਲ੍ਹਾ ਕੇਸਗੜ੍ਹ ਦੀ ਜਗਹ 'ਤੇ ਨਵਾਂ ਪਿੰਡ ਅਨੰਦਪੁਰ ਸਾਹਿਬ ਮੰਨਿਆ। ਅੱਜ-ਕਲ੍ਹ ਚੱਕ ਨਾਨਕੀ ਤੇ ਅਨੰਦਪੁਰ ਸਾਹਿਬ ਸਾਂਝੇ ਨੂੰ ਅਨੰਦਪੁਰ ਆਖਿਆ ਜਾਂਦਾ ਹੈ।

ਮਾਰਚ 1691 ਵਿਚ ਮੁਗ਼ਲ ਫ਼ੌਜਾਂ ਨੇ ਪਹਾੜੀ ਰਾਜਿਆਂ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਦੀ ਮਦਦ ਕੀਤੀ। 19 ਮਾਰਚ 1691 ਦੇ ਦਿਨ ਨਦੌਣ ਦੀ ਲੜਾਈ ਵਿਚ ਆਪ ਨੇ ਮੁਗ਼ਲਾਂ ਨੂੰ ਕਰਾਰੀ ਹਾਰ ਦਿੱਤੀ। ਮਈ ਵਿਚ ਰਾਣੀ ਚੰਪਾ ਚੜ੍ਹਾਈ ਕਰ ਗਈ। ਅਗਲੇ ਸਾਲ ਆਪ ਨੇ ਰਵਾਲਸਰ ਵਿਚ ਪਹਾੜੀ ਰਾਜਿਆਂ ਦੇ ਇਕੱਠ ਦੀ ਸਦਾਰਤ ਕੀਤੀ ਤੇ ਉਨ੍ਹਾਂ ਨੂੰ ਮੁਗ਼ਲਾਂ ਖ਼ਿਲਾਫ਼ ਸਾਂਝਾ ਮੁਹਜ਼ ਬਣਾਉਣ ਵਾਸਤੇ ਆਖਿਆ। ਇਸ ਮਗਰੋਂ ਆਪ ਨੇ ਪਹਾੜੀ ਰਿਆਸਤਾਂ ਦਾ ਦੌਰਾ ਕੀਤਾ। ਅਪ੍ਰੈਲ 1693 ਵਿਚ ਆਪ ਨੇ ਮਾਲਵਾ ਤੇ ਬਾਂਗਰ ਦੇਸ 'ਚ ਧਰਮ ਪ੍ਰਚਾਰ ਕੀਤਾ। 1695 ਵਿਚ ਅਜਮੇਰ ਚੰਦ ਬਿਲਾਸਪੁਰੀ ਰਾਜਾ ਅੰਦਰੋ-ਅੰਦਰੀ ਸਿੱਖਾਂ ਨਾਲ ਗ਼ੈਰ-ਸਾਲੀ ਰੱਖਣ ਲੱਗ ਪਿਆ। ਅਗਸਤ ਵਿਚ ਉਸ ਨੇ ਲਾਹੌਰ ਦੇ ਗਵਰਨਰ ਰਾਹੀਂ ਆਨੰਦਪੁਰ ਸਾਹਿਬ 'ਤੇ ਹਮਲਾ ਕਰਵਾ ਦਿੱਤਾ। ਇਹੋ ਜਿਹੇ ਨਿੱਕੇ-ਨਿੱਕੇ 2-3 ਹਮਲੇ ਹੋਏ। ਫ਼ਰਵਰੀ 1696 ਵਿਚ ਮੁਗ਼ਲਾਂ ਨੇ ਗੁਲੇਰ ਰਿਆਸਤ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਗੁਲੇਰ ਦੇ ਰਾਜੇ ਦੀ ਮਦਦ ਕੀਤੀ।

ਮਾਰਚ 1698 ਵਿਚ ਗੁਰੂ ਸਾਹਿਬ ਨੇ ਮਸੰਦ ਸਿਸਟਮ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ । 29 ਮਾਰਚ 1698 (ਕਈ ਲੇਖਕ 1699 ਮੰਨਦੇ ਹਨ) ਦੇ ਦਿਨ ਆਪ ਨੇ ਖ਼ਾਲਸਾ ਪਰਗਟ ਕਰਨ ਦਾ ਕੌਤਕ ਕੀਤਾ ਅਤੇ ਖੰਡੇ ਦੀ ਪਾਹੁਲ ਦੇਣੀ ਸ਼ੁਰੂ ਕੀਤੀ। ਕੇਸ, ਕੰਘਾ, ਕੜਾ, ਕਛਹਿਰਾ, ਕਿਰਪਾਨ ਤੇ ਕੇਸਕੀ (ਦਸਤਾਰ) ਹਰ ਸਿੱਖ ਵਾਸਤੇ ਲਾਜ਼ਮੀ ਕੀਤੀ।

ਪਹਾੜੀ ਰਾਜੇ ਪਹਿਲੋਂ ਹੀ ਗੁਰੂ ਸਾਹਿਬ ਅਤੇ ਸਿੱਖਾਂ ਤੋਂ ਖਾਰ ਖਾਣ ਲੱਗ ਪਏ ਸਨ, ਪਰ 1698 ਵਿਚ ਉਨ੍ਹਾਂ ਨੇ ਸਿੱਧੇ ਹਮਲੇ ਕਰਨ ਸ਼ੁਰੂ ਕਰ ਦਿੱਤੇ। ਸਭ ਤੋਂ ਪਹਿਲਾ ਹਮਲਾ 23 ਜੂਨ 1698 ਦੇ ਦਿਨ ਹੋਇਆ। ਫਿਰ ਜੂਨ, ਅਗਸਤ ਤੇ ਅਕਤੂਬਰ 1700 ਵਿਚ ਹਮਲੇ ਹੋਏ। ਇਸ ਮਗਰੋਂ ਢਾਈ ਸਾਲ ਤਕ ਚੁੱਪ ਰਹੀ । 2 ਨਵੰਬਰ 1703 ਦੇ ਦਿਨ ਪਹਾੜੀਆਂ ਨੇ ਫੇਰ ਹਮਲਾ ਕੀਤਾ ਪਰ ਹਾਰ ਖਾ ਕੇ ਭੱਜ ਗਏ। ਇਸ ਮਗਰੋਂ 3 ਮਈ 1705 ਦੇ ਦਿਨ ਪਹਾੜੀਆਂ ਅਤੇ ਮੁਗ਼ਲਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। 4 ਦਸੰਬਰ ਨੂੰ ਔਰੰਗਜ਼ੇਬ ਦਾ ਖ਼ਤ ਪੁੱਜਣ 'ਤੇ ਅਗਲੇ ਦਿਨ 5-6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਨੇ ਸ਼ਹਿਰ ਖ਼ਾਲੀ ਕਰਨ ਦਾ ਫ਼ੈਸਲਾ ਕੀਤਾ। ਰਸਤੇ ਵਿਚ ਪਹਾੜੀਆਂ ਅਤੇ ਮੁਗ਼ਲਾਂ ਨੇ ਫੇਰ ਹਮਲਾ ਕੀਤਾ। ਗੁਰੂ ਸਾਹਿਬ, ਉਨ੍ਹਾਂ ਦਾ ਪਰਿਵਾਰ ਤੇ ਕੁਝ ਸਿੰਘ ਬਚ ਕੇ ਨਿਕਲ ਗਏ। ਚਮਕੌਰ ਵਿਚ ਮੁਗ਼ਲ ਹਾਕਮਾਂ ਵੱਲੋਂ ਭੇਜੀਆਂ ਮਲੇਰਕੋਟਲਾ ਦੀਆਂ ਫ਼ੌਜਾਂ ਨੇ ਗੁਰੂ ਸਾਹਿਬ ਨੂੰ ਫੇਰ ਘੇਰ ਲਿਆ। ਇਸ ਵੇਲੇ ਗੁਰੂ ਸਾਹਿਬ ਦੇ ਨਾਲ ਦੋ ਸਾਹਿਬਜ਼ਾਦੇ, ਪੰਜ ਪਿਆਰੇ ਅਤੇ 40 ਹੋਰ ਸਿੱਖ ਸਨ। 7 ਦਸੰਬਰ ਦੀ ਰਾਤ ਵੇਲੇ ਤਕ ਬਹੁਤੇ ਸਿੰਘ ਸ਼ਹੀਦ ਹੋ ਚੁੱਕੇ ਸਨ। ਨਬੀ ਖ਼ਾਨ ਤੇ ਗ਼ਨੀ ਖ਼ਾਨ ਦੀ ਮਦਦ ਨਾਲ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਚੋਂ ਨਿਕਲ ਕੇ ਮਾਛੀਵਾੜਾ ਪਹੁੰਚ ਗਏ। ਇਥੋਂ ਆਪ ਦੀਨਾ-ਕਾਂਗੜ ਪੁੱਜੇ ਜਿੱਥੇ ਆਪ ਨੇ ਔਰੰਗਜ਼ੇਬ ਨੂੰ ਖ਼ਤ ਲਿਖਿਆ ਤੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦੇ ਹੱਥ ਔਰੰਗਜ਼ੇਬ ਵੱਲ ਭੇਜ ਦਿੱਤਾ। ਇੱਥੋਂ ਚਲ ਕੇ ਆਪ 16 ਜਨਵਰੀ 1706 ਦੇ ਦਿਨ ਤਲਵੰਡੀ ਸਾਬੋ ਪਹੁੰਚੇ। ਆਪ ਏਥੇ 9 ਮਹੀਨੇ ਰਹੇ।

30 ਅਕਤੂਬਰ 1706 ਨੂੰ ਆਪ ਅਹਿਮਦਨਗਰ ਵੱਲ ਚੱਲ ਪਏ ਤਾਂ ਜੋ ਔਰੰਗਜ਼ੇਬ ਨਾਲ ਰੂਬਰੂ ਹੋ ਸਕਣ। ਆਪ ਅਜੇ ਰਾਹ ਵਿਚ ਸਨ ਕਿ ਔਰੰਗਜ਼ੇਬ ਮਰ ਗਿਆ। ਉਸ

ਦੇ ਪੁੱਤਰਾਂ ਵਿਚ ਤਖ਼ਤ ਵਾਸਤੇ ਜੰਗ ਸ਼ੁਰੂ ਹੋ ਗਈ। ਤਖ਼ਤ ਹਾਸਿਲ ਕਰਨ ਵਾਸਤੇ, ਬਹਾਦਰ ਸ਼ਾਹ ਨੇ ਆਪਣਾ ਨੁਮਾਇੰਦਾ ਭੇਜ ਕੇ ਗੁਰੂ ਸਾਹਿਬ ਤੋਂ ਵੀ ਮਦਦ ਮੰਗੀ। ਗੁਰੂ ਸਾਹਿਬ ਦੇ ਸਿੱਖ ਇਸ ਜੰਗ ਵਿਚ ਬਹਾਦਰ ਸ਼ਾਹ ਦੇ ਨਾਲ ਹੋ ਕੇ ਲੜੇ। ਬਹਾਦਰ ਸ਼ਾਹ ਨੇ ਜਿੱਤਣ ਮਗਰੋਂ ਗੁਰੂ ਸਾਹਿਬ ਦਾ ਸ਼ੁਕਰੀਆ ਅਦਾ ਕੀਤਾ ਤੇ ਦਰਬਾਰ ਵਿਚ ਬੁਲਾ ਕੇ ਸਨਮਾਨ ਕੀਤਾ। ਉਸ ਨੇ ਗੁਰੂ ਸਾਹਿਬ ਨਾਲ ਸਿੱਖਾਂ 'ਤੇ ਜ਼ੁਲਮ ਕਰਨ ਵਾਲਿਆਂ ਨੂੰ ਸਜ਼ਾ ਦੇਣ ਵਾਸਤੇ ਵੀ ਵਿਚਾਰਾਂ ਕੀਤੀਆਂ। ਗੁਰੂ ਸਾਹਿਬ ਕਾਫ਼ੀ ਦੇਰ ਬਹਾਦਰ ਸ਼ਾਹ ਦੇ ਨਾਲ ਰਹੇ ਤੇ ਨੰਦੇੜ ਤਕ ਇਕੱਠੇ ਗਏ। ਜਦੋਂ ਗੁਰੂ ਸਾਹਿਬ ਨੇ ਦੇਖਿਆ ਕਿ ਬਹਾਦਰ ਸ਼ਾਹ ਚਾਲਾਕੀ ਕਰ ਰਿਹਾ ਹੈ ਤਾਂ ਉਨ੍ਹਾਂ ਨੇ ਨੰਦੇੜ ਦੇ ਨੇੜੇ ਉਸ ਦਾ ਸਾਥ ਛੱਡ ਦਿੱਤਾ।

ਏਥੇ ਬਾਬਾ ਬੰਦਾ ਸਿੰਘ ਉਨ੍ਹਾਂ ਨੂੰ ਮਿਲਿਆ। ਉਸ ਨੇ ਗੁਰੂ ਸਾਹਿਬ ਦੀ ਸੰਗਤ ਕੀਤੀ। ਉਸ ਨੇ ਸਿੱਖੀ ਵਿਚ ਸ਼ਾਮਿਲ ਹੋਣ ਦੀ ਖ਼ਾਹਿਸ਼ ਦਾ ਇਜ਼ਹਾਰ ਕੀਤਾ। 3 ਸਤੰਬਰ 1708 ਦੇ ਦਿਨ ਉਸ ਨੇ ਖੰਡੇ ਦੀ ਪਾਹੁਲ ਲਈ। ਗੁਰੂ ਸਾਹਿਬ ਨੇ ਉਸ ਨੂੰ ਖਾਲਸਾ ਫ਼ੌਜਾਂ ਦਾ ਜਥੇਦਾਰ ਬਣਾ ਕੇ ਪੰਜਾਬ ਭੇਜ ਦਿੱਤਾ। 5 ਅਕਤੂਬਰ 1708 ਨੂੰ ਬੰਦਾ ਸਿੰਘ ਨੰਦੇੜ ਤੋਂ ਟੁਰਿਆ। ਉਸੇ ਸ਼ਾਮ ਨੂੰ ਜਮਸ਼ੇਦ ਖ਼ਾਨ ਨਾਂ ਦੇ ਪਠਾਣ (ਜਿਸ ਨੂੰ ਵਜ਼ੀਰ ਖ਼ਾਨ ਨੇ, ਸ਼ਾਇਦ ਬਹਾਦਰ ਸ਼ਾਹ ਦੀ ਮਨਜ਼ੂਰੀ ਨਾਲ, ਭੇਜਿਆ ਸੀ) ਨੇ ਗੁਰੂ ਸਾਹਿਬ ਨੂੰ ਸੁੱਤਿਆਂ ਪਿਆਂ ਛੁਰਿਆਂ ਦੇ ਵਾਰ ਕਰ ਕੇ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। 6 ਅਕਤੂਬਰ ਨੂੰ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰਤਾ ਦਿੱਤੀ ਅਤੇ ਅੱਧੀ ਰਾਤ ਵੇਲੇ ਜੋਤੀ-ਜੋਤਿ ਸਮਾ ਗਏ। ਆਪ ਦਾ ਸਸਕਾਰ 7 ਅਕਤੂਬਰ ਨੂੰ ਨੰਦੇੜ ਵਿਚ ਹੀ ਕੀਤਾ ਗਿਆ।

ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਆਪਣੇ ਕੋਲ ਸੱਦਿਆ ਅਤੇ ਆਖਿਆ ਕਿ ਮੈਨੂੰ ਅਕਾਲ ਪੁਰਖ ਦਾ ਹੁਕਮ ਆ ਗਿਆ ਹੈ। ਮੇਰੇ ਪਿੱਛੋਂ ਤੁਸੀਂ ਸਭ ਨੇ ਪੰਥ ਦੀ ਹਿਫ਼ਾਜ਼ਤ ਕਰਨੀ ਹੈ। ਮੈਂ ਹੁਣ ਆਪਣਾ ਜਾਂਨਸ਼ੀਨ ਕਿਸੇ ਇਕ ਸ਼ਖ਼ਸ ਨੂੰ ਨਹੀਂ ਬਣਾਉਣਾ। ਹੁਣ ਸਿੱਖਾਂ ਨੂੰ ਧਰਮ, ਜੀਵਨ ਜਾਚ, ਫ਼ਲਸਫ਼ੇ ਬਾਰੇ ਭਰਪੂਰ ਇਲਮ ਹੋ ਚੁੱਕਾ ਹੈ ਤੇ ਉਨ੍ਹਾਂ ਨੂੰ ਕਿਸੇ ਸ਼ਖ਼ਸੀ ਗੁਰੂ ਦੀ ਲੋੜ ਨਹੀਂ। ਗੁਰੂ ਸਾਹਿਬਾਨ ਦੀ ਸਿੱਖਿਆ ਵਿਚ ਸਾਰਾ ਕੁਝ ਹਾਜ਼ਿਰ ਹੈ ਅਤੇ ਇਹ ਸਾਰਾ ਕੁਝ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਲਈ ਪੰਥ ਮੇਰੇ ਮਗਰੋਂ ਸਿਰਫ਼ ਗੁਰੂ ਗ੍ਰੰਥ ਸਾਹਿਬ (ਸ਼ਬਦ) ਨੂੰ ਹੀ ਆਪਣਾ ਗੁਰੂ ਮੰਨੇ। ਇਹ ਸਿੱਖਾਂ ਦਾ ਸਦੀਵੀ ਗੁਰੂ ਹੋਵੇਗਾ। ਇੰਞ ਹੀ ਪੰਥ ਆਪਣੇ ਰੋਜ਼ਮੱਰਾ ਦੇ ਮਸਲਿਆਂ ਦਾ ਹੱਲ ਸਾਂਝੀ ਅਗਵਾਈ ਦੇ ਗੁਰਮਤੇ ਨਾਲ ਕਰਿਆ ਕਰੇਗਾ। ਜਿਥੇ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਕੌਮੀ ਸੋਚ ਨਾਲ, ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਮੁਤਾਬਿਕ ਗੁਰਮਤਾ ਕਰਿਆ ਕਰਨਗੇ, ਉੱਥੇ ਮੈਂ ਖ਼ੁਦ ਹਾਜ਼ਿਰ ਹੋਇਆ ਕਰਾਂਗਾ।

ਬਾਬਾ ਬੰਦਾ ਸਿੰਘ

5 ਅਕਤੂਬਰ 1708 ਦੇ ਦਿਨ, ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਨੂੰ ਖਾਲਸਾ ਫ਼ੌਜਾਂ ਦਾ ਜਥੇਦਾਰ ਬਣਾ ਕੇ ਪੰਜਾਬ ਨੂੰ ਟੋਰ ਦਿੱਤਾ ਸੀ। ਬਾਬਾ ਬੰਦਾ ਸਿੰਘ ਦੇ ਨਾਲ ਗੁਰੂ ਸਾਹਿਬ ਨੇ ਆਪਣੇ ਕੁਝ ਚੋਣਵੇਂ ਸਿੰਘ ਵੀ ਭੇਜੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਸੀ ਕਿ ਉਹ ਆਪਣੀ ਸਾਂਝੀ ਰਾਇ ਨਾਲ ਗੁਰਮਤਾ ਕਰ ਕੇ ਕਾਰਵਾਈ ਕਰਿਆ ਕਰਨਗੇ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਹ ਵੀ ਹਦਾਇਤ ਦਿੱਤੀ ਸੀ ਕਿ ਉਨ੍ਹਾਂ ਨੇ ਆਜ਼ਾਦੀ ਵਾਸਤੇ ਜੱਦੋ-ਜਹਿਦ ਕਰਨੀ ਹੈ ਪਰ ਇਸ ਜੱਦੋ-ਜਹਿਦ ਉੱਤੇ ਵੀ ਧਰਮ ਦਾ

ਪਹਿਰਾ ਹੋਣਾ ਹੈ। ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਨੂੰ ਇਕ ਹੁਕਮਨਾਮਾ ਵੀ ਦਿੱਤਾ ਸੀ ਜਿਸ ਵਿਚ ਸੰਗਤਾਂ ਨੂੰ ਆਖਿਆ ਗਿਆ ਸੀ ਕਿ ਮੁਲਕ ਦੀ ਆਜ਼ਾਦੀ ਵਾਸਤੇ ਸਾਰੇ ਸਿੱਖ ਬਾਬਾ ਬੰਦਾ ਸਿੰਘ ਦਾ ਸਾਥ ਦੇਣ।

ਅਜੇ ਬੰਦਾ ਸਿੰਘ ਰਸਤੇ ਵਿਚ ਹੀ ਸੀ ਕਿ ਉਸ ਨੂੰ ਪਤਾ ਲੱਗ ਗਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਸ਼ਹੀਦ ਹੋ ਚੁਕੇ ਹਨ। ਪਰ ਇਸ ਨਾਲ ਉਸ ਨੇ ਗੁਰੂ ਸਾਹਿਬ ਵੱਲੋਂ ਦਿੱਤੇ ਮਿਸ਼ਨ ਨੂੰ ਛੱਡਿਆ ਨਹੀਂ। ਉਹ ਮਿੱਥੇ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਚਲਦਾ-ਚਲਦਾ ਦਿੱਲੀ ਦੇ ਨੇੜੇ ਖਰਖੋਦਾ ਪਰਗਣੇ ਵਿਚ ਪੁੱਜ ਗਿਆ। ਇਥੋਂ ਉਸ ਨੇ ਗੁਰੂ ਸਾਹਿਬ ਦੇ ਮੁੱਖ ਸੇਵਾਦਾਰਾਂ ਅਤੇ ਸਿੱਖ ਪਿੰਡਾਂ ਵੱਲ ਖ਼ਤ ਭੇਜੇ ਅਤੇ ਗੁਰੂ ਸਾਹਿਬ ਦੇ ਹੁਕਮ ਬਾਰੇ ਦੱਸਿਆ। ਬਾਬਾ ਬੰਦਾ ਸਿੰਘ ਦੇ ਖ਼ਤ ਮਿਲਣ 'ਤੇ ਸੈਂਕੜੇ ਤੇ ਫਿਰ ਹਜ਼ਾਰਾਂ ਸਿੱਖ ਉਸ ਦੇ ਨਾਲ ਆ ਰਲੇ। ਇਕ ਸਾਲ ਦੇ ਅੰਦਰ-ਅੰਦਰ ਬਾਬਾ ਬੰਦਾ ਸਿੰਘ ਕੋਲ ਹਜ਼ਾਰਾਂ ਸਿੱਖਾਂ ਦੀ ਫ਼ੌਜ ਬਣ ਚੁੱਕੀ ਸੀ। ਹੁਣ ਬਾਬਾ ਬੰਦਾ ਸਿੰਘ ਮੁਗ਼ਲ ਫ਼ੌਜਾਂ ਨਾਲ ਮੁੱਢਲੀ ਟੱਕਰ ਲੈ ਸਕਦਾ ਸੀ।

ਬਾਬਾ ਬੰਦਾ ਸਿੰਘ ਦੇ ਫ਼ੌਜੀ ਐਕਸ਼ਨ ਦਾ ਪਹਿਲਾ ਅਹਿਮ ਪੜਾਅ ਸਮਾਣਾ ਕਸਬਾ ਸੀ। ਸਮਾਣਾ ਕਿਸੇ ਵੇਲੇ ਇਕ ਵੱਡੀ ਰਿਆਸਤ ਸੀ। ਲਾਹੌਰ, ਮੁਲਤਾਨ ਤੇ ਸਾਹਰਿੰਦ (ਹੁਣ ਸਰਹਿੰਦ) ਤੋਂ ਮਗਰੋਂ ਵੱਡੀ ਰਿਆਸਤ ਸਮਾਣਾ ਹੀ ਸੀ। ਸਿੱਖ ਤਵਾਰੀਖ਼ ਵਿਚ ਸਮਾਣੇ ਦਾ ਸਬੰਧ ਇਸ ਕਰ ਕੇ ਵੀ ਸੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਿੱਕੇ ਦੋ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਇਸੇ ਨਗਰ ਦੇ ਸਨ। ਬਾਬਾ ਬੰਦਾ ਸਿੰਘ ਨੇ 26 ਨਵੰਬਰ 1709 ਦੇ ਦਿਨ ਸਮਾਣੇ 'ਤੇ ਹਮਲਾ ਕਰ ਦਿੱਤਾ। ਸਿਰਫ਼ ਕੁਝ ਘੰਟਿਆਂ ਦੀ ਲੜਾਈ ਤੋਂ ਮਗਰੋਂ ਸਮਾਣੇ 'ਤੇ ਸਿੱਖ ਫ਼ੌਜਾਂ ਦਾ ਕਬਜ਼ਾ ਹੋ ਚੁੱਕਾ ਸੀ। ਅਗਲੇ ਦਿਨ ਬਾਬਾ ਬੰਦਾ ਸਿੰਘ ਨੇ ਭਾਈ ਫ਼ਤਹਿ ਸਿੰਘ ਨੂੰ ਸਮਾਣਾ ਦਾ ਸੂਬੇਦਾਰ ਤਾਇਨਾਤ ਕਰ ਦਿੱਤਾ ਤੇ ਉਸ ਨਾਲ ਪੰਜ ਸਿੰਘਾਂ ਨੂੰ ਸਲਾਹਕਾਰ ਥਾਪ ਦਿੱਤਾ। ਸਮਾਣਾ ਖ਼ਾਲਸੇ ਦੀ ਹਕੂਮਤ ਦਾ ਪਹਿਲਾ ਸੈਂਟਰ ਬਣ ਗਿਆ।

ਸਮਾਣੇ 'ਤੇ ਕਬਜ਼ਾ ਕਰਨ ਮਗਰੋਂ ਬਾਬਾ ਬੰਦਾ ਸਿੰਘ ਨੇ ਸਿੱਖ ਹੋਮਲੈਂਡ ਦਾ ਬਾਕੀ ਹਿੱਸਾ ਆਜ਼ਾਦ ਕਰਵਾਉਣ ਵਾਸਤੇ ਤਿਆਰੀ ਸ਼ੁਰੂ ਕਰ ਦਿੱਤੀ। ਕੁਝ ਹੀ ਹਫ਼ਤਿਆਂ ਵਿਚ ਘੁੜਾਮ, ਠਸਕਾ, ਸ਼ਾਹਬਾਦ-ਮਾਰਕੰਡਾ ਤੇ ਮੁਸਤਫ਼ਾਬਾਦ 'ਤੇ ਸਿੱਖਾਂ ਦੀ ਹਕੂਮਤ ਕਾਇਮ ਹੋ ਚੁੱਕੀ ਸੀ। ਬਾਬਾ ਬੰਦਾ ਸਿੰਘ ਨੇ ਇਨ੍ਹਾਂ ਸਾਰੀਆਂ ਰਿਆਸਤਾਂ ਦੇ ਸਿੱਖ ਨਾਜ਼ਮ ਲਾ ਦਿੱਤੇ। ਇਸ ਤੋਂ ਕੁਝ ਚਿਰ ਮਗਰੋਂ ਉਸ ਨੇ ਸਢੌਰਾ 'ਤੇ ਵੀ ਕਬਜ਼ਾ ਕਰ ਲਿਆ। ਇਸ ਮਗਰੋਂ ਉਸ ਨੇ ਮੁਖਲਿਸਗੜ੍ਹ ਕਿਲ੍ਹੇ 'ਤੇ ਕਬਜ਼ਾ ਕਰ ਕੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਸਾਹਰਿੰਦ (ਹੁਣ ਸਰਹਿੰਦ) ਦੇ ਦੁਆਲੇ ਸਾਰੇ ਕਿਲ੍ਹਿਆਂ ਨੂੰ ਜਿੱਤਣ ਮਗਰੋਂ ਉਸ ਨੇ ਸਾਹਰਿੰਦ ਨੂੰ ਆਜ਼ਾਦ ਕਰਵਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਸਾਹਰਿੰਦ ਉਸ ਵੇਲੇ ਦਿੱਲੀ ਅਤੇ ਲਾਹੌਰ ਤੋਂ ਬਾਅਦ ਸਭ ਤੋਂ ਵੱਧ ਮਜ਼ਬੂਤ ਤੇ ਤਾਕਤਵਰ ਹਕੂਮਤ ਸੀ। ਸ਼ਰਹਿੰਦ ਸਿੱਖਾਂ ਦੇ ਸੀਨੇ 'ਤੇ ਇਕ ਨਾਸੂਰ ਵਾਂਗ ਸੀ ਕਿਉਂਕਿ ਇਸ ਦੇ ਸੂਬੇਦਾਰ ਵਜ਼ੀਰ ਖ਼ਾਨ ਨੇ ਸਿੱਖਾਂ 'ਤੇ ਬੜੇ ਜ਼ੁਲਮ ਕੀਤੇ ਸਨ। ਇਸ ਦੀ ਹੀ ਮਦਦ ਨਾਲ ਬਿਲਾਸਪੁਰ ਦੇ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ 'ਤੇ ਹਮਲੇ ਕੀਤੇ ਸਨ ਤੇ ਗੁਰੂ ਸਾਹਿਬ ਨੂੰ ਸਿੱਖ ਨਗਰ ਨੂੰ ਖ਼ਾਲੀ ਕਰਨਾ ਪਿਆ ਸੀ। ਇਸੇ ਦੇ ਹੁਕਮ 'ਤੇ ਹੀ ਮਲੇਰਕੋਟਲੇ ਦੀ ਫ਼ੌਜ ਨੇ ਚਮਕੌਰ ਦੀ ਗੜ੍ਹੀ ਵਿਚ ਗੁਰੂ ਸਾਹਿਬ 'ਤੇ ਹਮਲਾ ਕੀਤਾ ਸੀ ਜਿਸ ਵਿਚ ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਭ ਤੋਂ ਅਜ਼ੀਜ਼ ਸਿੱਖ ਸ਼ਹੀਦ ਹੋਏ ਸਨ। ਇਸੇ ਨੇ

ਗੁਰੂ ਸਾਹਿਬ ਦੇ ਦੋ ਨਿੱਕੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਿਆ ਅਤੇ ਮਗਰੋਂ ਸ਼ਹੀਦ ਕੀਤਾ ਸੀ। ਇਸੇ ਨੇ ਗੁਰੂ ਸਾਹਿਬ ਦੀ ਬਜ਼ੁਰਗ ਮਾਤਾ ਗੁਜਰੀ ਨੂੰ ਤਸੀਹੇ ਦੇਣ ਮਗਰੋਂ ਸਾਹਰਿੰਦ ਕਿਲ੍ਹੇ ਦੇ ਬੁਰਜ ਤੋਂ ਸੁੱਟ ਕੇ ਸ਼ਹੀਦ ਕੀਤਾ ਸੀ। ਸਿੱਖ ਇਸ ਨੂੰ ਸਖ਼ਤ ਸਜ਼ਾ ਦੇਣਾ ਚਾਹੁੰਦੇ ਸਨ। ਪਰ, ਸਾਹਰਿੰਦ ਇਕ ਬੜੀ ਵੱਡੀ ਰਿਆਸਤ ਸੀ। ਇਹ ਰਿਆਸਤ ਕਈ ਮੀਲਾਂ ਤੱਕ ਫੈਲੀ ਹੋਈ ਸੀ। ਇਸ ਦੀ ਇਕ ਬੜੀ ਵੱਡੀ ਫ਼ੌਜ ਸੀ। ਇਕੱਲਾ ਸਾਹਰਿੰਦ ਸ਼ਹਿਰ ਤਿੰਨ ਕੋਹ (10 ਕਿਲੋਮੀਟਰ) ਦੇ ਰਕਬੇ ਵਿਚ ਵਸਿਆ ਹੋਇਆ ਸੀ। ਇਸ ਦਾ ਮਜ਼ਬੂਤ ਕਿਲ੍ਹਾ ਅਤੇ ਅਸਲੇ ਦਾ ਵੱਡਾ ਜ਼ਖ਼ੀਰਾ (ਦਿੱਲੀ ਤੋਂ ਮਗਰੋਂ ਸ਼ਾਇਦ ਸਭ ਤੋਂ ਵੱਡਾ) ਇਸੇ ਰਿਆਸਤ ਕੋਲ ਸੀ। ਇਸ ਹਾਲਤ ਵਿਚ ਇਸ 'ਤੇ ਹਮਲਾ ਕਰਨ ਜਾਂ ਇਸ ਦਾ ਮੁਕਾਬਲਾ ਕਰਨ ਬਾਰੇ ਸੋਚਣਾ ਬੜੀ ਸੰਜੀਦਾ ਗੱਲ ਸੀ। ਇਸ ਕਰ ਕੇ ਬਾਬਾ ਬੰਦਾ ਸਿੰਘ ਨੂੰ ਛੇ ਮਹੀਨੇ ਹੋਰ ਤਿਆਰੀ ਕਰਨੀ ਪਈ। ਉਸ ਕੋਲ ਫ਼ੌਜ ਦੀ ਵੀ ਅਜੇ ਕਮੀ ਸੀ। ਉਸ ਨੇ ਸਾਰੇ ਪਾਸੇ ਸਿੱਖਾਂ ਨੂੰ ਖ਼ਤ ਲਿਖ ਕੇ ਫ਼ੌਜ ਵਿਚ ਸ਼ਾਮਿਲ ਹੋਣ ਵਾਸਤੇ ਆਖਿਆ। ਕਣਕਾਂ ਦੀ ਵਾਢੀ ਤੋਂ ਮਗਰੋਂ ਹਜ਼ਾਰਾਂ ਸਿੱਖ ਬਾਬਾ ਬੰਦਾ ਸਿੰਘ ਦੇ ਕੈਂਪ ਵਿਚ ਆ ਗਏ। ਇਨ੍ਹਾਂ ਵਿਚ ਮਾਝਾ, ਮਾਲਵਾ, ਦੋਆਬਾ, ਕਸ਼ਮੀਰ ਅਤੇ ਹੋਰ ਸਾਰੇ ਪਾਸਿਆਂ ਦੇ ਸਿੱਖ ਸ਼ਾਮਿਲ ਸਨ।

ਇਧਰ ਬਾਬਾ ਬੰਦਾ ਸਿੰਘ ਦੀ ਪੂਰੀ ਤਿਆਰੀ ਹੋ ਗਈ ਤੇ ਉਧਰ ਵਜ਼ੀਰ ਖ਼ਾਨ ਨੇ ਵੀ ਉਸ ਤੇ ਹਮਲਾ ਕਰਨ ਦੀ ਤਿਆਰੀ ਕਰ ਲਈ। 12 ਮਈ 1710 ਦੇ ਦਿਨ ਸਾਹਰਿੰਦ ਤੋਂ ਕਾਫ਼ੀ ਦੂਰ ਚੱਪੜ ਚਿੜੀ ਪਿੰਡ ਦੀ ਜੂਹ ਵਿਚ ਸਿੱਖਾਂ ਅਤੇ ਸਾਹਰਿੰਦੀ ਫ਼ੌਜਾਂ ਵਿਚ ਗਹਿ-ਗੱਚ ਲੜਾਈ ਹੋਈ। ਇਸ ਜ਼ਬਰਦਸਤ ਜੰਗ ਵਿਚ ਤਿੰਨ ਹਜ਼ਾਰ ਦੇ ਕਰੀਬ ਸਿੱਖ ਸ਼ਹੀਦ ਹੋਏ ਅਤੇ ਪੰਜ ਹਜ਼ਾਰ ਸਾਹਰਿੰਦੀ ਫ਼ੌਜੀ ਮਾਰੇ ਗਏ। ਸਾਹਰਿੰਦ ਦਾ ਸੂਬੇਦਾਰ ਵਜ਼ੀਰ ਖ਼ਾਨ ਵੀ ਮਾਰਿਆ ਗਿਆ। ਅਖ਼ੀਰ 14 ਮਈ 1710 ਦੇ ਦਿਨ ਸਾਹਰਿੰਦ 'ਤੇ ਸਿੱਖ ਫ਼ੌਜਾਂ ਦਾ ਕਬਜ਼ਾ ਹੋ ਗਿਆ। ਵਜ਼ੀਰ ਸੁੱਚਾ ਨੰਦ ਨੂੰ ਸਿੱਖਾਂ ਨੇ ਗ੍ਰਿਫ਼ਤਾਰ ਕਰ ਲਿਆ। ਇਸ ਜ਼ਾਲਮ ਨੂੰ ਉਸ ਦੇ ਜੁਰਮ ਦੇ ਮੁਤਾਬਿਕ ਸਖ਼ਤ ਸਜ਼ਾ ਦਿੱਤੀ ਗਈ।

ਸਾਹਰਿੰਦ 'ਤੇ ਕਬਜ਼ਾ ਕਰਨ ਮਗਰੋਂ ਬਾਬਾ ਬੰਦਾ ਸਿੰਘ ਨੇ ਇਸ ਰਿਆਸਤ ਵਿਚ ਖ਼ਾਲਸਾ ਰਾਜ ਕਾਇਮ ਕਰਨਾ ਦਾ ਐਲਾਨ ਕਰ ਦਿੱਤਾ। ਸਾਹਰਿੰਦ ਦੀ ਜਿੱਤ ਵਾਲੇ ਦਿਨ ਤੋਂ ਬਾਬਾ ਬੰਦਾ ਸਿੰਘ ਨੇ ਨਵੇਂ ਸੰਮਤ (ਕੈਲੰਡਰ) ਦੀ ਸ਼ੁਰੂਆਤ ਕਰ ਦਿੱਤੀ। ਬੰਦਾ ਸਿੰਘ ਨੇ ਖ਼ਾਲਸਾ ਰਾਜ ਦਾ ਨਵਾਂ ਸਿੱਕਾ ਅਤੇ ਖ਼ਾਲਸਾ ਸਰਕਾਰ ਦੀ ਮੁਹਰ ਵੀ ਜਾਰੀ ਕੀਤੀ। ਖ਼ਾਲਸੇ ਦੇ ਸਿੱਕੇ 'ਤੇ ਉਕਰਿਆ ਹੋਇਆ ਸੀ:

ਦੇਗ-ਓ-ਤੇਗ-ਓ-ਫ਼ਤਹਿ-ਓ-ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ -ਗੁਰੂ ਗੋਬਿੰਦ ਸਿੰਘ

ਬੰਦਾ ਸਿੰਘ ਨੇ ਸ: ਬਾਜ ਸਿੰਘ ਨੂੰ ਸਾਹਰਿੰਦ ਦਾ ਨਵਾਂ ਸੂਬੇਦਾਰ ਤਾਇਨਾਤ ਕਰ ਦਿੱਤਾ। ਉਸ ਨੇ ਬਾਕੀ ਇੰਤਜ਼ਾਮ ਵੀ ਸਿੱਖਾਂ ਨੂੰ ਸੌਂਪ ਦਿੱਤਾ। ਸਾਹਰਿੰਦ, ਜੋ ਜ਼ਾਲਮ ਸੂਬੇ ਵਜੋਂ ਜਾਣਿਆ ਜਾਣ ਲੱਗ ਪਿਆ ਸੀ, ਹੁਣ ਇਨਸਾਫ਼ ਦੀ ਰਿਆਸਤ ਮੰਨਿਆ ਜਾਣ ਲੱਗ ਪਿਆ।

ਪਰ, ਬਾਬਾ ਬੰਦਾ ਸਿੰਘ ਦੀ ਹਕੂਮਤ ਬਹੁਤੀ ਦੇਰ ਕਾਇਮ ਨਾ ਰਹਿ ਸਕੀ। ਬਾਦਸ਼ਾਹ ਬਹਾਦਰ ਸ਼ਾਹ ਇਕ ਲੱਖ ਤੋਂ ਵਧ ਫ਼ੌਜ ਨਾਲ ਪੰਜਾਬ ਵੱਲ ਚਲ ਪਿਆ। ਕੁਝ ਹੀ ਦਿਨਾਂ ਵਿਚ ਬੰਦਾ ਸਿੰਘ ਦੇ ਜਿੱਤੇ ਇਲਾਕਿਆਂ 'ਤੇ ਮੁਗ਼ਲਾਂ ਨੇ ਮੁੜ ਕਬਜ਼ਾ ਕਰ ਲਿਆ। ਇਸ ਮਗਰੋਂ ਮੁਗ਼ਲ ਫ਼ੌਜਾਂ ਬਾਬਾ ਬੰਦਾ ਸਿੰਘ ਦੇ ਪਿੱਛੇ ਲੱਗ ਗਈਆਂ ਤੇ ਉਸ ਨੂੰ ਲੋਹਗੜ੍ਹ

ਵਿਚ ਘੇਰ ਲਿਆ ਪਰ ਬੰਦਾ ਸਿੰਘ ਇਸ ਘੇਰੇ ਵਿਚੋਂ ਵੀ ਬਚ ਕੇ ਨਿਕਲ ਗਿਆ। ਇਸ ਦੌਰਾਨ ਉਸ ਨੇ ਬਿਲਾਸਪੁਰ ਤੇ ਹੋਰ ਪਹਾੜੀ ਇਲਾਕਿਆਂ ਵਿਚ ਹਮਲੇ ਕਰ ਕੇ ਉਨ੍ਹਾਂ ਤੋਂ ਆਪਣੀ ਈਨ ਮੰਨਵਾਈ ਅਤੇ ਖਰਾਜ (ਟੈਕਸ) ਵਸੂਲ ਕੀਤਾ। ਸਿੱਖ ਫ਼ੌਜ ਨੂੰ ਮੁੜ ਜਥੇਬੰਦ ਕਰ ਕੇ ਉਹ ਫਿਰ ਪੰਜਾਬ ਵੱਲ ਮੁੜਿਆ। ਹੁਣ ਬਹਾਦਰ ਸ਼ਾਹ ਨੇ ਲਾਹੌਰ ਵਿਚ ਹੀ ਡੇਰੇ ਲਾ ਲਏ। ਪਰ ਉਸ ਨੂੰ ਬੰਦਾ ਸਿੰਘ ਦਾ ਡਰ ਏਨਾ ਪੈ ਗਿਆ ਕਿ ਉਹ ਪਾਗਲ ਹੋ ਗਿਆ ਤੇ 28 ਫ਼ਰਵਰੀ 1712 ਦੇ ਦਿਨ ਮਰ ਗਿਆ। ਉਸ ਦੀ ਮੌਤ ਮਗਰੋਂ ਕਾਫ਼ੀ ਸਮਾਂ ਦਿੱਲੀ ਦੇ ਤਖ਼ਤ ਦੇ ਹਾਕਮ ਕੋਈ ਤਾਕਤਵਰ ਨਿਜ਼ਾਮ ਨਾ ਕਾਇਮ ਕਰ ਸਕੇ ਜਿਸ ਕਰ ਕੇ ਬੰਦਾ ਸਿੰਘ ਨੇ ਫੇਰ ਆਪਣਾ ਜਲਵਾ ਦਿਖਾਉਣਾ ਸ਼ੁਰੂ ਕਰ ਦਿੱਤਾ। 1713 ਵਿਚ ਫ਼ਰਖ਼ਸੀਅਰ ਬਾਦਸ਼ਾਹ ਬਣ ਗਿਆ। ਉਸ ਨੇ ਆਪਣੇ ਪੈਰ ਪੱਕੇ ਕਰਨ ਮਗਰੋਂ ਬੰਦਾ ਸਿੰਘ ਦੇ ਖ਼ਿਲਾਫ਼ ਵੱਡੀ ਫ਼ੌਜ ਭੇਜ ਦਿੱਤੀ। ਕੁਝ ਚਿਰ ਤਾਂ ਮੁਗ਼ਲ ਤੇ ਸਿੱਖ ਫ਼ੌਜਾਂ ਵਿਚ ਲੁਕਣਮੀਟੀ ਚਲਦੀ ਰਹੀ ਪਰ ਅਖੀਰ ਅਪਰੈਲ 1715 ਵਿਚ ਬਾਬਾ ਬੰਦਾ ਸਿੰਘ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘਿਰ ਗਿਆ। ਮੁਗ਼ਲ ਫ਼ੌਜਾਂ ਦੀ ਗਿਣਤੀ ਏਨੀ ਸੀ ਕਿ ਉਨ੍ਹਾਂ ਦਾ ਘੇਰਾ ਤੋੜਨਾ ਆਸਾਨ ਨਹੀਂ ਸੀ। ਬੰਦਾ ਸਿੰਘ ਦੀ ਖਿਆਲ ਸੀ ਕਿ ਥੱਕ-ਹਾਰ ਕੇ ਮੁਗ਼ਲ ਘੇਰਾ ਚੁੱਕ ਲੈਣਗੇ। ਪਰ ਮੁਗ਼ਲਾਂ ਕੋਲ ਫ਼ੌਜਾਂ, ਹਥਿਆਰ, ਖ਼ੁਰਾਕ ਤੇ ਹੋਰ ਵਸੀਲੇ ਬਹੁਤ ਜ਼ਿਆਦਾ ਸਨ। ਇਸ ਲਈ ਉਨ੍ਹਾਂ ਨੇ 8 ਮਹੀਨੇ ਤਕ ਘੇਰਾ ਪਈ ਰੱਖਿਆ।

ਇਸ 8 ਮਹੀਨੇ ਦੇ ਲੰਮੇ ਘੇਰੇ ਨਾਲ ਸਿੱਖ ਫ਼ੌਜਾਂ ਵਾਸਤੇ ਬੜੀ ਮੁਸ਼ਕਿਲ ਆਈ। ਉਨ੍ਹਾਂ ਕੋਲ ਖਾਣ ਦਾ ਸਾਮਾਨ ਤੇ ਅਸਲਾ ਦੋਵੇਂ ਹੀ ਥੋੜ੍ਹੇ ਸਨ। ਜੇ ਉਹ ਘੇਰਾ ਤੋੜ ਕੇ ਨਿਕਲਣ ਦੀ ਕੋਸ਼ਿਸ਼ ਕਰਦੇ ਤਾਂ ਵੀ ਉਨ੍ਹਾਂ ਵਿਚੋਂ ਕਿਸੇ ਦੇ ਬਚਣ ਦੀ ਕੋਈ ਆਸ ਨਹੀਂ ਸੀ ਤੇ ਗੜ੍ਹੀ ਵਿਚ ਘਿਰੇ ਰਹਿਣ ਨਾਲ ਖ਼ੁਰਾਕ ਮੁੱਕ ਜਾਣੀ ਸੀ। ਉਹੀ ਹੋਇਆ। ਅਖੀਰ ਉਨ੍ਹਾਂ ਕੋਲ ਖ਼ੁਰਾਕ ਮੁੱਕ ਗਈ। ਕਈ ਦਿਨ ਉਹ ਬਿਲਕੁਲ ਹੀ ਭੁੱਖੇ ਰਹੇ ਤੇ ਇਸ ਨਾਲ ਉਹ ਨਿਢਾਲ ਹੋ ਗਏ। ਜਦੋਂ ਕਈ ਦਿਨ ਸਿੱਖ ਫ਼ੌਜਾਂ ਦੀ ਕੋਈ ਹਿਲਜੁਲ ਨਾ ਹੋਈ ਤਾਂ ਮੁਗ਼ਲ ਫ਼ੌਜਾਂ ਨੇ ਇਕੱਠਿਆਂ ਹੀ ਗੜ੍ਹੀ 'ਤੇ ਧਾਵਾ ਬੋਲ ਦਿੱਤਾ। ਉਹ ਵੱਡਾ ਗੇਟ ਤੋੜ ਕੇ ਅੰਦਰ ਵੜੇ ਤਾਂ ਉਨ੍ਹਾਂ ਨੂੰ ਕੋਈ ਸਿੱਖ ਵੀ ਮੁਕਾਬਲੇ ਵਿਚ ਨਜ਼ਰ ਨਾ ਆਇਆ। ਸਾਰੇ ਭੁੱਖ ਨਾਲ ਕਜ਼ਮਰੋ ਹੋਣ ਮਗਰੋਂ ਨਿਢਾਲ ਪਏ ਹੋਏ ਸਨ। ਮੁਗ਼ਲਾਂ ਨੇ ਅਧਮੋਏ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਗੱਲ 7 ਦਸੰਬਰ 1715 ਦੀ ਹੈ। ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਦਿੱਲੀ ਵਿਚ ਮਾਰਚ 1716 ਵਿਚ ਇਨ੍ਹਾਂ ਨੂੰ 100 ਰੋਜ਼ ਦੇ ਹਿਸਾਬ ਨਾਲ ਕਤਲ ਕਰ ਦਿੱਤਾ ਗਿਆ। ਬੰਦਾ ਸਿੰਘ ਨੂੰ 9 ਜੂਨ ਨੂੰ ਤੇ ਬਾਕੀ ਦੇ ਡੇਢ ਦਰਜਨ ਮੁਖੀ ਸਿੱਖਾਂ ਨੂੰ 10 ਜੂਨ ਨੂੰ ਸ਼ਹੀਦ ਕਰ ਦਿੱਤਾ ਗਿਆ।

1716 ਤੋਂ ਅਗਲੇ ਪੰਜ ਸਾਲ ਸਿੱਖਾਂ ਵਾਸਤੇ ਬੜੇ ਔਖੇ ਦਿਨ ਸਨ। ਮੁਗ਼ਲ ਬਾਦਸ਼ਾਹ ਨੇ ਸਿੱਖਾਂ ਦੇ ਕਤਲੇਆਮ ਦਾ ਹੁਕਮ ਦਿੱਤਾ ਹੋਇਆ ਸੀ। ਕਈ ਸਿੱਖ ਫੜ ਕੇ ਮਾਰੇ ਵੀ ਜਾ ਚੁੱਕੇ ਸਨ। ਇਸ ਹਾਲਤ ਵਿਚ ਸਿੱਖ ਸ਼ਹਿਰਾਂ ਤੇ ਪਿੰਡਾਂ ਨੂੰ ਛੱਡ ਕੇ ਪਹਾੜਾਂ, ਜੰਗਲਾਂ ਤੇ ਰੇਗਿਸਤਾਨ ਵੱਲ ਚਲੇ ਗਏ। ਇਸ ਮਗਰੋਂ ਬਾਬਾ ਦਰਬਾਰਾ ਸਿੰਘ ਨੇ ਸਿੱਖ ਫ਼ੌਜਾਂ ਨੂੰ ਜਥੇਬੰਦ ਕੀਤਾ। ਹੌਲੀ-ਹੌਲੀ ਸਿੱਖ ਫ਼ੌਜਾਂ ਨੇ ਸਰਕਾਰੀ ਖ਼ਜ਼ਾਨੇ ਖੋਹਣੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਸਿੱਖ ਅੰਮ੍ਰਿਤਸਰ ਦੇ ਦਰਸ਼ਨ ਕਰਨ ਵਾਸਤੇ ਵੀ ਆਇਆ ਕਰਦੇ ਸਨ। ਅੰਮ੍ਰਿਤਸਰ ਤੋਂ ਕਾਫ਼ੀ ਦੂਰ ਪਿੰਡ ਡੱਲ-ਵਾਂ ਦੇ ਭਾਈ ਤਾਰਾ ਸਿੰਘ ਆਏ-ਗਏ ਸਿੱਖਾਂ ਵਾਸਤੇ ਰਹਿਣ ਦੀ ਥਾਂ ਅਤੇ ਲੰਗਰ ਵਗ਼ੈਰਾ ਦੀ ਸੇਵਾ ਕਰਿਆ ਕਰਦੇ ਸਨ। ਜਦੋਂ ਮੁਗ਼ਲ ਹਾਕਮ ਨੂੰ ਇਹ ਪਤਾ ਲੱਗਾ ਤਾਂ ਉਸ ਨੇ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਾਸਤੇ

ਫ਼ੌਜ ਭੇਜ ਦਿੱਤੀ। ਤਾਰਾ ਸਿੰਘ ਨੇ ਫ਼ੌਜ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਬਹੁਤ ਸਾਰੇ ਫ਼ੌਜੀ ਮਾਰ ਦਿੱਤੇ। ਅਖ਼ੀਰ ਉਹ ਆਪ ਵੀ ਸ਼ਹੀਦ ਹੋ ਗਏ।

ਭਾਈ ਤਾਰਾ ਸਿੰਘ ਦੀ ਸਿੱਖ ਆਗੂਆਂ ਵਿਚ ਬੜੀ ਇੱਜ਼ਤ ਸੀ । ਜਦੋਂ ਸਿੱਖ ਜਰਨੈਲਾਂ ਨੂੰ ਉਨ੍ਹਾਂ ਦੀ ਸ਼ਹੀਦੀ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਭਾਈ ਤਾਰਾ ਸਿੰਘ ਨੂੰ ਸ਼ਹੀਦ ਕਰਨ ਦੀ ਹਰਕਤ ਦੇ ਜਵਾਬ ਵਿਚ ਸਰਕਾਰੀ ਖ਼ਜ਼ਾਨੇ ਤੇ ਅਸਲਾਖਾਨੇ ਲੁੱਟੇ ਜਾਣ ਅਤੇ ਸਰਕਾਰੀ ਠਾਣਿਆਂ 'ਤੇ ਹਮਲਾ ਕਰ ਕੇ ਜ਼ਾਲਮਾਂ ਨੂੰ ਸਜ਼ਾ ਦਿੱਤੀ ਜਾਏ। ਕੁਝ ਹੀ ਦਿਨਾਂ ਵਿਚ ਸਿੱਖ ਫ਼ੌਜਾਂ ਨੇ ਕਈ ਜਗਹ 'ਤੇ ਖ਼ਜ਼ਾਨੇ ਤੇ ਅਸਲਾਖਾਨੇ ਲੁੱਟ ਲਏ। ਸਿੱਖਾਂ ਦੇ ਐਕਸ਼ਨ ਨਾਲ ਲਾਹੌਰ ਦੇ ਗਵਰਨਰ ਨੂੰ ਵਖ਼ਤ ਪੈ ਗਿਆ। ਇਹ ਗੁਰੀਲਾ ਜੰਗ ਕਈ ਸਾਲ ਚਲਦੀ ਰਹੀ। ਕਦੇ ਸਿੱਖ ਚੰਗੇ ਹੱਥ ਦਿਖਾ ਜਾਂਦੇ ਤੇ ਕਦੇ ਸਿੱਖਾਂ ਨੂੰ ਜੰਗਲਾਂ, ਪਹਾੜਾਂ ਤੇ ਮਾਰੂਥਲ ਵਿਚ ਜਾ ਲੁਕਣਾ ਪੈਂਦਾ ਰਿਹਾ। ਇੰਞ ਸਰਕਾਰ ਦਾ ਨਿਜ਼ਾਮ ਇਸ ਦੌਰਾਨ ਸੂਬੇ ਵਿਚ ਅਧੂਰੀ ਹਕੂਮਤ ਹੀ ਕਰ ਸਕਿਆ ਕਿਉਂਕਿ ਸਰਕਾਰ ਦਾ ਅੱਧਾ ਧਿਆਨ ਸਿੱਖ ਗੁਰੀਲਾ ਜਥਿਆਂ ਵੱਲ ਲੱਗਾ ਹੋਇਆ ਸੀ। ਅਖ਼ੀਰ ਸਰਕਾਰ ਨੇ ਸਿੱਖਾਂ ਨਾਲ ਸਮਝੌਤਾ ਕਰਨ ਦਾ ਫ਼ੈਸਲਾ ਕਰ ਲਿਆ।

ਮਾਰਚ 1733 ਵਿਚ ਪੰਜਾਬ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਲਾਹੌਰ ਦੇ ਇਕ ਸਿੱਖ ਭਾਈ ਸੁਬੇਗ ਸਿੰਘ ਨੂੰ ਸਿੱਖਾਂ ਵਾਸਤੇ ਜਾਗੀਰ (ਨੀਮ ਖ਼ੁਦਮੁਖ਼ਤਿਆਰੀ) ਦੀ ਪੇਸ਼ਕਸ਼ ਦੇ ਕੇ ਸਿੱਖ ਆਗੂਆਂ ਵੱਲ ਭੇਜਿਆ। ਉਨ੍ਹੀਂ ਦਿਨੀਂ ਬਾਬਾ ਦਰਬਾਰਾ ਸਿੰਘ ਸਾਰੇ ਸਿੱਖ ਜਥਿਆਂ ਦੇ ਮੁਖੀ ਸਨ।

29 ਮਾਰਚ 1733 ਨੂੰ ਸਰਬੱਤ ਖਾਲਸਾ ਦਾ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਮੌਕੇ 'ਤੇ ਲਾਹੌਰ ਤੋਂ ਭਾਈ ਸੁਬੇਗ ਸਿੰਘ ਜਾਗੀਰ ਦੀ ਖਿਲਤ ਲੈ ਕੇ ਪੁੱਜੇ। ਉਨ੍ਹਾਂ ਸਿੱਖ ਜਰਨੈਲਾਂ ਨੂੰ ਜਾਗੀਰ ਦੀ ਇਹ ਪੇਸ਼ਕਸ਼ ਕਬੂਲ ਕਰਨ ਵਾਸਤੇ ਅਰਜ਼ ਕੀਤੀ। ਕੁਝ ਆਗੂ ਇਸ ਪੇਸ਼ਕਸ਼ ਨੂੰ ਕਬੂਲ ਕਰਨ ਦੇ ਹੱਕ ਵਿਚ ਸਨ ਅਤੇ ਕੁਝ ਖ਼ਿਲਾਫ਼ ਸਨ। ਕੁਝ ਅਜਿਹੇ ਵੀ ਸਨ ਜੋ ਚਾਹੁੰਦੇ ਸਨ ਕਿ ਇਸ ਨੂੰ ਵਕਤੀ ਤੌਰ 'ਤੇ ਕਬੂਲ ਕਰ ਕੇ ਸਿੱਖ ਫ਼ੌਜਾਂ ਨੂੰ ਜਥੇਬੰਦ ਕਰ ਲਿਆ ਜਾਵੇ ਤੇ ਚੰਗੇ ਹਥਿਆਰ ਤੇ ਘੋੜੇ ਇਕੱਠੇ ਕਰ ਲਏ ਜਾਣ। ਅਖੀਰ ਬਹੁਤਿਆਂ ਨੇ ਇਸ ਸੁਝਾਅ ਨੂੰ ਕਬੂਲ ਕਰ ਲਿਆ। ਜਾਗੀਰ ਦੀ ਪੇਸ਼ਕਸ਼ ਕਬੂਲ ਕਰ ਲਏ ਜਾਣ ਤੋਂ ਮਗਰੋਂ ਭਾਈ ਮਨੀ ਸਿੰਘ ਨੂੰ ਇਹ ਖ਼ਿਲਤ ਕਬੂਲ ਕਰਨ ਵਾਸਤੇ ਆਖਿਆ ਗਿਆ। ਉਨ੍ਹਾਂ ਨੇ ਆਖਿਆ ਕਿ ਮੈਂ ਉਮਰ ਦੇ 90ਵੇਂ ਸਾਲ ਵਿਚ ਦਾਖਿਲ ਹੋ ਚੁਕਾ ਹਾਂ, ਇਸ ਕਰ ਕੇ ਇਹ ਸੇਵਾ ਕਿਸੇ ਹੋਰ ਨੂੰ ਸੌਂਪੀ ਜਾਵੇ। ਇਸ ਤੋਂ ਬਾਅਦ ਫ਼ੌਜਾਂ ਦੇ ਸਾਂਝੇ ਮੁਖੀ ਬਾਬਾ ਦਰਬਾਰਾ ਸਿੰਘ ਨੂੰ ਖਿੱਲਤ ਕਬੂਲ ਕਰਨ ਦੀ ਅਰਜ਼ ਕੀਤੀ ਗਈ। ਉਹ ਤਾਂ ਨਵਾਬੀ ਨੂੰ ਰੱਦ ਕਰਨ ਵਾਲਿਆਂ ਵਿਚੋਂ ਸਭ ਤੋਂ ਅੱਗੇ ਸਨ। ਉਨ੍ਹਾਂ ਨੇ ਤਾਂ ਕੋਰੀ ਨਾਂਹ ਕਰ ਦਿੱਤੀ।

ਬਾਬਾ ਦਰਬਾਰਾ ਸਿੰਘ ਤੋਂ ਮਗਰੋਂ ਖਾਲਸਾ ਫ਼ੌਜਾਂ ਦੇ ਡਿਪਟੀ ਚੀਫ਼ ਸ. ਕਪੂਰ ਸਿੰਘ ਸਨ। ਇਹ ਸੋਚ ਕੇ ਕਿ ਕਿਤੇ ਉਹ ਵੀ ਸਿੱਧੀ ਨਾਂਹ ਨਾ ਕਰ ਦੇਣ, ਪੰਜ ਸਿੱਖ ਉਨ੍ਹਾਂ ਕੋਲ ਗਏ ਤੇ ਹੱਥ ਜੋੜ ਕੇ ਅਰਜ਼ ਕੀਤੀ ਕਿ ਉਹ ਇਕ ਵਾਰ ਖਿੱਲਤ ਜ਼ਰੂਰ ਕਬੂਲ ਕਰ ਲੈਣ। ਸ. ਕਪੂਰ ਸਿੰਘ ਕੁਝ ਚਿਰ ਚੁੱਪ ਰਹੇ ਤੇ ਫਿਰ ਬੋਲੇ, "ਮੈਂ ਇਸ ਸ਼ਰਤ 'ਤੇ ਇਹ ਖਿਲਤ ਕਬੂਲ ਕਰਦਾ ਹਾਂ ਕਿ ਮੈਂ ਇਹ ਪਹਿਨਾਂਗਾ ਨਹੀਂ। ਮੈਂ ਮੁਗ਼ਲਾਂ ਦੇ ਦਰਬਾਰ 'ਚ ਹਾਜ਼ਿਰ ਨਹੀਂ ਹੋਵਾਂਗਾ।" ਸ. ਕਪੂਰ ਸਿੰਘ ਦੀਆਂ ਸ਼ਰਤਾਂ ਸੂਬੇਦਾਰ ਵੱਲੋਂ ਭਾਈ ਸੁਬੇਗ ਸਿੰਘ ਨੇ ਕਬੂਲ ਕਰ ਲਈਆਂ। ਇਸ ਦਿਨ ਤੋਂ ਸ. ਕਪੂਰ ਸਿੰਘ ਨੂੰ ਨਵਾਬ ਕਪੂਰ ਸਿੰਘ

ਬੁਲਾਇਆ ਜਾਣ ਲੱਗ ਪਿਆ।

ਜਿਵੇਂ ਬਹੁਤਿਆਂ ਦਾ ਵਿਚਾਰ ਸੀ ਕਿ ਨਵਾਬੀ ਵਕਤੀ ਤੌਰ 'ਤੇ ਕਬੂਲ ਕੀਤੀ ਜਾਣੀ ਚਾਹੀਦੀ ਹੈ, ਸਿੱਖਾਂ ਨੇ ਦੋ ਮਹੀਨਿਆਂ ਵਿਚ ਹੀ ਚੰਗੇ ਹਥਿਆਰ ਅਤੇ ਘੋੜੇ ਇਕੱਠੇ ਕਰ ਲਏ। ਹੁਣ ਸਾਰੇ ਸਿੱਖ ਇਕ ਝੰਡੇ ਹੇਠ ਇਕੱਠੇ ਹੋ ਕੇ ਜਥੇਬੰਦ ਹੋ ਗਏ। ਪਰ, ਅਗਲੇ ਕੁਝ ਹਫ਼ਤਿਆਂ ਵਿਚ ਹੀ ਉਨ੍ਹਾਂ ਨੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਅਸੀਂ ਜ਼ਾਲਮ ਸਰਕਾਰ ਨਾਲ ਸਮਝੌਤਾ ਕਰਕੇ ਗੁਨਾਹ ਕੀਤਾ ਹੈ। ਬਹੁਤੇ ਸਿੱਖਾਂ ਦਾ ਵਿਚਾਰ ਸੀ ਕਿ ਇਸ ਦਾ ਧੋਣਾ ਧੋਣ ਵਾਸਤੇ ਸਾਨੂੰ ਲਾਹੌਰ ਸਰਕਾਰ 'ਤੇ ਸ਼ਰੇਆਮ ਹਮਲਾ ਕਰਨਾ ਚਾਹੀਦਾ ਹੈ। ਇਸ ਗੁਰਮਤੇ 'ਤੇ ਅਮਲ ਕਰਨ ਵਾਸਤੇ ਸਿੱਘਾਂ ਨੇ ਸਾਰੇ ਪਾਸੇ ਐਕਸ਼ਨ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਕਈ ਥਾਂਈਂ ਖ਼ਜ਼ਾਨੇ, ਅਸਲਾਖਾਨੇ ਤੇ ਅਸਤਬਲ ਲੁੱਟ ਲਏ। ਜਦੋਂ ਇਸ ਦੀ ਖ਼ਬਰ ਜ਼ਕਰੀਆ ਖ਼ਾਨ ਨੂੰ ਮਿਲੀ ਤਾਂ ਉਹ ਹੱਕਾ-ਬੱਕਾ ਰਹਿ ਗਿਆ। ਉਸ ਨੇ ਇਕਦਮ ਜਾਗੀਰ ਜ਼ਬਤ ਕਰ ਲਈ ਤੇ ਸਿੱਖਾਂ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਇਸ 'ਤੇ ਸਾਰੇ ਸਿੱਖ ਫਿਰ ਲੁਕਣ ਵਾਲੇ ਠਿਕਾਣਿਆਂ ਵੱਲ ਨਿਕਲ ਗਏ।

ਅਕਤੂਬਰ 1733 ਵਿਚ (ਜਾਗੀਰ ਕਬੂਲ ਕਰਨ ਤੋਂ 6 ਮਹੀਨੇ ਮਗਰੋਂ ਅਤੇ ਜਾਗੀਰ ਖੋਹੇ ਜਾਣ ਤੋਂ ਤਿੰਨ ਮਹੀਨੇ ਮਗਰੋਂ) ਭਾਈ ਮਨੀ ਸਿੰਘ ਨੇ ਸਰਬੱਤ ਖਾਲਸਾ ਇਕੱਠ ਕਰਨ ਦਾ ਫ਼ੈਸਲਾ ਕੀਤਾ। ਜਾਗੀਰ ਦਾ ਸਮਝੌਤਾ ਟੁੱਟਣ ਕਾਰਨ ਜ਼ਕਰੀਆ ਖ਼ਾਨ ਨੇ ਹੁਕਮ ਜਾਰੀ ਕੀਤੇ ਹੋਏ ਸਨ ਕਿ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਅਜਿਹੀ ਹਾਲਤ ਵਿਚ ਸਿੱਖਾਂ ਦੇ ਅੰਮ੍ਰਿਤਸਰ ਪੁੱਜਣ ਦੀ ਕੋਈ ਆਸ ਨਹੀਂ ਸੀ। ਭਾਈ ਮਨੀ ਸਿੰਘ ਨੇ ਗਵਰਨਰ ਜ਼ਕਰੀਆ ਖ਼ਾਨ ਤੋਂ ਦੀਵਾਲੀ ਦੇ ਨਾਂ 'ਤੇ ਇਕੱਠ ਕਰਨ ਦੀ ਇਜਾਜ਼ਤ ਮੰਗੀ। ਸਰਕਾਰ ਨੇ ਪੰਜ ਹਜ਼ਾਰ ਰੁਪਏ ਅਦਾ ਕਰਨ ਦੀ ਸ਼ਰਤ 'ਤੇ ਇਜਾਜ਼ਤ ਦੇ ਦਿੱਤੀ। ਦੂਜੇ ਪਾਸੇ ਜ਼ਕਰੀਆ ਖ਼2ਨ ਨੇ ਇਹ ਪ੍ਰਚਾਰ ਵੀ ਕਰਵਾ ਦਿੱਤਾ ਕਿ ਦੀਵਾਲੀ ਦੇ ਮੌਕੇ 'ਤੇ ਸਰਕਾਰ ਅੰਮ੍ਰਿਤਸਰ ਨੂੰ ਘੇਰਾ ਪਾ ਕੇ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਵੇਗੀ। ਇਸ ਪ੍ਰਚਾਰ ਕਾਰਨ ਦੀਵਾਲੀ ਦੇ ਦਿਨਾਂ ਵਿਚ ਬਹੁਤ ਥੋੜ੍ਹੇ ਸਿੱਖ ਅੰਮ੍ਰਿਤਸਰ ਆਏ। ਇਸ ਨਾਲ ਚੜ੍ਹਾਵਾ ਘੱਟ ਹੋਇਆ ਅਤੇ ਭਾਈ ਮਨੀ ਸਿੰਘ 5000 ਰੁਪਏ ਅਦਾ ਨਾ ਕਰ ਸਕੇ। ਹੁਣ ਉਨ੍ਹਾਂ ਇਹ ਰਕਮ ਵਿਸਾਖੀ ਦੇ ਮੌਕੇ 'ਤੇ ਹੋਣ ਵਾਲੇ ਚੜ੍ਹਾਵੇ 'ਚੋਂ ਅਦਾ ਕਰਨ ਦੀ ਮੋਹਲਤ ਲੈ ਲਈ। ਅਪ੍ਰੈਲ ਵਿਚ ਵੀ ਜ਼ਕਰੀਆ ਖ਼ਾਨ ਨੇ ਸਿੱਖਾਂ ਦੀ ਗ੍ਰਿਫ਼ਤਾਰੀ ਦੇ ਡਰਾਵੇ ਦਾ ਪ੍ਰਚਾਰ ਕਰ ਦਿੱਤਾ। ਇਸ ਵਾਰ ਫੇਰ ਸਿੱਖਾਂ ਦੀ ਆਮਦ ਅੰਮ੍ਰਿਤਸਰ ਵਿਚ ਬਹੁਤ ਘੱਟ ਹੋਈ ਤੇ ਭਾਈ ਮਨੀ ਸਿੰਘ ਰਕਮ ਅਦਾ ਨਾ ਕਰ ਸਕੇ। ਉਨ੍ਹਾਂ ਨੂੰ, ਉਨ੍ਹਾਂ ਦੇ ਇਕ ਦਰਜਨ ਦੇ ਕਰੀਬ ਸਾਥੀਆਂ ਨਾਲ, ਗ੍ਰਿਫ਼ਤਾਰ ਕਰ ਲਿਆ। ਸਰਕਾਰ ਨੇ ਉਨ੍ਹਾਂ ਨੂੰ ਮੁਸਲਮਾਨ ਬਣ ਜਾਣ ਦੀ ਸੂਰਤ ਵਿਚ ਮੁਆਫ਼ ਕਰਨ ਦੀ ਸ਼ਰਤ ਰੱਖੀ। ਕਿਸੇ ਵੀ ਸਿੱਖ ਨੇ ਧਰਮ ਛੱਡਣਾ ਮਨਜ਼ੂਰ ਨਾ ਕੀਤਾ। ਉਨ੍ਹਾਂ ਸਾਰਿਆਂ ਨੂੰ ਤਸੀਹੇ ਤੇ ਸਖ਼ਤ ਸਜ਼ਾਵਾਂ ਦੇ ਕੇ 24 ਜੂਨ 1734 ਦੇ ਦਿਨ ਸ਼ਹੀਦ ਕਰ ਦਿੱਤਾ ਗਿਆ।

ਸਿੱਖਾਂ ਨੇ ਇਨ੍ਹਾਂ ਸ਼ਹੀਦੀਆਂ ਦਾ ਜਵਾਬ ਬੜੀ ਛੇਤੀ ਹੀ ਦੇ ਦਿੱਤਾ। ਕੁਝ ਹੀ ਹਫ਼ਤਿਆਂ ਵਿਚ ਫ਼ਤਵਾ ਦੇਣ ਵਾਲੇ ਕਾਜ਼ੀ ਤੇ ਸ਼ਹੀਦ ਕਰਨ ਵਾਲੇ ਜੱਲਾਦਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਅਗਲੇ ਚਾਰ ਸਾਲ ਸਰਕਾਰ ਅਤੇ ਸਿੱਖਾਂ ਵਿਚ ਲੁਕਣਮੀਟੀ ਦੇ ਸਨ। ਸਿੱਖ ਲੁਕਣ ਟਿਕਾਣਿਆਂ ਤੋਂ ਹਨੇਰੇ ਮੁਨ੍ਹੇਰੇ ਆ ਕੇ ਖ਼ਜ਼ਾਨਾ, ਅਸਲਾ ਤੇ ਘੋੜੇ ਲੁੱਟ ਕੇ ਲੈ ਜਾਇਆ ਕਰਦੇ ਸਨ। ਅਜਿਹਾ ਕਰਦਿਆਂ ਕਈ ਸਿੱਖ ਸ਼ਹੀਦ ਵੀ ਹੋ ਜਾਇਆ ਕਰਦੇ ਸਨ।

1739 ਵਿਚ ਨਾਦਰ ਸ਼ਾਹ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ। ਹਰ ਪਾਸੇ ਲੁੱਟ ਮਚਾਉਂਦਾ ਉਹ ਦਿੱਲੀ ਪੁੱਜਾ। ਦਿੱਲੀ ਵਿਚ ਲੁੱਟ ਮਾਰ ਅਤੇ ਕਤਲੇਆਮ ਕਰਨ ਮਗਰੋਂ ਉਹ ਵਾਪਿਸ ਆਪਣੇ ਮੁਲਕ ਮੁੜਿਆ। ਰਸਤੇ ਵਿਚ ਸਿੱਖ ਗੁਰੀਲਾ ਜਥਿਆਂ ਨੇ ਉਸ ਦੇ ਕਾਫ਼ਲੇ 'ਤੇ ਕਈ ਵਾਰ ਹਮਲੇ ਕੀਤੇ ਅਤੇ ਉਸ ਦੀ ਲੁੱਟ ਦੇ ਮਾਲ ਦਾ ਕਾਫ਼ੀ ਹਿੱਸਾ ਹਲਕਾ ਕੀਤਾ। ਇਨ੍ਹਾਂ ਹਮਲਿਆਂ ਤੋਂ ਪ੍ਰੇਸ਼ਾਨ ਹੋ ਕੇ ਉਸ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਪੁੱਛਿਆ ਕਿ ਉਸ ਦਾ ਮਾਲ ਅਸਬਾਬ ਖੋਹਣ ਵਾਲੇ ਇਹ ਲੋਕ ਕੌਣ ਹਨ ਤੇ ਇਹ ਕਿੱਥੇ ਰਹਿੰਦੇ ਹਨ। ਜ਼ਕਰੀਆ ਖ਼ਾਨ ਨੇ ਉਸ ਨੂੰ ਜਵਾਬ ਦਿੱਤਾ ਕਿ "ਇਹ ਲੋਕ ਸਿੱਖ ਹਨ ਅਤੇ ਇਨ੍ਹਾਂ ਦੇ ਘਰ-ਘਾਟ ਘੋੜਿਆਂ ਦੀਆਂ ਪਿੱਠਾਂ 'ਤੇ ਹਨ।" ਨਾਦਰ ਸ਼ਾਹ ਇਹ ਸੁਣ ਕੇ ਘਬਰਾ ਗਿਆ ਅਤੇ ਉਸ ਨੇ ਜ਼ਕਰੀਆ ਖ਼ਾਨ ਨੂੰ ਵਾਰਨਿੰਗ ਦਿੱਤੀ ਕਿ ਇਹ ਸਿੱਖ ਫਿਰ ਸਿਰ ਚੁੱਕਣਗੇ ਤੇ ਹੋ ਸਕਦਾ ਹੈ ਕਿ ਇਹ ਤੇਰੀ ਸਲਤਨਤ ਖੋਹ ਲੈਣ।

ਨਾਦਰ ਸ਼ਾਹ ਦੀ ਇਸ ਵਾਰਨਿੰਗ ਨੂੰ ਜ਼ਕਰੀਆ ਖ਼ਾਨ ਨੇ ਵਾਰਨਿੰਗ ਵਜੋਂ ਲਿਆ ਅਤੇ ਉਸ ਨੇ ਸਿੱਖਾਂ ਨੂੰ ਫੜਨ ਵਾਸਤੇ ਸਪੈਸ਼ਲ ਫ਼ੋਰਸ ਤਾਇਨਾਤ ਕਰ ਦਿੱਤੀ। ਉਸ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ। ਇੰਵ ਸੈਂਕੜੇ ਸਿੱਖ ਫੜ ਕੇ ਸ਼ਹੀਦ ਕਰ ਦਿੱਤੇ ਗਏ। ਇਸ ਦੇ ਬਾਵਜੂਦ ਸਿੱਖਾਂ ਨੇ ਆਪਣੇ ਗੁਰੀਲਾ ਐਕਸ਼ਨ ਜਾਰੀ ਰੱਖੇ। ਇਕ ਪਾਸੇ ਸਿੱਖ ਐਕਸ਼ਨ ਕਰ ਰਹੇ ਸਨ ਤੇ ਦੂਜੇ ਪਾਸੇ ਸਰਕਾਰ ਅਤੇ ਉਸ ਦੇ ਟਾਊਟ ਸਿੱਖਾਂ ਦੀ ਫੜੋ-ਫੜਾਈ ਕਰਵਾ ਕੇ ਇਨਾਮ ਹਾਸਿਲ ਕਰਨ ਵਿਚ ਇਕ ਦੂਜੇ ਤੋਂ ਅੱਗੇ ਵਧਣਾ ਚਾਹੁੰਦੇ ਸਨ। ਜ਼ਕਰੀਆ ਖ਼ਾਨ ਦੀ ਹਕੂਮਤ ਦੌਰਾਨ 10000 ਦੇ ਕਰੀਬ ਸਿੱਖ ਸ਼ਹੀਦ ਹੋਏ। ਜੁਲਾਈ 1745 ਵਿਚ ਜ਼ਕਰੀਆ ਖ਼ਾਨ ਮਰ ਗਿਆ। ਉਸ ਦੀ ਥਾਂ ਉਸ ਦਾ ਪੁੱਤਰ ਯਾਹੀਆ ਖ਼ਾਨ ਲਾਹੌਰ ਦਾ ਗਵਰਨਰ ਬਣਿਆ। ਉਸ ਨੇ ਵੀ ਸਿੱਖਾਂ 'ਤੇ ਜ਼ੁਲਮ ਕਰਨਾ ਜਾਰੀ ਰੱਖਿਆ। ਇਨ੍ਹਾਂ ਦਿਨਾਂ ਵਿਚ ਹੀ ਯਾਹੀਆ ਖ਼ਾਨ ਦਾ ਇਕ ਹਿੰਦੂ ਵਜ਼ੀਰ ਲਖਪਤ ਰਾਏ ਮੁਗ਼ਲਾਂ ਤੋਂ ਵੱਧ ਸਿੱਖ ਦੁਸ਼ਮਣੀ ਦਾ ਇਜ਼ਹਾਰ ਕਰ ਰਿਹਾ ਸੀ। ਉਸ ਨੇ ਬਹੁਤ ਸਾਰੇ ਸਿੱਖ ਗ੍ਰਿਫ਼ਤਾਰ ਕਰ ਕੇ ਮਰਵਾਏ। ਇਨ੍ਹਾਂ ਦਿਨਾਂ ਸਿੱਖਾਂ ਦੇ ਇਕ ਦਸਤੇ ਦੀ ਟੱਕਰ ਲਖਪਤ ਰਾਏ ਦੇ ਭਰਾ ਜਸਪਤ ਰਾਏ ਨਾਲ ਹੋ ਗਈ। ਇਸ ਭੇੜ ਵਿਚ ਜਸਪਤ ਰਾਏ ਮਾਰਿਆ ਗਿਆ। ਭਰਾ ਦੀ ਮੌਤ ਮਗਰੋਂ ਲਖਪਤ ਰਾਏ ਤਾਂ ਪਾਗਲ ਜਿਹਾ ਹੋ ਗਿਆ। ਉਸ ਨੇ ਸਿੱਖਾਂ 'ਤੇ ਹੋਰ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ। ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਵਾਸਤੇ ਲਖਪਤ ਰਾਏ ਨੇ ਸਿੱਖਾਂ ਦਾ ਅੰਨ੍ਹੇਵਾਹ ਕਤਲੇਆਮ ਸ਼ੁਰੂ ਕਰ ਦਿੱਤਾ। ਉਸ ਨੇ ਐਲਾਨ ਕੀਤਾ ਕਿ "ਸਿੱਖ ਧਰਮ ਦੀ ਨੀਂਹ ਇਕ ਖੱਤਰੀ ਨੇ ਰੱਖੀ ਸੀ ਤੇ ਇਸ ਦਾ ਖ਼ਾਤਮਾ ਵੀ ਇਕ ਖੱਤਰੀ ਹੀ ਕਰੇਗਾ।" ਉਸ ਨੇ "ਗੁੜ" ਅਤੇ "ਗ੍ਰੰਥ" ਲਫ਼ਜ਼ਾਂ 'ਤੇ ਵੀ ਪਾਬੰਦੀ ਲਗਾ ਦਿੱਤੀ ਕਿਉਂਕਿ ਇਨ੍ਹਾਂ ਤੋਂ "ਗੁਰੂ" ਤੇ "ਗ੍ਰੰਥ" ਲਫ਼ਜ਼ ਚੇਤੇ ਆਉਂਦੇ ਸਨ। 10 ਮਾਰਚ 1746 ਦੇ ਦਿਨ ਉਸ ਨੇ 1000 ਤੋਂ ਵਧ ਸਿੱਖਾਂ ਨੂੰ ਇਕੋ ਦਿਨ ਲਾਹੌਰ ਵਿਚ ਸ਼ਹੀਦ ਕਰ ਦਿੱਤਾ। ਅਪਰੈਲ 1746 ਦੇ ਅਖ਼ੀਰ ਵਿਚ ਉਸ ਨੂੰ ਪਤਾ ਲੱਗਾ ਕਿ ਕਾਹਨੂੰਵਾਨ ਦੀ ਛੰਭ ਵਿਚ ਬਹੁਤ ਸਾਰੇ ਸਿੱਖ ਇਕੱਠੇ ਹੋਏ ਹੋਏ ਹਨ। ਉਸ ਨੇ ਇਕ ਵੱਡੀ ਫ਼ੌਜ ਲੈ ਕੇ ਛੰਭ ਨੂੰ ਚਾਰੇ ਪਾਸਿਓਂ ਘੇਰਾ ਪਾ ਲਿਆ। ਕਈ ਦਿਨ ਦੇ ਘੇਰੇ ਮਗਰੋਂ ਵੀ ਮੁਗ਼ਲ ਫ਼ੌਜਾਂ ਡਰਦੀਆਂ ਉਸ ਛੰਭ ਦੇ ਅੰਦਰ ਨਹੀਂ ਸਨ ਵੜਦੀਆਂ। ਇਸ ਦੌਰਾਨ ਸਿੱਖਾਂ ਨੇ ਗੁਰੀਲਾ ਜੰਗ ਸ਼ੁਰੂ ਕਰ ਦਿੱਤੀ। ਇਸ ਨਾਲ ਲਖਪਤ ਰਾਏ ਤੇ ਯਾਹੀਆ ਖ਼ਾਨ ਦੀ ਅਗਵਾਈ ਵਿਚ ਮੁਗ਼ਲ ਫ਼ੌਜਾਂ ਦਾ ਬਹੁਤ ਨੁਕਸਾਨ ਹੋਇਆ। ਬੁਖਲਾਏ ਹੋਏ ਅਤੇ ਗੁੱਸੇ ਤੇ ਨਫ਼ਰਤ ਨਾਲ ਭਰੇ ਹੋਏ ਲਖਪਤ ਰਾਏ ਤੇ ਯਾਹੀਆ ਖ਼ਾਨ ਨੇ ਫ਼ੌਜ ਨੂੰ ਹੁਕਮ ਦੇ ਦਿੱਤਾ ਕਿ ਛੰਭ ਨੂੰ ਅੱਗ

ਲਾ ਦਿੱਤੀ ਜਾਏ। ਇਸ ਅੱਗ ਦਾ ਮੁਕਾਬਲਾ ਕਰਨਾ ਕਿਸੇ ਦੇ ਵੱਸ ਦਾ ਰੋਗ ਨਹੀਂ ਸੀ। ਸਿੱਖਾਂ ਨੇ ਹੁਣ ਮੁਗ਼ਲ ਫ਼ੌਜਾਂ ਦਾ ਘੇਰਾ ਤੋੜ ਕੇ ਨਿਕਲ ਜਾਣ ਦਾ ਫੈਸਲਾ ਕੀਤਾ। ਮੁਗ਼ਲ ਫ਼ੌਜਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਸ ਕਰ ਕੇ ਘੇਰਾ ਤੋੜਨਾ ਸੌਖਾ ਨਹੀਂ ਸੀ। ਇਸ ਹਾਲਤ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਇਸ ਘੱਲੂਘਾਰੇ ਵਿਚ ਸੱਤ ਤੋਂ ਦਸ ਹਜ਼ਾਰ ਤੱਕ ਸਿੱਖ ਮਾਰੇ ਗਏ। ਇਸ ਕਤਲੇਆਮ ਨੂੰ ਛੋਟਾ ਘੱਲੂਘਾਰਾ ਆਖਿਆ ਜਾਂਦਾ ਹੈ। ਯਾਹੀਆ ਖ਼ਾਨ ਅਤੇ ਲਖਪਤ ਨੇ 10 ਤੋਂ 15 ਹਜ਼ਾਰ ਤੱਕ ਸਿੱਖ ਕਤਲ ਕੀਤੇ।

ਇਸ ਹਨੇਰੇ ਸਮਿਆਂ ਵਿਚ ਸਿੱਖ ਕੌਮ ਨੇ (ਨਵਾਬ) ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਨੌਧ ਸਿੰਘ ਸੁਕਰਚੱਕੀਆ, ਦੀਪ ਸਿੰਘ (ਬਾਬਾ), ਗੁਰਦਿਆਲ ਸਿੰਘ ਡੱਲੇਵਾਲੀਆ, ਹਰੀ ਸਿੰਘ ਭੰਗੀ, ਹਰੀ ਸਿੰਘ ਪੰਜਵੜ ਵਰਗੇ ਜਰਨੈਲਾਂ ਦੀ ਅਗਵਾਈ ਵਿਚ ਆਪਣੇ ਆਪ ਨੂੰ ਜਥੇਬੰਦ ਕੀਤਾ ਤੇ ਮੁੜ ਗੁਰੀਲਾ ਐਕਸ਼ਨ ਸ਼ੁਰੂ ਕੀਤੇ। 1748 ਵਿਚ ਸਿੱਖਾਂ ਦੇ 60 ਤੋਂ ਵੱਧ ਜਥੇ ਕਾਇਮ ਹੋ ਚੁੱਕੇ ਸਨ। 29 ਮਾਰਚ 1748 ਦੇ ਦਿਨ ਇਨ੍ਹਾਂ ਸਾਰਿਆਂ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਅੰਮ੍ਰਿਤਸਰ ਵਿਚ ਹੋਇਆ। ਇਸ ਇਕੱਠ ਵਿਚ ਫ਼ੈਸਲਾ ਕੀਤਾ ਗਿਆ ਕਿ ਸਾਰੇ ਸਿੱਖ ਜਥਿਆਂ ਨੂੰ 11 ਮਿਸਲਾਂ ਵਿਚ ਜਥੇਬੰਦ ਕਰ ਦਿੱਤਾ ਜਾਵੇ। ਇਨ੍ਹਾਂ 11 ਮਿਸਲਾਂ ਦੇ ਨਾਂ ਸਨ : ਆਹਲੂਵਾਲੀਆ ਮਿਸਲ (ਜੱਸਾ ਸਿੰਘ), ਭੰਗੀ ਮਿਸਲ (ਹਰੀ ਸਿੰਘ), ਡੱਲੇਵਾਲੀਆ ਮਿਸਲ (ਗੁਲਾਬ ਸਿੰਘ), ਫ਼ੈਜ਼ਲਾਪੁਰੀਆ ਮਿਸਲ (ਕਪੂਰ ਸਿੰਘ), ਕਨ੍ਹਈਆ ਮਿਸਲ (ਜੈ ਸਿੰਘ), ਕਰੋੜ ਸਿੰਘੀਆ ਮਿਸਲ (ਕਰੋੜਾ ਸਿੰਘ), ਨਕਈ ਮਿਸਲ (ਹੀਰਾ ਸਿੰਘ), ਨਿਸ਼ਾਨਵਾਲੀਆ ਮਿਸਲ (ਦਸੌਂਧਾ ਸਿੰਘ), ਨੰਦ ਸਿੰਘ ਸੰਘਾਣੀਆ ਮਿਸਲ (ਨੰਦ ਸਿੰਘ, ਤੇ ਮਗਰੋਂ ਇਸ ਨੂੰ ਜੱਸਾ ਸਿੰਘ ਦੀ ਅਗਵਾਈ ਵਿਚ ਰਾਮਗੜ੍ਹੀਆ ਮਿਸਲ ਕਿਹਾ ਜਾਣ ਲੱਗ ਪਿਆ), ਸੁਕਰਚੱਕਰੀਆ ਮਿਸਲ (ਨੌਧ ਸਿੰਘ), ਸ਼ਹੀਦੀ ਮਿਸਲ (ਦੀਪ ਸਿੰਘ)। ਫੂਲਕੀਆ ਖ਼ਾਨਦਾਨ ਸਿੱਖ ਮਿਸਲਾਂ ਵਿਚ ਸ਼ਾਮਿਲ ਨਹੀਂ ਸੀ। ਸਿੱਖ ਰਾਜ ਆਉਣ ਮਗਰੋਂ ਉਹ ਆਪਣੇ ਆਪ ਨੂੰ ਬਾਰ੍ਹਵੀਂ ਮਿਸਲ ਆਖਣ ਲੱਗ ਪਏ ਸਨ। ਉਂਞ ਉਹ ਖਾਲਸਾ ਫ਼ੌਜ ਦਾ ਹਿੱਸਾ ਕਦੇ ਵੀ ਨਹੀਂ ਬਣੇ ਸਨ।

1748 ਤੋਂ 1762 ਤੱਕ ਸਿੱਖ ਮਿਸਲਾਂ ਨੇ ਆਪਣੀ ਤਾਕਤ ਨੂੰ ਜਥੇਬੰਦ ਕੀਤਾ। ਸਿੱਖ ਹੋਮਲੈਂਡ ਵਿਚ ਇਸ ਸਮੇਂ ਮੁਗ਼ਲਾਂ ਦੀ ਹਕੂਮਤ ਸੀ ਪਰ ਅਸਲ ਵਿਚ ਇਹ ਅਹਿਮਦ ਸ਼ਾਹ ਦੁੱਰਾਨੀ ਦੀ ਹਕੂਮਤ ਸੀ। ਅਹਿਮਦ ਸ਼ਾਹ ਅਕਸਰ ਹਮਲੇ ਕਰਦਾ ਰਹਿੰਦਾ ਸੀ ਤੇ ਜਿੰਨਾ ਚਿਰ ਉਹ ਪੰਜਾਬ ਵਿਚ ਰਹਿੰਦਾ ਸੀ, ਉਸ ਦੀ ਤਾਕਤ ਦਾ ਸਿੱਕਾ ਹੀ ਚਲਦਾ ਸੀ। ਉਸ ਦੇ ਜਾਣ ਮਗਰੋਂ ਸਿੱਖ ਇਸ ਮੁਲਕ ਦੇ ਅਸਲ ਹਾਕਮ ਹੁੰਦੇ ਸਨ। ਦੂਜੇ ਲਫ਼ਜ਼ਾਂ ਵਿਚ ਸਿੱਖ ਹੋਮਲੈਂਡ ਦੇ ਤਿੰਨ ਹਾਕਮ ਸਨ: ਕਾਗ਼ਜ਼ਾਂ ਵਿਚ ਇਹ ਮੁਗ਼ਲਾਂ ਦੀ ਹਕੂਮਤ ਸੀ, ਦੁੱਰਾਨੀ ਦੇ ਹਮਲੇ ਵੇਲੇ ਇਥੇ ਅਫ਼ਗਾਨਾਂ ਦਾ ਰਾਜ ਹੁੰਦਾ ਸੀ, ਉਂਞ ਸਾਰੇ ਪਾਸੇ ਸਿੱਖਾਂ ਦੀ ਹਕੂਮਤ ਸੀ। ਭਾਵੇਂ ਅਹਿਮਦ ਸ਼ਾਹ ਲੁੱਟ ਮਾਰ ਕਰਨ ਮਗਰੋਂ ਏਥੇ ਨਹੀਂ ਸੀ ਰਹਿੰਦਾ ਪਰ ਉਹ ਅਕਸਰ ਆਪਣੇ ਪਿੱਛੇ ਆਪਣੇ ਜਰਨੈਲ ਛੱਡ ਜਾਇਆ ਕਰਦਾ ਸੀ। ਦੁੱਰਾਨੀ ਦੇ ਜਾਣ ਮਗਰੋਂ ਸਿੱਖ ਆਪਣੇ ਲੁੱਕਣ-ਟਿਕਾਣਿਆਂ ਵਿਚੋਂ ਬਾਹਰ ਜਾਇਆ ਕਰਦੇ ਸਨ ਤੇ ਅਫ਼ਗਾਨ ਜਰਨੈਲਾਂ ਦੀ ਉਨ੍ਹਾਂ ਸਾਹਮਣੇ ਕੋਈ ਪੇਸ਼ ਨਹੀਂ ਸੀ ਜਾਂਦੀ।

ਇਸ ਮਾਹੌਲ ਵਿਚ ਮਾਰਚ 1754 ਵਿਚ ਸਿੱਖਾਂ ਨੇ ਪੰਜਾਬ ਦੇ ਕਿਸਾਨਾਂ ਨੂੰ 'ਰਾਖੀ' ਦੀ ਪੇਸ਼ਕਸ਼ ਕੀਤੀ ਜਿਹੜੀ ਉਨ੍ਹਾਂ ਨੇ ਖ਼ੁਸ਼ੀ-ਖ਼ੁਸ਼ੀ ਮਨਜ਼ੂਰ ਕਰ ਲਈ ਸੀ। ਉਹ ਸਿੱਖਾਂ

ਨੂੰ ਆਪਣੀ ਫ਼ਸਲ ਦਾ ਮਿੱਥਿਆ ਹੋਇਆ ਹਿੱਸਾ ਦੇਂਦੇ ਸਨ ਤੇ ਇਸ ਬਦਲੇ ਸਿੱਖ ਉਨ੍ਹਾਂ ਨੂੰ ਮੁਗ਼ਲ ਹਾਕਮਾਂ ਅਤੇ ਅਫ਼ਗਾਨ ਹਮਲਾਵਰਾਂ ਤੋਂ ਰਾਖੀ (ਹਿਫ਼ਾਜ਼ਤ) ਦੇਂਦੇ ਸਨ। ਦੂਜੇ ਮਾਅਨਿਆਂ ਵਿਚ ਪੰਜਾਬ ਦੇ ਅਸਲ ਨਾਜ਼ਮ ਤੇ ਹਾਕਮ ਸਿੱਖ ਹੀ ਸਨ। ਰਾਖੀ ਦਾ ਇਹ ਇੰਤਜ਼ਾਮ ਕਈ ਸਾਲ ਚਲਦਾ ਰਿਹਾ। ਅਖ਼ੀਰ 1758 ਵਿਚ ਅਕਾਲ ਤਖ਼ਤ ਸਾਹਿਬ 'ਤੇ ਗੁਰਮਤਾ ਕੀਤਾ ਗਿਆ ਕਿ ਹਰ ਇਕ ਮਿਸਲ ਦੀ ਰਾਖੀ ਵਾਲੇ ਇਲਾਕੇ ਵਿਚ ਉਸ ਮਿਸਲ ਦਾ ਰਾਜ ਮੰਨ ਲਿਆ ਜਾਵੇ ਪਰ ਸਮੁੱਚੀ ਹਕੂਮਤ ਅਕਾਲ ਤਖ਼ਤ ਸਾਹਿਬ ਰਾਹੀਂ ਸਰਬੱਤ ਖ਼ਾਲਸਾ ਦੀ ਹੀ ਸਮਝੀ ਜਾਵੇ।

ਅਫ਼ਗਾਨ ਹਮਲਾਵਰ ਅਹਿਮਦ ਸ਼ਾਹ ਦੁਰਾਨੀ ਨੂੰ ਪੰਜਾਬ ਵਿਚ ਸਿੱਖਾਂ ਦਾ ਬੋਲਬਾਲਾ ਚੁੱਭਦਾ ਸੀ ਤੇ ਉਹ ਸਿੱਖਾਂ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕਰਦਾ ਰਹਿੰਦਾ ਸੀ ਪਰ ਉਸ ਦੀ ਬਹੁਤੀ ਨਹੀਂ ਸੀ ਚਲਦੀ ਕਿਉਂਕਿ ਉਸ ਦੇ ਆਉਣ ਦੇ ਨਾਲ ਹੀ ਸਿੱਖ ਪਹਾੜਾਂ, ਜੰਗਲਾਂ ਤੇ ਮਾਰੂਥਲਾਂ (ਰੇਗਿਸਤਾਨਾਂ) ਵੱਲ ਨਿਕਲ ਜਾਂਦੇ ਸਨ। ਇਸ ਸਾਰੇ ਸਮੇਂ (1748 ਤੋਂ 1762) ਵਿਚ ਅਹਿਮਦ ਸ਼ਾਹ ਦੇ ਫ਼ੌਜੀਆਂ ਅਤੇ ਸਿੱਖਾਂ ਵਿਚਕਾਰ ਸਿਰਫ਼ ਦੋ ਵਾਰ ਵੱਡੀ ਟੱਕਰ ਹੋਈ। ਪਹਿਲੀ ਟੱਕਰ 11 ਨਵੰਬਰ 1757 ਨੂੰ ਹੋਈ ਜਦੋਂ ਅਫ਼ਗਾਨਾਂ ਨੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀਆਂ ਇਮਾਰਤਾਂ 'ਤੇ ਕਬਜ਼ਾ ਕਰ ਲਿਆ ਅਤੇ ਇਨ੍ਹਾਂ ਦੀ ਬੇਅਦਬੀ ਕੀਤੀ। ਇਸ ਨੂੰ ਰੋਕਣ ਵਾਸਤੇ ਬਾਬਾ ਦੀਪ ਸਿੰਘ ਹਜ਼ਾਰਾਂ ਸਾਥੀਆਂ ਨੂੰ ਲੈ ਕੇ ਅੰਮ੍ਰਿਤਸਰ ਵੱਲ ਤੁਰ ਪਏ। ਇਸ ਲੜਾਈ ਵਿਚ 10 ਹਜ਼ਾਰ ਅਫ਼ਗਾਨ ਅਤੇ 5 ਹਜ਼ਾਰ ਸਿੱਖ, ਸਣੇ ਬਾਬਾ ਦੀਪ ਸਿੰਘ, ਸ਼ਹੀਦ ਹੋ ਗਏ।

ਦੂਜੀ ਵੱਡੀ ਟੱਕਰ 5 ਫ਼ਰਵਰੀ 1762 ਦੇ ਦਿਨ ਹੋਈ। ਜਦ ਅਹਿਮਦ ਸ਼ਾਹ ਦੁਰਾਨੀ ਨੂੰ ਪਤਾ ਲੱਗਾ ਕਿ ਹਜ਼ਾਰਾਂ ਸਿੱਖ ਕੁਪ-ਰਹੀੜਾ ਪਿੰਡ ਦੇ ਨੇੜਲੇ ਜੰਗਲ ਵਿਚ, ਟੱਬਰਾਂ ਸਣੇ ਲੁਕੇ ਬੈਠੇ ਹਨ। ਉਸ ਨੇ ਇਨ੍ਹਾਂ ਸਿੱਖਾਂ ਨੂੰ ਚਾਰੇ ਪਾਸਿਓਂ ਘੇਰ ਲਿਆ ਅਤੇ ਹਮਲਾ ਸ਼ੁਰੂ ਕਰ ਦਿੱਤਾ। ਅਚਾਨਕ ਹੋਏ ਇਸ ਹਮਲੇ ਕਰ ਕੇ, ਤੇ ਚਾਰੇ ਪਾਸਿਆਂ ਤੋਂ ਘਿਰੇ ਹੋਣ ਕਾਰਨ, ਸਿੱਖਾਂ ਨੂੰ ਬੜੀ ਮੁਸ਼ਕਿਲ ਆਈ। ਬੀਵੀਆਂ, ਬੱਚੇ ਨਾਲ ਹੋਣ ਕਰ ਕੇ ਉਨ੍ਹਾਂ ਨੂੰ ਟੱਬਰਾਂ ਨੂੰ ਮਹਿਫ਼ੂਜ਼ ਉਥੋਂ ਬਚਾ ਕੇ ਲਿਜਾਣ ਕਾਰਨ ਵਧੇਰੇ ਨੁਕਸਾਨ ਉਠਾਉਣਾ ਪਿਆ। ਕੁਪ-ਰਹੀੜ ਤੋਂ ਕਈ ਕਿਲੋਮੀਟਰ ਦੂਰ ਤੱਕ, ਹਨੇਰਾ ਪੈਣ ਤੱਕ, ਸਿੱਖ ਫ਼ੌਜਾਂ, ਅਫ਼ਗਾਨ ਫ਼ੌਜਾਂ ਨਾਲ ਲੜਦੀਆਂ ਰਹੀਆਂ। ਇਸ ਇੱਕੋ ਦਿਨ, 5 ਫ਼ਰਵਰੀ 1762 ਨੂੰ, 25 ਤੋਂ 30 ਹਜ਼ਾਰ ਤੱਕ ਸਿੱਖ ਮਾਰੇ ਗਏ। ਇਸ ਘੱਲੂਘਾਰੇ ਨਾਲ ਸਿੱਖ ਕੌਮ ਦਾ ਅੱਧਾ ਹਿੱਸਾ ਤਬਾਹ ਹੋ ਗਿਆ ਪਰ ਇਸ ਨੇ ਸਿੱਖਾਂ ਵਿਚ ਬੇਦਿਲੀ ਦਾ ਅਹਿਸਾਸ ਨਾ ਭਰਿਆ ਸਗੋਂ ਸਿੱਖ ਫ਼ੈਸਲਾਕੁੰਨ ਲੜਾਈ ਦੀਆਂ ਤਿਆਰੀਆਂ ਦਾ ਵਿਚਾਰ ਕਰਨ ਲੱਗ ਪਏ। ਇਥੋਂ ਵਾਪਿਸ ਮੁੜ ਕੇ ਅਹਿਮਦ ਸ਼ਾਹ ਦੀ ਫ਼ੌਜ ਨੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀਆਂ ਇਮਾਰਤਾਂ ਵੀ ਢਾਹ ਦਿੱਤੀਆਂ।

ਵੱਡੇ ਘੱਲੂਘਾਰੇ ਤੋਂ ਸਿਰਫ਼ ਦੋ ਮਹੀਨੇ ਮਗਰੋਂ ਹੀ ਸਿੱਖ ਫ਼ੌਜਾਂ ਨੇ ਸਾਹਰਿੰਦ 'ਤੇ ਹਮਲਾ ਕਰ ਕੇ ਆਪਣੇ 'ਜਿਊਂਦੇ' ਹੋਣ ਦਾ ਸਬੂਤ ਦੇ ਦਿਤਾ। ਇਸ ਦੇ 6 ਹੋਰ ਮਹੀਨੇ ਮਗਰੋਂ 16 ਅਕਤੂਬਰ 1762 ਦੇ ਦਿਨ ਸਾਰੇ ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੋਏ। ਇਸ ਮੌਕੇ 'ਤੇ ਹੋਏ ਸਰਬੱਤ ਖ਼ਾਲਸਾ ਇਕੱਠ ਵਿਚ ਸਿੱਖਾਂ ਨੇ ਫ਼ੈਸਲਾ ਕੀਤਾ ਕਿ ਅਹਿਮਦ ਸ਼ਾਹ ਦੁਰਾਨੀ ਨਾਲ ਸਿੱਧੀ ਟੱਕਰ ਲਈ ਜਾਵੇ। ਅਗਲੇ ਦਿਨ ਦੁਰਾਨੀ ਨੇ ਅੰਮ੍ਰਿਤਸਰ 'ਤੇ ਹਮਲਾ ਬੋਲ ਦਿੱਤਾ। ਸਾਰਾ ਦਿਨ ਹੋਈ ਲੜਾਈ ਵਿਚ ਸਿੱਖਾਂ ਦਾ ਹੱਥ ਉੱਤੇ ਰਿਹਾ। ਹਨੇਰਾ ਪੈਣ ਮਗਰੋਂ ਦੁਰਾਨੀ ਦੀ ਫ਼ੌਜ ਲਾਹੌਰ ਵੱਲ ਵਾਪਿਸ ਮੁੜ ਗਈ। ਇਸ ਮਗਰੋਂ

ਦੁਰਾਨੀ ਨੇ ਸਮਝ ਲਿਆ ਕਿ ਉਹ ਹੁਣ ਸਿੱਖਾਂ ਨਾਲ ਸਿੱਧੀ ਟੱਕਰ ਲੈਣ ਜੋਗਾ ਨਹੀਂ। ਇਸ ਕਰ ਕੇ ਛੇਤੀ ਹੀ ਉਹ ਵਾਪਿਸ ਮੁੜ ਗਿਆ। 1764 ਵਿਚ ਅਹਿਮਦ ਸ਼ਾਹ ਦੁਰਾਨੀ ਫਿਰ ਕਾਬਲੋਂ ਫ਼ੌਜ ਲੈ ਕੇ ਆਇਆ ਪਰ 1 ਦਸੰਬਰ 1764 ਦਾ ਦਿਨ ਛੱਡ ਕੇ ਉਸ ਦੀ ਸਿੱਖਾਂ ਨਾਲ ਕੋਈ ਟੱਕਰ ਨਹੀਂ ਹੋਈ। ਇਸ ਦਿਨ ਵੀ ਉਸ ਦੇ ਹਜ਼ਾਰਾਂ ਫ਼ੌਜੀਆਂ ਨਾਲ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ, 30 ਸਿੱਖਾਂ ਨੇ, ਬਾਬਾ ਗੁਰਬਖ਼ਸ਼ ਸਿੰਘ ਦੀ ਅਗਵਾਈ ਵਿਚ, ਸੈਂਕੜੇ ਅਫ਼ਗਾਨ ਫ਼ੌਜੀਆਂ ਨੂੰ ਮਾਰਨ ਮਗਰੋਂ ਸ਼ਹੀਦੀਆਂ ਪਾਈਆਂ।

ਅੰਮ੍ਰਿਤਸਰ ਵਿਚ 30 ਸਿੱਖਾਂ ਅਤੇ 30 ਹਜ਼ਾਰ ਅਫ਼ਗਾਨ ਫ਼ੌਜੀਆਂ ਦੀ ਅਸਾਵੀਂ ਲੜਾਈ ਕੋਈ ਲੜਾਈ ਨਹੀਂ ਸੀ ਪਰ 17 ਜਨਵਰੀ 1765 ਦੇ ਦਿਨ ਸਿੱਖਾਂ ਤੇ ਅਫ਼ਗਾਨਾਂ ਵਿਚ ਅਸਲ ਲੜਾਈ ਹੋਈ ਸੀ ਜਿਸ ਵਿਚ ਸਿੱਖ ਫ਼ੌਜਾਂ ਨੇ ਜਿੱਤ ਹਾਸਿਲ ਕੀਤੀ ਸੀ। ਇਸ ਹਾਰ ਮਗਰੋਂ ਅਹਿਮਦ ਸ਼ਾਹ ਵਾਪਿਸ ਕਾਬਲ ਨੂੰ ਮੁੜ ਗਿਆ।

9 ਅਪ੍ਰੈਲ 1765 ਦੇ ਦਿਨ ਸਰਬੱਤ ਖਾਲਸਾ ਨੇ ਅਕਾਲ ਤਖ਼ਤ ਸਾਹਿਬ 'ਤੇ ਇਕੱਠ ਕਰ ਕੇ ਇਹ ਗੁਰਮਤਾ ਵੀ ਕੀਤਾ ਕਿ ਲਾਹੌਰ ਨੂੰ ਵੀ ਆਜ਼ਾਦ ਕਰਵਾ ਲਿਆ ਜਾਵੇ। 16 ਮਈ ਦੇ ਦਿਨ ਗੁੱਜਰ ਸਿੰਘ ਭੰਗੀ, ਲਹਿਣਾ ਸਿੰਘ ਭੰਗੀ ਤੇ ਸੋਭਾ ਸਿੰਘ ਕਨ੍ਹਈਆ ਦੀ ਅਗਵਾਈ ਵਿਚ ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਇਸ ਦੇ ਨਾਲ ਹੀ ਸਿੱਖਾਂ ਨੇ ਆਪਣਾ ਸਿੱਕਾ ਵੀ ਜਾਰੀ ਕਰ ਦਿੱਤਾ। ਇਸ ਦੇ ਨਾਲ ਹੀ ਹੁਣ ਤਕਰੀਬਨ ਸਾਰੇ ਪੰਜਾਬ 'ਤੇ ਸਿੱਖਾਂ ਦੀ ਹਕੂਮਤ ਕਾਇਮ ਹੋ ਚੁੱਕੀ ਸੀ। ਇਸ ਮਗਰੋਂ ਵੀ ਅਹਿਮਦ ਸ਼ਾਹ ਦਸੰਬਰ 1766, 1769 ਤੇ 1770 ਵਿਚ ਵੀ ਪੰਜਾਬ ਵੱਲ ਆਇਆ ਪਰ ਉਸ ਨੇ ਸਿੱਖਾਂ ਨਾਲ ਕੋਈ ਸਿੱਧੀ ਟੱਕਰ ਨਾ ਲਈ। 14 ਮਾਰਚ 1770 ਦੇ ਦਿਨ ਉਸ ਦਾ ਜਰਨੈਲ ਜਹਾਨ ਖ਼ਾਨ ਮਰ ਗਿਆ ਤੇ ਕਮਜ਼ੋਰ, ਬਜ਼ੁਰਗ, ਹਾਰਿਆ, ਉਦਾਸ ਅਹਿਮਦ ਸ਼ਾਹ ਵੀ 23 ਅਕਤੂਬਰ 1772 ਦੇ ਦਿਨ ਮਰ ਗਿਆ। ਇਸ ਮਗਰੋਂ ਹੁਣ ਪੰਜਾਬ ਨੂੰ ਵਿਦੇਸ਼ੀ ਹਮਲਿਆਂ ਦਾ ਬਹੁਤਾ ਡਰ ਖ਼ਤਮ ਹੋ ਗਿਆ। ਹੁਣ ਸਿੱਖ ਪੰਜਾਬ ਦੇ ਹਾਕਮ ਸਨ। ਇਸ ਦੌਰਾਨ ਸਿੱਖਾਂ ਨੇ ਹਿੰਦੁਸਤਾਨ ਅਤੇ ਇਸ ਦੀ ਰਾਜਧਾਨੀ ਦਿੱਲੀ ਵੱਲ ਵੀ ਮੂੰਹ ਕੀਤਾ। 11 ਮਾਰਚ 1783 ਦੇ ਦਿਨ ਦਿੱਲੀ ਦੇ ਲਾਲ ਕਿਲ੍ਹੇ 'ਤੇ ਵੀ ਖਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਲਹਿਰਾਇਆ ਗਿਆ ਸੀ। ਇਸ ਵੇਲੇ ਆਹਲੂਵਾਲੀਆ ਮਿਸਲ ਕਪੂਰਥਲਾ ਤੇ ਮਾਝੇ ਦੇ ਕੁਝ ਇਲਾਕੇ 'ਤੇ ਕਾਬਜ਼ ਹੋ ਚੁਕੀ ਸੀ; ਭੰਗੀ ਮਿਸਲ ਲਾਹੌਰ, ਸਿਆਲਕੋਟ, ਗੁਜਰਾਤ, ਮੁਲਤਾਨ ਅਤੇ ਅੰਮ੍ਰਿਤਸਰ ਦੇ ਕੁਝ ਇਲਾਕੇ 'ਤੇ; ਰਾਮਗੜ੍ਹੀਆ, ਕਾਦੀਆਂ, ਬਟਾਲਾ, ਹਰਿਗੋਬਿੰਦਪੁਰ, ਮਿਆਣੀ, ਟਾਂਡਾ ਵਿਚ; ਸਿੰਘਪੁਰੀਆ ਮਿਸਲ ਬਨੂੜ, ਮਨੌਲੀ, ਭਰਤਗੜ੍ਹ 'ਤੇ; ਕਨ੍ਹਈਆ ਮਿਸਲ ਬਟਾਲਾ ਪਰਗਨਾ ਵਿਚ; ਸ਼ਹੀਦਾਂ ਮਿਸਲ ਅੰਬਾਲਾ ਤੇ ਸਹਾਰਨਪੁਰ ਦੇ ਇਲਾਕੇ ਵਿਚ, ਨੱਕਈ ਸਤਲੁਜ ਤੇ ਲਾਹੌਰ ਦੇ ਵਿਚਕਾਰਲੇ ਇਲਾਕੇ ਵਿਚ; ਡੱਲੇਵਾਲੀਆ ਰਾਹੋਂ, ਨਵਾਂ ਸ਼ਹਿਰ ਤੇ ਫਿਲੌਰ ਵਿਚ; ਕਰੋੜਸਿੰਘੀਆ ਹੁਸ਼ਿਆਰਪੁਰ ਵਿਚ; ਸੁਕਰਚਕੀਆ ਗੁਜਰਾਂਵਾਲਾ ਵਗ਼ੈਰਾ ਵਿਚ ਰਾਜ ਕਰ ਰਹੇ ਸਨ। ਫ਼ਰੀਦਕੋਟ, ਪਟਿਆਲਾ, ਨਾਭਾ, ਜੀਂਦ, ਸਾਹਰਿੰਦ, ਬੂੜੀਆ, ਕੈਥਲ ਵਗੈਰਾ ਵੀ ਸਿੱਖਾਂ ਦੇ ਕਬਜ਼ੇ ਵਿਚ ਸਨ। ਯਾਨਿ ਸਿੱਖਾਂ ਨੇ ਤਕਰੀਬਨ ਸਾਰਾ ਸਿੱਖ ਹੋਮਲੈਂਡ ਆਜ਼ਾਦ ਕਰਵਾ ਲਿਆ ਸੀ।

ਪਰ, ਇਸ ਮਾਹੌਲ ਵਿਚ ਕਈ ਸਿੱਖ ਆਗੂ ਮੁਗ਼ਲਾਂ ਵਾਂਗ ਕਰਨ ਲੱਗ ਪਏ ਤੇ ਅੱਯਾਸ਼ੀ ਵਿਚ ਪੈ ਗਏ। ਉਨ੍ਹਾਂ ਦੇ ਹਿੰਦੂ ਵਜ਼ੀਰਾਂ ਤੇ ਸਲਾਹਕਾਰਾਂ ਨੇ ਉਨ੍ਹਾਂ ਨੂੰ ਸਿੱਖੀ ਤੋਂ

ਦੂਰ ਕਰਨ ਵਿਚ ਅਹਿਮ ਰੋਲ ਅਦਾ ਕੀਤਾ। ਉਨ੍ਹਾਂ ਵਿਚੋਂ ਕੁਝ ਅੱਯਾਸ਼ ਦੇ ਨਾਲ-ਨਾਲ ਜ਼ਾਲਮ ਵੀ ਬਣ ਗਏ। ਇਸ ਮਾਹੌਲ ਵਿਚ, 1799 ਵਿਚ, ਸੁਕਰਚਕੀਆ ਮਿਸਲ ਦੇ ਨੌਜਵਾਨ ਮੁਖੀ, ਰਣਜੀਤ ਸਿੰਘ, ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਇਸ ਮਗਰੋਂ ਉਸ ਨੇ ਵੱਖ-ਵੱਖ ਮਿਸਲਾਂ ਦੇ ਇਲਾਕੇ ਖੋਹਣੇ ਸ਼ੁਰੂ ਕਰ ਦਿੱਤੇ। 1801 ਵਿਚ ਉਸ ਨੇ ਆਪਣੇ ਆਪ ਨੂੰ 'ਮਹਾਰਾਜਾ' ਵੀ ਐਲਾਨ ਕਰ ਦਿੱਤਾ। ਅਗਲੇ ਕੁਝ ਸਾਲਾਂ ਵਿਚ ਉਸ ਨੇ ਬਹੁਤੀਆਂ ਮਿਸਲਾਂ ਦੇ ਇਲਾਕੇ ਖੋਹ ਲਏ। ਕਪੂਰਥਲਾ ਨੂੰ ਛੱਡ ਕੇ ਸਤਲੁਜ ਦੇ ਇਸ ਪਾਸੇ ਵੱਲ ਉਸ ਨੇ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ। ਰਣਜੀਤ ਸਿੰਘ ਛੇਤੀ ਹੀ ਡੋਗਰਿਆਂ (ਗੁਲਾਬ ਸਿੰਹ, ਧਿਆਨ ਸਿੰਹ, ਸੁਚੇਤ ਸਿੰਹ, ਹੀਰਾ ਸਿੰਹ), ਯੂ.ਪੀ. ਦੇ ਬ੍ਰਾਹਮਣਾਂ (ਖ਼ੁਸ਼ਹਾਲ ਸਿੰਹ, ਤੇਜ ਸਿੰਹ, ਲਾਲ ਸਿੰਹ, ਬੇਲੀ ਰਾਮ) ਵਗ਼ੈਰਾ ਦੀ ਚੁੰਗਲ ਵਿਚ ਫਸ ਗਿਆ ਅਤੇ ਇਨ੍ਹਾਂ ਨੇ ਰਣਜੀਤ ਸਿੰਘ ਨੂੰ ਚਾਪਲੂਸੀ, ਸ਼ਰਾਬ, ਖ਼ੂਬਸੂਰਤ ਕੁੜੀਆਂ ਪੇਸ਼ ਕਰ ਕਰ ਕੇ ਆਪਣੀ ਮੁੱਠੀ ਵਿਚ ਕਰ ਲਿਆ। ਦੂਜੇ ਪਾਸੇ ਇਨ੍ਹਾਂ ਵਿਚੋਂ ਬਹੁਤੇ ਅੰਗਰੇਜ਼ਾਂ ਨਾਲ ਸਾਂਝ ਵੀ ਰੱਖਣ ਲੱਗ ਪਏ ਸਨ।

1839 ਵਿਚ ਰਣਜੀਤ ਸਿੰਘ ਮਰ ਗਿਆ। ਡੋਗਰਿਆਂ ਨੇ 1840 ਵਿਚ ਉਸ ਦਾ ਪੁੱਤਰ ਖੜਗ ਸਿੰਘ ਤੇ ਪੋਤਰਾ ਨੌਨਿਹਾਲ ਸਿੰਘ ਵੀ ਮਾਰ ਦਿੱਤੇ। 1841 ਵਿਚ ਸ਼ੇਰ ਸਿੰਘ ਮਹਾਰਾਜਾ ਬਣਿਆ। ਉਸ ਨੂੰ ਸੰਧਾਂਵਾਲੀਆ ਨੇ ਮਾਰ ਦਿੱਤਾ। 1843 ਵਿਚ ਨਾਬਾਲਗ ਦਲੀਪ ਸਿੰਘ ਗੱਦੀ 'ਤੇ ਬੈਠਾ। ਇਸ ਦੌਰਾਨ ਵੀ ਡੋਗਰਿਆਂ ਅਤੇ ਹਿੰਦੁਸਤਾਨ ਦੇ ਬ੍ਰਾਹਮਣਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਰਣਜੀਤ ਸਿੰਘ ਦੀ ਹਕੂਮਤ ਤੇ ਅੰਗਰੇਜ਼ਾਂ ਦਾ ਕਬਜ਼ਾ ਕਰਵਾ ਦਿੱਤਾ। ਮਾਰਚ 1849 ਵਿਚ ਪੰਜਾਬ 'ਚ ਅੰਗਰੇਜ਼ਾਂ ਦੀ ਹਕੂਮਤ ਕਾਇਮ ਹੋ ਚੁੱਕੀ ਸੀ।

ਇਸ ਵੇਲੇ ਸਿੱਖਾਂ ਦੀ ਆਬਾਦੀ 80 ਲੱਖ ਸੀ। ਹਕੂਮਤ ਬਦਲਣ ਦੇ ਨਾਲ ਹੀ ਦਿਖਾਵੇ ਵਜੋਂ ਬਣੇ ਸਿੱਖ ਫੇਰ ਹਿੰਦੂ ਬਣ ਗਏ ਤੇ ਇਹ ਆਬਾਦੀ ਸਿਰਫ਼ 18 ਲੱਖ ਰਹਿ ਗਈ। ਇਸ ਦੇ ਨਾਲ ਹੀ ਅੰਗਰੇਜ਼ਾਂ ਨੇ ਈਸਾਈ ਧਰਮ ਦਾ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ। ਇਸ ਹਮਲੇ ਤੋਂ ਬਚਾਉਣ ਵਾਸਤੇ ਸਿੱਖਾਂ ਨੇ ਸਿੰਘ ਸਭਾ ਲਹਿਰ ਸ਼ੁਰੂ ਕੀਤੀ। ਸ. ਠਾਕਰ ਸਿੰਘ ਸੰਧਾਵਾਲੀਆ, ਸ. ਜਵਾਹਰ ਸਿੰਘ ਕਪੂਰ, ਗਿ. ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਕੰਵਰ ਬਿਕਰਮ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਿੱਖਾਂ ਨੂੰ ਬੇਦਿਲੀ ਤੇ ਉਦਾਸੀ 'ਚੋਂ ਕੱਢ ਕੇ ਕੌਮ ਨੂੰ ਨਵੀਂ ਜ਼ਿੰਦਗੀ ਦਿੱਤੀ।

ਇਸ ਦੌਰਾਨ ਗੁਰਦੁਆਰਿਆਂ ਉੱਤੇ ਉਦਾਸੀਆਂ ਨੇ ਕਬਜ਼ਾ ਕਰ ਲਿਆ ਹੋਇਆ ਸੀ। ਉਨ੍ਹਾਂ ਵਿਚੋਂ ਬਹੁਤੇ ਹਿੰਦੂ ਸਨ ਅਤੇ ਉਹ ਗੁਰਦੁਆਰਿਆਂ ਦੀ ਆਮਦਨੀ ਅੱਯਾਸ਼ੀ, ਪਾਪ, ਵਿਭਚਾਰ ਤੇ ਨਸ਼ਿਆਂ ਵਾਸਤੇ ਖ਼ਰਚ ਕਰਦੇ ਸਨ। ਇਸ ਸਾਰੇ ਨੂੰ ਖ਼ਤਮ ਕਰਨ ਵਾਸਤੇ ਅਕਾਲੀ ਲਹਿਰ (ਗੁਰਦੁਆਰਾ ਸੁਧਾਰ ਲਹਿਰ) ਚਲਾਈ ਗਈ। ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਭੁੱਚਰ, ਮਾਸਟਰ ਮੋਤਾ ਸਿੰਘ, ਤੇਜਾ ਸਿੰਘ ਸਮੁੰਦਰੀ, ਅਮਰ ਸਿੰਘ ਝਬਾਲ ਤੇ ਉਨ੍ਹਾਂ ਦੇ ਭਰਾ, ਲਛਮਣ ਸਿੰਘ ਧਾਰੋਵਾਲੀ, ਹਰਚੰਦ ਸਿੰਘ ਲਾਇਲਪੁਰੀ, ਸੁੰਦਰ ਸਿੰਘ ਲਾਇਲਪੁਰੀ, ਮਾਸਟਰ ਤਾਰਾ ਸਿੰਘ, ਗਿ. ਸ਼ੇਰ ਸਿੰਘ, ਸ.ਬ. ਮਹਿਤਾਬ ਸਿੰਘ, ਬਾਬਾ ਖੜਕ ਸਿੰਘ, ਸੇਵਾ ਸਿੰਘ ਠੀਕਰੀਵਾਲਾ ਅਤੇ ਹੋਰਾਂ ਦੀ ਅਗਵਾਈ ਵਿਚ ਪੰਜ ਸਾਲ ਦੀ ਜੱਦੋ-ਜਹਿਦ ਵਿਚ 500 ਸਿੱਖ ਸ਼ਹੀਦ ਹੋਏ, 50 ਹਜ਼ਾਰ ਸਿੱਖ ਜੇਲ੍ਹਾਂ ਵਿਚ ਗਏ ਅਤੇ ਲੱਖਾਂ, ਕਰੋੜਾਂ ਰੁਪਏ ਜੁਰਮਾਨੇ ਅਤੇ ਹੋਰ ਨੁਕਸਾਨ ਮਗਰੋਂ 1925 ਵਿਚ ਗੁਰਦੁਆਰਾ ਐਕਟ ਬਣਿਆ ਜਿਸ ਨਾਲ ਬਹੁਤੇ ਗੁਰਦੁਆਰੇ ਸਿੱਖਾਂ ਨੇ ਆਜ਼ਾਦ ਕਰਵਾ ਲਏ ਪਰ ਇਸ

ਵਿਚ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਸ਼ਾਮਿਲ ਨਹੀਂ ਸਨ ਤੇ ਅੱਜ 2007 ਵਿਚ ਵੀ ਇਹ ਆਜ਼ਾਦ ਨਹੀਂ ਹਨ।

ਇਸ ਦੌਰਾਨ ਅੰਗਰੇਜ਼ਾਂ ਵੱਲੋਂ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੀ ਲਹਿਰ ਵੀ ਚੱਲ ਪਈ। 1940 ਵਿਚ ਮੁਸਲਮਾਨਾਂ ਨੇ ਵੱਖਰੇ ਪਾਕਿਸਤਾਨ ਦੀ ਮੰਗ ਵੀ ਸ਼ੁਰੂ ਕਰ ਦਿੱਤੀ। ਇਸ ਸਾਰੇ ਦੌਰਾਨ ਸਿੱਖ ਆਗੂ ਜਜ਼ਬਾਤੀ ਹੋ ਕੇ ਬੇਵਕੂਫ਼ਾਂ ਵਾਂਗ ਵਿਚਰਦੇ ਰਹੇ ਅਤੇ ਹਿੰਦੂ ਆਗੂਆਂ ਦੇ ਆਖੇ ਲੱਗ ਕੇ ਉਹ ਆਜ਼ਾਦ ਮੁਲਕ ਸਿੱਖ-ਸਤਾਨ ਦੀ ਥਾਂ ਭਾਰਤ ਨਾਲ ਸਾਂਝਾ ਦੇਸ਼ ਬਣਾਉਣ ਵਿਚ ਰਾਜ਼ੀ ਹੋ ਗਏ।

1947 ਵਿਚ ਅੰਗਰੇਜ਼ ਚਲੇ ਗਏ ਪਰ ਅਕਸਰੀਅਤ (ਬਹੁਸੰਮਤੀ) ਹੋਣ ਕਰ ਕੇ ਫ਼ਿਰਕੂ ਹਿੰਦੂਆਂ ਨੇ ਸਿੱਖਾਂ ਨਾਲ ਵਿਤਕਰਾ ਕਰਨਾ ਸ਼ੁਰੂ ਕਰ ਦਿੱਤਾ। 10 ਅਕਤੂਬਰ 1947 ਦੇ ਦਿਨ ਸਿੱਖਾਂ ਨੂੰ ਜਰਾਇਮ-ਪੇਸ਼ਾ ਵੀ ਕਰਾਰ ਦੇ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਖ਼ਤਮ ਕਰਨ ਦੀਆਂ ਚਾਲਾਂ ਚੱਲੀਆਂ ਜਾਣ ਲੱਗ ਪਈਆਂ। ਦੂਜੇ ਪਾਸੇ ਤਾਕਤ ਦੇ ਭੁੱਖੇ ਕੁਝ ਸਿੱਖ ਆਗੂ ਵਜ਼ੀਰ ਬਣਨ ਵਾਸਤੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਅਤੇ ਜ਼ੁਲਮ ਨੂੰ ਵੇਖ ਕੇ ਵੀ ਚੁੱਪ ਰਹੇ। ਇਸ ਹਾਲਤ ਵਿਚ ਮਾਸਟਰ ਤਾਰਾ ਸਿੰਘ ਨੇ ਸ਼ਾਨਦਾਰ ਅਗਵਾਈ ਕੀਤੀ ਤੇ ਸਿੱਖਾਂ ਨੂੰ ਖ਼ਤਮ ਹੋਣ ਤੋਂ ਬਚਾ ਲਿਆ। ਧਰਮ ਪ੍ਰਚਾਰ, ਸਿਆਸੀ ਮੋਰਚੇ ਅਤੇ ਜਥੇਬੰਦਕ ਕਾਰਵਾਈਆਂ ਨਾਲ ਸਿੱਖ ਪੰਜਾਬ ਵਿਚ ਵੱਡੀ ਤਾਕਤ ਬਣ ਗਏ। ਇਸ ਦੌਰਾਨ ਅਕਾਲੀ ਦਲ ਨੇ ਪੰਜਾਬੀ ਬੋਲੀ ਦਾ ਸੂਬਾ ਬਣਾਉਣ ਵਾਸਤੇ 1955 ਤੇ 1960 ਵਿਚ ਦੋ ਮੋਰਚੇ ਵੀ ਲਾਏ। ਪਹਿਲੀ ਨਵੰਬਰ 1966 ਨੂੰ ਪੰਜਾਬੀ ਸੂਬਾ ਬਣ ਗਿਆ ਪਰ ਵਜ਼ੀਰ ਗੁਲਜ਼ਾਰੀ ਲਾਲ ਨੰਦਾ ਤੇ ਇੰਦਰਾ ਗਾਂਧੀ ਦੀਆਂ ਸਾਜ਼ਿਸ਼ਾਂ ਕਰ ਕੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਭਾਖੜਾ ਡੈਮ, ਨੰਗਲ ਪਾਵਰ ਪਰਾਜੈਕਟ, ਪੰਜਾਬ ਦੇ ਪਾਣੀ ਤੇ ਬਹੁਤੀ ਤਾਕਤ ਸੈਂਟਰ ਸਰਕਾਰ ਨੇ ਆਪਣੇ ਕਬਜ਼ੇ ਵਿਚ ਕਰ ਲਈ ਤੇ ਪੰਜਾਬੀ ਬੋਲਦੇ ਕਈ ਇਲਾਕੇ ਹਰਿਆਣਾ ਅਤੇ ਹਿਮਾਚਲ ਵਿਚ ਸ਼ਾਮਿਲ ਕਰ ਦਿੱਤੇ। 1967 ਤੋਂ ਮਗਰੋਂ ਸਿੱਖਾਂ ਨੇ ਇਸ ਧੱਕੇ ਨੂੰ ਖ਼ਤਮ ਕਰਵਾਉਣ ਵਾਸਤੇ ਕਈ ਮੋਰਚੇ ਲਾਏ (ਪਰ ਅਜੇ ਤੱਕ ਇਸ ਧੱਕੇ ਨੂੰ ਖ਼ਤਮ ਨਹੀਂ ਕਰਵਾਇਆ ਜਾ ਸਕਿਆ)।

ਇਨ੍ਹਾਂ ਮੋਰਚਿਆਂ ਤੋਂ ਖਿਝ ਕੇ ਭਾਰਤ ਦੀ ਉਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ, ਗਿ. ਜ਼ੈਲ ਸਿੰਘ ਦੀ ਚੁਪ-ਮਰਜ਼ੀ ਨਾਲ, 4 ਜੂਨ 1984 ਦੇ ਦਿਨ, ਦਰਬਾਰ ਸਾਹਿਬ ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ ਅਤੇ ਦਰਜਨਾਂ ਹੋਰ ਗੁਰਦੁਆਰਿਆਂ ਉੱਤੇ ਤਿੰਨ ਲੱਖ ਫ਼ੌਜ ਚੜ੍ਹਾ ਦਿੱਤੀ। ਇਸ ਨਾਲ ਹਜ਼ਾਰਾਂ ਬੇਗੁਨਾਹ ਸਿੱਖ ਮਾਰ ਦਿੱਤੇ ਗਏ ਅਤੇ ਇਕ ਲੱਖ ਦੇ ਕਰੀਬ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ।

31 ਅਕਤੂਬਰ 1984 ਦੇ ਦਿਨ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਉਸ ਦੇ ਸਿੱਖਾਂ 'ਤੇ ਜ਼ੁਲਮ ਦੀ ਸਜ਼ਾ ਦੇਣ ਵਾਸਤੇ ਮਾਰ ਦਿੱਤਾ। ਇਸ ਕਤਲ ਮਗਰੋਂ ਰਾਜੀਵ ਗਾਂਧੀ, ਐਚ. ਕੇ. ਐਲ. ਭਗਤ, ਸੱਜਣ ਕੁਮਾਰ, ਜਗਦੀਸ਼ ਟਾਈਟਲ ਤੇ ਹੋਰ ਦਰਜਨਾਂ ਕਾਂਗਰਸੀਆਂ ਦੀਆਂ ਹਦਾਇਤਾਂ 'ਤੇ ਹਜ਼ਾਰਾਂ ਸਿੱਖਾਂ ਨੂੰ ਬੇਅੰਤ ਤਸੀਹੇ ਦੇ ਕੇ, ਜ਼ਾਲਮਾਨਾ ਢੰਗ ਨਾਲ ਕਤਲ ਕਰ ਦਿੱਤਾ ਗਿਆ। ਜਿਸ ਵੇਲੇ ਇਹ ਭਿਆਨਕ, ਦਰਿੰਦਿਆਂ ਵਾਲੇ ਤਸੀਹੇ ਦਿੱਤੇ ਜਾ ਰਹੇ ਸੀ ਉਦੋਂ ਦੁਨੀਆਂ ਭਰ ਦੇ ਮੁਲਕਾਂ ਦੇ ਆਗੂ ਦਿੱਲੀ ਵਿਚ ਹੀ ਸਨ ਪਰ ਸ਼ਰਮਨਾਕ ਗੱਲ ਇਹ ਹੈ ਕਿ ਕਿਸੇ ਵੀ ਦੇਸ਼ ਨੇ ਭਾਰਤ ਦੀ ਨਿੰਦਾ ਜਾਂ ਸਿੱਖਾਂ ਨਾਲ ਹਮਦਰਦੀ ਤਕ ਜ਼ਾਹਿਰ ਨਹੀਂ ਕੀਤੀ।

ਸਿੱਖਾਂ 'ਤੇ 1984 ਦੇ ਦੂਜੇ ਜ਼ੁਲਮੀ ਦੌਰ ਮਗਰੋਂ ਸਿੱਖ ਨੌਜਵਾਨਾਂ ਨੇ ਜ਼ੁਲਮ ਦੇ ਵਿਰੁੱਧ ਹਥਿਆਰ ਚੁੱਕ ਲਏ ਤੇ ਕੁਝ ਜ਼ਾਲਮਾਂ ਨੂੰ ਕਤਲ ਵੀ ਕੀਤਾ ਪਰ ਪੰਜਾਬ ਦੇ ਚੀਫ਼ ਮਨਿਸਟਰਾਂ ਸੁਰਜੀਤ ਬਰਨਾਲਾ ਤੇ ਬੇਅੰਤ ਸਿੰਘ, ਵਜ਼ੀਰ ਕੈਪਟਨ ਕੰਵਲਜੀਤ ਅਤੇ ਪੁਲਿਸ ਚੀਫ਼ ਰਬੈਰੋ ਤੇ ਫਿਰ ਕੇ.ਪੀ. ਗਿੱਲ ਦੀ ਅਗਵਾਈ ਵਿਚ 1986 ਤੋਂ 1992-93 ਤੱਕ ਹਜ਼ਾਰਾਂ ਸਿੱਖ ਨੌਜਵਾਨ ਤਸੀਹੇ ਦੇ-ਦੇ ਕੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ। ਨੌਜਵਾਨਾਂ ਨੂੰ ਕਤਲ ਕਰਨ ਮਗਰੋਂ ਉਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਆਖ ਕੇ ਸਾੜ ਦਿੱਤਾ ਗਿਆ। (ਏਨਾ ਹੀ ਨਹੀਂ ਇਸ ਜ਼ੁਲਮ ਦਾ ਰਾਜ਼ ਖੋਲ੍ਹਣ ਵਾਲੇ ਸ: ਜਸਵੰਤ ਸਿੰਘ ਖਾਲੜਾ ਨੂੰ ਵੀ ਘਰੋਂ ਚੁੱਕ ਕੇ ਮਾਰ ਕੇ ਉਸ ਦੀ ਵੀ ਲਾਸ਼ ਸਾੜ ਦਿੱਤੀ ਗਈ)। ਇਹ ਦੌਰ ਅਗਸਤ 1995 ਵਿਚ ਬੇਅੰਤ ਸਿੰਘ ਦੇ ਕਤਲ ਮਗਰੋਂ ਰੁਕ ਗਿਆ।

1997 ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਈਆਂ। ਲੋਕਾਂ ਨੇ ਅਕਾਲੀ ਦਲ ਨੂੰ ਤਾਕਤ ਵਿਚ ਲਿਆਂਦਾ ਤਾਂ ਜੋ ਪੰਜਾਬ ਵਿਚ ਸਿੱਖਾਂ 'ਤੇ ਜ਼ੁਲਮ ਦਾ ਦੌਰ ਬੰਦ ਹੋ ਜਾਵੇ, ਪਰ ਪਰਕਾਸ਼ ਸਿੰਘ ਬਾਦਲ ਨੇ ਆਪਣੀ ਹਕੂਮਤ ਦੌਰਾਨ ਜ਼ਾਲਮ ਪੁਲਸੀਆਂ ਨੂੰ ਸਜ਼ਾ ਤਾਂ ਕੀ ਦੇਣੀ ਸੀ ਸਗੋਂ ਉਨ੍ਹਾਂ ਨੂੰ ਪੂਰੀ ਮਦਦ ਤੇ ਤਾਕਤ ਦਿੱਤੀ। ਇਸ ਨਾਲ ਸਿੱਖਾਂ ਵਿਚ ਬੇਦਿਲੀ ਆਈ। ਬਾਦਲ ਨੇ ਅਕਾਲੀ ਦਲ ਦਾ ਧਾਰਮਿਕ ਅਜੰਡਾ ਤੇ ਨਿਸ਼ਾਨਾ ਬਿਲਕੁਲ ਹੀ ਛੱਡ ਦਿੱਤਾ ਤੇ ਸਿਰਫ਼ ਤਾਕਤ ਹਾਸਿਲ ਕਰ ਕੇ ਪੈਸਾ ਜਮ੍ਹਾਂ ਕਰਨਾ ਹੀ ਨਿਸ਼ਾਨਾ ਬਣਾ ਲਿਆ। ਇਸ ਸਾਰੇ ਨਾਲ ਸਿੱਖ ਪੰਥ ਦਾ ਬੜਾ ਵੱਡਾ ਨੁਕਸਾਨ ਹੋਇਆ।

1998 ਵਿਚ ਬਾਦਲ ਦੇ ਕੁਝ ਹਿਮਾਇਤੀਆਂ ਨੇ ਜਥੇਦਾਰ ਟੌਹੜਾ ਦੇ ਵਿਰੁੱਧ ਐਜੀਟੇਸ਼ਨ ਚਲਾ ਦਿੱਤੀ ਜਿਸ ਨਾਲ ਅਕਾਲੀ ਦਲ ਦੋ ਟੋਟੇ ਹੋ ਗਿਆ। ਇਸ ਨਾਲ ਕਾਂਗਰਸ ਵਿਚ ਫੇਰ ਜਾਨ ਪੈ ਗਈ। ਮਾਰਚ 2002 ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ ਕਾਂਗਰਸ ਨੇ ਅਕਾਲੀ ਦਲਾਂ ਦੀ ਫੁੱਟ ਦਾ ਲਾਭ ਉਠਾਇਆ ਤੇ ਪੰਜਾਬ ਵਿਚ ਕਾਂਗਰਸ ਦੀ ਹਕੂਮਤ ਕਾਇਮ ਕੀਤੀ।

1997 ਵਿਚ ਬਾਦਲ ਦੀ ਸਰਕਾਰ ਆਉਣ ਮਗਰੋਂ ਜਦ ਅਕਾਲੀ ਦਲ ਨੇ ਸਿੱਖ ਅਜੰਡਾ ਛੱਡ ਦਿੱਤਾ ਤਾਂ ਸਿੱਖਾਂ ਵਿਚ ਲਿੰਗ-ਮੋਖੂਲਤਾ ਦਾ ਵਾਧਾ ਹੋਇਆ। ਬਾਦਲ ਤੇ ਉਸ ਦੇ ਸਾਥੀਆਂ ਨੇ ਕੇਸਧਾਰੀ ਸਿੱਖਾਂ ਨੂੰ ਪਿੱਛੇ ਕਰ ਕੇ ਮੋਨਿਆਂ ਨੂੰ ਅੱਗੇ ਲਿਆਉਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਸਿੱਖਾਂ ਵਿਚ ਪਤਿਤਪੁਣਾ ਸਿਖਰ 'ਤੇ ਪਹੁੰਚ ਗਿਆ। ਇਸ ਨੂੰ ਠੱਲ੍ਹ ਪਾਉਣ ਵਾਸਤੇ ਕੋਈ ਜਥੇਬੰਦੀ ਅੱਗੇ ਨਹੀਂ ਆਈ। ਬਹੁਤ ਸਾਰੇ ਆਗੂਆਂ ਤੇ ਵਿਦਵਾਨਾਂ ਦੇ ਖਿਆਲ ਵਿਚ, ਅੱਜ ਇਹ ਮਸਲਾ ਇਕ ਹਿਮਾਲਈ ਪਹਾੜ ਵਾਂਗ, ਸਿੱਖ ਕੌਮ ਦੇ ਭਵਿੱਖ 'ਤੇ ਸਵਾਲੀਆ ਚਿੰਨ੍ਹ ਬਣਿਆ ਖੜ੍ਹਾ ਹੈ। ਅੱਜ ਗੁਰਦੁਆਰੇ ਕੁਰਪਸ਼ਨ ਅਤੇ ਮਨਮਤਿ ਦੇ ਅੱਡੇ ਬਣੇ ਹੋਏ ਹਨ ਤੇ ਅਧਰਮ, ਬੇਈਮਾਨੀ, ਕੁਰਪਸ਼ਨ, ਵਿਭਚਾਰ, ਨਸ਼ੇ, ਦਿਓ-ਸੋਚ ਸਿੱਖ ਕੌਮ ਦੇ ਵੱਡੇ ਮਸਲੇ ਹਨ।

ਯੂਰਪ, ਏਸ਼ੀਆ ਅਤੇ ਹੋਰ ਇਲਾਕਿਆਂ ਵਿਚ ਸਿੱਖਾਂ ਦਾ ਰੋਲ

ਸਿੱਖ ਸਿਰਫ਼ ਆਪਣੀ ਆਜ਼ਾਦੀ ਵਾਸਤੇ ਹੀ ਨਹੀਂ ਲੜਦੇ ਰਹੇ ਬਲਕਿ ਹੋਰਨਾਂ ਵਾਸਤੇ ਵੀ ਕੁਰਬਾਨੀਆਂ ਕਰਦੇ ਰਹੇ ਹਨ। ਪਹਿਲੀ ਤੇ ਦੂਜੀ ਕੁਲ-ਆਲਮੀ ਲੜਾਈ ਵਿਚ ਲੱਖਾਂ ਦੀ ਗਿਣਤੀ ਵਿਚ ਸਿੱਖ ਫ਼ੌਜੀ ਇੰਗਲੈਂਡ, ਫ਼ਰਾਂਸ, ਬੈਲਜੀਅਮ, ਇਟਲੀ, ਸਿੰਘਾਪੁਰ, ਮਲੇਸ਼ੀਆ, ਥਾਈਲੈਂਡ, ਬਰਮਾ, ਹਾਂਗਕਾਂਗ ਵਗ਼ੈਰਾ ਦੀ ਆਜ਼ਾਦੀ ਬਚਾਉਣ ਵਾਸਤੇ ਜੱਦੋ-ਜਹਿਦ ਕਰਦੇ ਰਹੇ। ਯੂਰਪ ਦੇ ਜੰਗੀ ਰਿਕਾਰਡ ਤੇ ਆਰਕੀਵ ਵਗ਼ੈਰਾ ਸਿੱਖਾਂ

ਦੀਆਂ ਕੁਰਬਾਨੀਆਂ ਦੀ ਤਵਾਰੀਖ਼ ਸੰਭਾਲੀ ਬੈਠੇ ਹਨ। ਇਨ੍ਹਾਂ ਲੜਾਈਆਂ ਵਿਚ ਕਿੰਨੇ ਹੀ ਸਿੱਖਾਂ ਨੇ ਵਿਕਟੋਰੀਆ ਕਰਾਸ ਅਤੇ ਬਹਾਦਰੀ ਦੇ ਹੋਰ ਤਗ਼ਮੇ ਹਾਸਿਲ ਕੀਤੇ ਸਨ। ਸਿੱਖਾਂ ਨੇ ਵਿਦੇਸ਼ਾਂ ਦੀ ਮਾਲੀ ਤਰੱਕੀ ਵਿਚ ਵੀ ਬਹੁਤ ਰੋਲ ਅਦਾ ਕੀਤਾ ਹੈ।

ਸਿੱਖਾਂ ਦੀ ਆਬਾਦੀ

ਪੰਜਾਬ ਸਿੱਖਾਂ ਦਾ ਹੋਮਲੈਂਡ ਹੈ। ਦੁਨੀਆਂ ਭਰ ਦੇ ਸਿੱਖਾਂ ਦੀ ਆਬਾਦੀ ਦਾ 70 ਫ਼ੀ ਸਦੀ ਹਿੱਸਾ ਪੰਜਾਬ ਵਿਚ ਹੈ। ਉਂਞ ਸਿੱਖ ਦੁਨੀਆਂ ਦੇ ਹੋਰ ਕੋਨੇ ਵਿਚ ਵਸਦੇ ਹਨ। ਭਾਵੇਂ ਪੂਰੀ ਤਰ੍ਹਾਂ ਸਹੀ ਗਿਣਤੀ ਦੱਸਣੀ ਮੁਮਕਿਨ ਨਹੀਂ ਪਰ ਅੰਦਾਜ਼ਨ ਆਬਾਦੀ ਹੇਠ ਲਿਖੇ ਮੁਤਾਬਿਕ ਹੈ:

ਪੰਜਾਬ ਵਿਚ	14,592,387
ਹਰਿਆਣਾ	1,170,662
ਉੱਤਰ ਪ੍ਰਦੇਸ਼	678,059
ਰਾਜਸਥਾਨ	818,420
ਜੰਮੂ ਕਸ਼ਮੀਰ	207,154
ਦਿੱਲੀ	555,602
ਮਹਾਂਰਾਸ਼ਟਰ	215,337
ਉਤਰਾਂਚਲ	212,025
ਮੱਧ ਪ੍ਰਦੇਸ਼	150,772
ਚੰਡੀਗੜ੍ਹ	145,175
ਝਾਰਖੰਡ	83,358
ਹਿਮਾਂਚਲ	72,353
ਛੱਤੀਸਗੜ੍ਹ	69,621
ਬੰਗਾਲ	66,391
ਗੁਜਰਾਤ	45,587
ਆਂਧਰਾ	30,998
ਆਸਾਮ	22,519
ਬਿਹਾਰ	20,780
ਉੜੀਸਾ	17,496
ਕਰਨਾਟਕ	15,326
ਤਾਮਿਲਨਾਡੂ	9,545
ਮੇਘਾਲਿਆ	3,110
ਕੇਰਲ	2,762
ਅਰੁਣਾਂਚਲ	1,865
ਮਨੀਪੁਰ	1,653
ਤ੍ਰਿਪੁਰਾ	1,182
ਸਿਕਮ	1,176
ਅੰਡੇਮਾਨ	1,587

(ਜਨਵਰੀ 2005 ਦੇ ਸੁਨਾਮੀ ਵਿਚ ਬਹੁਤ ਸਾਰੇ ਸਿੱਖ ਮਾਰੇ ਗਏ ਸਨ)

ਨਾਗਾਲੈਂਡ	1,152
ਗੋਆ	970
ਮਿਜ਼ੋਰਮ	326
ਦਮਨ, ਦਿਓ	145
ਦਾਦਰਾ ਤੇ ਨਗਰ ਹਵੇਲੀ	123
ਪਾਂਡੀਚਰੀ	108
ਲਕਸ਼ਦੀਪ	6
ਭਾਰਤ	**19,215,730**

(ਉਪਰ ਦਿੱਤੇ ਅੰਕੜੇ ਭਾਰਤ ਸਰਕਾਰ ਦੇ ਹਨ)

ਵਿਦੇਸ਼ਾਂ ਵਿਚ:

ਇੰਗਲੈਂਡ	5.5 ਲੱਖ
ਕੈਨੇਡਾ	4.5 ਲੱਖ
ਅਮਰੀਕਾ	4.5 ਲੱਖ
ਇਟਲੀ	1.5 ਲੱਖ
ਪੁਰਤਗਾਲ	60,000
ਮਲੇਸ਼ੀਆ	50,000
ਕੀਨੀਆ	55,000
ਆਸਟਰੇਲੀਆ	30,000
ਨਿਊਜ਼ੀਲੈਂਡ	25,000
ਸਿੰਘਾਪੁਰ	15,000
ਥਾਈਲੈਂਡ	15,000
ਜਰਮਨੀ	6,000
ਹਾਲੈਂਡ	5,000
ਆਸਟਰੀਆ	5,000
ਨਾਰਵੇ	4,000
ਬੈਲਜੀਅਮ	3,500
ਹਾਂਗਕਾਂਗ	3,000
ਸਪੇਨ	3,000
ਸਵੀਡਨ, ਡੈਨਮਾਰਕ, ਸਵਿਟਜ਼ਰਲੈਂਡ ਤੇ ਹੋਰ ਮੁਲਕ	50,000

(ਉਪਰ ਦਿੱਤੇ ਅੰਕੜੇ ਅੰਦਾਜ਼ਨ ਹਨ)

ਏਸ਼ੀਆ=19,500,000; ਨਾਰਥ ਅਮਰੀਕਾ-1,000,000; ਯੂਰਪ=750,000; ਅਫ਼ਰੀਕਾ=60,000, ਆਸਟਰੇਲੀਆ ਵਗੈਰਾ=60,000.

(ਇਹ ਗਿਣਤੀ ਅੰਦਾਜ਼ਨ ਹੈ ਤੇ ਘੱਟ ਵੱਧ ਵੀ ਹੋ ਸਕਦੀ ਹੈ)

ਕੁਲ ਦੁਨੀਆਂ ਵਿਚ ਸਿੱਖ (ਅੰਦਾਜ਼ਨ) 21,370,000

ਦੁਨੀਆਂ ਦੇ ਧਰਮਾਂ ਦੀ ਆਬਾਦੀ

ਈਸਾਈ 2,038,905,000

ਮੁਸਲਮਾਨ	1,226,403,000
ਹਿੰਦੂ	828,130,000
ਚੀਨੀ ਧਰਮ	389,543,000
ਬੋਧੀ	364,014,000
ਸਿੱਖ	21,370,000
ਯਹੂਦੀ	14,535,000

ਸਿੱਖ ਦੀ ਖ਼ਾਸੀਅਤ

ਸਿੱਖ ਲਫ਼ਜ਼ ਦਾ ਮਾਅਨਾ ਤੇ ਪਿਛੋਕੜ

ਲਫ਼ਜ਼ 'ਸਿੱਖ' ਦਾ ਮਾਅਨਾ ਹੈ: 'ਧਰਮ ਤੇ ਫ਼ਲਸਫ਼ਾ ਸਿੱਖਣ ਦਾ ਤਲਬਗਾਰ।' ਸੰਸਕ੍ਰਿਤ ਦੇ ਲਫ਼ਜ਼ 'ਸ਼ਿਸ਼' ਅਤੇ 'ਸਿੱਖ' ਵਿਚ ਬੜਾ ਫ਼ਰਕ ਹੈ। ਸੰਸਕ੍ਰਿਤ ਦੇ 'ਸ਼ਿਸ਼' ਦਾ ਮਤਲਬ ਹੈ: ਇਕ ਆਮ ਸਿਖਾਂਦਰੂ/ਪਾੜ੍ਹਾ/ਸਟੂਡੈਂਟ। ਪਰ ਸਿੱਖ ਇਕ ਆਮ ਪਾੜ੍ਹਾ ਨਹੀਂ ਬਲਕਿ ਫ਼ਲਸਫ਼ੇ ਅਤੇ 'ਧਰਮ' ਦਾ ਤਾਲਿਬ ਹੈ। ਇਸ ਕਰ ਕੇ ਸਿੱਖ ਦੇ ਅਸਲੇ ਵਿਚ 'ਧਰਮ' ਵਾਸਤੇ ਜੰਗ ਯਾਨਿ 'ਧਰਮ ਯੁੱਧ' (righteousness) ਅਤੇ ਰੂਹਾਨੀਅਤ ਨਾਲੋ-ਨਾਲ ਚਲਦੀਆਂ ਹਨ।

ਸਿੱਖ ਦੀ ਦਿੱਖ (ਦਸਤਾਰ, ਦਾੜ੍ਹੀ, ਕੇਸ ਵਗੈਰਾ)

ਇਕ ਸਿੱਖ ਦੀ ਪਛਾਣ ਸੈਂਕੜੇ ਤੇ ਹਜ਼ਾਰਾਂ ਲੋਕਾਂ ਵਿਚੋਂ ਆਸਾਨੀ ਨਾਲ ਹੋ ਜਾਂਦੀ ਹੈ। ਆਪਣੀ ਦਸਤਾਰ, ਦਾੜ੍ਹੀ-ਮੁੱਛਾਂ, ਕੇਸ, ਦਸਤਾਰ ਵਗ਼ੈਰਾ ਕਰ ਕੇ ਉਸ ਦਾ ਰੂਪ ਲਾਸਾਨੀ ਹੈ। ਇਕ ਅੰਮ੍ਰਿਤਧਾਰੀ ਸਿੱਖ ਲਈ 'ਪੰਜ ਕਕਾਰ': ਕੰਘਾ, ਕੜਾ, ਕਿਰਪਾਨ, ਕਛਹਿਰਾ, ਕੇਸ ਤੇ ਕੇਸਕੀ (ਦਸਤਾਰ) ਲਾਜ਼ਮੀ ਹਨ। ਇਕ ਸਿੱਖ ਇਨ੍ਹਾਂ ਕਕਾਰਾਂ ਨੂੰ ਆਪਣੇ ਜਿਸਮ ਤੋਂ ਮਰਨ ਤਕ ਅਲਹਿਦਾ ਨਹੀਂ ਕਰ ਸਕਦਾ।

ਨਾਂ ਦੀ ਖ਼ਾਸੀਅਤ (ਸਿੰਘ ਅਤੇ ਕੌਰ)

ਸਿੱਖ ਦੀ ਇਕ ਹੋਰ ਖ਼ਾਸ ਪਛਾਣ ਹੈ, ਉਸ ਦੇ ਨਾਂ ਦਾ ਪਿਛਲਾ ਅੱਧ। ਹਰ ਸਿੱਖ ਮਰਦ ਦੇ ਨਾਂ ਪਿੱਛੇ 'ਸਿੰਘ' ਅਤੇ ਔਰਤ ਦੇ ਨਾਂ ਪਿੱਛੇ 'ਕੌਰ' ਹੋਣਾ ਲਾਜ਼ਮੀ ਹੈ। ਆਪਣੇ ਨਾਂ ਨਾਲ ਸਿੰਘ/ਕੌਰ ਨਾ ਲਿਖਣ ਵਾਲਾ ਅਸਲ ਵਿਚ ਧੋਖੇਬਾਜ਼ ਹੈ ਕਿਉਂ ਕਿ ਉਹ ਆਪਣਾ ਸਿੱਖ ਹੋਣਾ ਲੁਕਾਉਣਾ ਵੀ ਚਾਹੁੰਦਾ ਹੈ, ਪਰ ਸਿੱਖ ਹੋਣ ਦਾ ਫ਼ਾਇਦਾ ਵੀ ਖੱਟਣਾ ਚਾਹੁੰਦਾ ਹੈ। ਅਜਿਹਾ ਦੰਭੀ ਇਨਸਾਨ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ। ਸਿੰਘ ਲਫ਼ਜ਼ ਦਾ ਮਾਅਨਾ 'ਸ਼ੇਰ' ਹੈ ਅਤੇ 'ਕੌਰ' ਲਫ਼ਜ਼ ਦਾ ਮਾਅਨਾ 'ਸ਼ਹਿਜ਼ਾਦਾ' ਹੈ। ਸਿੱਖ ਔਰਤਾਂ ਦਾ ਦਰਜਾ ਮਰਦ ਦੇ ਬਰਾਬਰ ਹੈ ਅਤੇ ਇਸੇ ਕਰ ਕੇ ਗੁਰੂ ਸਾਹਿਬ ਨੇ ਸਿੱਖ ਔਰਤ ਵਾਸਤੇ ਕੌਰ (ਸ਼ਹਿਜ਼ਾਦਾ, ਸ਼ਹਿਜ਼ਾਦੀ ਨਹੀਂ) ਚੁਣਿਆ ਸੀ। ਹਿੰਦੂਆਂ ਵਿਚ ਕੁਝ ਰਾਜਪੂਤ ਆਪਣੇ ਨਾਂ ਨਾਲ 'ਸਿੰਹ' ਲਫ਼ਜ਼ ਲਿਖਦੇ ਹਨ। ਦੋ ਕੁ ਦਹਾਕਿਆਂ ਤੋਂ ਇਨ੍ਹਾਂ ਨੇ ਆਪਣੇ ਨਾਂ ਨੂੰ **ਸਿੰਹ** ਦੀ ਬਜਾਇ **ਸਿੰਘ** ਅਤੇ ਅੰਗਰੇਜ਼ੀ ਵਿਚ Sinh ਦੀ ਥਾਂ Singh ਲਿਖਣਾ ਸ਼ੁਰੂ ਕਰ ਦਿੱਤਾ ਹੈ। ਇਸ ਸਾਜ਼ਿਸ਼ ਦਾ ਮਤਲਬ ਹਿੰਦੂ ਤੇ ਸਿੱਖਾਂ ਦੇ ਇਕ ਹੋਣ ਬਾਰੇ ਭੁਲੇਖੇ ਪਾਉਣਾ ਹੈ।

ਧਰਮ ਦੇ ਫ਼ਲਸਫ਼ੇ ਦੀ ਖ਼ਾਸੀਅਤ

ਸਿੱਖ ਧਰਮ ਇੱਕੋ ਇਕ ਰੱਬ ਦਾ ਵਜੂਦ ਮੰਨਦਾ ਹੈ । ਸਿੱਖ ਫ਼ਲਸਫ਼ੇ ਮੁਤਾਬਿਕ ਰੱਬ ਇਕ ਹੈ, ਉਸ ਦੀ ਤਾਕਤ ਦੀ ਹੱਦ ਮਿੱਥੀ ਨਹੀਂ ਜਾ ਸਕਦੀ, ਉਹ ਹਰ ਥਾਂ ਹਾਜ਼ਰ ਹੈ, ਉਸ ਦੀ ਹਸਤੀ ਅਪਾਰ ਹੈ, ਉਹ ਮੁੱਢ ਕਦੀਮ ਤੋਂ ਹੀ ਕਾਇਮ ਸੀ, ਹੈ ਅਤੇ ਹਮੇਸ਼ਾ ਰਹੇਗਾ। ਉਹ ਲਾਸਾਨੀ ਹੈ। ਉਹੀ ਦੁਨੀਆਂ ਨੂੰ ਪੈਦਾ ਕਰਦਾ ਹੈ, ਪਾਲਦਾ ਹੈ ਅਤੇ ਉਹ ਹੀ ਇਸ ਨੂੰ ਖ਼ਤਮ ਕਰਨ ਦੀ ਤਾਕਤ ਰਖਦਾ ਹੈ। ਸਿੱਖ ਧਰਮ ਰੱਬ ਦੇ ਮੁਕਾਬਲੇ ਵਿਚ ਜਾਂ ਉਸ ਦੇ ਮੁਖ਼ਾਲਿਫ਼ ਕਿਸੇ ਵਜੂਦ ਨੂੰ (ਸ਼ੈਤਾਨ ਜਾਂ ਬ੍ਰਹਮਾ, ਵਿਸ਼ਨੂੰ, ਮਹੇਸ਼) ਕਬੂਲ ਨਹੀਂ ਕਰਦਾ। ਸਿੱਖ ਕਿਸੇ ਜਿਊਂਦੇ ਜਾਂ ਮਰ ਚੁੱਕੇ ਪੈਗ਼ੰਬਰ 'ਤੇ ਅਕੀਦਾ ਨਹੀਂ ਰੱਖਦਾ। ਸਿੱਖ ਫ਼ਲਸਫ਼ੇ ਮੁਤਾਬਿਕ ਰੱਬ ਕਦੇ ਇਨਸਾਨੀ ਜਾਮੇ ਵਿਚ ਨਹੀਂ ਆਉਂਦਾ। ਸਿੱਖ ਫ਼ਲਸਫ਼ਾ ਜੰਮਣ ਤੋਂ ਪਹਿਲਾਂ ਅਤੇ ਮਰਨ ਤੋਂ ਮਗਰੋਂ ਦੀ ਦੁਨੀਆਂ 'ਚ ਯਕੀਨ ਨਹੀਂ ਰਖਦਾ। ਸਿੱਖ ਧਰਮ ਦੂਜੀ ਜ਼ਿੰਦਗੀ (Reincarnation, ਪੁਨਰ ਜਨਮ) ਵਿਚ ਯਕੀਨ ਨਹੀਂ ਰੱਖਦਾ। ਸਿੱਖ ਫ਼ਲਸਫ਼ੇ ਮੁਤਾਬਿਕ ਨਰਕ ਤੇ ਸਵਰਗ ਇਸੇ ਦੁਨੀਆਂ 'ਤੇ ਹਨ ਅਤੇ ਇਸ ਤੋਂ ਪਰ੍ਹੇ ਇਨ੍ਹਾਂ ਦਾ ਕੋਈ ਵਜੂਦ ਨਹੀਂ।

ਸਿੱਖ ਧਰਮ 'ਭਾਂਜ' (Escapism) ਦਾ ਧਰਮ ਨਹੀਂ ਹੈ। ਸਿੱਖ ਇਕ ਕਬੀਲਦਾਰ/ਗ੍ਰਹਿਸਤੀ (House-holder) ਰਹਿੰਦਿਆਂ ਹੋਇਆਂ ਹੀ ਇਸ ਜ਼ਿੰਦਗੀ ਵਿਚ ਹੀ ਮੁਕਤੀ ਹਾਸਲ ਕਰ ਸਕਦਾ ਹੈ। ਇੰਞ ਸਿੱਖ ਫ਼ਲਸਫ਼ਾ ਇਕ ਅਮਲੀ ਫ਼ਲਸਫ਼ਾ ਹੈ। ਇਸ ਵਿਚ ਦੁਨਿਆਵੀ ਅਤੇ ਰੂਹਾਨੀ ਦਾ ਮੇਲ ਹੈ। ਸਿੱਖ ਫ਼ਲਸਫ਼ੇ ਵਿਚ 'ਮੁਕਤੀ' ਦੂਜੀ ਦੁਨੀਆਂ ਵਿਚ ਨਹੀਂ ਬਲਕਿ ਇਸ ਦੁਨੀਆਂ ਅਤੇ ਇਸੇ ਜ਼ਿੰਦਗੀ ਵਿਚ ਹਾਸਲ ਹੁੰਦੀ ਹੈ। ਸਿੱਖੀ ਵਿਚ 'ਮੁਕਤੀ' ਹਾਸਲ ਕਰਨਾ 'ਸਚਿਆਰ' ਦੇ ਪੜਾਅ 'ਤੇ ਪਹੁੰਚਣਾ ਅਤੇ ਦੁਨੀਆਂ ਦੇ ਮੋਹ ਮਾਇਆ ਤੇ ਭਰਮ-ਜਾਲ ਤੋਂ ਆਜ਼ਾਦ ਰਹਿਣਾ ਹੈ (ਗੁਰੂ ਗ੍ਰੰਥ ਸਾਹਿਬ, ਸਫ਼ਾ 522)। ਇੰਞ ਹੀ ਸਿੱਖ ਧਰਮ ਵਿਚ ਅਖੌਤੀ-ਤੀਰਥਾਂ ਦੀ 'ਯਾਤਰਾ' ਨੂੰ ਵੀ ਗ਼ਲਤ ਆਖਿਆ ਗਿਆ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਸਿਰਫ਼ 'ਸ਼ਬਦ' ਹੀ 'ਤੀਰਥ' ਹੈ ਅਤੇ ਨਾਮ ਜਪਣਾ ਅਤੇ ਸਚਿਆਰ ਦੀ ਜ਼ਿੰਦਗੀ ਜੀਉਣਾ ਹੀ ਅਸਲ ਜ਼ਿਆਰਤ/ਤੀਰਥ ਯਾਤਰਾ (Pilgrimage) ਹੈ। ਸਿੱਖ ਧਰਮ 'ਮਾਜ਼ੂਰੀ' ਦਾ ਧਰਮ ਨਹੀਂ। ਸਿੱਖ ਤਕਦੀਰ ਅੱਗੇ ਹਥਿਆਰ ਨਹੀਂ ਸੁੱਟਦਾ। ਸਿੱਖ ਰਬ ਦਾ ਭਾਣਾ ਮੰਨਦਾ ਹੈ, ਪਰ ਹਾਲਾਤ ਬਿਹਤਰ ਕਰਨ ਲਈ ਜੱਦੋਜਹਿਦ ਕਰਨ ਵਾਸਤੇ ਹਰ ਦਮ ਤਿਆਰ ਰਹਿੰਦਾ ਹੈ।

ਮੀਰੀ-ਪੀਰੀ ਦਾ ਲਾਸਾਨੀ ਸਿੱਖ ਫ਼ਲਸਫ਼ਾ

ਮੀਰੀ ਤੇ ਪੀਰੀ ਦਾ ਇਕ ਹੋਣਾ ਲਾਸਾਨੀ ਸਿੱਖ ਫ਼ਲਸਫ਼ਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਮੀਰੀ (ਦੁਨਿਆਵੀ/ਸਿਆਸੀ ਖ਼ੁਦਮੁਖ਼ਤਿਆਰੀ) ਅਤੇ ਪੀਰੀ (ਰੂਹਾਨੀ ਖ਼ੁਦਮੁਖ਼ਤਿਆਰੀ) ਇਕ ਸਿੱਖ ਦੀ ਸ਼ਖ਼ਸੀਅਤ ਦਾ ਅਟੁੱਟ ਹਿੱਸਾ ਹਨ। ਸਿੱਖ ਫ਼ਲਸਫ਼ੇ ਵਿਚ ਮੀਰੀ-ਪੀਰੀ ਦਾ ਮਤਲਬ 'ਦੋਹਾਂ ਦੀ ਏਕਤਾ' ਜਾਂ 'ਧਰਮ ਤੇ ਸਿਆਸਤ ਦੀ ਏਕਤਾ' ਨਹੀਂ ਬਲਕਿ ਇਹ ਤਾਂ ਮੀਰੀ ਤੇ ਪੀਰੀ ਦਾ ਇਕੋ ਜਗਹ, ਇੱਕੋ ਸ਼ਖ਼ਸੀਅਤ ਵਿਚ ਹਾਜ਼ਰ ਹੋਣਾ ਹੈ। ਸਿਆਸੀ ਹਸਤੀ ਦਾ ਫ਼ਰਜ਼ ਹੈ ਕਿ ਉਹ 'ਧਰਮ' (Righteousness) ਨੂੰ ਕਾਇਮ ਰੱਖੇ ਕਿਉਂ ਕਿ ਉਹ 'ਧਰਮ' ਦਾ ਰਾਖਾ ਹੈ। ਇੰਞ ਹੀ ਪੀਰ ਦਾ ਫ਼ਰਜ਼ ਹੈ ਕਿ ਉਹ ਬੇਇਨਸਾਫ਼ੀ ਤੇ ਜ਼ੁਲਮ ਨੂੰ ਖ਼ਾਮੋਸ਼ ਖੜ੍ਹਾ ਤੱਕਦਾ ਨਾ ਰਹਿ ਜਾਵੇ। ਉਸ ਦਾ ਫ਼ਰਜ਼ ਹੈ ਕਿ ਉਹ ਗੁਰੂ ਸਾਹਿਬ ਦੇ ਦੱਸੇ ਤਰੀਕੇ ਨਾਲ ਇਨਸਾਫ਼ ਕਾਇਮ ਕਰਨ ਵਾਸਤੇ ਧਰਮ-ਯੁੱਧ ਕਰੇ। ਇਕ ਸਿੱਖ ਵਿਚ ਇਹ ਦੋਵੇਂ ਸ਼ਖ਼ਸੀਅਤਾਂ ਇਕੋ

ਜਗ੍ਹਾ, ਇਕ-ਰਸ ਹਾਜ਼ਰ ਹੋਣੀਆਂ ਚਾਹੀਦੀਆਂ ਹਨ। ਇਕ ਸਿੱਖ ਦੇ ਵਜੂਦ ਵਿਚ ਮੀਰੀ ਤੇ ਪੀਰੀ ਵੱਖ-ਵੱਖ ਨਜ਼ਰ ਨਹੀਂ ਆਉਂਦੀਆਂ। ਟੈਕਨੀਕਲ ਤੌਰ 'ਤੇ ਭਾਵੇਂ ਮੀਰੀ ਤੇ ਪੀਰੀ ਦੋ ਨੁਕਤੇ ਹਨ, ਪਰ ਇਕ ਸਿੱਖ ਸ਼ਖ਼ਸੀਅਤ ਵਿਚ ਉਨ੍ਹਾਂ ਨੂੰ ਵੱਖਰਿਆਇਆ ਨਹੀਂ ਜਾ ਸਕਦਾ। ਸਿੱਖ ਫ਼ਲਸਫ਼ੇ ਵਿਚ ਮੀਰੀ-ਪੀਰੀ ਇਨਸਾਫ਼, ਇਨਸਾਨੀਅਤ, ਧਰਮ ਤੇ ਰੂਹਾਨੀਅਤ ਦੀ ਮੁਹਾਫ਼ਿਜ਼ ਹੈ।

ਸਿੱਖ ਕੌਣ ਹੈ ?

ਕੋਈ ਵੀ ਸ਼ਖ਼ਸ, ਕਿਸੇ ਵੀ ਜ਼ਾਤ, ਰੰਗ, ਨਸਲ, ਲਿੰਗ ਨਾਲ ਸਬੰਧ ਰੱਖਦਾ ਹੋਵੇ, ਸਿੱਖ ਹੋ ਸਕਦਾ ਹੈ, ਜੇ ਕਰ ਉਹ:

1. ਇਕ ਰੱਬ 'ਤੇ ਯਕੀਨ ਰੱਖਦਾ ਹੈ;
2. ਦਸਾਂ ਪਾਤਿਸ਼ਾਹੀਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ 'ਤੇ ਅਕੀਦਾ ਰੱਖਦਾ ਹੈ;
3. ਆਪਣੇ ਘਰ ਦੀਆਂ ਰਸਮਾਂ ਪੰਥਕ ਰਹਿਤ ਮਰਿਆਦਾ ਮੁਤਾਬਿਕ ਨਿਭਾਉਂਦਾ ਹੈ;
4. ਖੰਡੇ ਦੀ ਪਾਹੁਲ 'ਤੇ ਯਕੀਨ ਰੱਖਦਾ ਹੈ ਅਤੇ ਪਾਹੁਲ ਲਈ ਹੋਈ ਹੈ ਜਾਂ ਲੈਣੀ ਚਾਹੁੰਦਾ ਹੈ;
5. ਕਿਸੇ ਹੋਰ ਧਰਮ, ਫ਼ਿਰਕੇ ਜਾਂ ਡੇਰੇ'ਚ ਯਕੀਨ ਨਹੀਂ ਰੱਖਦਾ (ਯਾਨਿ ਰਾਮਰਾਈਆ, ਨਿਰੰਕਾਰੀ, ਰਾਧਾ ਸੁਆਮੀ, ਨਾਮਧਾਰੀ ਵਗ਼ੈਰਾ ਨਹੀਂ ਹੈ);
6. ਆਪਣੇ ਨਾਂ ਨਾਲ ਸਿੰਘ (ਮਰਦਾਂ ਵਾਸਤੇ) ਜਾਂ ਕੌਰ (ਔਰਤਾਂ ਵਾਸਤੇ) ਲਿਖਦਾ ਹੈ।

ਸਹਿਜਧਾਰੀ ਸਿੱਖ ਕੌਣ ਹੈ ?

ਕੋਈ ਵੀ ਬੰਦਾ ਦਰਅਸਲ 'ਸਹਿਜਧਾਰੀ ਸਿੱਖ' ਨਹੀਂ ਹੋ ਸਕਦਾ। ਕੁਝ ਲੋਕਾਂ ਨੇ ਇਹ ਲਫ਼ਜ਼ ਉਨ੍ਹਾਂ ਵਾਸਤੇ ਵਰਤਿਆ ਹੈ ਜੋ:

1. ਇਕ ਰੱਬ 'ਤੇ ਯਕੀਨ ਰੱਖਦੇ ਹਨ;
2. ਕਿਸੇ ਹੋਰ ਧਰਮ 'ਚ ਯਕੀਨ ਨਹੀਂ ਰਖਦੇ;
3. ਦਸ ਪਾਤਿਸ਼ਾਹੀਆਂ ਦੇ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ 'ਤੇ ਅਕੀਦਾ ਰੱਖਦੇ ਹਨ;
4. ਆਪਣੇ ਘਰ ਦੀਆਂ ਰਸਮਾਂ ਪੰਥਕ ਰਹਿਤ ਮਰਿਆਦਾ ਮੁਤਾਬਿਕ ਕਰਦੇ ਹਨ;
5. ਹਲਾਲ ਨਹੀਂ ਖਾਂਦੇ;
6. ਸ਼ਰਾਬ ਨਹੀਂ ਪੀਂਦੇ;
7. ਆਪਣੇ ਕੇਸ ਨਹੀਂ ਕਟਾਉਂਦੇ ਅਤੇ ਹਮੇਸ਼ਾ ਦਸਤਾਰ ਸਜਾਂਦੇ ਹਨ।

(*ਵੇਖੋ: ਮਹਾਨ ਕੋਸ਼, ਸਫ਼ਾ 693*)

ਪਰ ਸਹਿਜਧਾਰੀ ਲਫ਼ਜ਼ ਸਿੱਖ ਫ਼ਲਸਫ਼ੇ 'ਚ ਕਿਤੇ ਵੀ ਨਜ਼ਰ ਨਹੀਂ ਆਉਂਦਾ। ਦਰਅਸਲ ਵੀਹਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ਾਂ ਨੇ ਬਾਕੀ ਧਰਮਾਂ ਦੇ ਲੋਕਾਂ ਵਾਂਗ ਸਿੱਖਾਂ ਵਾਸਤੇ ਵੀ ਕੁਝ ਖ਼ਾਸ ਰਿਆਇਤਾਂ ਸ਼ੁਰੂ ਕੀਤੀਆਂ ਸਨ। ਕੁਝ ਹਿੰਦੂਆਂ ਨੇ ਇਨ੍ਹਾਂ ਸਹੂਲਤਾਂ ਦਾ ਫ਼ਾਇਦਾ ਉਠਾਉਣ ਵਾਸਤੇ ਆਪਣੇ ਆਪ ਨੂੰ ਸਿੱਖ ਐਲਾਨ ਕਰ ਦਿੱਤਾ ਸੀ। ਪਰ 1947 ਤੋਂ ਬਾਅਦ ਇਹ ਰਿਵਾਜ ਬੰਦ ਹੋ ਗਿਆ। ਹੁਣ ਕੋਈ ਵੀ ਸ਼ਖ਼ਸ ਸਹਿਜਧਾਰੀ

ਨਹੀਂ ਹੈ। ਲਫ਼ਜ਼ੀ ਤੌਰ 'ਤੇ ਸਹਿਜਧਾਰੀ ਦਾ ਮਾਅਨਾ ਹੈ ਜੋ ਖੰਡੇ ਦੀ ਪਾਹੁਲ ਲੈਣੀ ਚਾਹੁੰਦਾ ਅਤੇ ਉਹ ਸਹਿਜੇ-ਸਹਿਜੇ ਇਸ ਪਾਸੇ ਵੱਲ ਟੁਰ ਰਿਹਾ ਹੈ। ਯਾਨੀ ਕੋਈ ਵੀ ਬੰਦਾ ਕਈ ਸਾਲ ਲਗਾਤਾਰ ਅਖੌਤੀ-ਸਹਿਜਧਾਰੀ ਨਹੀਂ ਹੋ ਸਕਦਾ। 1996 ਅਤੇ 2004 ਵਿਚ ਗੁਰਦੁਆਰਾ ਚੋਣਾਂ ਵੇਲੇ ਹਿੰਦੂਆਂ ਨੇ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਵਾਸਤੇ 'ਸਹਿਜਧਾਰੀ' ਡਰਾਮਾ ਕਰ ਕੇ ਆਪਣੀਆਂ ਵੋਟਾਂ ਬਣਵਾਈਆਂ ਸਨ। ਇਸ ਸਾਜ਼ਿਸ਼ ਵਿਚ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਕੁਝ ਆਗੂ ਸ਼ਾਮਿਲ ਸਨ।

ਦਰਅਸਲ, ਸਿੱਖ ਜਾਂ ਤਾਂ 'ਪਾਹੁਲੀਆ' (ਅੰਮ੍ਰਿਤਧਾਰੀ) ਹੈ ਜਾਂ 'ਪਾਹੁਲ-ਵਿਹੂਣਾ' ਹੈ ਅਤੇ ਜਾਂ 'ਪਤਿਤ'। ਚੌਥੀ ਕੋਈ ਚੀਜ਼ ਸਿੱਖ ਫ਼ਲਸਫ਼ੇ ਵਿਚ ਨਹੀਂ ਹੁੰਦੀ। ਜੇ ਕੋਈ ਹਿੰਦੂ (ਜਾਂ ਮੁਸਲਮਾਨ ਜਾਂ ਕੋਈ ਹੋਰ) ਸਿੱਖ ਅਖਵਾਉਣਾ ਚਾਹੁੰਦਾ ਹੈ ਤਾਂ ਉਹ ਪਾਹੁਲ ਲੈ ਕੇ ਸਿੱਖ ਬਣ ਸਕਦਾ ਹੈ ਅਤੇ ਅਜਿਹਾ ਕਈਆਂ ਨੇ ਕੀਤਾ ਵੀ ਹੈ। ਜੇ ਕਿਸੇ ਨੂੰ ਸਿੱਖੀ ਵਿਚ ਅਕੀਦਾ ਹੈ ਤਾਂ ਕੀ ਉਹ ਸ਼ਿਰੋਮਣੀ ਕਮੇਟੀ ਦੇ ਵੋਟਰ ਬਣਨ ਨਾਲ ਹੀ ਬਣਦਾ ਜਾਂ ਕਾਇਮ ਰਹਿੰਦਾ ਹੈ? ਨਹੀਂ! ਦਰਅਸਲ ਇਹ ਇਕ ਡੂੰਘੀ ਸਾਜ਼ਿਸ਼ ਹੈ, ਜਿਸ ਦਾ ਮਕਸਦ ਸਿੱਖਾਂ ਦੇ ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਹੀ ਹੈ।

ਸੰਗਤ/ਗੁਰ-ਸੰਗਤ

ਜਿਥੇ ਵੀ ਪੰਜ ਜਾਂ ਵੱਧ ਸਿੱਖ ਹਾਜ਼ਰ ਹੋਣ, ਉਸ ਇਕੱਠ ਨੂੰ ਸੰਗਤ ਆਖਿਆ ਜਾਂਦਾ ਹੈ। (ਇਹ ਪੰਜ ਦੀ ਗਿਣਤੀ ਦੀ ਵੀ ਕੋਈ ਪਾਬੰਦੀ ਨਹੀਂ) ਜਦੋਂ ਉਹ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਕੋਈ ਕਾਰਵਾਈ ਕਰਦੇ ਹਨ ਤਾਂ ਉਹ ਗੁਰ-ਸੰਗਤ ਅਖਵਾਉਂਦੇ ਹਨ।

ਸਰਬਤ ਖਾਲਸਾ

ਸਮੁੱਚੀ ਸਿੱਖ ਕੌਮ ਨੂੰ 'ਸਰਬਤ ਖਾਲਸਾ' ਆਖਿਆ ਜਾਂਦਾ ਹੈ। ਇਸ ਦਾ ਮਤਲਬ ਸਾਰੇ ਸਵਾ 2 ਕਰੋੜ ਸਿੱਖ ਨਹੀਂ। ਸਰਬਤ ਖਾਲਸਾ ਦਰਅਸਲ ਉਸ ਇਕੱਠ ਨੂੰ ਆਖਦੇ ਹਨ, ਜਿਸ ਵਿਚ ਪੰਥ ਦੀਆਂ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਿਲ ਹੋਣ। ਇਹ ਜਥੇਬੰਦੀਆਂ ਉਹ ਹਨ, ਜਿਹੜੀਆਂ ਅਕਾਲ ਤਖ਼ਤ ਸਾਹਿਬ ਨੂੰ ਸੁਪਰੀਮ ਮੰਨਦੀਆਂ ਹਨ ਤੇ ਉਨ੍ਹਾਂ ਦੀ ਵਫ਼ਾਦਾਰੀ ਅਕਾਲ ਤਖ਼ਤ ਸਾਹਿਬ ਨਾਲ ਹੈ। ਅਠਾਰ੍ਹਵੀਂ ਸਦੀ ਵਿਚ ਅਜਿਹੇ ਸਰਬਤ ਖਾਲਸਾ ਇਕੱਠ ਸਾਲ ਵਿਚ ਦੋ ਜਾਂ ਵਧੇਰੇ ਵਾਰੀ ਵੀ ਹੋਇਆ ਕਰਦੇ ਸਨ। 1805 ਵਿਚ ਰਣਜੀਤ ਸਿੰਘ ਨੇ ਇਹ ਇਕੱਠ ਬੰਦ ਕਰ ਦਿੱਤੇ। 15 ਨਵੰਬਰ 1920 ਦੇ ਦਿਨ ਇਕ ਵਾਰ ਫੇਰ ਇਸ ਨੂੰ ਮੁੜ ਸ਼ੁਰੂ ਕੀਤਾ ਗਿਆ ਸੀ ਪਰ ਉਸ ਮਗਰੋਂ ਇਹ ਫੇਰ ਬੰਦ ਹੋ ਗਏ।

ਗੁਰਮਤਾ

ਗੁਰਮਤਾ ਦਾ ਲਫ਼ਜ਼ੀ ਮਾਅਨਾ ਹੈ: 'ਗੁਰੂ ਦੀ ਮੱਤ' ਮੁਤਾਬਿਕ ਲਿਆ ਗਿਆ ਫ਼ੈਸਲਾ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਸਿੱਖ ਫ਼ਲਸਫ਼ੇ ਮੁਤਾਬਿਕ ਪੰਥ ਵਲੋਂ ਲਏ ਗਏ ਫ਼ੈਸਲੇ ਗੁਰਮਤੇ ਅਖਵਾਉਂਦੇ ਹਨ। ਗੁਰਮਤਾ ਸਿੱਖ ਫ਼ਲਸਫ਼ੇ ਦੇ ਕਿਸੇ ਨੁਕਤੇ ਨੂੰ ਸਪਸ਼ਟ ਕਰਨ ਵਾਸਤੇ ਹੋ ਸਕਦਾ ਹੈ ਜਾਂ ਕਿਸੇ ਐਸੇ ਨੁਕਤੇ ਬਾਰੇ ਜੋ ਸਮੁੱਚੀ ਸਿੱਖ ਕੌਮ

ਨਾਲ ਸਬੰਧ ਰੱਖਦਾ ਹੋਵੇ। ਬਾਕੀ ਨੁਕਤਿਆਂ ਬਾਰੇ 'ਮੱਤਾ' ਹੋ ਸਕਦਾ ਹੈ। ਮਤੇ ਵਾਸਤੇ ਦੂਸਾ ਲਫ਼ਜ਼ ਫ਼ੈਸਲਾ ਵੀ ਵਰਤਿਆ ਜਾ ਸਕਦਾ ਹੈ।

ਹੁਕਮਨਾਮਾ

ਗੁਰੂ ਸਾਹਿਬ ਵੱਲੋਂ ਸੰਗਤਾਂ ਨੂੰ ਭੇਜੇ ਜਾਣ ਵਾਲੇ ਖ਼ਤਾਂ ਨੂੰ ਹੁਕਮਨਾਮੇ ਆਖਿਆ ਜਾਂਦਾ ਸੀ। ਸੰਗਤ ਉਨ੍ਹਾਂ 'ਤੇ ਫੁਲ ਚੜ੍ਹਾਉਣਾ ਹੀ ਨਹੀਂ ਬਲਕਿ ਉਨ੍ਹਾਂ ਦੇ ਦਰਸ਼ਨ ਕਰਨਾ ਵੀ ਮਾਣ ਦੀ ਗੱਲ ਸਮਝਦੀਆਂ ਸਨ। ਅਠਾਰ੍ਹਵੀਂ ਸਦੀ ਵਿਚ ਸਰਬਤ ਖ਼ਾਲਸਾ ਦੇ ਇਕੱਠ ਵਿਚ ਕੀਤੇ ਗੁਰਮਤੇ ਨੂੰ ਅਕਾਲ ਤਖ਼ਤ ਸਾਹਿਬ ਤੋਂ 'ਹੁਕਮਨਾਮਾ' ਵਜੋਂ ਪੰਥ ਨੂੰ ਜਾਰੀ ਕੀਤਾ ਜਾਂਦਾ ਸੀ। ਵੀਹਵੀਂ ਸਦੀ ਵਿਚ ਅਕਾਲ ਤਖ਼ਤ ਸਾਹਿਬ ਦੇ ਅਖੌਤੀ-ਜਥੇਦਾਰ ਵੱਲੋਂ ਕੀਤੇ ਗਏ, 'ਹੁਕਮ' ਨੂੰ ਵੀ ਹੁਕਮਨਾਮਾ ਆਖਿਆ ਜਾਣ ਲਗਾ ਪਿਆ ਹੈ (ਜੋ ਸਹੀ ਨਹੀਂ ਹੈ)।

ਗੁਰੂ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮਿਆਂ ਬਾਰੇ ਕੁਝ ਕਿਤਾਬਾਂ ਵੀ ਛਪੀਆਂ ਹੋਈਆਂ ਹਨ। ਪਰ ਇਨ੍ਹਾਂ ਵਿਚਲੇ ਕੁਝ ਹੁਕਮਨਾਮੇ ਜਾਅਲੀ ਜਾਪਦੇ ਹਨ। ਕੁਝ ਹੋਰ ਜਾਅਲੀ ਹੁਕਮਨਾਮਿਆਂ ਦੀ ਹੋਂਦ ਦਾ ਵੀ ਪਤਾ ਲਗਦਾ ਹੈ।

ਖੰਡੇ ਦੀ ਪਾਹੁਲ

ਗੁਰੂ ਪੰਥ ਵਿਚ ਸ਼ਾਮਿਲ ਹੋਣ ਤੋਂ ਪਹਿਲੋਂ ਹਰ ਸਿੱਖ ਨੂੰ 'ਖੰਡੇ' ਦੀ ਪਾਹੁਲ' ਲੈਣੀ ਪੈਂਦੀ ਹੈ। (ਇਸ ਦਾ ਨਾਂ, ਗ਼ਲਤੀ ਨਾਲ, ਅੰਮ੍ਰਿਤ ਛਕਣਾ ਵੀ ਵਰਤਿਆ ਜਾਣ ਲਗ ਪਿਆ ਹੈ)। ਖੰਡੇ ਦੀ ਪਾਹੁਲ ਪੰਜ ਪਿਆਰੇ ਛਕਾਉਂਦੇ ਹਨ। ਪੰਜ ਸਿੰਘ, ਜੋ ਉਸ ਵਲੇ ਪੰਜ ਪਿਆਰੇ ਦਾ ਰੂਪ ਹੁੰਦੇ ਹਨ, ਖੰਡੇ ਨਾਲ ਅੰਮ੍ਰਿਤ ਤਿਆਰ ਕਰ ਕੇ ਇਕ ਖ਼ਾਸ ਮਰਿਆਦਾ ਮੁਤਾਬਿਕ ਖ਼ਾਹਿਸ਼ਮੰਦ ਸਿੱਖਾਂ ਨੂੰ ਪਿਆਉਂਦੇ ਹਨ। ਹਰ ਸਿੱਖ ਪ੍ਰਣ ਕਰਦਾ ਹੈ ਕਿ ਮੈਂ ਆਪਣੀ ਜਿੰਦ ਸਿੱਖ ਪੰਥ ਦੇ ਲੇਖੇ ਲਾਵਾਂਗਾ। ਇਸ ਮਗਰੋਂ ਪੰਜ ਪਿਆਰੇ ਸਿੱਖ ਰਹਿਤ ਮਰਿਆਦਾ ਦੱਸਦੇ ਹਨ। ਪੰਜ ਪਿਆਰਿਆਂ ਵਿਚ ਹਰ ਉਹ ਸਿੱਖ ਮਰਦ ਜਾਂ ਔਰਤ ਸ਼ਾਮਿਲ ਹੋ ਸਕਦਾ ਹੈ, ਜਿਹੜਾ ਆਪ ਪਾਹੁਲੀਆ ਹੋਵੇ ਤੇ ਜਿਹੜਾ ਕੁਰਹਿਤੀਆ ਨਾ ਹੋਵੇ।

ਚਾਰ ਬਜਰ ਕੁਰਹਿਤਾਂ

1. ਜਿਸਮ ਦੇ ਕਿਸੇ ਵੀ ਹਿੱਸੇ ਤੋਂ ਵਾਲ ਕੱਟਣਾ।
2. ਹਲਾਲ ਮਾਸ ਖਾਣਾ।
3. ਤੰਬਾਕੂ ਦੀ ਵਰਤੋਂ ਕਰਨਾ।
4. ਪਰ-ਨਾਰੀ ਦਾ ਸੰਗ ਕਰਨਾ।

(ਇਨ੍ਹਾਂ ਚੌਹਾਂ ਵਿਚੋਂ ਕਿਸੇ ਦੀ ਤਜਾਰਤ ਕਰਨਾ ਜਾਂ ਇਨ੍ਹਾਂ ਦੀ ਕਮਾਈ ਖਾਣਾ ਵੀ ਬਜਰ ਕੁਰਹਿਤ ਹੈ।)

ਕੁਰਹਿਤਾਂ

1. ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ, ਨਿਰੰਕਾਰੀਏ, ਸਿਰ-ਗੁੰਮ, ਨੜੀਮਾਰ, ਕੁੜੀਮਾਰ ਨਾਲ ਰੋਟੀ-ਬੇਟੀ ਦੀ ਸਾਂਝ ਰੱਖਣਾ।
2. ਪਤਿਤ ਜਾਂ ਜਿਸ ਨੇ ਪਾਹੁਲ ਨਾ ਲਈ ਹੋਵੇ, ਨਾਲ ਇਕ ਥਾਲੀ ਵਿਚ ਰੋਟੀ ਖਾਣਾ।
3. ਸਫ਼ੈਦ ਵਾਲ ਪੁੱਟਣਾ ਜਾਂ ਰੰਗਣਾ।
4. ਪੈਸੇ ਲੈ ਕੇ ਧੀ/ਪੁੱਤਰ ਦਾ ਰਿਸ਼ਤਾ ਕਰਨਾ।

5. ਕਿਸੇ ਨਸ਼ੇ ਦੀ ਵਰਤੋਂ ਕਰਨਾ।
6. ਸਿੱਖ ਮਰਿਆਦਾ ਦੇ ਉਲਟ ਕੋਈ ਕਾਰਵਾਈ ਕਰਨਾ।
7. ਖੰਡੇ ਦੀ ਪਾਹੁਲ ਲੈਣ ਵੇਲੇ ਕੀਤੇ ਪ੍ਰਣ ਨੂੰ ਤੋੜਨਾ।

ਸਿੱਖ ਦਾ ਜ਼ਾਬਤਾ (Discipline)

ਸਿੱਖ ਵਾਸਤੇ ਕੀ ਕਰਨਾ ਜ਼ਰੂਰੀ ਹੈ ?

1. ਵਾਹਿਗੁਰੂ 'ਤੇ ਯਕੀਨ ਰੱਖਣਾ।
2. ਦਸਾਂ ਪਾਤਿਸ਼ਾਹੀਆਂ ਦੇ 'ਇਕ' ਹੋਣ ਵਿਚ ਯਕੀਨ ਰੱਖਣਾ।
3. ਦਸਾਂ ਪਾਤਿਸ਼ਾਹੀਆਂ ਦੀ ਸਿਖਿਆ ਮੁਤਾਬਿਕ ਜ਼ਿੰਦਗੀ ਜੀਣਾ।
4. ਜਿੰਨੀ ਛੇਤੀ ਹੋ ਸਕੇ ਖੰਡੇ ਦੀ ਪਾਹੁਲ ਲੈਣਾ।
5. ਸਿਰਫ਼ ਅਕਾਲ ਪੁਰਖ ਦੀ ਪੂਜਾ ਕਰਨਾ।
6. ਆਪਣੇ ਨਾਂ ਨਾਲ ਸਿੰਘ (ਮਰਦ ਵਾਸਤੇ) ਜਾਂ ਕੌਰ (ਔਰਤ ਵਾਸਤੇ) ਲਾਉਣਾ।
7. ਪੰਜਾਬੀ ਬੋਲੀ ਪੜ੍ਹਨਾ, ਲਿਖਣਾ, ਬੋਲਣਾ ਅਤੇ ਗੁਰਮੁਖੀ ਲਿੱਪੀ ਸਿਖਣਾ।
8. ਸਿੱਖ ਫ਼ਲਸਫ਼ੇ ਤੇ ਤਵਾਰੀਖ਼ ਦਾ ਵੱਧ ਤੋਂ ਵੱਧ ਇਲਮ ਹਾਸਿਲ ਕਰਨਾ।
9. ਆਪਣੇ ਬੱਚਿਆਂ ਨੂੰ ਸਿੱਖੀ ਦਾ ਇਲਮ (ਗਿਆਨ) ਦੇਣਾ।
10. ਆਪਣੇ ਬੱਚਿਆਂ ਨੂੰ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਸਿਖਾਉਣਾ।
11. ਘਰ ਦੀਆਂ ਰਸਮਾਂ ਪੰਥਕ ਰਹਿਤ ਮਰਿਆਦਾ ਮੁਤਾਬਿਕ ਨਿਭਾਉਣਾ।
12. ਜਿੰਨਾ ਮੁਮਕਿਨ ਹੋ ਸਕੇ, ਗੁਰਦੁਆਰੇ ਬਾਕਾਇਦਾ ਜਾਣਾ।
13. ਇਮਾਨਦਾਰੀ ਦੀ ਕਮਾਈ ਕਰਨਾ।
14. ਆਪਣਾ ਦਸਵੰਧ ਕੱਢਣਾ ਤੇ ਸਿੱਖ ਕੌਮ ਦੀ ਭਲਾਈ ਵਾਸਤੇ ਖ਼ਰਚ ਕਰਨਾ।
15. ਭਾਈਚਾਰੇ ਦੀ ਸੇਵਾ 'ਚ ਹਿੱਸਾ ਪਾਉਣਾ।
16. ਜ਼ਾਤ, ਰੰਗ, ਨਸਲ, ਲਿੰਗ ਦੀ ਬਿਨਾਅ 'ਤੇ ਵਿਤਕਰਾ ਨ ਕਰਨਾ।
17. ਗ਼ਰੀਬ ਤੇ ਕਮਜ਼ੋਰ ਦੀ ਮਦਦ ਕਰਨਾ, ਬੇਇਨਸਾਫ਼ੀ ਦੀ ਮੁਖ਼ਾਲਫ਼ਤ ਕਰਨਾ।
18. ਸਰਬਤ ਖਾਲਸਾ ਦੇ ਗੁਰਮਤਿਆਂ ਅੱਗੇ ਸਿਰ ਝੁਕਾਉਣਾ।
19. ਸਿੱਖ ਹੋਮਲੈਂਡ ਦੀ ਭਲਾਈ 'ਚ ਹਿੱਸਾ ਪਾਉਣਾ।
20. ਸਿੱਖ ਕੌਮ ਦੀ ਅੱਡਰੀ ਹੋਂਦ ਬਾਰੇ ਮਾਣ ਕਰਨਾ ਤੇ ਚੌਕਸ ਰਹਿਣਾ।
21. ਘਰ ਦੀਆਂ ਰਸਮਾਂ ਵੱਧ ਤੋਂ ਵੱਧ ਸਾਦਗੀ ਨਾਲ ਕਰਨਾ।
22. ਸਾਦੀ ਖ਼ੁਰਾਕ ਖਾਣਾ (ਸ਼ਰਾਬ, ਤੰਬਾਕੂ, ਡਰੱਗਜ਼ ਦੀ ਵਰਤੋਂ ਗ਼ਲਤ ਹੈ)।
23. ਸਰਘੀ ਵੇਲੇ (ਸਵਖਤੇ) ਉਠਣਾ ਤੇ ਨਿਤਨੇਮ ਕਰਨਾ।
24. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣਾ।
25. ਪਰਾਈ ਔਰਤ ਨੂੰ ਆਪਣੀ ਭੈਣ/ਧੀ/ਮਾਂ ਦੇ ਬਰਾਬਰ ਸਮਝਣਾ।
26. ਗ਼ਰੀਬ ਦੀ ਰਸਨਾ (ਜੀਭ, ਮੂੰਹ) ਨੂੰ ਗੁਰੂ ਦੀ ਗੋਲਕ ਸਮਝਣਾ।
27. ਆਪਣੀ ਬੀਵੀ/ਖਾਵੰਦ ਦਾ ਵਫ਼ਾਦਾਰ ਰਹਿਣਾ।
28. ਦੂਜੇ ਸਿੱਖ ਨੂੰ 'ਵਾਹਿਗੁਰੂ ਜੀ ਕਾ/ਦਾ ਖਾਲਸਾ, ਵਾਹਿਗੁਰੂ ਜੀ ਕੀ/ਦੀ ਫ਼ਤਹਿ' ਬੁਲਾਉਣ 'ਚ ਪਹਿਲ ਕਰਨ ਦੀ ਕੋਸ਼ਿਸ਼ ਕਰਨਾ।
29. ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰਨਾ।

30. ਜਨਮ ਤੋਂ ਮਰਨ ਤਕ ਗੁਰ-ਮਰਿਆਦਾ ਨਿਭਾਉਣਾ।

ਸਿੱਖ ਵਾਸਤੇ ਕੀ ਨਾ ਕਰਨਾ ਜ਼ਰੂਰੀ ਹੈ ?

1. ਗੁਰੂ ਗ੍ਰੰਥ ਸਾਹਿਬ ਤੋਂ ਸਿਵਾਏ ਕਿਸੇ ਨੂੰ ਮੱਥਾ ਨਹੀਂ ਟੇਕਣਾ।

2. ਮੰਦਰਿ (ਹਿੰਦੂ), ਮਸੀਤ (ਮੁਸਲਮਾਨ), ਗਿਰਜੇ (ਈਸਾਈ), ਸਾਈਨਾਗਾਗ (ਯਹੂਦੀ) ਜਾਂ ਕਿਸੇ ਹੋਰ ਗ਼ੈਰ-ਸਿੱਖ ਧਾਰਮਿਕ ਜਗਹ 'ਤੇ ਪੂਜਾ ਜਾਂ ਅਰਦਾਸਿ ਨਹੀਂ ਕਰਨੀ। ਪਰ, ਸਿੱਖ ਨੂੰ ਦੂਜੇ ਦੇ ਅਕੀਦੇ ਅਤੇ ਧਰਮ ਦੀ ਇੱਜ਼ਤ ਕਰਨੀ ਚਾਹੀਦੀ ਹੈ।

3. ਕਬਰ ਜਾਂ ਮੜ੍ਹੀ (ਸਮਾਧ) 'ਤੇ ਅਕੀਦਾ ਨਹੀਂ ਰੱਖਣਾ ਤੇ ਮੱਥਾ ਨਹੀਂ ਟੇਕਣਾ। ਕਿਸੇ ਸਿੱਖ ਦੀ ਮੜ੍ਹੀ/ਸਮਾਧ ਨਹੀਂ ਬਣਾਉਣੀ।

4. ਬੁੱਤ ਜਾਂ ਤਸਵੀਰ (ਭਾਵੇਂ ਗੁਰੂ ਸਾਹਿਬ ਦੀਆਂ ਵੀ ਹੋਣ) ਦੀ ਪੂਜਾ ਨਹੀਂ ਕਰਨੀ ਤੇ ਉਨ੍ਹਾਂ ਅੱਗੇ ਮੱਥਾ ਨਹੀਂ ਟੇਕਣਾ। ਉਂਞ ਤਾਂ ਗੁਰੂ ਸਾਹਿਬ ਦੀ ਅਸਲ ਤਸਵੀਰ ਕੋਈ ਵੀ ਨਹੀਂ, ਪਰ ਜੇ ਸਚਮੁੱਚ ਲੱਭ ਵੀ ਪਵੇ ਤਾਂ ਉਸ ਦੀ ਪੂਜਾ ਕਰਨਾ ਜਾਂ ਉਸ ਅੱਗੇ ਮੱਥਾ ਟੇਕਣਾ ਸਿੱਖ ਫ਼ਲਸਫ਼ੇ ਦੇ ਉਲਟ ਹੈ।

5. ਜਾਦੂ, ਤਾਵੀਜ਼, ਕਾਲਾ-ਇਲਮ, ਵਹਿਮ-ਭਰਮ 'ਚ ਯਕੀਨ ਨਹੀਂ ਰੱਖਣਾ।

6. ਖ਼ਾਸ ਸਮੇਂ, ਲਗਨ, ਮਹੂਰਤ, ਗ੍ਰਹਿਣ, ਦਿਨ, ਤਾਰੀਖ਼ ਦਾ ਵਹਿਮ ਨਹੀਂ ਕਰਨਾ।

7. ਕੁੜੀਆਂ ਜੰਮਣ 'ਤੇ ਉਨ੍ਹਾਂ ਨੂੰ ਮਾਰਨਾ ਨਹੀਂ।

8. ਸਤੀ ਦੀ ਰਸਮ ਨਹੀਂ ਅਪਣਾਉਣੀ।

9. ਕਰਵਾ ਚੌਥ ਦਾ ਵਰਤ ਜਾਂ ਕੋਈ ਹੋਰ ਰੋਜ਼ੇ ਨਹੀਂ ਰੱਖਣੇ। ਉਂਞ ਸਿਹਤ ਵਾਸਤੇ ਕਿਸੇ ਹੋਰ ਦਿਨ ਫਾਕਾ ਰੱਖਣਾ ਗ਼ਲਤ ਨਹੀਂ ਹੈ।

10. ਸੰਗਰਾਂਦ, ਮੱਸਿਆ, ਪੂਰਨਮਾਸ਼ੀ ਨਹੀਂ ਮਨਾਉਣਾ। ਇਨ੍ਹਾਂ ਦਾ ਸਿੱਖੀ ਨਾਲ ਕੋਈ ਸਬੰਧ ਨਹੀਂ।(ਸ਼੍ਰੋਮਣੀ ਕਮੇਟੀ ਨੇ ਪੁਰੇਵਾਲ ਦਾ ਕੈਲੰਡਰ ਮੰਨ ਕੇ ਇਹ ਦਿਨ ਉਸ ਵਿਚ ਮੰਨੇ ਹਨ ਜੋ ਸਿੱਖ ਫ਼ਲਸਫ਼ੇ ਦੇ ਉਲਟ ਹੈ)।

11. ਜਨੇਊ ਜਾਂ ਅਜਿਹੀ ਹੋਰ ਰਸਮ 'ਤੇ ਯਕੀਨ ਨਹੀਂ ਰੱਖਣਾ। ਵੀਣੀ 'ਤੇ ਮੌਲੀ (ਜਾਂ ਕੋਈ ਵੀ ਅਜਿਹਾ ਧਾਗਾ) ਬੰਨ੍ਹਣਾ ਸਿੱਖ ਵਾਸਤੇ ਪਾਪ ਹੈ।

12. ਰਾਧਾ ਸੁਆਮੀਆਂ, ਨਿਰੰਕਾਰੀਆਂ, ਨਾਮਧਾਰੀਆਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਰੱਖਣੀ।

13. ਸਾਧੂ, ਸੰਤਾਂ, ਡੇਰੇਦਾਰਾਂ ਨੂੰ ਨਹੀਂ ਮੰਨਣਾ।

14. ਪਬਲਿਕ ਵਿਚ ਦਸਤਾਰ ਤੋਂ ਬਿਨਾਂ ਨਹੀਂ ਆਉਣਾ। ਘਰ ਵਿਚ ਵੀ ਨੰਗੇ ਸਿਰ ਨਹੀਂ ਬੈਠਣਾ।

15. ਘਰ ਬਾਰ ਛੱਡ ਕੇ ਉਦਾਸੀ/ਸਾਧੂ/ਸੰਨਿਆਸੀ ਨਹੀਂ ਬਣਨਾ। (ਗ੍ਰਿਹਸਤ ਅਪਣਾਉਣਾ ਹੈ।)

16. ਤੰਬਾਕੂ, ਡਰੱਗਜ਼ ਜਾਂ ਹੋਰ ਨਸ਼ੇ (ਭੰਗ, ਅਫ਼ੀਮ ਵਗੈਰਾ) ਨਹੀਂ ਵਰਤਣੇ।

17. ਪਰ-ਨਾਰੀ ਜਾਂ ਪਰ-ਮਰਦ ਦਾ ਸੰਗ ਨਹੀਂ ਕਰਨਾ।

18. ਔਰਤ ਨੇ ਪਰਦਾ ਨਹੀਂ ਕਰਨਾ। ਪਰ 'ਬਿਊਟੀ ਮੁਕਾਬਲੇ' ਸਿੱਖੀ ਅਸੂਲਾਂ ਦੇ ਉਲਟ ਹਨ।

19. ਬੱਚੇ (ਕੁੜੀ ਜਾਂ ਮੁੰਡੇ ਦੀ) ਦੀ ਅਬਾਰਸ਼ਨ ਨਹੀਂ ਕਰਵਾਉਣੀ।

20. ਨੱਕ, ਕੰਨ ਜਾਂ ਹੋਰ ਅੰਗ ਵਿਚ ਛੇਕ ਨਹੀਂ ਕਰਨਾ। ਉਂਵ ਗਹਿਣੇ ਪਾਉਣ 'ਤੇ ਕੋਈ ਪਾਬੰਦੀ ਨਹੀਂ ਹੈ।

21. ਚੋਰੀ-ਜਾਰੀ ਨਹੀਂ ਕਰਨੀ, ਜੂਆ ਨਹੀਂ ਖੇਡਣਾ।

ਸਿੱਖ ਦਾ ਨਿਤਨੇਮ

ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਈ ਰਹਿਤ ਮਰਿਆਦਾ ਮੁਤਾਬਿਕ ਸਿੱਖ ਦੇ ਨਿਤਨੇਮ ਵਿਚ ਹੇਠ-ਲਿਖੀਆਂ ਬਾਣੀਆਂ ਸ਼ਾਮਿਲ ਹਨ:

ਜਪੁਜੀ ਸਾਹਿਬ

ਜਾਪੁ ਸਾਹਿਬ

ਸਵੈਯੇ (ਸ੍ਰਾਵਗ ਸੁਧ...ਵਾਲੇ)

ਰਹਰਾਸਿ (ਸੋਦਰ ਦੇ ਸ਼ਬਦ, ਸੋ ਪੁਰਖ ਦੇ ਸ਼ਬਦ, ਚੌਪਈ, ਅਨੰਦ ਸਾਹਿਬ ਦੀਆਂ ਪਹਿਲੀਆਂ 5 ਤੇ 40ਵੀਂ ਪਉੜੀ ਅਤੇ ਮੁੰਦਾਵਣੀ)

ਸੋਹਿਲਾ

(ਪਹਿਲੀਆਂ ਤਿੰਨ ਬਾਣੀਆਂ ਸਵੇਰ ਦੀਆਂ ਹਨ, ਚੌਥੀ ਸ਼ਾਮ ਵੇਲੇ ਦੀ ਹੈ ਤੇ ਪੰਜਵੀਂ ਸੌਣ ਤੋਂ ਪਹਿਲਾਂ ਦੀ ਹੈ।)

ਅਖੰਡ ਪਾਠ

ਅਖੰਡ/ਆਖੰਡ ਪਾਠ ਦਾ ਮਤਲਬ ਹੈ: ਬਿਨਾਂ ਰੁਕਿਓਂ ਲਗਾਤਾਰ ਪਾਠ ਕਰਨਾ। ਸਿੱਖਾਂ ਵਿਚ ਇਹ ਪਿਰਤ ਉੱਨੀਵੀਂ ਸਦੀ ਦੇ ਅਖ਼ੀਰ ਤਕ ਬਿਲਕੁਲ ਨਹੀਂ ਸੀ ਅਤੇ ਵੀਹਵੀਂ ਸਦੀ ਵਿਚ ਹੀ ਵਧੇਰੇ ਸ਼ੁਰੂ ਹੋਈ ਹੈ। ਜਿਉਂ-ਜਿਉਂ ਸਿੱਖ ਮਾਲੀ ਤੌਰ 'ਤੇ ਸੌਖੇ ਹੁੰਦੇ ਗਏ, ਅਖੰਡ ਪਾਠ, ਕਰਮ-ਕਾਂਡ ਤੇ ਦਿਖਾਵੇ ਦੀਆਂ ਹੋਰ ਰਸਮਾਂ, ਹਿੰਦੂਆਂ ਵਾਂਗ, ਵਧੇਰੇ ਸ਼ੁਰੂ ਹੁੰਦੀਆਂ ਗਈਆਂ। ਗੁਰੂ ਗ੍ਰੰਥ ਸਾਹਿਬ ਦਾ ਅਖੌਤੀ-ਅਖੰਡ ਪਾਠ ਤਕਰੀਬਨ 48 ਘੰਟੇ ਵਿਚ ਖ਼ਤਮ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦਾ ਪਾਠ (ਅਖੰਡ ਜਾਂ ਸਹਿਜ, ਕੋਈ ਵੀ), ਰਸਮ ਦੇ ਤੌਰ 'ਤੇ ਕਰਨਾ, ਸਿੱਖ ਫ਼ਲਸਫ਼ੇ ਦੇ ਉਲਟ ਹੈ। ਗੁਰਬਾਣੀ ਦਾ ਇਕ ਸ਼ਬਦ ਹੋਵੇ ਜਾਂ ਗੁਰੂ ਗ੍ਰੰਥ ਸਾਹਿਬ ਦੇ ਕੁਝ ਸਫ਼ੇ ਹੋਣ ਜਾਂ ਪੂਰਾ ਪਾਠ ਹੋਵੇ, ਇਸ ਦੇ ਲਗਾਤਾਰ ਕਰਨ ਜਾਂ ਰੁੱਕ-ਰੁਕ ਕੇ ਜਾਂ ਹਿੱਸਿਆਂ ਵਿਚ ਕਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ। ਗੁਰਬਾਣੀ ਕੋਈ ਮੰਤਰ, ਜਾਦੂ ਜਾਂ ਕਾਲਾ/ਚਿੱਟਾ ਇਲਮ ਨਹੀਂ ਹੈ। ਗੁਰਬਾਣੀ ਤਾਂ ਗੁਰੂ ਸਾਹਿਬ ਦੀ ਦੱਸੀ ਫ਼ਿਲਾਸਫ਼ੀ ਹੈ, ਜੋ ਪੜ੍ਹ ਕੇ, ਮਤਲਬ ਸਮਝ ਕੇ, ਆਪਣੀ ਜ਼ਿੰਦਗੀ ਵਿਚ ਅਮਲ ਵਿਚ ਲਿਆਉਣ ਵਾਸਤੇ ਹੈ।

ਸਿੱਖ ਦੇ ਪੰਜ ਕਕਾਰ

ਇਕ ਅੰਮ੍ਰਿਤਧਾਰੀ ਸਿੱਖ ਵਾਸਤੇ ਲਾਜ਼ਮੀ ਹੈ ਕਿ ਉਹ ਪੰਜ 'ਕਕਾਰ' (ਕੇਸ/ਕੇਸਕੀ, ਕੰਘਾ, ਕੜਾ, ਕਛਹਿਰਾ, ਕਿਰਪਾਨ) ਹਮੇਸ਼ਾ ਅੰਗ-ਸੰਗ ਰੱਖੇ। ਇਨ੍ਹਾਂ ਨੂੰ ਕਕਾਰ ਇਸ ਕਰ ਕੇ ਆਖਦੇ ਹਨ ਕਿ ਇਹ ਪੰਜੇ ਲਫ਼ਜ਼ ਗੁਰਮੁਖੀ ਦੇ ਅੱਖਰ 'ਕ' ਨਾਲ ਸ਼ੁਰੂ ਹੁੰਦੇ ਹਨ। ਸਿੱਖਾਂ ਪੰਜ ਵਿਚੋਂ ਕਿਸੇ ਕਕਾਰ ਨੂੰ ਵੀ ਆਪਣੇ ਤੋਂ ਜੁਦਾ ਨਹੀਂ ਕਰ ਸਕਦਾ ਤੇ ਇਹ ਸਾਰੀ ਜ਼ਿੰਦਗੀ ਆਪਣੇ ਨਾਲ ਰੱਖਣੇ ਹਨ (ਪਰ, ਵਕਤੀ ਤੌਰ 'ਤੇ, ਜੇ ਕੋਈ ਕਕਾਰ ਜਿਸਮ ਤੋਂ ਜੁਦਾ ਹੋ ਜਾਵੇ ਤਾਂ ਭਰਮ ਨਹੀਂ ਕਰਨਾ)। ਇਹ ਪੰਜ ਕਕਾਰ ਹਨ:

ਕੇਸ

ਰਹਿਤ ਮਰਿਆਦਾ ਮੁਤਾਬਿਕ, ਇਕ ਸਿੱਖ ਵਾਸਤੇ ਸਭ ਤੋਂ ਪਹਿਲਾ ਲਾਜ਼ਮੀ ਕਕਾਰ 'ਕੇਸ' ਹਨ। ਸਿੱਖ ਆਪਣੇ ਜਿਸਮ ਦੇ ਕਿਸੇ ਵੀ ਹਿੱਸੇ ਤੋਂ ਕਿਸੇ ਵੀ ਰੋਮ ਨੂੰ ਅਲੱਗ ਨਹੀਂ ਕਰ ਸਕਦਾ। ਕੇਸ ਗੁਰੂ ਸਾਹਿਬ ਦੀ ਮੁਹਰ ਹਨ। ਕੇਸ ਕਟਾਉਣ ਵਾਲਾ ਸਿੱਖ ਪਤਿਤ ਅਖਵਾਉਂਦਾ ਹੈ। ਕੱਟੇ ਹੋਏ ਕੇਸਾਂ ਵਾਲਾ ਕੋਈ ਵੀ ਸ਼ਖ਼ਸ ਆਪਣੇ ਆਪ ਨੂੰ ਸਿੱਖ-ਨੁਮਾਇੰਦਾ ਨਹੀਂ ਅਖਵਾ ਸਕਦਾ। ਕੇਸਾਂ ਦੀ ਸੰਭਾਲ ਵਾਸਤੇ **ਕੇਸਕੀ** ਵੀ ਜ਼ਰੂਰੀ ਹੈ। 29 ਮਾਰਚ 1698/1699 ਦੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾ ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਬਾਕੀ ਕਕਾਰਾਂ ਦੇ ਨਾਲ ਕੇਸਕੀ ਵੀ ਦਿੱਤੀ ਸੀ। ਭਾਵੇਂ ਕੇਸਕੀ ਅਕਾਲ ਤਖ਼ਤ ਤੋਂ ਜਾਰੀ ਹੋਈ ਮਰਿਆਦਾ ਮੁਤਾਬਿਕ 'ਕਕਾਰ' ਨਹੀਂ ਪਰ ਗੁਰੂ ਸਾਹਿਬ ਨੇ ਇਸ ਨੂੰ ਸਿੱਖ ਦੇ ਵਜੂਦ ਦਾ ਅਟੁੱਟ ਹਿੱਸਾ ਬਣਾਇਆ ਸੀ। ਕਈ ਪੁਰਾਣੇ ਸੋਮਿਆਂ ਵਿਚ ਪੰਜਵਾਂ ਕਕਾਰ ਕੇਸ ਦੀ ਜਗਹ ਕੇਸਕੀ ਲਿਖਿਆ ਮਿਲਦਾ ਹੈ, ਜੋ ਵਧੇਰੇ ਸਹੀ ਵੀ ਜਾਪਦਾ ਹੈ। ਕੇਸਕੀ ਕੇਸਾਂ ਦੇ ਅਦਬ ਅਤੇ ਉਨ੍ਹਾਂ ਦੀ ਸੰਭਾਲ ਵਾਸਤੇ ਜ਼ਰੂਰੀ ਵੀ ਹੈ। ਬਹੁਤ ਸਾਰੀਆਂ ਸਿੱਖ ਬੀਬੀਆਂ ਵੀ ਕੇਸਕੀ ਸਜਾਉਂਦੀਆਂ ਹਨ। ਉਂਞ ਚੁੰਨੀ/ਦੁਪੱਟਾ ਵੀ ਸਿੱਖ-ਲਿਬਾਸ ਵਿਚ ਮਨਜ਼ੂਰ ਹੈ (ਵੇਖੋ: ਇਸੇ ਕਿਤਾਬ ਵਿਚ **ਦਸਤਾਰ** ਬਾਰੇ ਵੱਖਰਾ ਮਜ਼ਮੂਨ)।

ਕੰਘਾ

ਸਿੱਖਾਂ ਦਾ ਦੂਜਾ ਕਕਾਰ ਕੰਘਾ ਹੈ। ਸਿੱਖ ਕੰਘਾ ਇਕ ਆਮ ਕੰਘੀ ਤੋਂ ਵੱਖਰਾ ਹੈ। ਇਸ ਦੀ ਸ਼ਕਲ ਤੇ ਅੰਦਾਜ਼ ਬਾਕੀਆਂ ਤੋਂ ਅਲਹਿਦਾ ਕਿਸਮ ਦਾ ਹੈ। ਇਹ ਸ਼ਕਲ ਇਸ ਨੂੰ ਸ਼ਾਹੀ (Royal) ਨਿਸ਼ਾਨੀ ਬਣਾਉਣ ਵਾਸਤੇ ਦਿੱਤੀ ਗਈ ਜਾਪਦੀ ਹੈ। ਕੰਘਾਂ ਕੇਸਾਂ ਦੀ ਸੰਭਾਲ ਵਾਸਤੇ ਜ਼ਰੂਰੀ ਹੈ। ਸਿੱਖ ਨੂੰ ਹਦਾਇਤ ਹੈ ਕਿ ਉਹ ਸਵੇਰੇ ਸ਼ਾਮ ਦੋਵੇਂ ਵੇਲੇ ਕੰਘੇ ਨਾਲ ਆਪਣੇ ਕੇਸ ਵਾਹ ਕੇ ਜੂੜਾ ਕਰੇ।

ਕੜਾ

ਸਿੱਖ ਨੂੰ ਹੁਕਮ ਹੈ ਕਿ ਉਹ ਆਪਣੇ ਹੱਥ ਵਿਚ ਲੋਹੇ ਦਾ ਕੜਾ ਪਹਿਣੇ। ਸੋਨ ਦਾ ਕੜਾ ਸਿੱਖ ਫ਼ਲਸਫ਼ੇ ਮੁਤਾਬਿਕ ਠੀਕ ਨਹੀਂ ਹੈ ਕਿਉਂਕਿ ਇਹ ਗਹਿਣਾ ਨਹੀਂ ਹੈ। ਇਹ ਮੰਨਿਆ ਜਾਂਦਾ ਹੈ ਕਿ ਸੱਜੇ ਹੱਥ ਵਿਚ ਪਾਇਆ ਕੜਾ ਇਨਸਾਨ ਵੱਲੋਂ ਕਿਤੇ ਜਾਣ ਵਾਲ ਗ਼ਲਤ ਕੰਮ ਨੂੰ ਰੋਕਣ ਵਾਸਤੇ ਇਸ਼ਾਰਾ ਕਰਦਾ ਹੈ। ਪਰ, ਖੱਬੇ ਪਾਸੇ ਵਿਚ ਕੜਾ ਪਾ ਲੈਣ ਨਾਲ ਕੁਰਹਿਤ ਨਹੀਂ ਹੋ ਜਾਂਦੀ।

ਕਛਹਿਰਾ

ਸਿੱਖ ਵਾਸਤੇ ਚੌਥਾ ਕਕਾਰ ਕਛਹਿਰਾ ਹੈ। ਇਹ ਆਮ ਕੱਛੇ ਜਾਂ ਜਾਂਘੀਏ ਤੋਂ ਵੱਖਰਾ ਹੈ। ਸਿੱਖ ਕਛਹਿਰਾ ਇਕ ਖ਼ਾਸ ਡਿਜ਼ਾਇਨ ਦਾ ਹੈ ਅਤੇ ਖ਼ਾਸ ਹੀ ਤਰੀਕੇ ਨਾਲ ਇਸ ਦੀ ਸਿਲਾਈ ਹੁੰਦੀ ਹੈ। ਇਹ ਡਿਜ਼ਾਈਨ ਸ਼ਾਹੀ ਲਿਬਾਸ ਦੀ ਨਿਸ਼ਾਨੀ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਕਛਹਿਰਾ ਸਿੱਖ ਨੂੰ ਇਖ਼ਲਾਕੀ ਗ਼ਲਤੀ ਕਰਨੋਂ ਰੋਕਦਾ ਹੈ।

ਕਿਰਪਾਨ

ਸਿੱਖ ਦਾ ਪੰਜਵਾਂ ਕਕਾਰ ਕਿਰਪਾਨ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ, ਤੋਪ, ਪਿਸਤੌਲ, ਨੇਜਾ, ਖੰਡਾ, ਕਿਰਚ, ਗੁਰਜ ਵਗੈਰਾ ਨੂੰ ਨਹੀਂ ਬਲਕਿ ਕਿਰਪਾਨ ਨੂੰ 'ਕਕਾਰ' ਬਣਾਇਆ ਸੀ, ਕਿਉਂਕਿ ਕਿਰਪਾਨ ਵਿਚ 'ਕਿਰਪਾ' ਅਤੇ 'ਆਨ' ਦੋਵੇ ਸ਼ਾਮਿਲ ਹਨ।

ਸਿੱਖ ਨੂੰ ਆਪਣੀ 'ਆਨ' ਵਾਸਤੇ ਤਲਵਾਰ ਚੁੱਕਣ ਦੀ ਇਜਾਜ਼ਤ ਹੈ ਪਰ ਇਸ ਦੀ ਵਰਤੋਂ ਤੋਂ ਪਹਿਲਾਂ 'ਕਿਰਪਾ' (ਮਿਹਰ) ਨੂੰ ਮਨ ਵਿਚ ਵਸਾਉਣਾ ਜ਼ਰੂਰੀ ਹੈ। ਸਿੱਖ ਦੀ ਕਿਰਪਾਨ - ਹਮਲੇ ਵਾਸਤੇ ਨਹੀਂ ਬਲਕਿ ਹਿਫ਼ਾਜ਼ਤ ਵਾਸਤੇ ਉਠ ਸਕਦੀ ਹੈ। ਸਿੱਖ ਕਿਰਪਾਨ, ਇਨਸਾਫ਼ ਤੇ ਇਨਸਾਨੀ ਹਕੂਕ ਵਾਸਤੇ, ਫ਼ਰਜ਼ ਦੀ ਨਿਸ਼ਾਨੀ ਹੈ। (ਤਫ਼ਸੀਲ ਵਾਸਤੇ ਵੇਖੋ: **ਕਿਰਪਾਨ** ਬਾਰੇ ਵੱਖਰਾ ਮਜ਼ਮੂਨ)।

ਸਿੱਖ ਕਲਚਰ

ਸਿੱਖ ਧਰਮ ਸਮਾਜੀ-ਰੂਹਾਨੀਅਤ ਦਾ ਧਰਮ ਹੈ। ਇਹ ਜ਼ਿੰਦਗੀ ਦਾ ਅਗਾਂਹ-ਵਧੂ ਫ਼ਲਸਫ਼ਾ ਹੈ। ਇਸ ਨੁਕਤੇ ਨੂੰ ਸਿੱਖੀ ਦੇ ਬੁਨਿਆਦੀ ਅਸੂਲਾਂ ਵਿਚੋਂ ਸਮਝਿਆ ਜਾ ਸਕਦਾ ਹੈ। ਸਿੱਖ ਕਲਚਰ ਦੇ ਫ਼ਲਸਫ਼ੇ ਦੇ ਬੁਨਿਆਦੀ ਅਸੂਲਾਂ ਵਿਚੋਂ ਕੁਝ ਅਹਿਮ ਨੁਕਤੇ ਇਹ ਹਨ:

ਕਿਰਤ ਕਰਨਾ

ਸਿੱਖ ਦਾ ਆਪਣੇ ਧਰਮ ਨਾਲ ਪਹਿਲਾ ਵਾਅਦਾ ਹੈ: ਧਰਮ ਦੀ ਕਿਰਤ ਕਰਨਾ, ਯਾਨਿ ਹੱਕ ਦੀ ਕਮਾਈ ਕਰਨਾ। ਸਿੱਖ ਠੱਗੀ, ਧੋਖਾ, ਚੋਰੀ, ਸਮਗਲਿੰਗ, ਕੁਰਪਸ਼ਨ, ਬੇਈਮਾਨ ਨਾਲ ਜਾਂ ਮੰਗ ਕੇ ਜ਼ਿੰਦਗੀ ਦਾ ਨਿਰਬਾਹ ਨਹੀਂ ਕਰ ਸਕਦਾ। ਇੰਞ ਹੀ ਸਿੱਖ ਅਜਿਹੇ ਵਪਾਰ ਵੀ ਨਹੀਂ ਕਰ ਸਕਦਾ, ਜਿਹੜੇ ਸਿੱਖ ਫ਼ਲਸਫ਼ੇ ਦੇ ਮੁੱਢੋਂ ਹੀ ਉਲਟ ਹੋਣ। ਜਿਵੇਂ: ਹਜਾਮਤ ਕਰਨਾ, ਹੇਅਰ ਡਰੈਸਿੰਗ; ਡਰੱਗਜ਼ ਜਾਂ ਤੰਬਾਕੂ ਵੇਚਣਾ; ਤਵਾਇਫ਼ਾਂ/ਵੇਸਵਾਵਾਂ ਦਾ ਅੱਡਾ ਚਲਾਉਣਾ; ਹਲਾਲ ਮਾਸ ਵੇਚਣਾ। ਇਹ ਚਾਰੇ ਬਜਰ ਕੁਰਹਿਤਾਂ ਵਿਚ ਆਉਂਦੇ ਹਨ।

ਵੰਡ ਛਕਣਾ

ਧਰਮ ਦੀ ਕਿਰਤ ਕਰਨ ਦੇ ਨਾਲ ਨਾਲ ਸਿੱਖ ਦਾ ਇਹ ਫ਼ਰਜ਼ ਵੀ ਹੈ ਕਿ ਉਹ ਆਪਣੀ ਕਮਾਈ 'ਚੋਂ ਦਸਵੰਧ ਕੱਢੇ। ਦਸਵੰਧ ਸਿੱਖ ਵਾਸਤੇ ਕਰਜ਼ ਹੈ। ਦਸਵੰਧ ਨਾ ਕੱਢਣ ਵਾਲਾ ਸਿੱਖ ਗੁਰੂ ਸਾਹਿਬ ਦਾ ਕਰਜ਼ਦਾਰ ਹੈ। ਦਸਵੰਧ ਨੂੰ ਪੰਥ ਦੀ ਚੜ੍ਹਦੀ ਕਲਾ, ਕਿਸੇ ਗ਼ਰੀਬ ਜਾਂ ਲੋੜਵੰਦ ਦੀ ਮਦਦ ਜਾਂ ਹੋਰ ਪੰਥਕ ਸੇਵਾ ਵਾਸਤੇ ਵਰਤਿਆ ਜਾਂਦਾ ਹੈ। ਯਾਨਿ ਸਿੱਖ ਭਾਈਚਾਰੇ ਦਾ ਜਮ੍ਹਾ ਵਾਲਾ ਹਿੱਸਾ ਹੈ।

ਨਾਮ ਜਪਣਾ

ਸਿੱਖ ਦਾ ਫ਼ਰਜ਼ ਹੈ ਕਿ ਉਹ ਹਰ ਵੇਲੇ ਵਾਹਿਗੁਰੂ ਦਾ ਨਾਂ ਜਪਦਾ ਰਹੇ। ਸਿੱਖੀ ਵਿਚ ਨਾਂ ਜਪਣਾ ਜਾ ਨਾਮ ਸਿਮਰਨ ਹਰ ਵੇਲੇ 'ਵਾਹਿਗੁਰ-ਵਾਹਿਗੁਰੂ' ਕਹਿੰਦੇ ਰਹਿਣਾ ਨਹੀਂ। ਸਿਮਰਨ ਦਾ ਮਤਲਬ ਹੈ: 'ਸਮਰਨ' (ਚੇਤੇ) ਕਰਨਾ। ਯਾਨਿ ਸਿੱਖ ਜੋ ਵੀ ਕੰਮ ਕਰਦਾ ਹੋਵੇ, ਉਹ ਨਾਲ ਹੀ ਨਾਲ ਰੱਬ ਨੂੰ ਵੀ ਚੇਤੇ ਰੱਖੇ। ਇੰਞ ਉਹ ਹਰ ਕੰਮ ਕਰਨ ਵੇਲੇ ਸੋਚੇਗਾ ਕਿ ਉਸ ਨੇ ਰੱਬੀ ਅਸੂਲਾਂ ਦੇ ਖ਼ਿਲਾਫ਼ ਕੋਈ ਵੀ ਕਾਰਵਾਈ ਨਹੀਂ ਕਰਨੀ। ਦੂਜਾ, ਸਿੱਖ ਨੇ ਆਪਣਾ ਨਿਤਨੇਮ ਰੋਜ਼ ਕਰਨਾ ਹੈ। ਹੋ ਸਕੇ ਤਾਂ ਹੋਰ ਗੁਰਬਾਣੀ ਵੀ ਪੜ੍ਹਨੀ ਹੈ। ਗੁਰਬਾਣੀ ਦਾ ਮਾਅਨਾ ਵੀ ਸਮਝਣਾ ਹੈ ਅਤੇ ਇਸ 'ਤੇ ਅਮਲ ਕਰਨ ਦੀ ਕੋਸ਼ਿਸ਼ ਵੀ ਕਰਨੀ ਹੈ। ਸਿੱਖ ਨੂੰ ਹਰ ਵੇਲੇ ਅਹਿਸਾਸ ਹੋਣਾ ਚਾਹੀਦਾ ਹੈ ਕਿ ਵਾਹਿਗੁਰੂ, ਉਸ ਨੂੰ, ਹਰ ਵੇਲੇ,

ਹਰ ਜਗ੍ਹਾ, ਹਰ ਹਾਲਤ ਵਿਚ ਵੇਖ ਰਿਹਾ ਹੈ। ਸਿੱਖ ਨੂੰ ਹਰ ਵੇਲੇ ਰੱਬ ਦੇ 'ਨਿਰਮਲ ਡਰ' ਵਿਚ ਰਹਿਣਾ ਚਾਹੀਦਾ ਹੈ।

ਇਨਸਾਨੀ ਹੱਕਾਂ ਦਾ ਮੁਹਾਫ਼ਿਜ਼

ਸਿੱਖ ਦਾ ਇਹ ਪਾਕਿ ਫ਼ਰਜ਼ ਹੈ ਕਿ ਉਹ ਗ਼ਰੀਬ, ਕਮਜ਼ੋਰ ਤੇ ਨਿਤਾਣੇ ਲੋਕਾਂ ਦੀ ਹਿਫ਼ਾਜ਼ਤ ਕਰੇ। ਬੇ-ਇਨਸਾਫ਼ੀ ਤੇ ਜ਼ੁਲਮ, ਕਿਸੇ ਵੀ ਸ਼ਕਲ ਵਿਚ, ਕੀਤੇ ਵੀ ਹੋਵੇ, ਸਿੱਖ ਦੀ ਬਰਦਾਸ਼ਤ ਦੀ ਹੱਦ ਤੋਂ ਦੂਰ ਹੋਣਾ ਚਾਹੀਦਾ ਹੈ। ਸਿੱਖ ਵਾਸਤੇ ਲਾਜ਼ਮੀ ਹੈ ਕਿ, ਜਿਥੋਂ ਤੱਕ ਹੋ ਸਕੇ, ਉਹ ਇਨਸਾਨੀ ਹੱਕਾਂ ਦਾ ਮੁਹਾਫ਼ਿਜ਼ (ਰਖਵਾਲਾ) ਬਣੇ। ਜ਼ੁਲਮ, ਜ਼ਿਆਦਤੀ, ਦਹਿਸ਼ਤ, ਬੇ-ਇਨਸਾਫ਼ੀ ਨੂੰ ਵੇਖ ਕੇ, ਸਿੱਖ ਚੁੱਪ-ਚਾਪ ਖੜਾ ਨਹੀਂ ਰਹਿ ਸਕਦਾ।

ਸਮੁੱਚੀ ਇਨਸਾਨੀਅਤ ਵਾਸਤੇ ਅਰਦਾਸਿ

ਸਿੱਖ ਦੀ ਅਰਦਾਸਿ ਕਦੇ ਵੀ ਨਿਜ ਵਾਸਤੇ ਨਹੀਂ ਹੁੰਦੀ। ਸਿੱਖ ਹਰ ਵੇਲੇ ਆਪਣੀਆਂ ਦੁਨੀਆਵੀ ਲੋੜਾਂ ਵਾਸਤੇ ਮੰਗਦਾ ਨਹੀਂ ਰਹਿੰਦਾ। ਉਹ ਤਾਂ ਇਕ ਉਦਮੀ ਤੇ ਮਿਹਨਤੀ ਹਸਤੀ ਹੈ। ਸਿੱਖ ਦੀ ਅਰਦਾਸਿ ਕੁਲ ਲੋਕਾਈ ਵਾਸਤੇ ਹੁੰਦੀ ਹੈ। ਸਿੱਖਾਂ ਦੀ ਕੌਮੀ ਅਰਦਾਸਿ ਦਾ ਆਖ਼ਰੀ ਫ਼ਿਕਰਾ ਹੈ: **ਤੇਰੇ ਭਾਣੇ ਸਰਬਤ ਦਾ ਭਲਾ**।

ਭਾਣਾ ਮੰਨਣਾ

ਸਿੱਖ ਤਕਦੀਰ ਅੱਗੇ ਸਿਰ ਸੁੱਟਣ ਵਾਲਾ ਨਹੀਂ, ਪਰ ਅਕਾਲ ਪੁਰਖ ਦੇ ਭਾਣੇ ਅੱਗੇ ਸਿਰ ਜ਼ਰੂਰ ਝੁਕਾਉਂਦਾ ਹੈ। ਸਿੱਖ ਕਿਸੇ ਔਖੇ ਵੇਲੇ 'ਤੇ ਉਦਾਸ ਨਹੀਂ ਹੁੰਦਾ ਅਤੇ ਕਿਸੇ ਖ਼ੁਸ਼ੀ ਦੇ ਮੌਕੇ 'ਤੇ ਬੇ-ਮੁਹਾਰਾ ਨਹੀਂ ਹੁੰਦਾ। ਸਿੱਖ ਵਾਸਤੇ ਦੁਖ ਅਤੇ ਸੁਖ ਦੋ ਵਰਦੀਆਂ ਹਨ, ਕਦੇ ਇਕ ਪਾ ਲਈ ਤੇ ਕਦੀ ਦੂਜੀ। ਸਿੱਖ ਬੇਹਤਰ ਹਾਲਤ ਵਾਸਤੇ ਡੱਟ ਕੇ ਜੱਦੋਜਹਿਦ ਕਰਦਾ ਹੈ ਪਰ ਕਾਮਯਾਬ ਨਾ ਹੋਣ ਦੀ ਸੂਰਤ ਵਿਚ ਰੱਬ ਨਾਲ ਸ਼ਿਕਵਾ ਨਹੀਂ ਕਰਦਾ ਤੇ ਹਰ ਹਾਲਤ ਨੂੰ ਉਸ ਦਾ ਭਾਣਾ ਸਮਝ ਕੇ ਖਿੜੇ ਮੱਥੇ ਕਬੂਲ ਕਰਦਾ ਹੈ (ਤੇ ਅੱਗੋਂ ਹੋਰ ਕੋਸ਼ਿਸ਼ ਵਾਸਤੇ ਹਰ ਵੇਲੇ ਤਿਆਰ ਰਹਿੰਦਾ ਹੈ)।

ਹਰ ਕਾਮਯਾਬੀ ਨੂੰ ਵਾਹਿਗੁਰੂ ਦੀ ਬਖ਼ਸ਼ਿਸ਼ ਮੰਨਣਾ

ਸਿੱਖ ਵਾਹਿਗੁਰੂ ਦੀਆਂ ਬਖ਼ਸ਼ਿਸ਼ਾਂ ਕਰ ਕੇ ਹਰ ਵੇਲੇ ਉਸ ਦਾ ਸ਼ੁਕਰੀਆ ਅਦਾ ਕਰਦਾ ਹੈ। ਸਿੱਖ ਵਾਹਿਗੁਰੂ ਦੀ 'ਮਿਹਰ ਦੀ ਨਜ਼ਰ' ਵਿਚ ਯਕੀਨ ਰੱਖਦਾ ਹੈ। ਸਿੱਖ ਮੰਨਦਾ ਹੈ ਕਿ ਵਾਹਿਗੁਰੂ ਨੇ ਜਦੋਂ ਵੀ ਉਸ ਨੂੰ ਜੋ ਵੀ ਦੇਣਾ ਹੈ, ਉਹ ਠੀਕ ਵਕਤ 'ਤੇ ਹੀ ਦੇਣਾ ਹੈ। ਵਾਹਿਗੁਰੂ ਹਰ ਇਕ ਦੀ ਸੰਭਾਲ ਕਰਦਾ ਹੈ। ਸਾਡੀ ਹਰ ਕਾਮਯਾਬੀ, ਸਾਡਾ ਹਰ ਹਾਸਿਲ, ਵਾਹਿਗੁਰੂ ਦੀ ਬਖ਼ਸ਼ਿਸ਼ ਕਰ ਕੇ ਹੀ ਹੈ। ਦੁਨੀਆਂ ਵਿਚ ਉਸ ਦੀ ਮਰਜ਼ੀ ਤੇ ਮਿਹਰ ਬਿਨਾਂ ਕੋਈ ਵੀ ਚੀਜ਼ ਹਾਸਿਲ ਨਹੀਂ ਹੋ ਸਕਦੀ। ਹੋਰ ਤਾਂ ਹੋਰ ਸਾਡਾ ਵਜੂਦ ਵੀ ਉਸ ਦੀ ਬਖ਼ਸ਼ਿਸ਼ ਹੈ।

ਚੜ੍ਹਦੀ ਕਲਾ

ਸਿੱਖ ਦਾ ਅਸਲਾ ਹੈ ਕਿ ਉਹ 'ਚੜ੍ਹਦੀ ਕਲਾ' ਵਿਚ ਜੀਵੇ। ਸਿੱਖ ਨੂੰ ਕਦੇ ਵੀ ਉਦਾਸ, ਨਿੰਮੋਝੂਣਾ, ਹਾਰਿਆ ਹੋਇਆ, ਬੇਦਿਲ ਨਹੀਂ ਹੋਣਾ ਚਾਹੀਦਾ। ਸਿੱਖ ਹਮੇਸ਼ਾ ਸੋਚਦਾ ਹੈ ਕਿ ਭਲਕ ਬੇਹਤਰ ਹੋਵੇਗਾ। ਸਿੱਖ ਹਮੇਸ਼ਾ ਜ਼ਿੰਦਗੀ ਦਾ ਜਮ੍ਹਾ ਵਾਲਾ, ਰੋਸ਼ਨੀ

ਵਾਲਾ, ਅਗਾਂਹ ਵਾਲਾ ਪੱਖ ਵੇਖਦਾ ਹੈ। ਪਰ ਸਿੱਖ ਇਹ ਵੀ ਮੰਨਦਾ ਹੈ ਕਿ ਚੜ੍ਹਦੀ ਕਲਾ ਉਸ (ਵਾਹਿਗੁਰੂ) ਦਾ ਨਾਂ ਜਪਣ ਕਰ ਕੇ ਹੀ ਰਹਿ ਸਕਦੀ ਹੈ ਕਿਉਂ ਕਿ ਅਸਲ ਵਿਚ ਇਹ ਨਾਂ ਜਪਣਾ ਹੀ ਚੜ੍ਹਦੀ ਕਲਾ ਵਿਚ ਰਹਿਣਾ ਹੈ: *ਨਾਮ ਦੀ ਚੜ੍ਹਦੀ ਕਲਾ ਅਤੇ ਵਾਹਿਗੁਰੂ ਦੇ ਭਾਣੇ ਸਰਬੱਤ ਦਾ ਭਲਾ* (ਇਹ ਅਰਦਾਸਿ ਦੇ ਲਫ਼ਜ਼ ਹਨ ਪਰ ਗੁਰਬਾਣੀ ਨਹੀਂ)।

ਸਿੱਖ ਇੰਸਟੀਚਿਊਸ਼ਨਜ਼

ਇੰਸਟੀਚਿਊਸ਼ਨ ਵਾਸਤੇ ਜਮਾਤ ਜਾਂ ਹਿੰਦੀ ਦਾ ਲਫ਼ਜ਼ ਸੰਸਥਾ ਸਹੀ ਨਹੀਂ ਬੈਠਦਾ। ਇਸ ਕਰ ਕੇ ਮੈਂ ਅੰਗਰੇਜ਼ੀ ਲਫ਼ਜ਼ ਹੀ ਵਰਤ ਲਿਆ ਹੈ। ਦੂਜਾ, ਇਸ ਵਿਚ ਗੁਰੂ ਗ੍ਰੰਥ ਸਾਹਿਬ, ਗੁਰੂ, ਗੁਰਦੁਆਰਾ, ਸੇਵਾ, ਲੰਗਰ, ਪੰਗਤ ਵਗੈਰਾ ਵੀ ਸ਼ਾਮਿਲ ਹਨ ਤੇ ਉਨ੍ਹਾਂ ਨੂੰ ਜਮਾਤ (ਜਾਂ ਹਿੰਦੀ 'ਚ ਸੰਸਥਾ) ਆਖਣਾ ਠੀਕ ਨਹੀਂ ਲਗਦਾ।

ਗੁਰੂ ਗ੍ਰੰਥ ਸਾਹਿਬ

ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਸਦੀਵੀ ਗੁਰੂ ਵੀ ਹੈ। ਇਹ ਦਸਾਂ ਪਾਤਿਸ਼ਾਹੀਆਂ ਦੀ ਰੂਹਾਨੀ ਜੋਤਿ ਹੈ। ਇਹ ਸਿੱਖ ਫ਼ਲਸਫ਼ੇ ਤੇ ਧਰਮ ਦਾ ਗ੍ਰੰਥ ਹੈ। ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਗੁਰੂ ਅਰਜਨ ਸਾਹਿਬ ਨੇ 1604 ਵਿਚ ਮੁਕੰਮਲ ਕਰਵਾਇਆ ਸੀ। ਭਾਵੇਂ ਇਸ ਗ੍ਰੰਥ ਨੂੰ ਪਹਿਲੋਂ ਵੀ ਗੁਰੂ ਵਾਂਗ ਹੀ ਅਦਬ ਦਿੱਤਾ ਜਾਂਦਾ ਸੀ, ਪਰ ਇਸ ਨੂੰ ਰਸਮੀ ਤੌਰ 'ਤੇ ਅਤੇ ਸਦੀਵੀ ਗੁਰੂਤਾ 6 ਅਕਤੂਬਰ 1708 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹੀ ਸੌਂਪੀ ਸੀ।

ਗੁਰੂ ਗ੍ਰੰਥ ਸਾਹਿਬ ਦੇ 1430 ਸਫ਼ੇ ਹਨ (1429ਵੇਂ ਸਫ਼ੇ ਦੇ ਅੱਧ ਤੋਂ ਬਾਅਦ ਰਾਗਮਾਲਾ ਹੈ, ਜੋ ਗੁਰਬਾਣੀ ਨਹੀਂ ਹੈ)। ਸਿੰਘ ਸਭਾ ਲਹਿਰ ਵੇਲੇ, 1887 ਵਿਚ, ਪ੍ਰੈਸ ਦੇ ਛਾਪੇ ਵਿਚ ਪਹਿਲੀ ਵਾਰ ਇਹ ਸਫ਼ੇ 1430 ਬਣੇ ਸਨ, ਜੋ ਹੁਣ ਪੱਕੇ ਹੀ ਕਬੂਲ ਹੋ ਗਏ ਹਨ। ਪੁਰਾਣੀਆਂ ਬੀੜਾਂ ਵਿਚ ਸਫ਼ੇ ਵੱਖ-ਵੱਖ ਹੁੰਦੇ ਸਨ। ਇਸ ਵਿਚ 5867 ਸ਼ਬਦ ਹਨ। ਇਨ੍ਹਾਂ ਸ਼ਬਦਾਂ ਦੀ ਰਚਨਾ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰ ਦਾਸ ਸਾਹਿਬ, ਗੁਰੂ ਰਾਮ ਦਾਸ ਸਾਹਿਬ, ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਇਲਾਵਾ ਭਗਤਾਂ, ਸੂਫ਼ੀਆਂ, ਭੱਟਾਂ ਵਗੈਰਾ ਨੇ ਵੀ ਕੀਤੀ ਸੀ। ਇਨ੍ਹਾਂ ਭਗਤਾਂ ਤੇ ਸੂਫ਼ੀਆਂ ਵਿਚ ਸ਼ਾਮਿਲ ਹਨ: ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ, ਸੁੰਦਰ, ਤਿਰਲੋਚਨ, ਧੰਨਾ, ਬੇਣੀ, ਜੈ ਦੇਵ, ਸੂਰਦਾਸ, ਸੈਣ, ਪੀਪਾ, ਰਾਮਾਨੰਦ, ਪਰਮਾਨੰਦ; ਸੂਫ਼ੀ ਭੀਖਣ, ਬਾਬਾ ਫ਼ਰੀਦ ਤੇ ਸਦਨਾ; ਢਾਢੀ ਸੱਤਾ ਤੇ ਬਲਵੰਡ; ਅਤੇ ਭੱਟਾਂ ਵਿਚੋਂ ਭੀਖਾ, ਕਲ੍ਹ, ਜਾਲਪ, ਕੀਰਤ, ਮੁਥਰਾ, ਸਲ੍ਹ, ਭੱਲ੍ਹ, ਬਲ੍ਹ, ਹਰਿਬੰਸ, ਨਲ੍ਹ ਤੇ ਗਯੰਦ। ਗੁਰੂ ਗ੍ਰੰਥ ਸਾਹਿਬ ਦੀ ਤਕਰੀਬਨ ਸਾਰੀ ਬਾਣੀ 31 ਰਾਗਾਂ ਮੁਤਾਬਿਕ ਗਾਈ ਜਾਣ ਵਾਸਤੇ ਹੈ।

ਸਿੱਖ ਸਿਰਫ਼ ਅਕਾਲ ਪੁਰਖ ਦੀ 'ਪੂਜਾ' ਕਰਦਾ ਹੈ ਅਤੇ ਅਕਾਲ ਪੁਰਖ ਦੇ ਦਰਸ਼ਨ 'ਸ਼ਬਦ' (ਧੁਰ ਦੀ ਬਾਣੀ) ਵਿਚੋਂ ਹੁੰਦੇ ਹਨ। ਸਿੱਖ ਗੁਰੂ ਗ੍ਰੰਥ ਸਾਹਿਬ ਦੀ ਵੀ ਅਖੌਤੀ-ਪੂਜਾ ਨਹੀ ਕਰਦੇ, ਪਰ ਸਿਰਫ਼ ਇਸ ਦਾ ਰੂਹਾਨੀ ਅਦਬ ਕਰਦੇ ਹਨ। ਸਿੱਖ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ 'ਸ਼ਬਦ' ਨੂੰ ਮੱਥਾ ਟੇਕਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰ ਗੁਰਦੁਆਰੇ ਵਿਚ ਹੁੰਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਨਾ ਤਾਂ ਹਿੰਦੂਆਂ ਦੇ ਬੁੱਤ ਵਾਂਗ ਹੈ

ਅਤੇ ਨਾ ਹੀ ਕੁਰਾਨ ਜਾਂ ਬਾਈਬਲ ਵਾਂਗ ਧਾਰਮਿਕ ਫ਼ਲਸਫ਼ੇ ਦੀ ਇਕ ਕਿਤਾਬ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸਿਰਫ਼ ਕਿਤਾਬ ਆਖਣਾ ਇਸ ਦੀ ਬੇਅਦਬੀ ਕਰਨਾ ਹੈ। ਇਹ ਤਾਂ ਅਕਾਲ ਪੁਰਖ ਦੇ ਸ਼ਬਦਾਂ ਦਾ ਇਕ ਸਰੂਪ ਹੈ।

ਗੁਰੂ

ਸਿੱਖ ਫ਼ਲਸਫ਼ੇ ਵਿਚ ਗੁਰੂ, ਸਤਿਗੁਰੂ ਅਤੇ ਵਾਹਿਗੁਰੂ ਲਫ਼ਜ਼ ਰੱਬ ਵਾਸਤੇ ਵਰਤੇ ਗਏ ਹਨ। ਗੁਰੂ ਤੇ ਸਤਿਗੁਰੂ ਲਫ਼ਜ਼ ਦਸਾਂ ਪਾਤਿਸ਼ਾਹੀਆਂ ਅਤੇ ਗੁਰੂ ਗ੍ਰੰਥ ਸਾਹਿਬ ਵਾਸਤੇ ਵੀ ਵਰਤੇ ਗਏ ਹਨ ਕਿਉਂ ਕਿ ਉਹ ਅਕਾਲ ਪੁਰਖ ਦਾ ਪੈਗ਼ਾਮ ਦੇਣ ਵਾਲੇ ਸਨ। ਸਿੱਖ ਨੂੰ ਸਿਰਫ਼ ਵਾਹਿਗੁਰੂ ਦੀ 'ਪੂਜਾ' ਕਰਨ ਦੀ ਹੀ ਇਜਾਜ਼ਤ ਹੈ ਤੇ ਵਾਹਿਗੁਰੂ ਦੇ ਦਰਸ਼ਨ 'ਸ਼ਬਦ' (ਗੁਰੂ ਗ੍ਰੰਥ ਸਾਹਿਬ) ਵਿਚੋਂ ਹੁੰਦੇ ਹਨ। ਸਿੱਖ ਧਰਮ ਵਿਚ ਗੁਰੂ (ਦਸ ਗੁਰੂ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ) ਦੀ ਪੂਜਾ ਨਹੀਂ ਹੁੰਦੀ ਬਲਕਿ ਉਨ੍ਹਾਂ ਦਾ ਅਦਬ ਤੇ ਇੱਜ਼ਤ ਕੀਤੀ ਜਾਂਦੀ ਹੈ ਤੇ ਉਨ੍ਹਾਂ ਦੀ ਸਿਖਿਆ ਨੂੰ ਮਨ ਵਿਚ ਵਸਾਇਆ ਜਾਂਦਾ ਹੈ। ਗੁਰੂ ਸਾਹਿਬ ਦੀ ਆਪਣੀ ਹਦਾਇਤ ਸੀ ਕਿ ਉਨ੍ਹਾਂ ਦੀ ਪੂਜਾ ਨਾ ਕੀਤੀ ਜਾਏ ਤੇ ਨਾ ਹੀ ਉਨ੍ਹਾਂ ਨੂੰ 'ਰੱਬ' ਵੱਜੋਂ ਤਸੱਵਰ ਕੀਤਾ ਜਾਵੇ। ਗੁਰੂ ਸਾਹਿਬ ਤਾਂ ਆਪਣੇ ਆਪ ਨੂੰ ਵਾਹਿਗੁਰੂ ਦਾ ਢਾਡੀ, ਦਾਸ, ਪੈਗ਼ਾਮ ਦੇਣ ਵਾਲਾ ਹੀ ਆਖਦੇ ਹਨ। ਦੂਜਾ ਸਿੱਖ ਫ਼ਲਸਫ਼ੇ ਵਿਚ ਗੁਰੂ ਸਿਰਫ਼ ਇਕੋ ਹੀ ਸੀ, ਦਸ ਨਹੀਂ ਸਨ। ਉਨ੍ਹਾਂ ਨੂੰ ਤਰਤੀਬਵਾਰ ਪਹਿਲੀ ਪਾਤਿਸ਼ਾਹੀ, ਦੂਜੀ ਪਾਤਿਸ਼ਾਹੀ... ਆਖਿਆ ਜਾਂਦਾ ਸੀ। ਉਹ ਦਸੇ ਗੁਰੂ ਵੱਖ-ਵੱਖ ਕਲਬੂਤ ਸਨ, ਪਰ ਉਨ੍ਹਾਂ ਵਿਚ ਇਕੋ ਰੂਹ, ਇਕੋ ਜੋਤਿ ਸੀ। (ਵੇਖੋ: ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 45 ਅਤੇ ਭੱਟਾਂ ਦੇ ਸਵੈਯੇ)। ਸਿੱਖ ਫ਼ਲਸਫ਼ੇ ਵਿਚ ਗੁਰੂ ਦੀ ਸੰਗਤ ਅਤੇ ਉਸ ਦੀ ਸਿਖਿਆ 'ਤੇ ਅਮਲ ਕਰਨਾ, ਵਾਹਿਗੁਰੂ ਦੇ ਨਾਲ ਮੇਲ ਦੀ, ਪਹਿਲੀ ਪਉੜੀ ਹੈ। ਗੁਰੂ ਬਿਨਾਂ ਮੁਕਤੀ ਨਹੀਂ ਹੋ ਸਕਦੀ ਤੇ ਹੁਣ ਗੁਰੂ ਗ੍ਰੰਥ ਸਾਹਿਬ ਸਦੀਵੀ ਗੁਰੂ ਹੈ। ਸਿੱਖ ਦਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਨੂੰ ਵੀ 'ਗੁਰੂ' ਜਾਂ 'ਸਤਿਗੁਰੂ' ਨਹੀਂ ਆਖ ਸਕਦਾ। ਕਿਸੇ ਦੇਹਧਾਰੀ ਨੂੰ 'ਗੁਰੂ' ਜਾਂ 'ਸਤਿਗੁਰੂ' ਮੰਨਣਾ ਸਿੱਖ ਵਾਸਤੇ ਪਾਪ ਹੈ।

ਗੁਰਦੁਆਰਾ

ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਜਿਥੇ ਕਿਤੇ ਵੀ ਕੁਝ ਸਿੱਖ ਰਹਿੰਦੇ ਸਨ ਉਹ ਤਰਕੀਬਨ ਹਰ ਰੋਜ਼ ਇਕੱਠੇ ਹੋਇਆ ਕਰਦੇ ਸੀ। ਇਹ ਇਕੱਠ ਵੱਖ-ਵੱਖ ਸਿੱਖਾਂ ਦੇ ਘਰਾਂ ਵਿਚ ਹੋਇਆ ਕਰਦੇ ਸਨ। ਜਦੋਂ ਸਿੱਖਾਂ ਦੀ ਗਿਣਤੀ ਵਧਣ ਲੱਗ ਪਈ, ਉਨ੍ਹਾਂ ਨੇ ਧਰਮਸਾਲਾ ਬਣਾ ਲਈਆਂ। ਇਹ ਧਰਮਸਾਲਾ ਬਾਹਰੋਂ ਆਉਣ ਵਾਲੇ ਸਿੱਖਾਂ ਵਾਸਤੇ 'ਸਰਾਂ' ਦਾ ਕੰਮ ਵੀ ਦੇਂਦੀ ਸੀ ਅਤੇ ਨਾਲ ਹੀ ਇਕੱਠੇ ਹੋ ਕੇ ਕੀਰਤਨ ਕਰਨ ਦਾ ਸੈਂਟਰ ਵੀ ਸੀ। ਅਜਿਹਾ ਪਹਿਲਾ ਵੱਡਾ ਸੈਂਟਰ ਕਰਤਾਰਪੁਰ (ਪਾਕਿਸਤਾਨ) ਸੀ। ਜਿਥੇ-ਜਿਥੇ ਗੁਰੂ ਸਾਹਿਬ ਰਹਿੰਦੇ ਤੇ ਪ੍ਰਚਾਰ ਕਰਦੇ ਰਹੇ, ਉਥੇ-ਉਥੇ ਵੱਡੀਆਂ-ਵੱਡੀਆਂ ਧਰਮਸਾਲਾਂ ਬਣਦੀਆਂ ਗਈਆਂ। ਇਨ੍ਹਾਂ ਵਿਚੋਂ ਖ਼ਾਸ ਸਨ: ਕਰਤਾਰਪੁਰ (ਹੁਣ ਪਾਕਿਸਤਾਨ ਵਿਚ), ਖਡੂਰ ਸਾਹਿਬ, ਗੋਇੰਦਵਾਲ, ਗੁਰੂ ਦਾ ਚੱਕ (ਅੰਮ੍ਰਿਤਸਰ), ਤਰਨ ਤਾਰਨ, ਕਰਤਾਰਪੁਰ (ਜਲੰਧਰ), ਕੀਰਤਪੁਰ, ਚੱਕ ਨਾਨਕੀ (ਅਨੰਦਪੁਰ ਸਾਹਿਬ), ਪਾਉਂਟਾ ਸਾਹਿਬ। ਇੰਞ ਹੀ ਜਿਥੇ-ਜਿਥੇ ਸਿੱਖ ਸੰਗਤਾਂ ਦੀ ਗਿਣਤੀ ਬਹੁਤ ਵੱਧ ਸੀ, ਉਥੇ ਵੀ ਧਰਮਸਾਲਾਂ ਬਣਦੀਆਂ ਗਈਆਂ। ਤਵਾਰੀਖ਼ ਵਿਚ ਅਜਿਹੀਆਂ ਧਰਮਸਾਲਾਂ ਵਿਚ ਭਾਈ ਕਲਿਆਣਾ ਦੀ

ਧਰਮਸਾਲਾ (ਮੁਹੱਲਾ ਦਿਲਵਾਲੀ ਸਿੰਘਾਂ, ਦਿੱਲੀ) ਭਾਈ ਦੱਗੋ ਦੀ ਧਰਮਸਾਲਾ (ਧਮਤਾਨ, ਜੀਂਦ), ਢਾਕਾ, ਪਟਨਾ, ਕਸ਼ਮੀਰ ਵਿਚਲੀਆਂ ਧਰਮਸਾਲਾਂ ਦਾ ਜ਼ਿਕਰ ਆਉਂਦਾ ਹੈ। ਅਜਿਹੀਆਂ ਧਰਮਸਾਲਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਅਠਾਰ੍ਹਵੀਂ ਸਦੀ ਦੇ ਅਖ਼ੀਰ ਵਿਚ ਸਿੱਖ ਅਦਾਰਿਆਂ ਅਤੇ ਗੁਰੂ ਸਾਹਿਬ ਦੀ ਯਾਦ ਵਿਚ ਬਣੇ ਥੜ੍ਹਿਆਂ (ਮੰਜੀ ਸਾਹਿਬ) 'ਤੇ ਬਣਨ ਵਾਲੀਆਂ ਇਮਾਰਤਾਂ ਨੂੰ ਗੁਰਦੁਆਰਾ ਆਖਣਾ ਸ਼ੁਰੂ ਹੋਇਆ। ਜਿਥੋਂ ਤਕ ਗੁਰਦੁਆਰੇ ਦੇ ਰੂਪ ਵਿਚ ਬਣਨ ਵਾਲੀ ਪਹਿਲੀ ਇਮਾਰਤ ਦਾ ਸਵਾਲ ਹੈ, ਉਹ ਦਰਬਾਰ ਸਾਹਿਬ ਹੀ ਸੀ। ਇਸ ਤੋਂ ਮਗਰੋਂ ਤਰਨ ਤਾਰਨ, ਕਰਤਾਰਪੁਰ (ਜਲੰਧਰ), ਕੀਰਤਪੁਰ ਤੇ ਆਨੰਦਪੁਰ ਸਾਹਿਬ 'ਚ ਗੁਰਦੁਆਰੇ ਬਣੇ। ਨਨਕਾਣਾ ਸਾਹਿਬ ਭਾਵੇਂ ਸਿੱਖ ਤਵਾਰੀਖ਼ ਦੇ ਪੱਖੋਂ ਪਹਿਲੀ ਜਗਹ ਬਣਦੀ ਹੈ ਪਰ ਉਹ ਗੁਰਦੁਆਰਾ ਉੱਨੀਵੀਂ ਸਦੀ ਵਿਚ ਬਣਿਆ ਸੀ। ਦਿੱਲੀ ਦੇ ਗੁਰਦੁਆਰੇ ਵੀ ਅਠਾਰ੍ਹਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਬਣੇ ਸਨ। ਅੱਜ-ਕਲ੍ਹ ਪੰਜਾਬ ਦੇ ਹਰ ਪਿੰਡ ਤੇ ਸ਼ਹਿਰ ਵਿਚ ਕਈ-ਕਈ ਗੁਰਦੁਆਰੇ ਬਣੇ ਹੋਏ ਹਨ। ਗੁਰੂ ਸਾਹਿਬ ਨਾਲ ਸਬੰਧ ਰੱਖਣ ਵਾਲੇ ਤਕਰੀਬਨ ਹਰ ਮੁਕਾਮ 'ਤੇ ਗੁਰਦੁਆਰੇ ਬਣ ਚੁੱਕੇ ਹਨ। ਪਰਦੇਸਾਂ ਵਿਚ ਵੀ, ਜਿੱਥੇ ਵੀ ਸਿੱਖ ਰਹਿੰਦੇ ਹਨ, ਗੁਰਦੁਆਰੇ ਬਣੇ ਹੋਏ ਹਨ। ਅਸੂਲਨ ਹਰ ਗੁਰਦੁਆਰੇ (ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ) ਵਿਚ ਲੰਗਰ ਅਤੇ ਰਿਹਾਇਸ਼ (ਮੁਸਾਫ਼ਰਾਂ ਵਾਸਤੇ) ਹੋਣਾ ਲਾਜ਼ਮੀ ਹੈ। ਪਰਦੇਸਾਂ ਵਿਚ ਬਣੇ ਗੁਰਦੁਆਰਿਆਂ ਨਾਲ ਭਾਵੇਂ ਅੱਜ-ਕਲ੍ਹ ਸਰਾਵਾਂ ਨਹੀਂ (ਕੁਝ ਇਕ ਨੂੰ ਛੱਡ ਕੇ) ਪਰ ਉਥੇ ਪੰਜਾਬੀ ਬੋਲੀ, ਗੁਰਮੁਖੀ ਲਿੱਪੀ ਤੇ ਸਿਖ ਹਿਸਟਰੀ ਪੜ੍ਹਾਉਣ ਦੀਆਂ ਕਲਾਸਾਂ ਆਮ ਚਲਦੀਆਂ ਰਹਿੰਦੀਆਂ ਹਨ।

ਗੁਰਦੁਆਰੇ ਨੂੰ ਸਿੱਖ ਚਰਚ, ਸਿੱਖ ਮਸਜਿਦ ਜਾਂ ਸਿੱਖ ਮੰਦਿਰ (Sikh Temple) ਆਖਣਾ ਬੇ-ਸਮਝੀ ਜਾਂ ਸ਼ਰਾਰਤ ਦਾ ਨਤੀਜਾ ਹੈ। ਗੁਰਦੁਆਰਾ ਗੁਰਦੁਆਰਾ ਹੈ ਨਾ ਕਿ ਚਰਚ, ਮਸਜਿਦ ਜਾਂ ਮੰਦਰਿ। ਜਿਵੇਂ ਚਰਚ ਨੂੰ ਈਸਾਈ ਗੁਰਦੁਆਰਾ, ਮਸਜਿਦ ਨੂੰ ਮੁਸਲਿਮ ਗੁਰਦੁਆਰਾ ਤੇ ਮੰਦਿਰ ਨੂੰ ਹਿੰਦੂ ਗੁਰਦੁਆਰਾ ਨਹੀਂ ਆਖਿਆ ਜਾ ਸਕਦਾ; ਉਵੇਂ ਹੀ ਗੁਰਦੁਆਰੇ ਨੂੰ ਸਿੱਖ ਮੰਦਰਿ (Sikh Temple) ਆਖਣਾ ਗ਼ਲਤ ਹੈ। ਇੰਞ ਹੀ ਦਰਬਾਰ ਸਾਹਿਬ ਨੂੰ GoldenTemple ਵੀ ਸਿਰਫ਼ ਤੇ ਸਿਰਫ਼ ਗ਼ਲਤ ਹੈ।

'ਗੁਰਦੁਆਰਾ' ਦੋ ਲਫ਼ਜ਼ਾਂ ਦੇ ਮੇਲ ਤੋਂ ਬਣਿਆ ਹੈ: 'ਗੁਰੂ' ਤੇ 'ਦੁਆਰਾ' (ਦਰਵਾਜ਼ਾ/ਘਰ) ਯਾਨਿ ਗੁਰਦੁਆਰਾ ਦਾ ਮਾਅਨਾ ਹੈ: ਗੁਰੂ ਦਾ ਦਰ/ਘਰ, ਜਿਸ ਤੋਂ ਅਸੀਂ ਵਾਹਿਗੁਰੂ ਦੇ ਦਰਸ਼ਨ ਕਰਨ ਵਾਸਤੇ ਤਿਆਰੀ ਕਰਦੇ ਹਾਂ। ਗੁਰਦੁਆਰਾ ਸਿੱਖ ਪੰਥ ਦਾ ਧੁਰਾ ਹੈ। ਸਿੱਖ ਵਾਸਤੇ ਲਾਜ਼ਮੀ ਹੈ ਕਿ ਜਿੰਨਾ ਵੀ ਮੁਮਕਿਨ ਹੋ ਸਕੇ, ਉਹ ਗੁਰਦੁਆਰੇ ਵਿਚ, ਹੋਰ ਸੰਗਤਾਂ ਨਾਲ ਬੈਠ ਕੇ, ਕੀਰਤਨ ਕਰੇ/ਸੁਣੇ ਅਤੇ ਸੇਵਾ ਕਰੇ। ਸਿੱਖ ਵਾਸਤੇ ਗੁਰਦੁਆਰਾ ਸਿਰਫ਼ ਧਾਰਮਿਕ ਸੈਂਟਰ ਹੀ ਨਹੀਂ; ਇਹ ਰੂਹਾਨੀ, ਭਾਈਚਾਰਕ ਤੇ ਤਾਲੀਮੀ (ਗਿਆਨ ਤੇ ਵਿਦਿਆ ਦਾ) ਮਰਕਜ਼ (ਸੈਂਟਰ) ਵੀ ਹੈ।

ਆਮ ਤੌਰ 'ਤੇ ਗੁਰਦੁਆਰੇ ਦੇ ਚਾਰ ਹਿੱਸੇ ਹੁੰਦੇ ਹਨ: 1. ਦੀਵਾਨ ਹਾਲ (ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ) 2. ਲੰਗਰ 3. ਸਰਾਂ ਤੇ 4. ਪੰਜਾਬੀ/ਗੁਰਮੁਖੀ, ਸਿੱਖ ਫ਼ਲਸਫ਼ਾ ਤੇ ਤਵਾਰੀਖ਼ ਪੜ੍ਹਾਉਣ ਵਾਸਤੇ ਸਕੂਲ। ਕੁਝ ਗੁਰਦੁਆਰਿਆਂ ਵਿਚ ਇਹ ਚਾਰੇ ਸਹੂਲਤਾਂ ਹੁੰਦੀਆਂ ਹਨ, ਪਰ ਕੁਝ ਗੁਰਦੁਆਰਿਆਂ ਵਿਚ ਇਕ ਜਾਂ ਵੱਧ ਸਹੂਲਤਾਂ ਨਹੀਂ ਵੀ ਹੁੰਦੀਆਂ। ਹਰ ਗੁਰਦੁਆਰੇ ਵਿਚ ਨਗਾਰਾ ਹੋਣਾ ਵੀ ਲਾਜ਼ਮੀ ਹੈ ਅਤੇ ਮੁਨਾਸਿਬ ਮੌਕੇ 'ਤੇ ਇਸ ਨੂੰ ਵਜਾਇਆ ਵੀ ਜਾਣਾ ਚਾਹੀਦਾ ਹੈ। ਅੱਜ-ਕਲ੍ਹ ਕਈ ਗੁਰਦੁਆਰਿਆਂ

ਵੱਲੋਂ ਹਸਪਤਾਲ ਵਗੈਰਾ ਵੀ ਚਲਾਏ ਜਾਂਦੇ ਹਨ। ਬਹੁਤੇ ਗੁਰਦੁਆਰਿਆਂ ਵਿਚ ਲਾਇਬ੍ਰੇਰੀਆਂ ਵੀ ਹੁੰਦੀਆਂ ਹਨ।

ਗੁਰਦੁਆਰੇ ਦੀ ਸਭ ਤੋਂ ਮੁਖ ਜਗਹ ਦੀਵਾਨ ਹਾਲ ਹੁੰਦੀ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸਾਫ਼ ਰੁਮਾਲਿਆਂ ਨਾਲ ਢਕਿਆ ਜਾਂਦਾ ਹੈ। ਇਸ ਦੀ ਤਾਬਿਆ ਬੈਠੇ ਜਾਂ ਪਿੱਛੇ ਖੜ੍ਹੇ ਸਿੱਖ ਦੇ ਹੱਥ ਵਿਚ ਚੌਰ ਹੁੰਦੀ ਹੈ ਗੁਰੂ ਗ੍ਰੰਥ ਸਾਹਿਬ ਨੂੰ ਸ਼ਹਿਨਸ਼ਾਹ ਦਾ ਅਦਬ ਦੇਣ ਵਾਸਤੇ ਹੁੰਦੇ ਹਨ (ਚੌਰ ਮੱਖੀਆਂ ਹਟਾਉਣ ਜਾਂ ਹਵਾ ਦੇਣ ਵਾਸਤੇ ਨਹੀਂ ਹੁੰਦੀ)। ਗੁਰੂ ਗ੍ਰੰਥ ਸਾਹਿਬ ਦੇ ਨੇੜੇ ਘਿਉ ਦੇ ਦੀਵੇ ਬਾਲਣਾ, ਘੰਟੀਆਂ ਵਜਾਉਣਾ, ਤਾੜੀਆਂ ਮਾਰਨਾ, ਸਿੱਖੀ ਅਸੂਲਾਂ ਦੇ ਖ਼ਿਲਾਫ਼ ਹੈ। ਕਈ ਲੋਕ ਗੁਰੂ ਗ੍ਰੰਥ ਸਾਹਿਬ ਦੇ ਨੇੜੇ ਜਾਂ ਹੇਠਾਂ ਪਾਣੀ ਦਾ ਘੜਾ ਜਾਂ ਕੁੱਜਾ ਜਾਂ ਕੋਈ ਹੋਰ ਭਾਂਡਾ (ਕੁੰਭ) ਰੱਖ ਦੇਂਦੇ ਹਨ। ਜਿਹੜੇ ਇਸ ਨੂੰ ਅਖੌਤੀ ਪਾਕਿ (ਪਵਿੱਤਰ) ਜਲ ਜਾਂ ਅੰਮ੍ਰਿਤ ਬਣਾਉਣ ਦੀ ਸੋਚ ਨਾਲ ਕਰਦੇ ਹਨ, ਉਹ ਬੇ-ਸਮਝੀ ਦਾ ਇਜ਼ਹਾਰ ਕਰਦੇ ਹਨ। ਦੀਵਾਨ ਹਾਲ ਜਿੰਨਾ ਸਾਫ਼, ਪਰ ਸਾਦਾ, ਹੋ ਸਕੇ ਬੇਹਤਰ ਹੈ। ਵਾਧੂ ਦੀ ਸਜਾਵਟ (ਡੈਕੋਰੇਸ਼ਨ ਪੀਸਿਜ਼ ਵੀ), ਚਮਕ-ਦਮਕ, ਤੜਕ-ਭੜਕ, ਰੌਸ਼ਨੀਆਂ ਵਗੈਰਾਂ ਨਾਲ ਧਿਆਨ ਆਲੇ ਦੁਆਲੇ ਭਟਕਦਾ ਹੈ ਅਤੇ ਕੀਰਤਨ, ਪਾਠ, ਕਥਾ ਸੁਣਨ 'ਚ ਰੋਕ ਪੈਂਦੀ ਹੈ। ਦੀਵਾਨ ਹਾਲ ਵਿਚ ਤਸਵੀਰਾਂ ਲਾਉਣਾ, ਇਬਾਰਤਾਂ ਜਾਂ ਜੈਕਾਰੇ/ਨਾਅਰੇ ਲਿਖਣੇ ਵੀ ਗ਼ਲਤ ਹੈ। ਇਸ ਮਕਸਦ ਵਾਸਤੇ ਲਾਇਬ੍ਰੇਰੀ, ਲੰਗਰ-ਹਾਲ, ਦਫ਼ਤਰ, ਕੋਰੀਡੋਰ ਤੇ ਲਾੱਬੀ ਵਰਤੇ ਜਾਣੇ ਚਾਹੀਦੇ ਹਨ। ਗੁਰੂ ਸਾਹਿਬ ਦੀਆਂ ਜਿੰਨੀਆਂ ਤਸਵੀਰਾਂ ਮਿਲਦੀਆਂ ਹਨ, ਉਹ ਸਭ ਨਕਲੀ ਹਨ ਅਤੇ ਕੁਝ ਬੰਦਿਆਂ ਨੂੰ ਮਾਡਲ ਬਿਠਾ ਕੇ ਜਾਂ ਖ਼ਿਆਲੀ ਉਡਾਰੀਆਂ ਨਾਲ ਬਣਾਈਆਂ ਹਈਆਂ ਹਨ ਤੇ ਕੁਝ ਵਿਚ ਤਾਂ ਗੁਰੂ ਸਾਹਿਬ ਦੀ ਹਾਸੋ-ਹੀਣੀ ਸੂਰਤ ਨਜ਼ਰ ਆਉਂਦੀ ਹੈ। ਇਸ ਕਰ ਕੇ ਗੁਰਦੁਆਰਿਆਂ ਵਿਚ, ਕਿਸੇ ਵੀ ਜਗ੍ਹਾ ਗੁਰੂ ਸਾਹਿਬ ਦੀਆਂ ਨਕਲੀ ਤਸਵੀਰਾਂ ਨਹੀਂ ਲਾਉਣੀਆਂ ਚਾਹੀਦੀਆਂ। ਉਨ੍ਹਾਂ ਦੀ ਜਗਹ 'ਤੇ ਸ਼ਬਦ ਜਾਂ ਗੁਰਦੁਆਰਿਆਂ ਦੀਆਂ ਤਸਵੀਰਾਂ ਲਾਈਆਂ ਜਾ ਸਕਦੀਆਂ ਹਨ।

ਨਿਸ਼ਾਨ ਸਾਹਿਬ

ਗੁਰਦੁਆਰੇ ਦੀ ਛੱਤ 'ਤੇ ਜਾਂ ਬਾਹਰਵਾਰ ਨਿਸ਼ਾਨ ਸਾਹਿਬ ਜ਼ਰੂਰ ਹੁੰਦਾ ਹੈ। ਅੱਜ-ਕਲ੍ਹ ਇਸ ਦਾ ਰੰਗ ਕੇਸਰੀ/ਪੀਲਾ/ਭਗਵਾ ਹੁੰਦਾ ਹੈ। ਗੁਰੂ ਸਾਹਿਬ ਦੇ ਵੇਲੇ ਦੀ ਤਵਾਰੀਖ਼ ਵਿਚ ਨੀਲੇ ਰੰਗ ਦੇ ਨਿਸ਼ਾਨ ਸਾਹਿਬ ਦਾ ਜ਼ਿਕਰ ਆਉਂਦਾ ਹੈ। ਅੱਜ-ਕਲ੍ਹ ਕੁਝ ਨਿਸ਼ਾਨ ਸਾਹਿਬ ਦਾ ਕਪੜਾ ਕੇਸਰੀ ਅਤੇ ਬਾਂਸ ਜਾਂ ਪਾਈਪ 'ਤੇ ਚੜ੍ਹਾਏ ਕਪੜੇ ਦਾ ਰੰਗ ਨੀਲਾ ਹੁੰਦਾ ਤੇ ਕਈ ਸਾਰਾ ਕਪੜਾ ਹੀ ਕੇਸਰੀ ਰੰਗ ਦਾ ਰੱਖਦੇ ਹਨ। (ਸਿਰਫ਼ ਨਿਹੰਗ ਸਿੰਘਾਂ ਨੇ ਗੁਰੂ ਸਾਹਿਬ ਵਾਲਾ ਰੰਗ ਕਾਇਮ ਰੱਖਿਆ ਹੋਇਆ ਹੈ ਕਿਉਂਕਿ ਇਹ ਨਿਹੰਗ ਹੀ ਸਨ ਜਿਹੜੇ ਨਿਸ਼ਾਨ ਸਾਹਿਬ ਲੈ ਕੇ ਜੰਗ ਦੇ ਮੈਦਾਨ ਵਿਚ ਜਾਂ ਕਿਸੇ ਵਹੀਰ ਦੇ ਅੱਗੇ ਚੱਲਿਆ ਕਰਦੇ ਸਨ ਤੇ ਇਸ ਦੇ ਰਖਵਾਲੇ ਹੁੰਦੇ ਸਨ)। ਨੀਲੇ ਤੋਂ ਭਗਵੇ/ਕੇਸਰੀ/ਪੀਲੇ ਰੰਗ ਦੀ ਇਹ ਤਬਦੀਲੀ, ਰਣਜੀਤ ਸਿੰਘ ਦੇ ਰਾਜ ਵੇਲੇ, ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਵਿਚਕਾਰ ਬਣੇ ਹੋਏ, ਸੰਤੋਖ ਦਾਸ ਉਦਾਸੀ ਦੇ 'ਝੰਡਾ ਬੁੰਗਾ' ਦੇ ਬਾਹਰ ਗੱਡੇ ਹੋਏ, ਉਦਾਸੀਆਂ ਦੇ ਭਗਵੇ ਝੰਡੇ ਕਾਰਨ ਹੋਈ। ਨੌਨਿਹਾਲ ਸਿੰਘ ਦੀ ਹਕੂਮਤ ਵੇਲੇ ਇਹ ਝੰਡਾ ਡਿਗ ਪਿਆ ਤਾਂ ਉਸ ਨੇ ਨਵਾਂ ਪੱਕਾ ਝੰਡਾ ਲੁਆ ਦਿੱਤਾ। ਸਰਕਾਰ ਵੱਲੋਂ ਝੰਡਾ ਲੁਆਏ ਜਾਣ ਕਾਰਨ ਉਦਾਸੀਆਂ ਦੇ ਇਸ ਝੰਡੇ ਨੂੰ ਇਕ ਤਰੀਕੇ ਨਾਲ ਸਰਕਾਰੀ

ਮਨਜ਼ੂਰੀ ਮਿਲ ਗਈ। ਗੁਰਦੁਆਰਾ ਸੁਧਾਰ ਲਹਿਰ (1920-25) ਵੇਲੇ ਵੀ ਇਸ ਗ਼ਲਤੀ ਨੂੰ ਸੁਧਾਰਨ ਵਾਸਤੇ ਕਿਸੇ ਵਿਦਵਾਨ ਜਾਂ ਆਗੂ ਨੂੰ ਖਿਆਲ ਹੀ ਨਹੀਂ ਆਇਆ। (ਅੱਜ ਦੇ ਆਗੂ ਤਾਂ ਰਾਸ਼ਟਰ ਸੇਵਕ ਸੰਘ ਦੇ ਪਿਛਲੱਗ ਹਨ, ਉਹ ਕਿਵੇਂ ਇਹੋ ਜਿਹੀ ਗ਼ਲਤੀ ਸੁਧਾਰਨ ਦੀ ਗ਼ਲਤੀ ਕਰ ਸਕਦੇ ਹਨ)।

ਭਾਵੇਂ ਨਿਸ਼ਾਨ ਸਾਹਿਬ ਦੀ ਉਚਾਈ ਦੀ ਕੋਈ ਮਿਥੀ ਹੋਈ ਹੱਦ ਨਹੀਂ ਹੁੰਦੀ, ਪਰ ਆਮ ਤੌਰ 'ਤੇ ਇਹ ਇਮਾਰਤ ਦੀ ਉਚਾਈ ਤੋਂ ਕੁਝ ਵਧੇਰੇ ਉੱਚਾ ਹੁੰਦਾ ਹੈ। ਇਸ ਦੇ ਕਪੜੇ ਉੱਤੇ 'ਖੰਡੇ' ਦਾ ਨਿਸ਼ਾਨ ਬਣਿਆ ਹੁੰਦਾ ਹੈ। (ਖੰਡਾ Insignia ਵੀ ਅੰਗਰੇਜ਼ਾਂ ਦੇ ਵਲੋ ਸਿੱਖ ਫ਼ੌਜੀਆਂ ਦੀ ਦਸਤਾਰ ਵਿਚ ਸਜਾਉਣ ਵਾਸਤੇ ਬਣਾਇਆ ਗਿਆ ਸੀ)। ਨਿਸ਼ਾਨ ਸਾਹਿਬ ਦੇ ਸਿਰੇ 'ਤੇ ਦੋ ਕਿਰਪਾਨਾਂ, ਇਕ ਖੰਡਾ (ਦੋ ਧਾਰਾ) ਅਤੇ ਇਕ ਚੱਕਰ ਹੁੰਦਾ ਹੈ। ਨਿਸ਼ਾਨ ਸਾਹਿਬ ਦੇ ਸਿਰੇ 'ਤੇ ਵੀ ਦੋ ਧਾਰਾ ਖੰਡਾ ਲੱਗਾ ਹੁੰਦਾ ਹੈ। ਇਹ ਆਮ ਤੌਰ 'ਤੇ ਸਟੀਲ ਦਾ ਬਣਿਆ ਹੁੰਦਾ ਹੈ। ਨਿਸ਼ਾਨ ਸਾਹਿਬ 'ਤੇ ਬਣਿਆ ਖੰਡਾ ਮੀਰੀ-ਪੀਰੀ ਦੇ ਇਕ ਹੋਣ ਦਾ ਚਿੰਨ੍ਹ ਹੈ। ਕਈ ਗੁਰਦੁਆਰਿਆਂ ਵਿਚ ਮੀਰੀ ਤੇ ਪੀਰੀ ਦੇ ਦੋ ਵਖਰੇ ਨਿਸ਼ਾਨ ਸਾਹਿਬ ਝੂਲਦੇ ਹਨ। ਉਨ੍ਹਾਂ ਨੇ ਇਸ ਨੂੰ ਅਕਾਲ ਤਖ਼ਤ ਸਾਹਿਬ ਦੇ ਮੀਰੀ-ਪੀਰੀ ਦੇ ਦੋ ਨਿਸ਼ਾਨ ਸਾਹਿਬ ਦੀ ਸੋਚ ਨਾਲ ਲਾਇਆ ਹੁੰਦਾ ਹੈ। ਹਾਲਾਂਕਿ ਅਕਾਲ ਤਖ਼ਤ ਸਾਹਿਬ ਦੇ ਨੇੜੇ ਵੀ ਦੋ ਨਿਸ਼ਾਨ ਸਾਹਿਬ ਗੁਰੂ ਸਾਹਿਬ ਤੋਂ ਕਾਫ਼ੀ ਮਗਰੋਂ, ਵੀਹਵੀਂ ਸਦੀ ਦੇ ਸ਼ੁਰੂ ਵਿਚ, ਲਾਏ ਗਏ ਸਨ।

ਗੁਰਦੁਆਰੇ ਦੀ ਮਰਿਆਦਾ

ਗੁਰਦੁਆਰੇ ਸੰਗਤਾਂ ਵਾਸਤੇ, ਆਮ ਤੌਰ 'ਤੇ, ਤਕਰੀਬਨ ਹਰ ਵੇਲੇ ਖੁਲ੍ਹੇ ਰਹਿੰਦੇ ਹਨ। ਗੁਰਦੁਆਰੇ ਦੀ ਸੇਵਾ ਸੁਬ੍ਹਾ ਤੜਕੇ ਵੇਲੇ ਤੋਂ ਸ਼ੁਰੂ ਹੁੰਦੀ ਹੈ। ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆ ਕੇ, ਪ੍ਰਕਾਸ਼ ਕਰ ਕੇ, ਅਰਦਾਸਿ ਕੀਤੀ ਜਾਂਦੀ ਹੈ। ਫਿਰ ਹੁਕਮ ਲੈਣ ਮਗਰੋਂ ਆਸਾ ਦੀ ਵਾਰ ਪੜ੍ਹੀ ਜਾਂਦੀ ਹੈ। ਕਈ ਗੁਰਦੁਆਰਿਆਂ ਵਿਚ ਸੁਖਮਨੀ ਸਾਹਿਬ ਦਾ ਪਾਠ ਵੀ ਹੁੰਦਾ ਹੈ। ਇਸ ਤੋਂ ਬਾਅਦ ਕੀਰਤਨ ਹੁੰਦਾ ਹੈ। ਕੀਰਤਨ ਮਗਰੋਂ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਆਖ਼ਰੀ ਪਉੜੀ ਪੜ੍ਹ ਕੇ ਅਰਦਾਸਿ ਕੀਤੀ ਜਾਂਦੀ ਹੈ। ਕਈ ਗੁਰਦੁਆਰਿਆਂ ਵਿਚ ਤਾਂ ਸਾਰਾ ਦਿਨ ਹੀ ਕੀਰਤਨ ਹੁੰਦਾ ਰਹਿੰਦਾ ਹੈ। ਕਈ ਗੁਰਦੁਆਰਿਆਂ ਵਿਚ ਸ਼ਾਮ ਵੇਲੇ ਬਾਣੀ ਜਾਂ ਤਵਾਰੀਖ਼ ਦੀ ਕਥਾ ਵੀ ਹੁੰਦੀ ਹੈ। ਸ਼ਾਮ ਵੇਲੇ ਰਹਰਾਸਿ ਸਾਹਿਬ ਦੇ ਪਾਠ ਮਗਰੋਂ ਕੀਰਤਨ ਤੇ ਅਰਦਾਸਿ ਹੁੰਦੀ ਹੈ। ਸੋਹਿਲਾ ਦੇ ਪਾਠ ਮਗਰੋਂ ਗੁਰੂ ਗ੍ਰੰਥ ਸਾਹਿਬ ਦਾ ਸੁਖ-ਆਸਣ ਕਰ ਦਿੱਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੇਵਾ ਮਰਦ ਜਾਂ ਔਰਤ ਕਈ ਵੀ ਕਰ ਸਕਦਾ ਹੈ।

ਗੁਰਦੁਆਰੇ ਕਿੰਵ ਜਾਈਏ

ਗੁਰਦੁਆਰੇ ਦੇ ਦੀਵਾਨ ਹਾਲ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਜੁੱਤੀਆਂ ਲਾਹੁਣੀਆਂ ਚਾਹੀਦੀਆਂ ਹਨ। ਜੇ ਹੋ ਸਕੇ ਤਾਂ ਪੈਰ ਵੀ ਧੋਣੇ ਚਾਹੀਦੇ ਹਨ। ਜਿਨ੍ਹਾਂ ਲੋਕਾਂ ਨੇ ਦਸਤਾਰ ਨਹੀਂ ਬੰਨ੍ਹੀ ਹੁੰਦੀ, ਉਨ੍ਹਾਂ ਨੂੰ ਆਪਣਾ ਸਿਰ ਰੁਮਾਲ ਜਾਂ ਕਿਸੇ ਹੋਰ ਕਪੜੇ ਨਾਲ ਢੱਕ ਲੈਣਾ ਚਾਹੀਦਾ ਹੈ। ਹੱਥ ਧੋਣ ਮਗਰੋਂ, ਦੀਵਾਨ ਹਾਲ ਵਿਚ ਜਾ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ ਜਾਂਦਾ ਹੈ। ਮੱਥਾ ਟੇਕਣ ਵੇਲੇ ਜੇ ਗੁਰੂ ਗ੍ਰੰਥ ਸਾਹਿਬ ਅੱਗੇ ਪੈਸੇ ਨਾ ਰੱਖੇ/ ਸੁੱਟੇ ਜਾਣ ਤਾਂ ਬੇਹਤਰ ਹੈ (ਭੇਟਾ ਦੇ ਪੈਸਿਆਂ ਵਾਸਤੇ ਦਰਵਾਜ਼ੇ ਕੋਲ ਵਖਰੀ ਗੋਲਕ ਰੱਖੀ

ਹੋਣੀ ਚਾਹੀਦੀ ਹੈ)। ਇਸ ਤੋਂ ਬਾਅਦ ਸੰਗਤ ਵਿਚ ਬੈਠ ਕੇ ਕੀਰਤਨ/ਕਥਾ/ਲੈਕਚਰ ਸੁਣਨਾ ਚਾਹੀਦਾ ਹੈ।

ਗੁਰਦੁਆਰੇ ਜਾਣ ਵਾਲੇ ਵਾਸਤੇ ਜ਼ਾਬਤਾ

ਕੋਈ ਵੀ ਸ਼ਖ਼ਸ, ਸਿੱਖ ਜਾਂ ਗ਼ੈਰ-ਸਿੱਖ, ਗੁਰਦੁਆਰੇ ਵਿਚ ਜਾ ਸਕਦਾ ਹੈ, ਸੇਵਾ ਕਰ ਸਕਦਾ ਹੈ ਤੇ ਲੰਗਰ ਛੱਕ ਸਕਦਾ ਹੈ ਪਰ ਸਹੀ ਜ਼ਾਬਤੇ ਵਿਚ ਰਹਿਣਾ ਲਾਜ਼ਮੀ ਹੈ। ਹਰ ਇਕ ਨੂੰ ਜੁੱਤੀਆਂ ਲਾਹ ਕੇ ਜਾਣਾ ਚਾਹੀਦਾ ਹੈ। ਕੋਲ ਤੰਬਾਕੂ ਦੀ ਕੋਈ ਚੀਜ਼ ਨਹੀਂ ਹੋਣੀ ਚਾਹੀਦੀ ਹੈ। ਸ਼ਰਾਬ, ਡਰਗੱਜ਼ ਜਾਂ ਕੋਈ ਹੋਰ ਨਸ਼ਾ ਨਹੀਂ ਕੀਤਾ ਹੋਣਾ ਚਾਹੀਦਾ।

ਕੋਈ ਗ਼ੈਰ-ਸਿੱਖ ਰਸਮ (ਵਾਲ ਕੱਟਣਾ/ਭੱਦਣ ਕਰਨਾ, ਜਾਨਵਰ ਦੀ ਕੁਰਬਾਨੀ, ਸਤੀ ਦੀ ਰਸਮ, ਵਰਤ/ਰੋਜ਼ਾ, ਰਖੜੀ, ਲੋਹੜੀ ਵਗੈਰਾ) ਗੁਰਦੁਆਰੇ ਵਿਚ ਨਹੀਂ ਕੀਤੀ ਜਾ ਸਕਦੀ। ਦੂਜੇ ਧਰਮਾਂ ਨਾਲ ਸੰਬੰਧ ਰੱਖਣ ਵਾਲੇ ਤਿਉਹਾਰ ਵੀ ਗੁਰਦੁਆਰੇ ਵਿਚ ਨਹੀਂ ਮਨਾਏ ਜਾ ਸਕਦੇ।

ਕੁਝ ਗੁਰਦੁਆਰਿਆਂ ਅਤੇ ਤਖ਼ਤ ਸਾਹਿਬ 'ਤੇ ਸਿਰਫ਼ ਅੰਮ੍ਰਿਤਧਾਰੀ ਸਿੱਖ ਹੀ ਜਾ ਸਕਦੇ ਹਨ। ਗੁਰਦੁਆਰੇ ਵਿਚ ਕਥਾ, ਕੀਰਤਨ ਸਿਰਫ਼ ਸਿੱਖ ਹੀ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵੀ ਸਿਰਫ਼ ਸਿੱਖ ਹੀ ਬੈਠ ਸਕਦਾ ਹੈ।

ਸਿੱਖ ਧਰਮ ਵਿਚ ਪੁਜਾਰੀ

ਸਿੱਖ ਧਰਮ ਵਿਚ ਪੁਜਾਰੀ ਜਮਾਤ ਨਹੀਂ ਹੁੰਦੀ। ਸਾਰੇ ਸਿੱਖ, ਮਰਦ ਤੇ ਔਰਤਾਂ, ਗੁਰਦੁਆਰੇ ਵਿਚ ਸੇਵਾ ਨਿਭਾ ਸਕਦੇ ਹਨ। ਇੰਞ ਹੀ ਸਿੱਖਾਂ ਵਿਚ ਪ੍ਰਚਾਰਕ ਨਾਂ ਦੀ ਵੀ ਕੋਈ ਜਮਾਤ ਨਹੀਂ। ਅੱਜ-ਕਲ੍ਹ ਰੁਝੇਵਿਆਂ ਭਰੀ ਜ਼ਿੰਦਗੀ ਹੋਣ ਕਰ ਕੇ ਅਤੇ ਕੁਝ ਸਹੂਲਤ ਨੂੰ ਸਾਹਵੇਂ ਰੱਖ ਕੇ ਅਤੇ ਕੁਝ ਇਸ ਕਰ ਕੇ ਵੀ ਕਿ ਆਮ ਆਦਮੀ ਨੂੰ ਧਰਮ ਤੇ ਮਰਿਆਦਾ ਬਾਰੇ ਪਤਾ ਨਹੀਂ ਹੁੰਦਾ, ਗੁਰਦੁਆਰਿਆਂ ਵਿਚ ਭਾਈ (ਲਫ਼ਜ਼ੀ ਮਾਅਨਾ=ਭਰਾ) ਜਾਂ ਗ੍ਰੰਥੀ (ਜੋ ਗੁਰੂ ਗ੍ਰੰਥ ਸਾਹਿਬ ਪੜ੍ਹ ਸਕਦਾ ਹੈ) ਲਾਏ ਗਏ ਹਨ। ਪਰ ਸਿੱਖ ਧਰਮ ਵਿਚ ਭਾਈ/ਗ੍ਰੰਥੀ ਕੋਈ ਪੁਜਾਰੀ ਜਮਾਤ ਨਹੀਂ। ਉਨ੍ਹਾਂ ਦਾ ਦਰਜਾ ਉਹ ਨਹੀਂ ਜੋ ਮੰਦਿਰ ਵਿਚ ਪੁਜਾਰੀ, ਮਸਜਿਦ ਵਿਚ ਮੌਲਵੀ ਜਾਂ ਗਿਰਜੇ ਵਿਚ ਪਾਦਰੀ ਦਾ ਹੁੰਦਾ ਹੈ।

ਇਸੇ ਤਰ੍ਹਾਂ ਸਿੱਖੀ ਵਿਚ 'ਸੰਤ' ਨਾਂ ਦੀ ਵੀ ਕੋਈ ਚੀਜ਼ ਨਹੀਂ ਹੁੰਦੀ। ਅੱਜ-ਕਲ੍ਹ ਜਣਾ-ਖਣਾ ਆਪਣੇ ਆਪ ਨੂੰ ਅਖੌਤੀ ਸੰਤ ਅਖਵਾਉਣ ਲੱਗ ਪਿਆ ਹੈ। ਇਨ੍ਹਾਂ ਵਿਚੋਂ ਬਹੁਤੇ ਇਖ਼ਲਾਕੀ ਜਾਂ ਮਾਲੀ ਮੁਜਰਿਮ ਹੁੰਦੇ ਹਨ। 'ਸੰਤ' ਲਫ਼ਜ਼, ਸਿੱਖੀ ਵਿਚ, ਵਾਹਿਗੁਰੂ ਵਾਸਤੇ ਵਰਤਿਆ ਗਿਆ ਹੈ। ਅੱਜ-ਕਲ੍ਹ ਦੇ ਸਾਧ ਤੇ ਪਾਖੰਡੀ ਆਪਣੇ ਆਪ ਨੂੰ ਨੀਮ-ਰੱਬ ਸਮਝਦੇ ਹਨ। ਕਈ ਆਪਣੇ ਵਾਸਤੇ ਬ੍ਰਹਮਗਿਆਨੀ ਤੇ ਮਹਾਂਪੁਰਖ ਦੀ ਪਦਵੀ ਵੀ ਲਿਖਵਾਉਂਦੇ ਹਨ। ਇਸ ਸੰਤ-ਡੰਮ ਬ੍ਰਾਹਮਣੀ ਤਰੀਕਾ ਹੈ ਤੇ ਸਿੱਖੀ ਦੇ ਨਾਲ ਇਸ ਦਾ ਕੋਈ ਸਬੰਧ ਨਹੀਂ। ਸਗੋਂ ਇਹ ਸਿੱਖੀ ਫ਼ਲਸਫ਼ੇ ਦੇ ਖ਼ਿਲਾਫ਼ ਹੈ। ਕਿਸੇ ਸਿੱਖ ਨੂੰ ਸੰਤ ਆਖਣਾ ਬੇ-ਸਮਝੀ ਅਤੇ ਗੁਨਾਹ ਹੈ। ਸਿੱਖੀ ਵਿਚ ਪੰਥ ਦੇ ਸੇਵਾਦਾਰਾਂ ਵਾਸਤੇ 'ਭਾਈ (ਵੀਰ), 'ਬਾਬਾ' (ਸੂਝ ਵਾਲਾ, ਬਜ਼ੁਰਗ) ਤੇ 'ਗਿਆਨੀ' ਲਫ਼ਜ਼ ਵਰਤੇ ਜਾਂਦੇ ਹਨ। ਭਾਈ ਲਾਲੋ, ਭਾਈ ਗੁਰਦਾਸ, ਬਾਬਾ ਰਵੀਦਾਸ, ਬਾਬਾ ਬੁੱਢਾ, ਬਾਬਾ ਅਜੀਤ ਸਿੰਘ-ਜੁਝਾਰ

ਸਿੰਘ-ਜ਼ੋਰਾਵਰ ਸਿੰਘ-ਫਤਹਿ ਸਿੰਘ, ਭਾਈ ਦਇਆ ਸਿੰਘ-ਮੋਹਕਮ ਸਿੰਘ-ਸਾਹਿਬ ਸਿੰਘ-ਧਰਮ ਸਿੰਘ-ਹਿੰਮਤ ਸਿੰਘ, ਗਿਆਨੀ ਸੁੰਦਰ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਸਿੱਖ ਤਵਾਰੀਖ਼ ਦੇ ਮੁਖ਼ਾਤਿਬ ਕਰਨ ਵਾਲੇ ਲਫ਼ਜ਼ ਹਨ।

ਸੇਵਾ

ਸਿੱਖ ਧਰਮ ਦਾ ਇਕ ਹੋਰ ਅਹਿਮ ਥੰਮ੍ਹ 'ਸੇਵਾ' ਹੈ। ਅਸਲ ਵਿਚ ਸਿੱਖ ਫ਼ਲਸਫ਼ੇ ਵਿਚ ਸੇਵਾ ਦੀ ਇਕ ਲਾਸਾਨੀ ਜਗ੍ਹਾ ਹੈ। ਸਿੱਖ ਧਰਮ ਮੁਤਾਬਿਕ ਸੇਵਾ ਦਾ ਮਾਅਨਾ 'ਮੁਫ਼ਤ ਕੰਮ ਕਰਨਾ' ਨਹੀਂ ਹੈ। ਇਹ ਆਪਣੀ ਮਰਜ਼ੀ ਨਾਲ, ਬਿਨਾਂ ਗ਼ਰਜ਼ ਤੋਂ, ਹਲੀਮੀ ਨਾਲ, ਕਿਸੇ ਮਕਸਦ, ਇਨਾਮ ਜਾਂ ਲਾਲਚ ਤੋਂ ਬਿਨਾਂ ਕੀਤੀ ਜਾਣ ਵਾਲੀ ਕਾਰਵਾਈ ਹੈ। ਸੇਵਾ ਕਿਸੇ ਵੀ ਤਰੀਕੇ ਨਾਲ: ਧਨ ਨਾਲ, ਤਨ ਨਾਲ ਜਾਂ ਮਨ ਨਾਲ ਕੀਤੀ ਜਾ ਸਕਦੀ ਹੈ। ਗੁਰਦੁਆਰੇ ਦੇ ਲੰਗਰ ਵਿਚ ਖਾਣਾ ਤਿਆਰ ਕਰ ਕੇ, ਜੂਠੇ ਭਾਂਡੇ ਸਾਫ਼ ਕਰ ਕੇ, ਫ਼ਰਸ਼ਾਂ ਦੀ ਸਫ਼ਾਈ ਕਰ ਕੇ ਜਾਂ ਆਪਣੇ ਆਲੇ-ਦੁਆਲੇ ਵਿਚ ਕਿਸੇ ਗ਼ਰੀਬ-ਗੁਰਬੇ ਦੀ ਮਦਦ ਕਰ ਕੇ, ਕਿਸੇ ਨੂੰ ਇਲਮ ਦੇ ਕੇ ਜਾਂ ਪੜ੍ਹਾਈ ਕਰਵਾ ਕੇ, ਕੌਮੀ ਜੱਦੋ-ਜਹਿਦ 'ਚ ਹਿੱਸਾ ਪਾ ਕੇ, ਇਨਸਾਨੀਅਤ ਦੇ ਫ਼ਾਇਦੇ ਦਾ ਕੋਈ ਵੀ ਕੰਮ ਕਰ ਕੇ ਕੀਤੀ ਜਾ ਸਕਦੀ ਹੈ। ਸਿੱਖ ਵਾਸਤੇ ਸੇਵਾ ਉਸ ਦੇ ਰੋਜ਼ਨਾਮਚੇ ਦਾ ਹਿੱਸਾ ਹੈ। ਆਮ ਲੋਕ ਗੁਰਦੁਆਰੇ ਵਿਚ ਕੀਤੀ ਸੇਵਾ ਨੂੰ ਵਧੇਰੇ ਧਾਰਮਿਕ ਮੰਨਦੇ ਹਨ। ਪਰ ਅਜਿਹਾ ਨਹੀਂ ਹੈ। ਹਰ ਸੇਵਾ ਦਾ ਇਕੋ ਜਿਹਾ ਦਰਜਾ ਹੈ।

ਸੇਵਾ ਸਿੱਖ ਨੂੰ ਹਲੀਮੀ, ਸਬਰ ਤੇ ਸੁਚੱਜਤਾ ਦਾ ਸਬਕ ਦੇਂਦੀ ਹੈ। ਇਹ ਹੈਂਕੜ ਅਤੇ ਗ਼ਰੂਰ ਨੂੰ ਖ਼ਤਮ ਕਰਦੀ ਹੈ। ਇਸ ਨਾਲ ਦਿਲ ਵਿਚ ਭਾਈਚਾਰੇ ਦਾ ਜਮ੍ਹਾ ਵਾਲਾ ਹਿੱਸਾ ਹੋਣ ਦਾ ਅਹਿਸਾਸ ਪੈਦਾ ਹੁੰਦਾ ਹੈ। ਪਰ ਜੇ ਸਿੱਖ ਕਿਸੇ ਲਾਲਚ ਦੀ ਖ਼ਾਹਿਸ਼ ਨਾਲ, ਦਿਖਾਵੇ ਵਜੋਂ ਜਾਂ ਪਾਖੰਡ ਵਜੋਂ ਸੇਵਾ ਕਰਦਾ ਹੈ ਤਾਂ ਵਾਹਿਗੁਰੂ ਦੀ ਦਰਗਾਹ ਵਿਚ ਇਹ ਸੇਵਾ ਕਬੂਲ ਨਹੀਂ ਹੁੰਦੀ ਅਤੇ ਅਜਿਹਾ ਸ਼ਖ਼ਸ ਸਗੋਂ ਦੰਭ ਕਰਨ ਦਾ ਗੁਨਹਗਾਰ ਬਣ ਜਾਂਦਾ ਹੈ। ਸੇਵਾ ਕਰਦਿਆਂ ਸਿੱਖ ਵਿਤਕਰਾ ਵੀ ਨਹੀਂ ਕਰ ਸਕਦਾ। ਸੇਵਾ ਕਰਨ ਦਾ ਮਾਣ ਕਰਨਾ ਵੀ ਗੁਨਾਹ ਹੈ। ਸੇਵਾ ਕਰ ਕੇ ਕਿਸੇ ਤਰ੍ਹਾਂ ਦੀ 'ਤਾਰੀਫ਼' ਕਰਵਾਉਣ ਦੀ ਖ਼ਾਹਿਸ਼ ਰੱਖਣਾ ਵੀ ਗੁਨਾਹ ਹੈ।

ਲੰਗਰ

ਸਿੱਖ ਧਰਮ ਵਿਚ ਲੰਗਰ ਦੀ ਖ਼ਾਸ ਅਹਿਮੀਅਤ ਹੈ। ਲੰਗਰ ਦੀ ਸ਼ੁਰੂਆਤ ਗੁਰੂ ਨਾਨਕ ਸਾਹਿਬ ਨੇ ਕੀਤੀ ਸੀ। ਲੰਗਰ ਵੀ ਸਿੱਖ ਧਰਮ ਦਾ ਲਾਸਾਨੀ ਨੁਕਤਾ ਹੈ। ਇਸ ਦਾ ਪਿਛੋਕੜ ਵੰਡ ਛੱਕਣ, ਸੇਵਾ, ਸੰਗਤ ਤੇ ਬਰਾਬਰਤਾ ਦੇ ਨੁਕਤਿਆਂ ਵਿਚ ਰਮਿਆ ਹੋਇਆ ਹੈ। ਲੰਗਰ ਤੋਂ ਅਸੀਂ ਭਾਈਚਾਰੇ ਨਾਲ ਪਿਆਰ ਕਰਨ ਦਾ ਅਤੇ ਹਰ ਤਰ੍ਹਾਂ ਦੇ ਵਿਤਕਰੇ ਖ਼ਤਮ ਕਰਨ ਦਾ ਸਬਕ ਸਿਖਦੇ ਹਾਂ। ਇਸ ਦਾ ਮਤਲਬ ਇਹ ਨਹੀਂ ਕਿ ਵਿਤਕਰੇ, ਹੱਦਾਂ ਤੇ ਦਰਜਾਬੰਦੀ ਮਿਟਾਉਣ ਨੂੰ ਸਿਰਫ਼ ਲੰਗਰ ਹਾਲ ਵਿਚ ਹੀ ਨਿਭਾਉਣਾ ਹੈ, ਸਗੋਂ ਇਸ ਨੂੰ ਆਪਣੀ ਸਾਰੀ ਜ਼ਿੰਦਗੀ ਵਿਚ, ਹਰ ਮੌਕੇ 'ਤੇ ਨਿਭਾਉਣਾ ਹੈ। ਲੰਗਰ ਸਾਰੀ ਕੌਮ ਦਾ ਸਾਂਝਾ ਹੁੰਦਾ ਹੈ। ਲੰਗਰ ਵਿਚ ਹਰ ਕੋਈ ਸੇਵਾ ਕਰ ਸਕਦਾ ਹੈ ਅਤੇ ਛਕ ਸਕਦਾ ਹੈ। ਭਾਵੇਂ ਲੰਗਰ ਵਾਸਤੇ ਕੋਈ ਰਕਮ ਨਹੀਂ ਦੇਣੀ ਹੁੰਦੀ, ਪਰ ਲੰਗਰ 'ਮੁਫ਼ਤ ਰੋਟੀ' ਨਹੀਂ ਹੁੰਦੀ, ਇਹ 'ਪਵਿੱਤਰ ਖਾਣਾ' ਹੁੰਦਾ ਹੈ। ਇਹ ਉਮੀਦ ਕੀਤੀ ਜਾਂਦੀ ਹੈ

ਕਿ ਗੁਰਦੁਆਰੇ 'ਚ ਦਰਸ਼ਨ ਕਰਨ ਆਉਣ ਵਾਲਾ ਹਰ ਸ਼ਖ਼ਸ ਲੰਗਰ ਛਕੇਗਾ। ਸਿੱਖ ਕਲਚਰ ਵਿਚ ਤਾਂ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਨ ਤੋਂ ਵੀ ਪਹਿਲਾਂ ਲੰਗਰ ਛਕਣ ਦੀ ਰਿਵਾਇਤ ਹੈ। ਜਿਥੋਂ ਤੱਕ ਲੰਗਰ ਦੀ ਰੋਟੀ ਦਾ ਸਵਾਲ ਹੈ, ਸੇਵਾ ਕਰਨ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਇਸ ਨੂੰ ਆਪਣੇ ਘਰ ਵਿਚ ਖਾਧੀ ਜਾਣ ਵਾਲੀ ਰੋਟੀ ਤੋਂ ਵੀ ਬੇਹਤਰ ਬਣਾਉਣ। ਲੰਗਰ ਵਰਤਾਉਣ ਵੇਲੇ ਕਿਸੇ ਕਿਸਮ ਦਾ ਕੋਈ ਫ਼ਰਕ ਨਹੀਂ ਰੱਖਣਾ ਚਾਹੀਦਾ, ਕਿਉਂਕਿ ਜੇ ਕੋਈ ਫ਼ਰਕ ਰਖਿਆ ਜਾਏ ਤਾਂ ਉਸ ਨਾਲ ਇਸ ਦਾ ਮਕਸਦ ਹੀ ਖ਼ਤਮ ਹੋ ਜਾਂਦਾ ਹੈ।

ਸੰਗਤ ਤੇ ਪੰਗਤ

ਗੁਰੂ ਦੇ ਦਰਸ਼ਨ ਕਰਨ ਦੀ ਪਹਿਲੀ ਪੌੜੀ ਸੰਗਤ ਹੈ। ਇਸ ਕਰ ਕੇ ਸੰਗਤ 'ਚ ਹਾਜ਼ਰੀ ਦੇਣੀ ਸਿੱਖ ਵਾਸਤੇ ਲਾਜ਼ਮੀ ਹੈ। ਜਿੰਨਾ ਵੱਧ ਤੋਂ ਵੱਧ ਮੁਮਕਿਨ ਹੋ ਸਕੇ, ਤੇ ਪੂਰੇ ਧਿਆਨ ਤੇ ਸ਼ਰਧਾ ਨਾਲ, ਸੰਗਤ 'ਚ ਹਾਜ਼ਰੀ ਭਰਨੀ ਚਾਹੀਦੀ ਹੈ। ਇੰਞ ਹੀ ਲੰਗਰ ਵੀ ਸਿਰਫ਼ ਲੰਗਰ ਹਾਲ ਵਿਚ ਹੀ ਛੱਕਣਾ ਚਾਹੀਦਾ ਹੈ ਅਤੇ ਉਹ ਵੀ ਪੰਗਤ ਵਿਚ ਬੈਠ ਕੇ। ਪੰਗਤ ਦਾ ਮਤਲਬ ਇਕ 'ਕਤਾਰ ਵਿਚ ਸਿਰਫ਼ ਭੁੰਜੇ ਬੈਠਣਾ' ਨਹੀਂ। ਇਸ ਦਾ ਮਤਲਬ ਹੈ: ਸਾਰੇ ਸਿੱਖ ਇਕੋ ਜਗ੍ਹਾ, ਬਿਨਾਂ ਕਿਸੇ ਫ਼ਰਕ ਜਾਂ ਵਿਤਕਰੇ ਦੇ ਬੈਠਣਗੇ (ਭਾਵੇਂ ਉਹ ਸੋਫ਼ਿਆਂ ਜਾਂ ਕੁਰਸੀਆਂ 'ਤੇ ਹੀ ਬੈਠਣ ਜਾਂ ਪੱਥਰਾਂ 'ਤੇ ਜਾਂ ਘਾਹ 'ਤੇ)। ਲੰਗਰ ਹਾਲ ਵਿਚ ਜਾਂ ਗੁਰਦੁਆਰੇ ਦੇ ਕਿਸੇ ਹੋਰ ਕਮਰੇ ਵਿਚ ਕਿਸੇ ਵਾਸਤੇ ਵੀ ਖ਼ਾਸ ਸੀਟਾਂ, ਵਲਗਣ ਜਾਂ ਕੋਈ ਵੱਖਰਾ ਖਾਨਾ ਰਿਜ਼ਰਵ ਨਹੀਂ ਕੀਤਾ ਜਾ ਸਕਦਾ (ਵਿਦੇਸ਼ਾਂ ਵਿਚ **ਕੁਝ** ਗੁਰਦੁਆਰਿਆਂ ਵਿਚ ਲੰਗਰ ਹਾਲ ਵਿਚ ਬਾਰਾਤ ਵਗੈਰਾ ਵਾਸਤੇ ਵੱਖਰੀ ਵਲਗਣ ਬਣਾਉਣ ਦਾ ਰਿਵਾਜ, ਸਿੱਖੀ ਦੇ ਬਿਲਕੁਲ ਹੀ ਉਲਟ ਹੈ। ਪੰਗਤ ਦਾ ਮਕਸਦ ਸਿੱਖਾਂ ਵਿਚ ਜ਼ਾਤ, ਨਸਲ, ਰੰਗ, ਲਿੰਗ, ਅਮੀਰ-ਗ਼ਰੀਬ, ਅਹੁਦਾ ਅਤੇ ਬਾਕੀ ਹਰ ਤਰ੍ਹਾਂ ਦੇ ਫ਼ਰਕ ਮਿਟਾਉਣਾ ਹੈ। ਇਸ ਦਾ ਮਕਸਦ ਸਿੱਖਾਂ ਵਿਚ ਭਾਈਚਾਰਕ ਇਤਹਾਦ (ਏਕਾ) ਕਾਇਮ ਕਰਨਾ ਹੈ। ਸੰਗਤ ਤੇ ਪੰਗਤ ਵਿਚ ਬੈਠਣਾ, ਵਾਹਿਗੁਰੂ ਦਾ ਨਾਂ ਜਪਣਾ ਤੇ ਲੰਗਰ 'ਚ ਸ਼ਾਮਿਲ ਹੋਣਾ, ਇਕ ਸਿੱਖ ਦੇ ਵਜੂਦ ਦਾ ਅਹਿਮ ਹਿੱਸਾ ਹਨ।

ਸਿੱਖ ਰੈੱਡ ਕਰਾਸ

ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੀ ਇਕ ਸਾਖੀ "ਸਿੱਖ ਰੈੱਡ ਕਰਾਸ" (ਦਰਅਸਲ ਸਿੱਖ **ਬਲੂ ਕਰਾਸ**=ਨੀਲਾ ਕਮਰਕੱਸਾ) ਦਾ ਫ਼ਲਸਫ਼ਾ ਬਿਆਨ ਕਰਦੀ ਹੈ। ਜਦੋਂ ਸੰਨ 1700 ਵਿਚ ਮੁਗ਼ਲ ਫ਼ੌਜਾਂ ਤੇ ਪਹਾੜੀ ਰਾਜਿਆਂ ਨੇ ਆਨੰਦਪੁਰ 'ਤੇ ਹਮਲਾ ਕੀਤਾ ਤਾਂ ਸਿੱਖ ਰੈੱਡ ਕਰਾਸ ਦਾ ਕਮਾਂਡਰ ਭਾਈ ਘਨੱਈਆ ਸਿੰਘ ਫੱਟੜਾਂ ਨੂੰ ਪਾਣੀ ਪਿਲਾਇਆ ਕਰਦਾ ਸੀ ਅਤੇ ਉਨ੍ਹਾਂ ਦੇ ਜ਼ਖ਼ਮਾਂ ਦੀ ਮਰਹਮ-ਪੱਟੀ ਕਰਿਆ ਕਰਦਾ ਸੀ। ਉਹ ਆਪਣੀ ਫ਼ੌਜ ਦੇ ਸਿਪਾਹੀਆਂ ਅਤੇ ਦੁਸ਼ਮਣ ਦੀ ਫ਼ੌਜ ਦੇ ਸਿਪਾਹੀਆਂ ਨਾਲ ਇਕੋ-ਜਿਹਾ ਸਲੂਕ ਕਰਿਆ ਕਰਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹਦਾਇਤ ਸੀ ਕਿ ਹਰ ਬੇਬਸ, ਲਾਚਾਰ ਅਤੇ ਜ਼ਰੂਰਤ-ਮੰਦ (ਭਾਵੇਂ ਉਹ ਮੁਖ਼ਾਲਿਫ਼ ਵੀ ਹੋਵੇ) ਦੀ ਮਦਦ ਕੀਤੀ ਜਾਏ ਤੇ ਆਮ ਹਾਲਤ ਅਤੇ ਜੰਗ ਦੇ ਦੌਰਾਨ, ਹਰ ਮੌਕੇ 'ਤੇ, ਇਸ ਅਮੂਲ 'ਤੇ ਪਹਿਰਾ ਦਿੱਤਾ ਜਾਵੇ। ਇਹ ਸਾਖੀ ਤਕਰੀਬਨ ਤਿੰਨ ਸਦੀਆਂ, ਪੁਰਾਣੀ ਹੈ। ਅਜੋਕੀ 'ਇੰਟਰਨੈਸ਼ਨਲ ਰੈੱਡ ਕਰਾਸ" ਇਕ ਨਿਰਪੱਖ ਜਮਾਤ ਹੈ ਅਤੇ ਫ਼ੌਜੀਆਂ ਅਤੇ ਸਿਵਲਿਅਨਾਂ, ਜੋ ਜੰਗ,

ਫ਼ਸਾਦ ਜਾਂ ਕੁਦਰਤੀ ਆਫ਼ਤ ਦੌਰਾਨ ਮਰਦੇ ਜਾਂ ਜ਼ਖ਼ਮੀ ਹੁੰਦੇ ਹਨ ਜਾਂ ਉਜੜ ਜਾਂਦੇ ਹਨ, ਦੀ ਸੇਵਾ-ਸੰਭਾਲ ਕਰਦੀ ਹੈ। ਦੂਜੇ ਪਾਸੇ "ਸਿੱਖ ਰੈੱਡ ਕਰਾਸ" (ਸਿੱਖ ਨੀਲਾ ਕਮਰਕੱਸਾ) ਨਿਰਪੱਖ ਜਮਾਤ ਨਹੀਂ ਸੀ। ਫਿਰ ਵੀ ਉਨ੍ਹਾਂ ਦਾ ਅਸੂਲ ਸੀ ਕਿ ਜ਼ਖ਼ਮੀ, ਬੇਬਸ, ਲਾਚਾਰ ਤੇ ਜ਼ਰੂਰਤ-ਮੰਦ ਨੂੰ, ਆਪਣਾ ਜਾਂ ਪਰਾਇਆ ਸਮਝੇ ਬਿਨਾਂ, ਮਦਦ ਦੇਣੀ ਹੈ।

ਸਿੱਖ ਤਿਉਹਾਰ

ਜਿਥੋਂ ਤਕ ਤਿਉਹਾਰ ਦਾ ਸਵਾਲ ਹੈ, ਸਿੱਖ ਧਰਮ ਵਿਚ ਆਮ ਦੁਨਿਆਵੀ ਮਾਅਨਿਆਂ ਵਿਚ 'ਤਿਉਹਾਰ' ਨਹੀਂ ਹੁੰਦੇ। ਸਿੱਖ, ਗੁਰੂ ਸਾਹਿਬਾਨ ਦੇ ਜਨਮ ਦਿਨ, ਸ਼ਹੀਦੀ ਦਿਨ ਅਤੇ ਕੁਝ ਹੋਰ ਸਾਕਿਆਂ ਦੇ ਦਿਨ ਗੁਰਦੁਆਰਿਆਂ ਵਿਚ ਮਨਾਉਂਦੇ ਹਨ। ਗੁਰੂ ਸਾਹਿਬਾਨ ਦੀ ਯਾਦ 'ਚ ਮਨਾਏ ਜਾਣ ਵਾਲੇ ਦਿਨਾਂ ਨੂੰ ਗੁਰਪੁਰਬ ਆਖਦੇ ਹਨ। ਪਰ ਇਹ ਆਮ ਮੇਲਿਆਂ, ਪਾਰਟੀਆਂ ਜਾਂ ਜਸ਼ਨ ਵਾਲੇ (ਜਿਨ੍ਹਾਂ ਵਿਚ ਖਾਣ-ਪੀਣ, ਨੱਚਣ-ਟੱਪਣ, ਨਸ਼ੇ ਕਰਨ ਵਰਗੀਆਂ ਕਾਰਵਾਈਆਂ ਸ਼ਾਮਿਲ ਹੁੰਦੀਆਂ ਹਨ) ਤਿਉਹਾਰ ਨਹੀਂ ਹੁੰਦੇ। ਇਨ੍ਹਾਂ ਦਿਨਾਂ 'ਤੇ ਗੁਰਦੁਆਰਿਆਂ ਵਿਚ ਇਕੱਠ ਹੁੰਦੇ ਹਨ; ਕੀਰਤਨ, ਕਥਾ, ਲੈਕਚਰ ਤੇ ਅਰਦਾਸਿ ਕੀਤੀ ਜਾਂਦੀ ਹੈ। ਇਸ ਦਾ ਮਕਸਦ ਸਿੱਖ ਭਾਈਚਾਰੇ ਦੇ ਇਕੱਠ ਕਰਨਾ ਅਤੇ ਉਸ ਦਿਨ-ਦਿਹਾੜੇ ਨਾਲ ਜੁੜੀ ਤਵਾਰੀਖ਼ ਨੂੰ ਚੇਤੇ ਕਰਨਾ ਹੁੰਦਾ ਹੈ। ਕੁਝ ਛੋਟੇ ਵੱਡੇ ਸ਼ਹਿਰਾਂ ਵਿਚ ਕੁਝ ਗੁਰਪੁਰਬਾਂ ਅਤੇ ਹੋਰ ਦਿਨਾਂ 'ਤੇ ਨਗਰ ਕੀਰਤਨ (ਜਲੂਸ) ਵੀ ਕੀਤੇ ਜਾਂਦੇ ਹਨ। ਸ਼ਹਿਰ ਦੇ ਬਜ਼ਾਰਾਂ ਤੇ ਗਲੀਆਂ ਵਿਚੋਂ ਸਿੱਖ ਕੀਰਤਨ ਕਰਦੇ ਹੋਏ ਲੰਘਦੇ ਹਨ (ਉਂਞ ਇਨ੍ਹਾਂ ਨਾਲ ਲੋਕਾਂ ਨੂੰ ਟਰੈਫ਼ਿਕ ਦੀਆਂ ਬੜੀਆਂ ਮੁਸ਼ਕਿਲਾਂ ਆਉਂਦੀਆਂ ਹਨ)। ਵਧੇਰੇ ਮਨਾਏ ਜਾਣ ਵਾਲੇ ਗੁਰਪੁਰਬ ਹਨ: ਗੁਰੂ ਨਾਨਕ ਸਾਹਿਬ ਦਾ ਜਨਮ ਦਿਨ (20 ਅਕਤੂਬਰ 1469), ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਨ (30 ਮਈ 1606), ਗੁਰੂ ਗੋਬਿੰਦ ਸਿੰਘ ਦਾ ਜਨਮ ਦਿਨ (18 ਦਸੰਬਰ 1661), ਖਾਲਸਾ ਪਰਗਟ ਦਿਨ (29 ਮਾਰਚ 1698/1699), ਗੁਰੂ ਤੇਗ਼ ਬਹਾਦਰ ਸਾਹਿਬ ਦਾ ਸ਼ਹੀਦੀ ਦਿਨ (11 ਨਵੰਬਰ 1675), ਘਲੂਘਾਰਾ ਦਿਨ (4 ਜੂਨ 1984) ਅਤੇ ਕੁਝ ਹੋਰ ਦਿਨ। ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਦਿਨਾਂ ਨੂੰ ਪੁਰੇਵਾਲ ਦੇ ਕੈਲੰਡਰ ਮੁਤਾਬਿਕ ਦਿਨ ਕੱਢ ਕੇ ਮਨਾਉਂਦੀ ਹੈ ਤੇ ਜਦੋਂ ਇੰਟਰਨੈਸ਼ਨਲ ਕੈਲੰਡਰ ਮੁਤਾਬਿਕ ਦਿਨ ਮਨਾਉਣੇ ਸ਼ੁਰੂ ਹੋ ਜਾਣਗੇ ਤਾਂ ਹਰ ਸਾਲ ਇਕੋ ਤਾਰੀਖ਼ ਨੂੰ ਮਨਾਏ ਜਾਇਆ ਕਰਨਗੇ।

ਸਿੱਖ ਰਸਮਾਂ

ਬੱਚੇ ਦਾ ਜਨਮ

ਬੱਚੇ ਦਾ ਜਨਮ ਵਾਹਿਗੁਰੂ ਦੀ ਬਖ਼ਸ਼ਿਸ਼ ਹੈ। ਇਸ ਕਰ ਕੇ ਬੱਚੇ ਦੇ ਜਨਮ 'ਤੇ ਸਿੱਖ ਵਾਹਿਗੁਰੂ ਦੇ ਸ਼ੁਕਰਾਨੇ ਦੀ ਅਰਦਾਸਿ ਕਰਦਾ ਹੈ। ਸਿੱਖ ਧਰਮ ਵਿਚ ਬੱਚੇ ਦੇ ਜੰਮਣ 'ਤੇ ਕੋਈ ਕਰਮ-ਕਾਂਡੀ 'ਰਸਮ' (Ritual) ਨਹੀਂ ਕੀਤੀ ਜਾਂਦੀ। ਜਿੰਨੀ ਛੇਤੀ ਮੁਮਕਿਨ ਹੋਵੇ (ਮਾਂ ਤੇ ਬੱਚੇ ਦੀ ਸਿਹਤ, ਮੌਸਮ, ਹਾਲਾਤ ਮੁਤਾਬਿਕ) ਬੱਚੇ ਨੂੰ ਨੇੜੇ ਦੇ ਗੁਰਦੁਆਰੇ ਵਿਚ ਲਿਜਾ ਕੇ ਮੱਥਾ ਟਿਕਾਇਆ ਜਾਂਦਾ ਹੈ। ਉਂਞ ਇਸ ਦੀ ਕੋਈ ਮਿਆਦ ਨਹੀਂ। ਇਸ ਵਿਚ ਦੇਰ ਹੋਣ ਦਾ ਵਹਿਮ ਵੀ ਨਹੀਂ ਕੀਤਾ ਜਾਣਾ ਚਾਹੀਦਾ। ਬੱਚੇ ਨੂੰ ਗੁਰਦੁਆਰੇ ਵਿਚ ਲਿਜਾ ਕੇ ਮੱਥਾ ਟਿਕਾਉਣਾ ਇਕ ਰਸਮ ਵਜੋਂ ਨਹੀਂ ਕੀਤਾ ਜਾਣਾ

ਚਾਹੀਦਾ।

ਬੱਚੇ ਦਾ ਨਾਂ ਰੱਖਣਾ

ਬੱਚੇ ਨਾਲ ਸਬੰਧਿਤ ਪਹਿਲੀ ਰਸਮ ਉਸ ਦਾ ਨਾਂ ਰੱਖਣਾ ਹੈ। ਇਸ ਮਕਸਦ ਵਾਸਤੇ ਬੱਚੇ ਨੂੰ ਗੁਰਦੁਆਰੇ ਲਿਜਾਇਆ ਜਾਂਦਾ ਹੈ। ਬੱਚੇ ਦੇ ਮਾਪੇ ਕੜਾਹ ਪ੍ਰਸ਼ਾਦਿ ਕਰਵਾਉਂਦੇ ਹਨ, ਕੀਰਤਨ ਹੁੰਦਾ ਹੈ ਅਤੇ ਫੇਰ ਅਰਦਾਸਿ ਹੁੰਦੀ ਹੈ। ਅਰਦਾਸਿ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ 'ਚੋਂ ਵਾਕ (ਹੁਕਮ) ਲਿਆ ਜਾਂਦਾ ਹੈ। ਅਜ ਕਲ੍ਹ ਇਕ ਰਿਵਾਇਤ ਹੈ ਕਿ ਬੱਚੇ ਦਾ ਨਾਂ ਵਾਕ ਦੇ ਪਹਿਲੇ ਲਫ਼ਜ਼ ਦੇ ਅੱਖਰਾਂ ਵਿਚ ਚੁਣਿਆ ਜਾਂਦਾ ਹੈ। ਬੱਚੇ ਦਾ ਨਾਂ ਰੱਖਣ ਦਾ ਦੂਜਾ ਤਰੀਕਾ ਇਹ ਵੀ ਹੈ ਕਿ ਬੱਚੇ ਦਾ ਨਾਂ ਪਹਿਲੋਂ ਚੁਣ ਲਿਆ ਜਾਂਦਾ ਹੈ ਅਤੇ ਬੱਚੇ ਨੂੰ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟਿਕਵਾ ਕੇ ਪਹਿਲੋਂ ਚੁਣੇ ਨਾਂ ਦੀ ਅਰਦਾਸਿ ਕਰ ਦਿੱਤੀ ਜਾਂਦੀ ਹੈ। ਇਹ ਅਰਦਾਸਿ ਵਾਹਿਗੁਰੂ ਦੀ ਮਨਜ਼ੂਰੀ ਅਤੇ ਅਸ਼ੀਰਵਾਦ ਵਾਸਤੇ ਹੁੰਦੀ ਹੈ। ਕਈ ਲੋਕ ਬੱਚੇ ਦਾ ਨਾਂ ਬੜਾ ਕਲਾਸੀਕਲ ਜਾਂ ਫ਼ਿਲਾਸਫ਼ਿਕ ਜਾਂ ਬੜਾ ਲੰਮਾ ਰਖ ਲੈਂਦੇ ਹਨ ਪਰ ਉਸ ਨੂੰ ਉਸ ਨਾਂ ਨਾਲ ਬੁਲਾਉਣ ਦੀ ਬਜਾਇ ਬਿੱਲੂ, ਚਿੱਲੂ, ਟੀਟੂ, ਸੋਨੂ, ਬਿੱਟੂ, ਕੁੱਕੂ ਤੇ ਹੋਰ ਨਾਂਵਾਂ ਨਾਲ ਬੁਲਾਉਂਦੇ ਹਨ (ਕਈ ਬੱਚੇ ਤਾਂ ਵੱਡੇ ਹੋ ਕੇ ਵੀ ਬਿੱਲੂ, ਕੁੱਕੂ ਹੀ ਲਿਖਦੇ ਰਹਿੰਦੇ ਹਨ)। ਇਹ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸਿ ਕਰ ਕੇ ਰੱਖੇ ਨਾਂ ਦੀ ਬੇਅਦਬੀ ਕਰਨ ਦੇ ਬਰਾਬਰ ਹੈ। ਇਸ ਦੀ ਬਜਾਇ ਗੁਰੂ ਗ੍ਰੰਥ ਸਾਹਿਬ ਵਿੱਚੋਂ ਨਾਂ ਚੁਣਨ ਵੇਲੇ ਹੀ ਛੋਟਾ ਨਾਂ ਰੱਖ ਲੈਣਾ ਚਾਹੀਦਾ ਹੈ।

ਵਿਆਹ

ਸਿੱਖ ਫ਼ਲਸਫ਼ੇ ਮੁਤਾਬਿਕ ਹਰ ਸਿੱਖ ਵਾਸਤੇ ਵਿਆਹ ਲਾਜ਼ਮੀ ਹੈ। ਸਿੱਖ ਧਰਮ ਦੁਨੀਆਂ ਛੱਡ ਕੇ ਸੰਨਿਆਸੀ ਬਣਨ ਜਾਂ ਸਾਰੀ ਉਮਰ ਕੁਆਰੇ ਰਹਿਣ ਜਾਂ ਅਖੌਤੀ ਬ੍ਰਹਮਚਾਰਿਆ ਨੂੰ ਰੱਦ ਕਰਦਾ ਹੈ। ਸਿਰਫ਼ ਮਜਬੂਰੀ ਦੀਆਂ ਹਾਲਤਾਂ ਨੂੰ ਛੱਡ ਕੇ, ਸਿੱਖ ਨੂੰ ਗ੍ਰਿਹਸਤੀ ਜ਼ਰੂਰ ਹੋਣਾ ਚਾਹੀਦਾ ਹੈ। ਸਿੱਖ ਧਰਮ ਇਨਸਾਨ ਦੀ ਕਾਮ (ਸੈਕਸ) ਦੀ ਜ਼ਰੂਰਤ ਤੋਂ ਮੁਨਕਰ ਨਹੀਂ ਹੁੰਦਾ, ਪਰ "ਸਿੱਖ-ਵਿਆਹ" ਸਿਰਫ਼ ਸੈਕਸ ਮਾਣਨ ਜਾਂ ਜਿਸਮਾਨੀ ਜ਼ਰੂਰਤ ਵਾਸਤੇ ਨਹੀਂ ਕੀਤਾ ਜਾਂਦਾ। ਸੈਕਸ ਦੇ ਗੁਨਾਹਾਂ ਤੋਂ ਬਚਣ ਵਾਸਤੇ ਵਿਆਹ ਜ਼ਰੂਰੀ ਹੈ। ਇੰਞ ਹੀ ਵਿਆਹ ਦਾ ਮਕਸਦ ਬੱਚੇ ਪੈਦਾ ਕਰਨਾ ਤੇ ਉਨ੍ਹਾਂ ਨੂੰ ਪਾਲਣਾ ਵੀ ਨਹੀਂ ਹੈ। ਸਿੱਖ ਧਰਮ ਵਿਚ ਵਿਆਹ ਪਵਿੱਤਰ ਧਰਮ ਹੈ। ਇਹ ਦੋ ਇਨਸਾਨਾਂ ਵਿਚ ਇਕੱਠੇ ਰਹਿਣ ਦਾ ਸਮਝੌਤਾ ਨਹੀਂ ਹੈ। ਇਹ ਦੋ ਰੂਹਾਂ ਵਿਚ ਸਮਾਜਿਕ ਤੇ ਰੂਹਾਨੀ ਮੇਲ ਹੈ ਤਾਂ ਜੋ ਉਹ ਦੋਵੇਂ ਰਲ ਕੇ ਦੁਨੀਆਂ ਵਿਚ ਸਮਾਜਿਕ ਤੇ ਰੂਹਾਨੀ ਰੋਲ ਅਦਾ ਕਰ ਸਕਣ। ਸਿੱਖ ਦਾ ਫ਼ਰਜ਼ ਹੈ ਕਿ ਦੁਨੀਆਂ ਵਿਚ ਆਮ ਸਮਾਜੀ ਜੀਵ ਵਜੋਂ ਵਿਚਰਨ ਦੇ ਨਾਲ-ਨਾਲ 'ਮੁਕਤੀ' ਹਾਸਲ ਕਰਨ ਵਾਸਤੇ ਰੱਬ ਦਾ ਨਾਂ ਜਪੇ, ਯਾਨਿ ਹਰ ਵੇਲੇ ਰੱਬ ਨੂੰ ਚੇਤੇ ਰੱਖੇ।

ਵਿਆਹ ਦੀ ਤਿਆਰੀ

ਜਦੋਂ ਸਿੱਖ ਬੱਚੇ ਜਵਾਨ ਹੋ ਜਾਂਦੇ ਹਨ ਤਾਂ ਮਾਪਿਆਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਸੈਕਸ ਅਤੇ ਵਿਆਹ ਬਾਰੇ ਜ਼ਰੂਰੀ ਵਾਕਫ਼ੀ ਦਿੱਤੀ ਜਾਏ। ਇਕ ਤਰੀਕੇ ਨਾਲ ਇਹ ਵਿਆਹ ਦੀ ਤਿਆਰੀ ਹੁੰਦੀ ਹੈ। ਇਸ ਮੌਕੇ 'ਤੇ ਬੱਚਿਆਂ ਨੂੰ ਸੈਕਸ, ਵਿਆਹ ਦਾ ਫਲਸਫ਼ਾ, ਵਿਆਹ ਦੇ ਧਾਰਮਿਕ ਪੱਖ, ਵਿਆਹ ਦੀਆਂ ਰਸਮਾਂ, ਰਿਵਾਜ ਤੇ ਭਾਈਚਾਰਕ

ਰਸਮਾਂ ਬਾਰੇ ਵਾਕਫ਼ੀ ਦੇਣੀ ਚਾਹੀਦੀ ਹੈ। ਜੇ ਬੱਚਿਆਂ ਨੂੰ ਵਿਆਹ ਮਗਰੋਂ ਆਉਣ ਵਾਲੇ ਮਸਲਿਆਂ ਅਤੇ ਨੁਕਤਿਆਂ ਬਾਰੇ ਅਗਾਊਂ ਵਾਕਫ਼ੀ ਦੇ ਦਿਆਂਗੇ ਤਾਂ ਉਨ੍ਹਾਂ ਨੂੰ ਵਿਆਹ ਤੋਂ ਪਹਿਲਾਂ ਅਤੇ ਪਿੱਛੋਂ ਕੋਈ ਮਸਲੇ ਤੇ ਮੁਸ਼ਕਿਲਾਂ ਨਹੀਂ ਆਉਣਗੀਆਂ।

ਇਹ ਆਮ ਪ੍ਰਾਪੇਗੰਡਾ ਹੈ ਕਿ "ਸਿੱਖ ਵਿਆਹ" ਦਾ ਫੈਸਲੇ ਮਾਪੇ ਹੀ ਕਰਦੇ ਹਨ। ਇਹ ਠੀਕ ਨਹੀਂ ਹੈ। ਸਿੱਖ ਕਲਚਰ ਵਿਚ ਬੱਚਿਆਂ ਨੂੰ ਆਪਣੇ ਵਿਆਹ ਬਾਰੇ ਖੁਦ ਫ਼ੈਸਲਾ ਕਰਨ ਦਾ ਹੱਕ ਹੁੰਦਾ ਹੈ। ਆਮ ਤੌਰ 'ਤੇ ਮੁੰਡੇ ਤੇ ਕੁੜੀ ਵਾਸਤੇ ਹਾਣ ਦੇ ਸਾਥੀ ਬਾਰੇ ਰਿਸ਼ਤੇਦਾਰ ਦਸ ਪਾਉਂਦੇ ਹਨ। ਮਾਪਿਆਂ ਤੱਕ ਪਹੁੰਚੀ ਵਾਕਫ਼ੀ ਦੀ ਬਿਨਾਅ 'ਤੇ ਪਹਿਲਾਂ ਮਾਪੇ ਫ਼ੈਸਲਾ ਕਰਦੇ ਹਨ ਕਿ ਕੀ ਉਹ ਮੁੰਡਾ/ਕੁੜੀ, ਉਨ੍ਹਾਂ ਦੇ ਕੁੜੀ/ਮੁੰਡੇ ਨੂੰ ਫਿਟ ਬੈਠੇਗਾ। ਜੇ ਉਹ ਉਸ ਹਾਣ ਬਾਰੇ ਤਸੱਲੀ ਵਿਚ ਹੋਣ ਤਾਂ ਉਹ ਉਸ ਬਾਰੇ ਆਪਣੇ ਬੱਚੇ ਨੂੰ ਦੱਸਦੇ ਹਨ। ਇਸ ਮਗਰੋਂ ਮੁੰਡਾ ਤੇ ਕੁੜੀ ਇਕ ਦੂਜੇ ਨੂੰ ਵੇਖਦੇ ਹਨ। ਜੇ ਦੋਹਾਂ ਨੂੰ ਇਕ ਦੂਜੇ ਦੀ ਸ਼ਖ਼ਸੀਅਤ ਪਸੰਦ ਆ ਜਾਵੇ ਤਾਂ ਦੋਹਾਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ। ਪਰ ਜੇ ਦੋਹਾਂ ਵਿਚੋਂ ਇਕ ਵੀ ਦੂਜੇ ਬਾਰੇ ਨਾ-ਪਸੰਦਗੀ ਜ਼ਾਹਿਰ ਕਰ ਦੇਵੇ ਤਾਂ ਇਹ ਵਿਆਹ ਨਹੀਂ ਹੁੰਦਾ। ਇਸ ਤੋਂ ਬਾਅਦ ਹੋਰ ਰਿਸ਼ਤਿਆਂ ਬਾਰੇ ਵੀ ਵਾਕਫ਼ੀ ਪੁਜਦੀ ਹੈ ਤੇ ਜਦੋਂ ਤਕ ਦੋਵੇਂ ਜੀਅ 'ਹਾਂ' ਨਾ ਕਰ ਦੇਣ, ਵਿਆਹ ਨਹੀਂ ਕੀਤਾ ਜਾਂਦਾ।

ਕਈ ਵਾਰ ਮੁੰਡਾ ਜਾਂ ਕੁੜੀ ਆਪਣੀ ਰੋਜ਼ਮੱਰਾ ਵਿਚੋਂ, ਪੜ੍ਹਾਈ ਜਾਂ ਕਿਸੇ ਹੋਰ ਹਾਲਤ ਵਿਚ ਬਣੀ ਹੋਈ ਵਾਕਫ਼ੀ ਵਿਚੋਂ ਬਣਿਆ ਹੋਇਆ ਰਿਸ਼ਤਾ ਆਪਣੇ ਮਾਪਿਆਂ ਨੂੰ ਦੱਸਦੇ ਹਨ। ਮਾਪੇ ਉਨ੍ਹਾਂ ਬਾਰੇ ਵਾਕਫ਼ੀ ਹਾਸਲ ਕਰਦੇ ਹਨ। ਜੇ ਉਨ੍ਹਾਂ ਨੂੰ ਉਸ ਬੱਚੇ ਦੀ ਸ਼ਖ਼ਸੀਅਤ ਤੇ ਤਬੀਅਤ ਦਾ ਮੇਲ ਤੇ ਬੱਚੇ ਦਾ ਆਉਣ ਵਾਲਾ ਵਕਤ ਸੌਖਾ ਬੀਤਣ ਦੇ ਆਸਾਰ ਨਜ਼ਰ ਆਉਣ ਤਾਂ ਉਹ 'ਹਾਂ' ਕਰ ਦੇਂਦੇ ਹਨ ਤੇ ਰਿਸ਼ਤਾ ਹੋ ਜਾਂਦਾ ਹੈ।

ਪਰ, ਕੁਝ ਹਾਲਤਾਂ ਵਿਚ ਬੱਚਿਆਂ ਅਤੇ ਮਾਪਿਆਂ ਦੀ ਸੋਚ ਵਿਚ ਚੋਖਾ ਫਰਕ ਆ ਜਾਂਦਾ ਹੈ। ਅਜਿਹੀ ਹਾਲਤ ਵਿਚ ਜਾਂ ਤਾਂ ਫ਼ੈਸਲਾ ਲਟਕ ਜਾਂਦਾ ਹੈ ਅਤੇ ਜਾਂ ਮਾਪੇ ਜਬਰੀ ਵਿਆਹ ਕਰ ਦੇਂਦੇ ਹਨ। ਕੁਝ ਬੱਚੇ ਬਾਗ਼ੀ ਹੋ ਕੇ ਵੀ ਵਿਆਹ ਕਰ ਲੈਂਦੇ ਹਨ। ਇਨ੍ਹਾਂ ਦੋਹਾਂ ਹਾਲਤਾਂ ਦੇ ਨਤੀਜੇ ਚੰਗੇ ਨਹੀਂ ਹੁੰਦੇ। ਜਬਰੀ ਕੀਤੇ ਵਿਆਹ ਵਿਚ ਕੁਝ ਬੱਚੇ ਤਾਂ ਨਿਭਾਅ ਜਾਂਦੇ ਹਨ ਪਰ ਕਈ ਵਾਰੀ ਬੇ-ਸੁਆਦੀ ਤੇ ਔਖੀ ਜ਼ਿੰਦਗੀ ਬਿਤਾਂਦੇ ਹਨ। ਦੂਜੇ ਪਾਸੇ ਬਾਗ਼ੀ ਹੋ ਕੇ ਕਰਵਾਏ ਗਏ ਵਿਆਹ ਵੀ ਅਕਸਰ ਨਿਭਦੇ ਨਹੀਂ। ਬਾਗ਼ੀ-ਵਿਆਹ ਜਾਂ 'ਪਿਆਰ-ਵਿਆਹ' ਕਰਨ ਵੇਲੇ ਨੌਜਵਾਨ ਕਾਹਲੀ ਕਰਦੇ ਹਨ। ਪਿਆਰ-ਵਿਆਹ ਦਾ ਫ਼ੈਸਲਾ ਆਮ ਤੌਰ 'ਤੇ 'ਪਿਆਰ' ਸ਼ੁਰੂ ਹੋਣ ਤੋਂ ਕੁਝ ਹਫ਼ਤਿਆਂ ਜਾਂ ਮਹੀਨਿਆਂ ਵਿਚ ਹੀ ਹੋ ਜਾਂਦਾ ਹੈ। ਕੁਝ ਇਕ ਨੌਜਵਾਨਾਂ ਨੂੰ ਛੱਡ ਕੇ ਬਹੁਤਿਆਂ ਨੂੰ ਤਾਂ ਇਕ ਦੂਜੇ ਬਾਰੇ ਸਾਹਮਣੇ ਦਿੱਸਦੀ ਜ਼ਰਾ-ਮਾਸਾ ਵਾਕਫ਼ੀ ਤੋਂ ਵਧੇਰੇ ਕੁਝ ਵੀ ਪਤਾ ਨਹੀਂ ਹੁੰਦਾ। ਉਨ੍ਹਾਂ ਨੇ ਪੜ੍ਹਨ ਜਾਂ ਨੌਕਰੀ ਕਰਨ ਦੌਰਾਨ ਨੇੜੇ ਰਹਿਣ ਕਰ ਕੇ ਸਿਰਫ਼ ਨੇੜੇ ਰਹਿਣ ਕਰ ਕੇ ਬਣੇ ਸਬੰਧਾਂ ਦੇ ਹਿਸਾਬ ਨਾਲ ਹੀ ਫ਼ੈਸਲਾ ਕੀਤਾ ਹੁੰਦਾ ਹੈ। ਆਪਣੇ ਸਾਥੀ ਦੀ ਪੂਰੀ ਸ਼ਖ਼ਸੀਅਤ, ਉਸ ਦਾ ਸੁਭਾਅ, ਉਸ ਦੇ ਮਾਪੇ, ਉਸ ਦੀ ਮਾਲੀ ਹਾਲਤ, ਉਸ ਦਾ ਖਾਣ-ਪੀਣ, ਸੌਣ, ਰਹਿਣ, ਜੀਣ ਦਾ ਤਰੀਕਾ ਬਿਲਕੁਲ ਪਤਾ ਨਹੀਂ ਹੁੰਦਾ ਜਾਂ ਥੋੜ੍ਹਾ ਬਹੁਤ (ਜੋ ਸਾਹਮਣੇ ਦਿਸ ਪੈਂਦਾ ਹੈ) ਹੀ ਪਤਾ ਹੁੰਦਾ ਹੈ। ਉਸ ਦੀਆਂ ਘੋਰਗੀ ਮਜਬੂਰੀਆਂ, ਜ਼ਿੰਮੇਦਾਰੀਆਂ, ਕਮਜ਼ੋਰੀਆਂ, ਜਜ਼ਬਾਤ, ਜ਼ਿੱਦਾਂ, ਇਖ਼ਲਾਕ ਵਗੈਰਾ ਬਾਰੇ ਕਈ ਵਾਰੀ ਤਾਂ ਪੂਰੀ ਤੇ ਅਸਲੀ ਵਾਕਫ਼ੀ ਵੀ ਨਹੀਂ ਹੁੰਦੀ। ਪਰ ਜਦੋਂ ਇਕ ਦਮ ਵਿਆਹ ਦਾ ਫ਼ੈਸਲਾ ਹੋ ਜਾਏ ਤਾਂ ਇਸ ਪਾਸੇ ਸੋਚਣ ਦੀ ਬਜਾਇ ਸਾਥ ਵਧੇਰੇ ਦਿਲਕਸ਼ ਹੁੰਦੇ ਹਨ। ਫਿਰ

ਆਪਣਾ ਫ਼ੈਸਲਾ ਕਾਇਮ ਰੱਖਣ ਦੀ ਅੜੀ, 'ਇੱਜ਼ਤ' ਤੇ 'ਗ਼ਰੂਰ' ਵੀ ਵਿਆਹ ਵਿਚ ਕਾਹਲੀ ਕਰਵਾਉਂਦੇ ਹਨ। ਨਤੀਜਾ ਯਕੀਨਨ ਨਫ਼ੀ ਹੀ ਹੁੰਦਾ ਹੈ। ਬਹੁਤੇ ਅਖੌਤੀ ਪਿਆਰ-ਵਿਆਹ ਜਾਂ ਤਾਂ ਤਲਾਕ ਵਿਚ ਖ਼ਤਮ ਹੁੰਦੇ ਹਨ ਜਾਂ ਘੁੱਟ-ਘੁੱਟ ਕੇ, ਅੰਦਰ ਵੜ ਕੇ, ਰੋ-ਰੋ ਕੇ ਜ਼ਿੰਦਗੀ ਬਿਤਾਉਣੀ ਪੈਂਦੀ ਹੈ। ਸੈਂਕੜਿਆਂ ਵਿਚੋਂ ਇਕ-ਅੱਧ ਵਿਆਹ ਹੀ ਕਾਮਯਾਬ ਹੁੰਦਾ ਹੈ। ਵਿਆਹ ਤੋਂ ਪਹਿਲਾਂ ਦੇ ਵਾਅਦੇ ਪਲਾਂ ਵਿਚ ਹੀ ਭੁੱਲ ਜਾਂਦੇ ਹਨ, ਕਿਉਂ ਕਿ ਜਜ਼ਬਾਤ 'ਚੋਂ ਪੈਦਾ ਹੋਏ ਹੁੰਦੇ ਹਨ ਤੇ ਵਕਤੀ ਹੁੰਦੇ ਹਨ। ਅਖੌਤੀ ਪਿਆਰ-ਵਿਆਹ ਅਤੇ 'ਸਿੱਖ (ਭਾਈਚਾਰਕ) ਵਿਆਹ' ਵਿਚ ਵੱਡਾ ਫ਼ਰਕ ਇਹ ਹੈ ਕਿ ਅਖੌਤੀ ਪਿਆਰ-ਵਿਆਹ, ਪਿਆਰ ਤੋਂ ਸ਼ੁਰੂ ਹੁੰਦਾ ਹੈ ਅਤੇ ਵਿਆਹ 'ਤੇ ਆ ਕੇ ਮੁਕ ਜਾਂਦਾ ਹੈ। ਇਸ ਤੋਂ ਬਾਅਦ ਇਸ ਦਾ ਐਂਟੀ-ਕਲਾਈਮੈਕਸ ਹੈ। ਸਿੱਖ-ਵਿਆਹ, ਵਿਆਹ ਤੋਂ ਸ਼ੁਰੂ ਹੁੰਦਾ ਹੈ ਅਤੇ ਏਥੋਂ ਪਿਆਰ ਸ਼ੁਰੂ ਹੁੰਦਾ ਹੈ। ਦੂਜਾ, ਅਖੌਤੀ ਪਿਆਰ-ਵਿਆਹ ਵਿਚ ਗਾਰੰਟੀ ਤੇ ਮਦਦ ਕਿਸੇ ਹੋਰ ਦੀ ਨਹੀਂ ਬਲਕਿ ਸਿਰਫ਼ ਦੋ ਜਣਿਆਂ, ਮੁੰਡੇ ਤੇ ਕੁੜੀ, ਦੀ ਹੀ ਹੁੰਦੀ ਹੈ। ਪਰ ਸਿੱਖ-ਵਿਆਹ ਵਿਚ ਗੁਰੂ ਦੀ ਗਰੰਟੀ ਹੈ, ਸਿੱਖ ਭਾਈਚਾਰੇ ਦੀ ਗਾਰੰਟੀ ਹੈ, ਰਿਸ਼ਤੇਦਾਰਾਂ ਦੀ ਗਾਰੰਟੀ ਹੈ। ਅਖੌਤੀ ਪਿਆਰ-ਵਿਆਹ ਵਿਚ ਮਦਦ ਵੇਲੇ ਘੱਟ ਹੀ ਕੋਈ ਬਹੁੜੀ ਕਰਦਾ ਹੈ, ਪਰ ਸਿੱਖ-ਵਿਆਹ ਵਿਚ ਹਰ ਕੋਈ ਔਖੇ ਵੇਲਿਆਂ ਵਿਚ ਮਦਦਗਾਰ ਹੁੰਦਾ ਹੈ। ਤੀਜਾ, ਅਖੌਤੀ ਪਿਆਰ-ਵਿਆਹ ਵਿਚ ਹਾਸਿਲ (ਪ੍ਰਾਪਤੀ) ਘੱਟ ਹੈ। ਦੋਸਤੀ, ਨੇੜਤਾ, ਪਿਆਰ ਅਤੇ ਬਹੁਤੀਆਂ ਹਾਲਤਾਂ ਵਿਚ ਸੈਕਸ ਵੀ ਮਾਣਿਆ ਜਾ ਚੁੱਕਾ ਹੁੰਦਾ ਹੈ। ਵਿਆਹ ਤੋਂ ਬਾਅਦ ਇਸ ਤੋਂ ਵਧੇਰੇ ਕੋਈ ਚੀਜ਼ ਮਿਲ ਸਕਣ ਦੀ ਕੋਈ ਉਮੀਦ ਨਹੀਂ ਹੁੰਦੀ। ਪਰ ਸਿੱਖ-ਵਿਆਹ ਵਿਚ ਤਾਂ ਦੋ ਅਜਨਬੀ, ਜਿਨ੍ਹਾਂ ਨੇ ਭਾਈਚਾਰੇ ਅਤੇ ਵਾਹਿਗੁਰੂ ਦੀ ਅਸ਼ੀਰਵਾਦ ਨਾਲ, ਸਾਥ ਚੁਣਿਆ ਹੁੰਦਾ ਹੈ, ਪਿਆਰ ਤੋਂ ਸ਼ੁਰੂ ਕਰਦੇ ਹਨ ਅਤੇ ਇਸ ਪਿਆਰ ਦੇ ਲਮਹੇ ਬੀਤਦਿਆਂ ਕਈ ਸਾਲ ਲੰਘ ਜਾਂਦੇ ਹਨ ਤੇ ਸਬੰਧ ਏਨੇ ਪੀਡੇ ਹੋ ਗਏ ਹੁੰਦੇ ਹਨ ਕਿ ਟੁੱਟਣ ਦੀ ਆਸ ਹੀ ਨਹੀਂ ਰਹਿ ਜਾਂਦੀ। ਇਸੇ ਕਰ ਕੇ ਅਖੌਤੀ ਪਿਆਰ-ਵਿਆਹ ਦੇ ਮੁਕਾਬਲੇ ਵਿਚ ਮਾਪਿਆਂ ਦੀ ਅਸ਼ੀਰਵਾਦ ਨਾਲ ਕੀਤੇ ਵਿਆਹ ਦੀ ਕਾਮਯਾਬੀ, ਖ਼ੁਸ਼ੀ ਤੇ ਸੁਖ ਬਹੁਤ-ਬਹੁਤ ਵਧੇਰੇ ਹੈ।

ਤਲਾਕ

ਤਲਾਕ ਦੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ। ਸਿੱਖ ਆਨੰਦ ਕਾਰਜ ਇਕ ਪਵਿੱਤਰ ਰਸਮ ਹੈ ਅਤੇ ਕੋਈ ਵੀ ਅਦਾਲਤ ਇਸ ਨੂੰ ਤੋੜ ਨਹੀਂ ਸਕਦੀ। ਅੱਜ-ਕਲ੍ਹ ਦੁਨੀਆਂ ਦੇ ਤਕਰੀਬਨ ਹਰ ਮੁਲਕ ਵਿਚ ਤਲਾਕ ਦੀ ਕਾਨੂੰਨੀ ਇਜਾਜ਼ਤ ਹੈ ਅਤੇ ਹਰ ਪਾਸੇ ਹੜ੍ਹ ਜਿਹਾ ਆਇਆ ਹੋਇਆ ਹੈ, ਪਰ, ਸਿੱਖ ਫ਼ਲਸਫ਼ੇ ਮੁਤਾਬਿਕ ਇਹ ਗ਼ਲਤ ਹੈ। ਸਿੱਖ ਧਰਮ ਮੁਤਾਬਿਕ ਔਰਤ ਤੇ ਮਰਦ 'ਦੋ ਜਿਸਮ ਤੇ ਇਕ ਰੂਹ' ਹਨ। ਸਿੱਖ ਫ਼ਲਸਫ਼ੇ ਮੁਤਾਬਿਕ ਵਿਆਹ ਦਾ ਫ਼ੈਸਲਾ ਧੁਰੋਂ ਅਕਾਲ ਪੁਰਖ ਤੋਂ ਹੀ ਹੋਇਆ ਹੁੰਦਾ ਹੈ। ਇਸ ਕਰ ਕੇ ਤਲਾਕ ਅਕਾਲ ਪੁਰਖ ਦੇ ਹੁਕਮ ਤੋਂ ਮੂੰਹ ਮੋੜਨਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਮਰਦ ਤੇ ਔਰਤ ਇਕ ਦੂਜੇ ਲਈ ਇੰਞ ਹਨ, ਜਿਵੇਂ ਰੱਬ ਨਾਲ ਉਸ ਦੇ ਭਗਤ। ਦੋਹਾਂ ਵਿਚ ਇਕ ਦੂਜੇ ਵਾਸਤੇ ਹਰ ਵੇਲੇ ਕੁਰਬਾਨੀ ਕਰਨ ਦੀ ਖ਼ਾਹਿਸ਼ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਆਪਣੇ ਅੰਦਰ ਹੀ ਹਉਮੈ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਤਾਂ ਆਪਣਾ 'ਨਿਜ' ਤੇ ਆਪਣਾ 'ਵਜੂਦ' ਇਕ ਦੂਜੇ ਵਿਚ ਵੇਖਣਾ ਚਾਹੀਦਾ ਹੈ ਅਤੇ ਇਹ ਅਹਿਸਾਸ ਤੇ ਖ਼ਾਹਿਸ਼ ਔਰਤ ਤੇ ਮਰਦ ਦੋਹਾਂ ਵਿਚ ਬਰਾਬਰ ਹੋਣੀ ਚਾਹੀਦੀ

ਹੈ। ਦੋਹਾਂ ਵਿਚ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਹ ਇਕ ਦੂਜੇ ਤੋਂ ਬਿਨਾਂ ਅਧੂਰੇ ਹਨ। ਦੋਹਾਂ ਵਿਚ ਇਕ ਦੂਜੇ ਦਾ 'ਨਿਰਮਲ ਭਉ' ਹੋਣਾ ਚਾਹੀਦਾ ਹੈ। ਇਹ ਅਹਿਸਾਸ ਵੀ ਅਸਲ ਵਿਚ 'ਭਉ' (ਡਰ) ਨਹੀਂ ਬਲਕਿ ਇਕ ਦੂਜੇ ਵਾਸਤੇ ਪਿਆਰ, ਕੁਰਬਾਨੀ, ਲਗਾਵ, ਪਛਾਣ, ਮੋਹ, ਤੜਪ ਦੇ ਜਜ਼ਬਾਤ ਹਨ। ਜਦ ਸਿੱਖ-ਵਿਆਹ ਵਿਚ ਔਰਤ ਮਰਦ ਦਾ ਰਿਸ਼ਤਾ ਅਜਿਹਾ ਡੂੰਘਾ ਤੇ ਨਿੱਘਾ ਹੈ ਤਾਂ ਤਲਾਕ ਦੀ ਸੋਚ ਯਕੀਨਨ ਗ਼ਲਤ ਹੋਵੇਗੀ। ਉਂਵ ਜੇ ਪਤੀ-ਪਤਨੀ ਦਰਿਆ ਦੇ ਦੋ ਕੰਢੇ ਬਣ ਜਾਣ ਤਾਂ ਅਜਿਹੀ ਹਾਲਤ ਵਿਚ ਤਲਾਕ ਗ਼ਲਤ ਨਹੀਂ ਹੁੰਦਾ, ਪਰ ਇਸ ਨੂੰ 'ਆਖ਼ਰੀ' ਕਦਮ ਵਜੋਂ ਹੀ ਚੁੱਕਿਆ ਜਾਣਾ ਚਾਹੀਦਾ ਹੈ।

ਅਨੰਦ ਕਾਰਜ ਦੀ ਰਸਮ

ਸਿੱਖ-ਵਿਆਹ 'ਅਨੰਦ/ਆਨੰਦ ਕਾਰਜ' ਅਖਵਾਉਂਦਾ ਹੈ। ਸਿੱਖ ਨੂੰ ਸਾਫ਼ ਹਿਦਾਇਤ ਹੈ ਕਿ ਸਿੱਖ ਆਪਣੇ ਬੱਚਿਆਂ ਦਾ ਵਿਆਹ ਸਿਰਫ਼ 'ਅਨੰਦ ਕਾਰਜ' ਰਾਹੀਂ ਕਰੇ। ਗੁਰੂ ਸਾਹਿਬ ਦੀ ਇਹ ਹਦਾਇਤ ਵੀ ਸੀ ਕਿ ਸਿੱਖ ਦਾ ਵਿਆਹ ਸਿਰਫ਼ ਸਿੱਖ ਨਾਲ ਹੀ ਹੋਵੇ। ਸਿੱਖ ਕਿਸੇ ਗ਼ੈਰ-ਸਿੱਖ ਦੀ ਧੀ ਨਾਲ ਵਿਆਹ ਤਾਂ ਕਰ ਸਕਦਾ ਹੈ ਪਰ ਕਿਸੇ ਸਿੱਖ ਕੁੜੀ ਦਾ ਵਿਆਹ ਗ਼ੈਰ-ਸਿੱਖ ਨਾਲ ਨਹੀਂ ਹੋ ਸਕਦਾ। ਜੇ ਕੋਈ ਸਿੱਖ ਕੁੜੀ ਕਿਸੇ ਗ਼ੈਰ-ਸਿੱਖ ਨਾਲ ਵਿਆਹ ਕਰਦੀ ਹੈ (ਤੇ ਉਹ ਗ਼ੈਰ-ਸਿੱਖ, ਸਿੱਖ ਧਰਮ ਅਖ਼ਤਿਆਰ ਨਹੀਂ ਕਰਦਾ) ਤਾਂ ਉਸ ਸਿੱਖ ਕੁੜੀ ਦਾ ਧਰਮ 'ਸਿੱਖ' ਨਹੀਂ ਮੰਨਿਆ ਜਾਏਗਾ। ਉਸ ਕੁੜੀ ਦਾ ਉਹੀ ਧਰਮ ਹੋਏਗਾ, ਜੋ ਉਸ ਦੇ ਘਰ ਵਾਲੇ ਦਾ ਹੋਵੇਗਾ।

ਅਨੰਦ ਕਾਰਜ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰਦੁਆਰੇ ਵਿਚ, ਸੰਗਤ ਦੀ ਹਾਜ਼ਰੀ ਵਿਚ ਹੁੰਦਾ ਹੈ। ਆਮ ਤੌਰ 'ਤੇ ਵਿਆਹ ਤੋਂ ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ। ਇਸ ਤੋਂ ਬਾਅਦ ਕੁਝ ਹੋਰ ਸ਼ਬਦ ਵੀ ਪੜ੍ਹੇ ਜਾ ਸਕਦੇ ਹਨ। ਇਸ ਵੇਲੇ ਤਕ ਮੁੰਡਾ ਤੇ ਕੁੜੀ ਦੋਵੇਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆ ਕੇ ਬੈਠ ਚੁੱਕੇ ਹੁੰਦੇ ਹਨ। ਆਮ ਤੌਰ 'ਤੇ ਕੁੜੀ ਮੁੰਡੇ ਦੇ ਖੱਬੇ ਹੱਥ ਬੈਠਦੀ ਹੈ (ਇਹ ਪੁਰਾਣੀ ਰਿਵਾਇਤ ਹੈ, ਇਸ ਦਾ ਕੋਈ ਮਾਅਨਾ ਨਹੀਂ ਹੈ ਤੇ ਜੇ ਕੁੜੀ ਸੱਜੇ ਹੱਥ ਵੀ ਬੈਠ ਜਾਵੇ ਤਾਂ ਵੀ ਕੋਈ ਫ਼ਰਕ ਨਹੀਂ ਪੈਂਦਾ)। ਇਹ ਉਮੀਦ ਕੀਤੀ ਜਾਂਦੀ ਹੈ ਕਿ ਦੋਵੇਂ ਜੀਅ ਸਾਦੇ ਲਿਬਾਸ ਵਿਚ ਆਉਣ। ਅਨੰਦ ਕਾਰਜ ਅਰਦਾਸਿ ਨਾਲ ਸ਼ੁਰੂ ਹੁੰਦਾ ਹੈ। ਪਤਾ ਨਹੀਂ ਇਹ ਰਿਵਾਇਤ ਕਿਵੇਂ ਸ਼ੁਰੂ ਹੋ ਗਈ ਕਿ ਇਸ ਅਰਦਾਸਿ ਵਿਚ ਮੁੰਡਾ-ਕੁੜੀ ਤੇ ਉਨ੍ਹਾ ਦੇ ਮਾਪੇ ਖੜ੍ਹੇ ਹੁੰਦੇ ਹਨ ਤੇ ਬਾਕੀ ਸਭ ਬੈਠੇ ਰਹਿੰਦੇ ਹਨ। ਉਂਵ ਫ਼ਲਸਫ਼ੇ ਮੁਤਾਬਿਕ ਸਾਰਿਆਂ ਨੂੰ ਅਰਦਾਸਿ ਦੌਰਾਨ ਖੜ੍ਹੇ ਹੋਣਾ ਚਾਹੀਦਾ ਹੈ। ਅਰਦਾਸਿ ਤੋਂ ਬਾਅਦ ਗ੍ਰੰਥੀ ਜਾਂ ਕੋਈ ਹਰ ਸਿੱਖ ਵਿਆਹ ਦੇ ਫ਼ਲਸਫ਼ੇ, ਮੁੰਡੇ-ਕੁੜੀ ਦੇ ਫ਼ਰਜ਼ਾਂ ਬਾਰੇ ਰੌਸ਼ਨੀ ਪਾਉਂਦਾ ਹੈ। ਇਸ ਮਗਰੋਂ 'ਅਨੰਦ ਕਾਰਜ' ਸ਼ੁਰੂ ਹੋ ਜਾਂਦਾ ਹੈ। ਪਹਿਲੋਂ ਗ੍ਰੰਥੀ ਸਿੰਘ ਇਕ ਲਾਂਵ ਪੜ੍ਹਦਾ ਹੈ, ਫਿਰ ਰਾਗੀ ਉਸ ਲਾਂਵ ਨੂੰ ਗਾਉਂਦੇ ਹਨ ਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਸ਼ੁਰੂ ਹੋ ਜਾਂਦੀ ਹੈ। (ਆਮ ਰਿਵਾਜ਼ ਹੈ ਕਿ ਫੇਰੇ ਲੈਣ ਸਮੇਂ ਮੁੰਡਾ ਅੱਗੇ ਚਲਦਾ ਹੈ ਪਰ ਜੇ ਕਰ ਕੁੜੀ ਚਾਰ ਵਿੱਚੋਂ ਦੋ-ਤਿੰਨ ਜਾਂ ਚਾਰੇ ਹੀ ਲਾਂਵਾਂ ਵੇਲੇ ਅੱਗੇ ਚੱਲੇ ਤਾਂ ਵੀ ਸਿੱਖ ਫ਼ਲਸਫ਼ੇ ਮੁਤਾਬਿਕ ਗ਼ਲਤ ਨਹੀਂ ਹੈ)। ਚੌਥੀ ਲਾਂਵ ਤੋਂ ਬਾਅਦ ਅਰਦਾਸਿ ਕੀਤੀ ਜਾਂਦੀ ਹੈ ਤੇ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ। ਬਹੁਤੇ ਵਿਦਵਾਨ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਨੂੰ ਅੱਗ ਦੁਆਲੇ ਹਿੰਦੂਆਂ ਵੱਲੋਂ ਫੇਰੇ ਲੈਣ ਦੀ ਨਕਲ ਸਮਝਦੇ ਹਨ (ਫੇਰੇ ਲੈਣ ਦਾ ਰਿਵਾਜ 1850

ਤੋਂ ਮਗਰੋਂ ਸ਼ੁਰੂ ਹੋਇਆ ਸੀ)। ਉਨ੍ਹਾਂ ਮੁਤਾਬਿਕ ਫੇਰੇ ਲੈਣ ਦੀ ਬਜਾਇ ਸਿਰਫ਼ ਅਰਦਾਸਿ ਕਰਨ ਨਾਲ ਹੀ ਅਨੰਦ-ਵਿਆਹ ਮੁਕੰਮਲ ਹੋ ਜਾਂਦਾ ਹੈ। ਅਨੰਦ ਕਾਰਜ ਮਗਰੋਂ ਕਈ ਲੋਕ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੁੰਡੇ-ਕੁੜੀ ਨੂੰ ਸਿਹਰੇ ਅਤੇ ਹਾਰ ਪਾਉਂਦੇ ਹਨ। ਇਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੈ। ਇਹ ਰਸਮ ਵੀ ਸਿੱਖ ਕਲਚਰ ਦੇ ਉਲਟ ਹੈ।

ਅਨੰਦ ਕਾਰਜ ਦੀਆਂ ਲਾਵਾਂ ਮੁੰਡੇ-ਕੁੜੀ ਦੇ ਵਿਆਹ ਵਾਸਤੇ ਨਹੀਂ ਲਿਖੀਆਂ ਗਈਆਂ ਸਨ। ਇਹ ਇਨਸਾਨ (ਜੀਵਾਤਮਾ) ਅਤੇ ਵਾਹਿਗੁਰੂ (ਪਰਮ ਆਤਮਾ) ਦੇ ਮੇਲ ਵਾਸਤੇ ਲਿਖੀਆਂ ਗਈਆਂ ਸਨ। ਅਨੰਦ ਕਾਰਜ ਵੇਲੇ ਇਨ੍ਹਾਂ ਲਾਵਾਂ ਦੇ ਪੜ੍ਹਨ ਦਾ ਮਤਲਬ ਇਹੀ ਹੈ ਕਿ ਜਿਵੇਂ ਜੀਵ ਤੇ ਰੱਬ ਦੇ ਮੇਲ ਦਾ ਇਕ ਰਸਤਾ ਹੈ, ਉਵੇਂ ਹੀ ਮਰਦ ਅਤੇ ਔਰਤ ਦੇ ਮੇਲ ਦੇ ਵੀ ਪੜਾਅ ਹਨ। ਸਿੱਖ ਫ਼ਲਸਫ਼ੇ ਮੁਤਾਬਿਕ ਇਹ ਪੜਾਅ ਹਨ: ਪਛਾਣ (ਰੱਬ ਨਾਲ ਮੇਲ ਦੀ ਜ਼ਰੂਰਤ ਦੀ ਪਛਾਣ), ਉਸ ਦੇ ਨਿਰਮਲ ਭਉ ਵਿਚ ਰਹਿਣਾ, ਆਪਣੀ ਹਉਮੈ ਨੂੰ ਛੱਡਣਾ ਤੇ ਆਪਣੇ ਆਪ ਉਸ ਦੇ ਵਜੂਦ ਵਿਚ ਜਜ਼ਬ ਕਰ ਦੇਣਾ ਅਤੇ ਚੌਥਾ ਪੜਾਅ ਹੈ ਪੂਰਨ ਮੇਲ ਹੋਣਾ ਅਤੇ ਸਹਿਜ ਦੀ ਹਾਲਤ। ਇਹ ਚਾਰ ਲਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਸਫ਼ਾ 773-74 'ਤੇ ਦਰਜ ਹਨ।

ਅਬਾਰਸ਼ਨ

ਤਲਾਕ ਵਾਂਗ ਅਬਾਰਸ਼ਨ ਵੀ ਸਿੱਖ ਫ਼ਲਸਫ਼ੇ ਦੇ ਉਲਟ ਹੈ। ਬੱਚੇ ਨੂੰ ਮਾਂ ਦੇ ਗਰਭ ਵਿਚ ਕਤਲ ਕਰਨਾ, ਰੱਬ ਦੇ ਹੁਕਮ ਤੋਂ ਮੂੰਹ ਮੋੜਨਾ ਹੈ। ਆਮ ਤੌਰ 'ਤੇ ਅਬਾਰਸ਼ਨ ਮੁੰਡਾ ਜੰਮਣ ਦੀ ਖ਼ਾਹਿਸ਼ ਵਿਚ ਕੀਤੇ ਜਾਂਦੇ ਹਨ। ਅਬਾਰਸ਼ਨ ਦਾ ਪ੍ਰਸਾਰ ਜੰਮਣ ਵਾਲੇ ਬੱਚੇ ਦੇ ਲਿੰਗ ਦੇ ਟੈਸਟ ਦੀਆਂ ਮਸ਼ੀਨਾਂ ਕਰ ਕੇ ਵਧੇਰੇ ਹੋ ਗਿਆ ਹੈ। ਯਾਨਿ ਅਬਾਰਸ਼ਨ 'ਚ ਲੋਕ ਧੀਆਂ ਨੂੰ ਹੀ ਮਾਰਦੇ ਹਨ। ਸਿੱਖ ਮਰਿਆਦਾ ਮੁਤਾਬਿਕ ਧੀ ਕਤਲ ਕਰਨ ਵਾਲਾ (ਕੁੜੀਮਾਰ) ਤਨਖ਼ਾਹੀਆ ਹੈ ਤੇ ਉਹ ਧਾਰਮਿਕ ਸਜ਼ਾ ਦਾ ਹੱਕਦਾਰ ਹੈ। ਉਂਵ ਸਿੱਖ ਨੂੰ ਬੱਚੇ ਵਧੇਰੇ ਪੈਦਾ ਕਰਨ ਦੀ ਬਜਾਇ ਸੰਜਮ ਵਰਤਣਾ ਚਾਹੀਦਾ ਹੈ। ਕੰਡੋਮ ਦੀ ਵਰਤੋਂ ਜਾਂ 'ਸਪਾਈਰਲ' (ਕਾਪਰ/ਨਿਕਲ ਟੀ) ਜਾਂ ਨਸ-ਬੰਦੀ ਜਾਂ ਗੋਲੀਆਂ ਰਾਹੀਂ ਗਰਭ ਰੋਕਣਾ ਹਰਗਿਜ਼ ਗ਼ਲਤ ਨਹੀਂ ਹੈ।

ਮੌਤ

ਸਿੱਖ ਫ਼ਲਸਫ਼ੇ ਵਿਚ ਮੌਤ ਅਫ਼ਸੋਸ ਦਾ ਮੁਕਾਮ ਨਹੀਂ ਹੁੰਦਾ। ਇਹ ਵਾਹਿਗੁਰੂ ਦਾ ਭਾਣਾ ਹੈ। ਮਰਨ ਮਗਰੋਂ, ਰੂਹ ਦੇ ਜਿਸਮ 'ਚੋਂ ਉਡਾਰੀ ਮਾਰ ਜਾਣ ਮਗਰੋਂ, ਬਾਕੀ ਦਾ ਜਿਸਮ ਮਿੱਟੀ ਹੁੰਦਾ ਹੈ। ਇਸ ਮਿੱਟੀ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਸਿੱਖ ਦੀ ਮੌਤ ਮਗਰੋਂ ਉਸ ਦੇ ਜਿਸਮ ਨੂੰ ਨਹਾਉਣ ਮਗਰੋਂ, ਕਪੜੇ ਪਾ ਕੇ, ਦਸਤਾਰ ਸਜਾ ਕੇ, ਅਰਦਾਸਿ ਤੋਂ ਮਗਰੋਂ ਸੰਸਕਾਰ ਵਾਲੀ ਜਗ੍ਹਾ ਲਿਜਾਇਆ ਜਾਂਦਾ ਹੈ (ਇਸ ਸੁਹਣਾ ਸਜਾਉਣ ਦਾ ਸਿੱਖ ਫ਼ਲਸਫ਼ੇ ਨਾਲ ਕੋਈ ਸਬੰਧ ਨਹੀਂ)। ਉਥੇ ਜਾ ਕੇ ਅੰਤਿਮ ਸੰਸਕਾਰ ਤੋਂ ਪਹਿਲੋਂ ਅਰਦਾਸਿ ਕੀਤੀ ਜਾਂਦੀ ਹੈ। ਅਰਦਾਸਿ ਦੇ ਮਗਰੋਂ ਦੇਹ ਨੂੰ ਅੰਗੀਠੇ 'ਤੇ ਰੱਖ ਕੇ ਅੱਗ ਲਾਈ ਜਾਂਦੀ ਹੈ। ਅੱਗ ਲਾਉਣ ਦੀ ਰਸਮ ਪੁੱਤਰ, ਧੀ ਜਾਂ ਹਾਜ਼ਰ ਲੋਕਾਂ ਵਿੱਚੋਂ ਕੋਈ ਸ਼ਖ਼ਸ ਵੀ ਕਰ ਸਕਦਾ ਹੈ। ਇਸ ਮਗਰੋਂ ਕੀਰਤਨ ਕੀਤਾ ਜਾਂਦਾ ਹੈ ਤੇ ਫੇਰ ਸੋਹਿਲਾ ਕਰ ਕੇ ਸਾਰੇ ਘਰੀਂ ਮੁੜ ਜਾਂਦੇ ਹਨ। ਦੋ ਕੁ ਦਿਨ ਮਗਰੋਂ ਅਸਥੀਆਂ ਨੂੰ ਇਕੱਠਾ ਕਰ ਕੇ ਨੇੜੇ ਦੇ ਚਲਦੇ ਪਾਣੀ (ਦਰਿਆ, ਨਹਿਰ ਵੈਗਰਾ) ਵਿਚ ਰੋੜ੍ਹ ਦਿੱਤਾ ਜਾਂਦਾ ਹੈ। ਕੁਝ

ਦਿਨਾਂ ਮਗਰੋਂ ਪਾਠ ਦਾ ਭੋਗ ਪਾ ਕੇ ਅੰਤਿਮ ਅਰਦਾਸਿ ਕਰ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਇਕ ਇਨਸਾਨ ਸਬੰਧੀ ਸਾਰੀਆਂ ਰਸਮਾਂ ਖ਼ਤਮ ਹੋ ਜਾਂਦੀਆਂ ਹਨ। ਬਰਸੀ ਜਾਂ ਸਰਾਧ ਮਨਾਉਣੇ, ਮੁਰਦਿਆਂ ਦੀਆਂ ਸਮਾਧਾਂ ਬਣਾਉਣਾ, ਸਿੱਖ ਫ਼ਲਸਫ਼ੇ ਦੇ ਉਲਟ ਹੈ। ਮਰਨ ਪਿੱਛੋਂ ਰੋਣਾ, ਵਿਰਲਾਪ ਕਰਨਾ, ਵੈਣ ਪਾਉਣੇ ਸਿੱਖ ਧਰਮ ਵਿਚ ਮਨ੍ਹਾ ਹਨ। ਮੌਤ 'ਤੇ ਸੋਗ ਮਨਾਉਣਾ ਅਕਾਲ ਪੁਰਖ ਦੇ ਹੁਕਮ ਨੂੰ ਖਿੜੇ ਮੱਥੇ ਕਬੂਲ ਨਾ ਕਰਨਾ ਹੈ।

ਪੰਜਾਬ ਵਿਚ ਇਕ ਰਿਵਾਜ ਹੈ ਕਿ ਅੰਤਿਮ ਅਰਦਾਸਿ ਵੇਲੇ ਮਰਨ ਵਾਲੇ ਦੇ ਸਭ ਤੋਂ ਵੱਡੇ ਪੁੱਤਰ ਦੀ ਦਸਤਾਰ-ਬੰਦੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਘਰ ਦੀਆਂ ਜ਼ਿੰਮੇਦਾਰੀਆਂ ਅੱਗੋਂ ਤੋਂ ਵੱਡੇ ਪੁੱਤਰ ਦੀਆਂ ਹੋ ਗਈਆਂ। ਇਹ ਰਸਮ ਸਿੱਖ-ਪੰਜਾਬ ਦੀ ਹੈ ਪਰ ਗ਼ੈਰ-ਸਿੱਖ ਵੀ ਇਸ ਦੀ ਨਕਲ ਕਰਦੇ ਹਨ। ਉਂਞ ਇਸ ਰਸਮ ਦਾ ਵੀ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ, ਪਰ, ਇਹ ਸਿੱਖੀ ਅਸੂਲਾਂ ਦੇ ਉਲਟ ਵੀ ਨਹੀਂ ਹੈ।

ਸਿੱਖ ਹੋਮਲੈਂਡ

ਪੰਜਾਬ ਸਿੱਖਾਂ ਦਾ ਹੋਮਲੈਂਡ ਹੈ। ਦਰਿਆ ਝਨਾਂ ਅਤੇ ਜਮਨਾ ਦੇ ਵਿਚਕਾਰ ਦਾ ਇਲਾਕਾ ਸਿੱਖ-ਪੰਜਾਬ ਮੰਨਿਆ ਜਾਂਦਾ ਹੈ। ਸਿੱਖ ਧਰਮ ਨਾਲ ਸਬੰਧ ਰੱਖਣ ਵਾਲੀ ਪਹਿਲੀ ਜਗਹ ਨਾਨਕਾਣਾ ਸਾਹਿਬ ਹੈ। ਗੁਰੂ ਨਾਨਕ ਸਾਹਿਬ ਦਾ ਜਨਮ ਇਥੇ ਹੋਇਆ ਸੀ। ਕੁਝ ਨਗਰ ਗੁਰੂ ਸਾਹਿਬ ਨੇ ਆਪ ਵਸਾਏ ਸਨ: ਕਰਤਾਰਪੁਰ (ਪਾਕਿਸਤਾਨ), ਗੁਰੂ ਦਾ ਚੱਕ (ਅੰਮ੍ਰਿਤਸਰ), ਤਰਨ ਤਾਰਨ, ਕਰਤਾਰਪੁਰ (ਜਲੰਧਰ), ਹਰਿਗੋਬਿੰਦਪੁਰ, ਕੀਰਤਪੁਰ, ਚੱਕ ਨਾਨਕੀ ਅਤੇ ਅਨੰਦਪੁਰ ਸਾਹਿਬ, ਗੁਰੂ ਦਾ ਲਾਹੌਰ, ਪਾਉਂਟਾ ਸਾਹਿਬ। ਕੁਝ ਜਗਹ (ਥਾਂ) 'ਤੇ ਗੁਰੂ ਸਾਹਿਬਾਨ ਕਈ ਕਈ ਮਹੀਨੇ/ਸਾਲ ਰਹੇ ਸਨ: ਸੁਲਤਾਨਪੁਰ, ਖਡੂਰ ਸਾਹਿਬ, ਗੋਇੰਦਵਾਲ, ਪਟਨਾ, ਤਲਵੰਡੀ ਸਾਬੋ। ਕੁਝ ਜਗਹ ਗੁਰੂ ਤਵਾਰੀਖ਼ 'ਚ ਅਹਿਮ ਜਗ੍ਹਾ ਰੱਖਦੇ ਹਨ: ਦਿੱਲੀ, ਚਮਕੌਰ, ਫ਼ਤਹਿਗੜ੍ਹ, ਮੁਕਤਸਰ, ਨੰਦੇੜ ਵਗ਼ੈਰਾ। ਇਨ੍ਹਾਂ ਸਾਰੀਆਂ ਜਗਹ 'ਤੇ ਗੁਰਦੁਆਰੇ ਬਣੇ ਹੋਏ ਹਨ। ਸਿੱਖ ਇਨ੍ਹਾਂ ਗੁਰਦੁਆਰਿਆਂ ਦੇ ਦਰਸ਼ਨ ਕਰਨ ਵਾਸਤੇ ਅਕਸਰ ਜਾਂਦੇ ਹਨ। ਪਰ ਯਾਤਰੂ ਇਨ੍ਹਾਂ ਜਗਹ 'ਤੇ ਜ਼ਿਆਰਤ (ਤੀਰਥ ਯਾਤਰਾ) ਵਾਸਤੇ ਨਹੀਂ ਜਾਂਦੇ ਬਲਕਿ ਉਸ ਜਗਹ ਨਾਲ ਜੁੜੀ ਹੋਈ ਯਾਦ ਤਾਜ਼ਾ ਕਰਨ ਜਾਂਦੇ ਹਨ। ਸਿੱਖ ਫ਼ਲਸਫ਼ੇ ਮੁਤਾਬਿਕ ਹਰ ਗੁਰਦੁਆਰੇ ਦੀ ਇਕੋ ਜਿੰਨੀ ਅਹਿਮੀਅਤ ਹੈ।

ਨਾਨਾਕਾਣਾ ਸਾਹਿਬ

ਨਾਨਕਾਣਾ ਸਾਹਿਬ ਪਾਕਿਸਤਾਨ ਦੇ ਸ਼ੇਖ਼ੂਪੁਰਾ ਜ਼ਿਲ੍ਹਾ ਵਿਚ ਇਕ ਕਸਬਾ ਹੈ। ਪਹਿਲੋਂ ਇਸ ਨੂੰ ਰਾਇ ਭੋਇ ਦੀ ਤਲਵੰਡੀ ਆਖਦੇ ਸਨ। ਇਹ ਪਿੰਡ ਰਾਏ ਬੁਲਾਰ ਦੇ ਬਾਪ ਰਾਇ ਭੋਇ, ਜੋ ਇਕ ਭੱਟੀ ਰਾਜਪੂਤ ਸੀ, ਨੇ ਬੰਨ੍ਹਿਆ ਸੀ। ਸਿੱਖ ਪੰਥ ਦੇ ਬਾਨੀ ਗੁਰੂ ਨਾਨਕ ਸਾਹਿਬ ਦਾ ਜਨਮ 20 ਅਕਤੂਬਰ 1469 ਦੇ ਦਿਨ ਇਥੇ ਹੋਇਆ ਸੀ। ਆਪ ਨੇ ਆਪਣੀ ਉਮਰ ਦੇ ਪਹਿਲੇ 35 ਕੁ ਸਾਲ ਇਥੇ ਗੁਜ਼ਾਰੇ ਸਨ। ਨਾਨਕਾਣਾ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਕਈ ਗੁਰਦੁਆਰੇ ਬਣੇ ਹੋਏ ਹਨ: (1) **ਗੁਰਦੁਆਰਾ ਜਨਮ ਅਸਥਾਨ**: ਇਸ ਜਗਹ ਗੁਰੂ ਨਾਨਕ ਸਾਹਿਬ ਦੇ ਪਿਤਾ ਦਾ ਘਰ ਸੀ ਤੇ ਗੁਰੂ ਸਾਹਿਬ ਦਾ ਜਨਮ ਏਥੇ ਹੀ ਹੋਇਆ ਸੀ। (2) **ਗੁਰਦੁਆਰਾ ਬਾਲ**

ਲੀਲ੍ਹਾ: ਗੁਰੂ ਸਾਹਿਬ ਬਚਪਨ 'ਚ ਏਥੇ ਖੇਡਦੇ ਹੁੰਦੇ ਸਨ। (3) **ਗੁਰਦੁਆਰਾ ਪੱਟੀ ਸਾਹਿਬ**: ਇਥੇ ਸਕੂਲ ਹੁੰਦਾ ਸੀ, ਜਿਥੇ ਗੁਰੂ ਸਾਹਿਬ ਪੜ੍ਹਦੇ ਰਹੇ ਸਨ। (4) **ਗੁਰਦੁਆਰਾ ਕਿਆਰਾ ਸਾਹਿਬ**: ਇਥੇ ਗੁਰੂ ਸਾਹਿਬ ਦੇ ਖੇਤ ਹੁੰਦੇ ਸੀ। (5) **ਗੁਰਦੁਆਰਾ ਤੰਬੂ ਸਾਹਿਬ**: ਇਥੇ ਦਰਖ਼ੱਤਾਂ ਦਾ ਝੁੰਡ ਤੰਬੂ ਵਾਂਗ ਛਾਂ ਕਰਦਾ ਸੀ। ਗੁਰੂ ਸਾਹਿਬ ਆਪਣੇ ਖੇਤਾਂ ਵਿਚ ਨਿਗਰਾਨੀ ਕਰਦਿਆਂ, ਧੁੱਪ ਵੇਲੇ ਏਥੇ ਆਰਾਮ ਕਰਿਆ ਕਰਦੇ ਸਨ।

ਨਾਨਕਾਣਾ ਸਾਹਿਬ 'ਚ ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਵੀ ਗਏ ਸਨ। **ਗੁਰਦੁਆਰਾ ਪਾਤਿਸ਼ਾਹੀ ਪੰਜਵੀਂ ਤੇ ਛੇਵੀਂ**, ਉਨ੍ਹਾਂ ਦੀ ਯਾਦ ਵਿਚ ਬਣੇ ਹੋਏ ਹਨ। ਨਾਨਕਾਣਾ ਸਾਹਿਬ ਨਾਲ 130 ਤੋਂ ਵੱਧ ਸਿੱਖਾਂ ਦੀ ਸ਼ਹੀਦੀ ਵੀ ਜੁੜੀ ਹੋਈ ਹੈ। 20 ਫ਼ਰਵਰੀ 1921 ਦੇ ਦਿਨ ਸਿੱਖਾਂ ਨੂੰ, ਮਹੰਤ ਨਰੈਣ ਦਾਸ ਨੇ, ਆਪਣੇ ਗੁੰਡਿਆਂ ਦੀ ਮਦਦ ਨਾਲ, ਕੋਹ ਕੋਹ-ਕੋਹ ਕੇ ਮਾਰ ਦਿੱਤਾ ਸੀ। ਜਿਸ ਦਰਖ਼ਤ ਨਾਲ ਬੰਨ੍ਹ ਕੇ ਭਾਈ ਲਛਮਣ ਸਿੰਘ ਨੂੰ ਜਿਉਂਦੇ ਸਾੜਿਆ ਗਿਆ ਸੀ ਓਹ **ਸ਼ਹੀਦੀ ਜੰਡ** ਅਜੇ ਵੀ ਕਾਇਮ ਹੈ ਤੇ ਭਾਈ ਦਲੀਪ ਸਿੰਘ ਦੀ ਸ਼ਹੀਦੀ ਵਾਲੀ ਥਾਂ 'ਤੇ ਯਾਦਗਾਰ ਵੀ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਬਣੀ ਹੋਈ ਹੈ। 15 ਅਗਸਤ 1947 ਦੇ ਦਿਨ, ਪੰਜਾਬ ਦੀ ਵੰਡ ਹੋਣ ਨਾਲ, ਨਾਨਕਾਣਾ ਸਾਹਿਬ ਪਾਕਿਸਤਾਨ ਵਿਚ ਚਲਾ ਗਿਆ। ਉਦੋਂ ਤੋਂ ਇਸ ਦਾ ਇੰਤਜ਼ਾਮ 'ਔਕਾਫ਼' ਦੇ ਹੱਥਾਂ ਵਿਚ ਹੈ। ਨਗਰ ਦੀ 90% ਜਾਇਦਾਦ ਤੇ ਤਕਰੀਬਨ 500 ਏਕੜ ਜ਼ਮੀਨ ਗੁਰਦੁਆਰੇ ਦੇ ਨਾਂ ਹੈ, ਪਰ ਇਸ ਨੂੰ ਕੌਡੀਆਂ ਦੇ ਭਾਅ ਠੇਕੇ 'ਤੇ ਦਿੱਤਾ ਹੁੰਦਾ ਹੈ। ਸਿੱਖ 1947 ਤੋਂ ਹੀ ਕੋਸ਼ਿਸ਼ ਕਰ ਰਹੇ ਹਨ ਕਿ ਨਾਨਕਾਣਾ ਸਾਹਿਬ ਨੂੰ ਕੈਥੋਲਿਕ ਈਸਾਈਆਂ ਦੇ 'ਵੈਟੀਕਨ' ਵਾਂਗ ਆਜ਼ਾਦ ਦਰਜਾ ਦੇ ਦਿੱਤਾ ਜਾਵੇ। ਹਰ ਸਾਲ ਹਜ਼ਾਰਾਂ ਸਿੱਖ ਏਥੋਂ ਦੀ ਯਾਤਰਾ ਵਾਸਤੇ ਜਾਂਦੇ ਹਨ।

ਕਰਤਾਰਪੁਰ (ਪਾਕਿਸਤਾਨ) ਤੇ ਡੇਰਾ ਬਾਬਾ ਨਾਨਕ

ਕਰਤਾਰਪੁਰ ਪਿੰਡ ਰਾਵੀ ਦਰਿਆ ਦੇ ਪਾਰਲੇ (ਪੱਛਮੀ) ਕੰਢੇ 'ਤੇ ਹੈ ਅਤੇ ਡੇਰਾ ਬਾਬਾ ਨਾਨਕ ਦਰਿਆ ਦੇ ਪੂਰਬੀ ਪਾਸੇ ਵੱਲ। ਇਹ ਅੰਮ੍ਰਿਤਸਰ ਤੋਂ ਤਕਰੀਬਨ 60 ਕਿਲੋਮੀਟਰ ਅਤੇ ਬਟਾਲਾ ਤੋਂ 36 ਕਿਲੋਮੀਟਰ ਦੂਰ ਹੈ। ਪਿੰਡ ਕਰਤਾਰਪੁਰ ਗੁਰੂ ਨਾਨਕ ਸਾਹਿਬ ਨੇ 1522 ਵਿਚ ਬੰਨ੍ਹਿਆ ਸੀ। ਉਦੋਂ ਇਕ ਸਿੱਖ ਭਾਈ ਦੁਨੀ ਚੰਦ ਕਰੋੜੀਆ ਨੇ ਏਥੇ ਸੰਗਤਾਂ ਵਾਸਤੇ ਸਰਾਂ ਵੀ ਬਣਾਈ ਸੀ। ਗੁਰੂ ਅੰਗਦ ਸਾਹਿਬ ਨੂੰ ਗੁਰਗੱਦੀ ਇਸੇ ਪਿੰਡ ਵਿਚ ਮਿਲੀ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀ ਉਮਰ ਦੇ ਆਖ਼ਰੀ 17 ਸਾਲ ਏਥੇ ਹੀ ਬਿਤਾਏ ਸਨ। ਦਰਿਆ ਦੇ ਕੰਢੇ 'ਤੇ ਹੋਣ ਕਰ ਕੇ ਇਹ ਪਿੰਡ ਕਈ ਵਾਰ ਖੁਰਿਆ ਹੈ। 1870 ਵਿਚ ਤਾਂ ਅਜਿਹਾ ਹੋ ਗਿਆ ਸੀ ਕਿ ਗੁਰੂ ਸਾਹਿਬ ਦੀ ਯਾਦ ਵਿਚ ਬਣਾਇਆ ਗੁਰਦੁਆਰਾ ਵੀ ਦਰਿਆ ਦੀ ਹੱਦ ਵਿਚ ਆ ਜਾਣ ਦੇ ਆਸਾਰ ਬਣ ਗਏ ਸਨ। ਸੰਗਤਾਂ ਨੇ ਸੀਮਿੰਟ ਤੇ ਪੱਥਰਾਂ ਦਾ ਇਕ ਬੰਨ੍ਹ ਬਣਾ ਕੇ ਗੁਰਦੁਆਰੇ ਨੂੰ ਦਰਿਆ ਦੀ ਮਾਰ ਤੋਂ ਬਚਾਇਆ। 1947 ਤੋਂ 2000 ਤਕ ਇਹ ਗੁਰਦੁਆਰਾ ਪਬਲਿਕ ਵਾਸਤੇ ਨਹੀਂ ਖੁਲ੍ਹਦਾ ਸੀ ਕਿਉਂਕਿ ਇਹ ਭਾਰਤ-ਪਾਕਿ ਸਰਹੱਦ 'ਤੇ ਹੋਣ ਕਰ ਕੇ ਫ਼ੌਜੀ ਪੱਖ ਤੋਂ ਅਹਿਮ ਪੁਜ਼ੀਸ਼ਨ ਰੱਖਦਾ ਹੈ। ਉਂਞ ਵੀ ਇਹ ਕਾਫ਼ੀ ਖਸਤਾ ਹਾਲਤ ਵਿਚ ਸੀ ਅਤੇ ਇਸ ਦੀ ਸੇਵਾ-ਸੰਭਾਲ ਨਹੀਂ ਹੁੰਦੀ ਸੀ। ਹੁਣ ਸੰਗਤਾਂ ਨੇ ਇਸ ਦੀ ਸ਼ਾਨ ਫਿਰ ਬਹਾਲ ਕਰ ਲਈ ਹੈ। ਕਰਤਾਰਪੁਰ ਵਿਚ ਗੁਰੂ ਨਾਨਕ ਸਾਹਿਬ ਦੇ ਸਸਕਾਰ ਮਗਰੋਂ ਉਨ੍ਹਾਂ ਦੇ ਪੁੱਤਰ ਸ੍ਰੀਚੰਦ ਨੇ ਉਨ੍ਹਾਂ ਦੀ ਯਾਦ 'ਚ ਸਮਾਧ ਬਣਾ ਦਿੱਤੀ ਸੀ। ਹਾਲਾਂ ਕਿ ਸਿੱਖ ਧਰਮ 'ਚ ਇਸ ਦੀ ਇਜਾਜ਼ਤ

ਨਹੀਂ ਤੇ ਗੁਰੂ ਸਾਹਿਬ ਨੇ ਆਪ ਵੀ ਇਸ ਤੋਂ ਰੋਕਿਆ ਸੀ। ਕੁਝ ਚਿਰ ਬਾਅਦ ਇਸ ਸਮਾਧ ਨੂੰ ਦਰਿਆ ਰੋੜ੍ਹ ਕੇ ਲੈ ਗਿਆ। ਇਸ ਮਗਰੋਂ ਸ੍ਰੀਚੰਦ ਨੇ ਦਰਿਆ ਦੇ ਦੂਜੇ ਪਾਸੇ, ਤਕਰੀਬਨ 4 ਕਿਲੋਮੀਟਰ ਦੂਰ, ਪੱਖੋਕੇ ਪਿੰਡ ਦੀ ਜ਼ਮੀਨ ਵਿਚ ਇਕ ਸਮਾਧ ਬਣਾ ਲਈ। ਬਾਅਦ ਵਿਚ ਇਸ ਦਾ ਨਾਂ ਦੇਹਰਾ ਸਾਹਿਬ ਵੱਜਣ ਲੱਗ ਪਿਆ। ਹੌਲੀ-ਹੌਲੀ ਪਿੰਡ ਦਾ ਨਾਂ **'ਡੇਰਾ ਬਾਬਾ ਨਾਨਕ'** ਵਜੋਂ ਮਸ਼ਹੂਰ ਹੋ ਗਿਆ। ਲੋਕ 1947 ਤੋਂ ਬਾਅਦ ਡੇਰਾ ਬਾਬਾ ਨਾਨਕ 'ਚ ਜਾਣ ਲੱਗ ਪਏ। ਡੇਰਾ ਬਾਬਾ ਨਾਨਕ ਵਿਚ ਇਕ **ਗੁਰਦੁਆਰਾ ਚੋਲਾ ਸਾਹਿਬ** ਹੈ। ਇੱਥੇ ਇਕ ਚੋਲਾ ਪਿਆ ਹੈ, ਜਿਸ 'ਤੇ ਕੁਰਾਨ ਦੀਆਂ ਕੁਝ ਆਇਤਾਂ ਲਿਖੀਆਂ ਹੋਈਆਂ ਹਨ। ਇਸ ਚੋਲੇ ਦੇ ਮਾਲਿਕਾਂ ਦਾ ਦਾਅਵਾ ਹੈ ਕਿ ਇਹ ਚੋਲਾ ਗੁਰੂ ਨਾਨਕ ਸਾਹਿਬ ਦੀ ਅਰਬ ਯਾਤਰਾ ਵੇਲੇ ਉਨ੍ਹਾਂ ਨੂੰ ਭੇਟ ਕੀਤਾ ਗਿਆ ਸੀ। ਬਹੁਤੇ ਸਕਾਲਰ ਇਸ ਦਾਅਵੇ 'ਤੇ ਸ਼ਕ ਕਰਦੇ ਹਨ। ਡੇਰਾ ਬਾਬਾ ਨਾਨਕ, ਅੰਮ੍ਰਿਤਸਰ ਤੋਂ 55 ਕਿਲੋਮੀਟਰ ਦੂਰ ਹੈ ਅਤੇ ਰੇਲ ਤੇ ਬੱਸ ਰਾਹੀਂ ਅੰਮ੍ਰਿਤਸਰ ਨਾਲ ਜੁੜਿਆ ਹੋਇਆ ਹੈ।

ਸੁਲਤਾਨਪੁਰ ਲੋਧੀ

ਇਹ ਕਪੂਰਥਲਾ ਜ਼ਿਲ੍ਹਾ ਦਾ ਇਕ ਪੁਰਾਣਾ ਕਸਬਾ ਹੈ। ਰਿਵਾਇਤ ਮੁਤਾਬਿਕ ਇਹ ਕਸਬਾ ਪੰਜਾਬ ਦੇ ਗਵਰਨਰ ਵਲੀ ਮੁਹੰਮਦ ਖ਼ਾਨ ਦੇ ਪੁੱਤਰ ਸੁਲਤਾਨ ਖ਼ਾਨ ਨੇ 1322 ਵਿਚ ਮੁੜ ਵਸਾਇਆ ਸੀ, ਪਰ ਇਹ ਨਗਰ ਇਸ ਤੋਂ ਵੀ ਬਹੁਤ ਵਧ ਪੁਰਾਣਾ ਹੈ। ਇਸ ਜਗਹ ਘਟੋ-ਘਟ ਦੋ ਹਜ਼ਾਰ ਸਾਲ ਪੁਰਾਣੀਆਂ ਨਿਸ਼ਾਨੀਆਂ ਮਿਲਦੀਆਂ ਹਨ। 16 ਵੀਂ ਸਦੀ ਵਿਚ ਇਹ ਜਲੰਧਰ-ਦੋਆਬ ਦੇ ਗਵਰਨਰ ਦੌਲਤ ਖ਼ਾਨ ਲੋਧੀ ਦਾ ਹੈੱਡਕੁਆਰਟਰ ਸੀ। ਗੁਰੂ ਨਾਨਕ ਸਾਹਿਬ ਨਵੰਬਰ 1504 ਤੋਂ ਅਕਤੂਬਰ 1507 ਤਕ ਏਥੇ ਨਵਾਬ ਦੌਲਤ ਖ਼ਾਨ ਦੇ ਮੋਦੀਖ਼ਾਨੇ ਵਿਚ ਮੋਦੀ ਵਜੋਂ ਸੇਵਾ ਕਰਦੇ ਰਹੇ ਸਨ। ਗੁਰੂ ਅਰਜਨ ਸਾਹਿਬ ਤੇ ਗੁਰੂ ਹਰਗੋਬਿੰਦ ਸਿੰਘ ਵੀ ਇਕ ਵਾਰ ਏਸ ਨਗਰ ਗਏ ਸਨ। ਕਿਸੇ ਜ਼ਮਾਨੇ ਵਿਚ ਸੁਲਤਾਨਪੁਰ ਇਕ ਆਲੀਸ਼ਾਨ ਕਸਬਾ ਹੁੰਦਾ ਸੀ। ਇਸ ਨਗਰ ਵਿਚ ਹਜ਼ਾਰਾਂ ਦੁਕਾਨਾਂ ਹੁੰਦੀਆਂ ਸਨ। ਇੱਥੇ ਮੁਸਲਮਾਨਾਂ ਦੇ ਕਈ ਆਲਮ-ਫ਼ਾਜ਼ਲ ਵੀ ਰਿਹਾ ਕਰਦੇ ਸਨ। ਇਨ੍ਹਾਂ ਤੋਂ ਔਰੰਗਜ਼ੇਬ ਤੇ ਦਾਰਾ ਸ਼ਿਕੋਹ ਕੁਝ ਚਿਰ ਇੱਥੇ ਪੜ੍ਹਦੇ ਰਹੇ ਸਨ। ਮੁਗ਼ਲ ਬਾਦਸ਼ਾਹਾਂ, ਜਹਾਂਗੀਰ ਅਤੇ ਔਰੰਗਜ਼ੇਬ, ਦੇ ਜ਼ਮਾਨੇ ਦੇ, ਬੇਈਂ ਨਦੀ 'ਤੇ ਬਣੇ, ਦੋ ਟੁੱਟੇ ਹੋਏ ਪੁਲਾਂ ਦੀਆਂ ਨਿਸ਼ਾਨੀਆਂ ਅਜੇ ਵੀ ਮੌਜੂਦ ਹਨ। 1739 ਵਿਚ ਨਾਦਰ ਸ਼ਾਹ ਦੇ ਹਮਲੇ ਵੇਲੇ ਇਸ ਦਾ ਕਾਫ਼ੀ ਹਿੱਸਾ ਤਬਾਹ ਹੋ ਗਿਆ। ਨਵੰਬਰ 1753 ਵਿਚ ਸਿਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਸ ਨਗਰ 'ਤੇ ਇਸ ਨਗਰ 'ਤੇ ਕਬਜ਼ਾ ਕਰ ਲਿਆ। ਸੁਲਤਾਨਪੁਰ 'ਚ ਕਈ ਗੁਰਦੁਆਰੇ ਹਨ: (1) **ਗੁਰਦੁਆਰਾ ਬੇਰ ਸਾਹਿਬ**: ਵੇਈਂ ਨਦੀ ਦੇ ਕੰਢੇ ਇਸ ਬੇਰ ਦੇ ਹੇਠਾਂ ਗੁਰੂ ਸਾਹਿਬ ਅਕਸਰ ਬੈਠਿਆ, ਇਸ਼ਨਾਨ ਕਰਿਆ ਤੇ ਦੀਵਾਨ ਸਜਾਇਆ ਕਰਦੇ ਸਨ। (2) **ਗੁਰਦੁਆਰਾ ਹੱਟ ਸਾਹਿਬ**: ਇਹ ਮੋਦੀਖ਼ਾਨਾ ਸੀ, ਜਿੱਥੇ ਗੁਰੂ ਸਾਹਿਬ ਡਿਊਟੀ ਕਰਿਆ ਕਰਦੇ ਸਨ। (3) **ਗੁਰਦੁਆਰਾ ਸੰਤ ਘਾਟ:** ਇੱਥੋਂ ਗੁਰੂ ਨਾਨਕ ਸਾਹਿਬ ਨੇ ਆਪਣੀ ਪਹਿਲੀ ਉਦਾਸੀ ਸ਼ੁਰੂ ਕੀਤੀ ਸੀ। (4) **ਗੁਰਦੁਆਰਾ ਕੋਠੜੀ ਸਾਹਿਬ**: ਇਕ ਰਿਵਾਇਤ ਮੁਤਾਬਿਕ ਇੱਥੇ ਗੁਰੂ ਸਾਹਿਬ ਨੇ ਮੋਦੀਖ਼ਾਨੇ ਦਾ ਹਿਸਾਬ ਕਿਤਾਬ ਦਿੱਤਾ ਸੀ। (5) **ਗੁਰਦੁਆਰਾ ਗੁਰੂ ਦਾ ਬਾਗ਼:** ਬੇਬੇ ਨਾਨਕੀ ਤੇ ਗੁਰੂ ਨਾਨਕ ਸਾਹਿਬ ਇੱਥੇ ਰਿਹਾ ਕਰਦੇ ਸਨ। (6) **ਧਰਮਸਾਲਾ ਗੁਰੂ**

ਅਰਜਨ ਸਾਹਿਬ: ਗੁਰੂ ਅਰਜਨ ਸਾਹਿਬ ਆਪਣੇ ਬੇਟੇ ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਕਰਨ ਵਾਸਤੇ ਗੋਇੰਦਵਾਲ ਤੋਂ ਪਿੰਡ ਡੱਲਾ ਜਾਂਦੇ ਹੋਏ, ਇੱਥੇ ਰੁਕੇ ਸਨ। ਸੁਲਤਾਨਪੁਰ, ਜਲੰਧਰ ਤੋਂ 45 ਕਿਲੋਮੀਟਰ ਤੇ ਕਪੂਰਥਲਾ ਤੋਂ 25 ਕਿਲੋਮੀਟਰ ਦੂਰ ਹੈ।

ਖਡੂਰ ਸਾਹਿਬ

ਇਹ ਜ਼ਿਲ੍ਹਾ ਅੰਮ੍ਰਿਤਸਰ ਦਾ ਇਕ ਪੁਰਾਣਾ ਪਿੰਡ ਹੈ। ਗੁਰੂ ਅੰਗਦ ਸਾਹਿਬ ਏਥੇ ਤਕਰੀਬਨ 13 ਸਾਲ (1539-52) ਰਹੇ ਸਨ। ਗੁਰੂ ਅਮਰ ਦਾਸ ਸਾਹਿਬ ਏਥੇ ਹੀ ਗੁਰੂ ਅੰਗਦ ਸਾਹਿਬ ਨੂੰ ਮਿਲੇ ਸਨ ਅਤੇ ਉਹ ਵੀ ਏਥੇ 10 ਸਾਲ ਤੋਂ ਵੱਧ ਰਹੇ। ਇਕ ਰਿਵਾਇਤ ਮੁਤਾਬਿਕ ਗੁਰੂ ਨਾਨਕ ਸਾਹਿਬ ਵੀ ਖਡੂਰ ਸਾਹਿਬ ਆਏ ਸਨ ਤੇ ਇੱਥੇ ਰਹਿਣ ਵਾਲੇ ਇਕ ਸਿੱਖ ਭਾਈ ਜੋਧੇ ਨੂੰ ਮਿਲੇ ਸਨ। ਖਡੂਰ ਸਾਹਿਬ ਵਿਚ ਬਹੁਤ ਸਾਰੇ ਗੁਰਦੁਆਰੇ ਹਨ: (1) **ਗੁਰਦੁਆਰਾ ਤਪਿਆਣਾ ਸਾਹਿਬ**: ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। (2) **ਗੁਰਦੁਆਰਾ ਤਪ ਅਸਥਾਨ ਗੁਰੂ ਅੰਗਦ ਸਾਹਿਬ**: ਇੱਥੇ ਗੁਰੂ ਅੰਗਦ ਸਾਹਿਬ ਪਾਠ ਕਰਿਆ ਕਰਦੇ ਸਨ। (3) **ਗੁਰਦੁਆਰਾ ਦਰਬਾਰ ਸਾਹਿਬ (ਅੰਗੀਠਾ ਸਾਹਿਬ)**: ਏਥੇ ਗੁਰੂ ਅੰਗਦ ਸਾਹਿਬ ਦਾ ਸਸਕਾਰ ਕੀਤਾ ਗਿਆ ਸੀ। (4) **ਗੁਰਦੁਆਰਾ ਖੱਡੀ ਸਾਹਿਬ**: ਇੱਥੇ ਇਕ ਜੁਲਾਹੇ ਦੀ ਖੱਡੀ ਸੀ। ਇਕ ਵਾਰ ਗੁਰੂ ਅਮਰ ਦਾਸ ਸਾਹਿਬ ਖੂਹ ਤੋਂ ਪਾਣੀ ਲਿਆਉਂਦਿਆਂ, ਇਸ ਖੱਡੀ ਦੀ ਇਕ ਕਿੱਲੀ ਨਾਲ ਅੜ ਕੇ ਡਿਗ ਪਏ ਸਨ। (5) **ਗੁਰਦੁਆਰਾ ਥੜ੍ਹਾ ਸਾਹਿਬ ਗੁਰੂ ਅਮਰ ਦਾਸ ਸਾਹਿਬ:** ਇੱਥੇ ਗੁਰੂ ਅਮਰ ਦਾਸ ਸਾਹਿਬ ਪਾਠ ਕਰਿਆ ਕਰਦੇ ਸਨ। (6) **ਗੁਰਦੁਆਰਾ ਮੱਲ ਅਖਾੜਾ:** ਇੱਥੇ ਗੁਰੂ ਅੰਗਦ ਸਾਹਿਬ ਬੱਚਿਆਂ ਤੇ ਜਵਾਨਾਂ ਦੀਆਂ ਕੁਸ਼ਤੀਆਂ ਕਰਵਾਇਆ ਕਰਦੇ ਸਨ। ਇੱਥੇ ਗੁਰੂ ਸਾਹਿਬ ਦਾ ਚਲਾਇਆ ਇਕ ਸਕੂਲ ਸੀ, ਜਿਥੇ ਬੱਚੇ ਗੁਰਮੁਖੀ ਪੜ੍ਹਨਾ-ਲਿਖਣਾ ਸਿਖਿਆ ਕਰਦੇ ਸਨ। (7) **ਗੁਰਦੁਆਰਾ ਮਾਈ ਭਿਰਾਈ**: ਗੁਰੂ ਅੰਗਦ ਸਾਹਿਬ ਜੀ ਦੀ ਭੈਣ (ਇਕ ਸੋਮੇ ਮੁਤਾਬਿਕ ਭੂਆ) ਮਾਈ ਭਿਰਾਈ ਦੇ ਘਰ ਵਾਲੀ ਥਾਂ 'ਤੇ ਉਸ ਦੀ ਯਾਦ ਵਿਚ ਬਣਿਆ ਹੋਇਆ ਹੈ। ਇਕ ਰਿਵਾਇਤ ਮੁਤਾਬਿਕ ਜਦੋਂ ਗੁਰੂ ਨਾਨਕ ਸਾਹਿਬ ਜੋਤੀ-ਜੋਤਿ ਸਮਾਏ, ਉਦੋਂ ਗੁਰੂ ਅੰਗਦ ਸਾਹਿਬ ਖਡੂਰ ਆਏ ਹੋਏ ਸਨ ਤੇ ਇੱਥੇ ਰਹਿ ਰਹੇ ਸਨ। ਬਾਬਾ ਬੁੱਢਾ ਜੀ ਆਪ ਨੂੰ ਇੱਥੋਂ ਹੀ ਲੈ ਕੇ ਗਏ ਸਨ। (8) **ਬੀਬੀ ਅਮਰੋ ਜੀ ਦਾ ਖੂਹ**: ਇਹ ਗੁਰਦੁਆਰਾ ਕਿੱਲੀ ਸਾਹਿਬ ਦੇ ਨਾਲ ਹੀ ਹੈ। ਇਕ ਰਿਵਾਇਤ ਮੁਤਾਬਿਕ ਬੀਬੀ ਅਮਰੋ, ਪੁੱਤਰੀ ਗੁਰੂ ਅੰਗਦ ਸਾਹਿਬ, ਇਸ ਖੂਹ ਤੋਂ ਪਾਣੀ ਭਰਨ ਦੀ ਸੇਵਾ ਕਰਿਆ ਕਰਦੇ ਸਨ। ਖਡੂਰ ਸਾਹਿਬ ਅੰਮ੍ਰਿਤਸਰ ਤੋਂ 44 ਕਿਲੋਮੀਟਰ ਤੇ ਤਰਨ ਤਾਰਨ ਤੋਂ 20 ਕਿਲੋਮੀਟਰ ਹੈ। ਗੋਇੰਦਵਾਲ ਇਸ ਦੇ ਬਿਲਕੁਲ ਨੇੜੇ ਪੰਜ ਕਿਲੋਮੀਟਰ ਦੀ ਵਿੱਥ 'ਤੇ ਹੈ।

ਗੋਇੰਦਵਾਲ ਸਾਹਿਬ

ਇਹ ਪਿੰਡ ਦਰਿਆ ਬਿਆਸ ਦੇ ਕੰਢੇ 'ਤੇ ਹੈ। ਇਹ ਪਿੰਡ ਬਹੁਤ ਪ੍ਰਾਚੀਨ ਪਿੰਡ ਸੀ ਤੇ ਲਾਹੌਰ ਜਾਣ ਵਾਲੇ ਸਾਰੇ ਲੋਕ ਬਿਆਸ ਦਰਿਆ ਨੂੰ ਇੱਥੋਂ ਹੀ ਪਾਰ ਕਰਿਆ ਕਰਦੇ ਸਨ। ਉਦੋਂ ਜਰਨੈਲੀ ਸੜਕ (ਜੀ. ਟੀ. ਰੋਡ) ਇੱਥੋਂ ਹੀ ਲੰਘਿਆ ਕਰਦੀ ਸੀ। ਇਸ ਪਿੰਡ ਦੀ ਬਹੁਤੀ ਜ਼ਮੀਨ ਇਕ ਸਿੱਖ ਭਾਈ ਗੋਇੰਦਾ ਦੇ ਪਰਿਵਾਰ ਦੀ ਸੀ। ਉਸ ਪਰਿਵਾਰ ਦੇ ਅਰਜ਼ ਕਰਨ 'ਤੇ, 1552 ਵਿਚ, ਗੁਰੂ ਅਮਰ ਦਾਸ ਇਸ ਨਗਰ ਵਿਚ ਆਪਣਾ ਘਰ

ਬਣਾ ਕੇ ਏਥੇ ਹੀ ਰਹਿਣ ਲਗ ਪਏ ਸਨ। ਗੁਰੂ ਅਰਜਨ ਦਾਸ ਸਾਹਿਬ ਦਾ ਜਨਮ ਵੀ ਇਥੇ ਹੀ ਹੋਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿ ਰਾਇ ਸਾਹਿਬ ਵੀ ਇਥੇ ਰਹਿੰਦੇ ਰਹੇ। ਗੋਇੰਦਵਾਲ ਸਾਹਿਬ ਵਿਚ ਕਈ ਗੁਰਦੁਆਰੇ ਹਨ: (1) **ਬਾਉਲੀ ਸਾਹਿਬ**: ਇਹ ਗੁਰਦੁਆਰਾ ਬਾਉਲੀ 'ਤੇ ਬਣਿਆ ਹੋਇਆ ਹੈ ਉਨ੍ਹੀਂ ਦਿਨੀ ਇਲਾਕੇ ਵਿਚ ਪਾਣੀ ਦੀ ਬਹੁਤ ਕਮੀ ਸੀ। ਗੁਰੂ ਅਮਰ ਦਾਸ ਸਾਹਿਬ ਨੇ ਕਾਫ਼ੀ ਡੂੰਘੀ ਖੁਦਾਈ ਕਰਵਾ ਕੇ ਬਾਉਲੀ ਬਣਵਾਈ ਸੀ। ਇਹ ਬਾਉਲੀ 1556 ਵਿਚ ਬਣੀ ਸੀ। ਇਸ ਦੇ ਪਾਣੀ ਦੀ ਤਹਿ ਤਕ ਪਹੁੰਚਣ ਵਾਸਤੇ 84 ਪੌੜੀਆਂ ਹੇਠਾਂ ਉਤਰਨਾ ਪੈਂਦਾ ਹੈ (ਗੁਰੂ ਸਾਹਿਬ ਵੇਲੇ ਇਨ੍ਹਾਂ ਪੌੜੀਆਂ ਦੀ ਗਿਣਤੀ 84 ਨਹੀਂ ਸੀ)। ਬ੍ਰਾਹਮਣਾਂ ਨੇ ਇਹ ਕੂੜ ਪ੍ਰਚਾਰ ਕੀਤਾ ਹੋਇਆ ਹੈ ਕਿ ਇਨ੍ਹਾਂ 84 ਪੌੜੀਆਂ 'ਤੇ, 84 ਪਾਠ ਜਪੁਜੀ ਸਾਹਿਬ ਦੇ ਕਰਨ ਨਾਲ, 84 ਲੱਖ ਜੂਨ ਦਾ ਚੱਕਰ ਕੱਟਿਆ ਜਾਂਦਾ ਹੈ। ਸਿੱਖੀ ਸਿਧਾਂਤਾਂ ਮੁਤਾਬਿਕ ਇਹ ਗੱਲ ਬਿਲਕੁਲ ਗ਼ਲਤ ਹੈ)। 1906 ਵਿਚ ਇਸ ਗੁਰਦੁਆਰੇ 'ਤੇ ਸੰਗਮਰਮਰ ਲਾਇਆ ਅਤੇ ਗੁੰਬਦ 'ਤੇ ਸੋਨਾ ਚੜ੍ਹਾਇਆ ਗਿਆ ਸੀ। (2) **ਖੂਹ ਗੁਰੂ ਰਾਮ ਦਾਸ ਸਾਹਿਬ:** ਇਹ ਖੂਹ ਗੁਰੂ ਰਾਮ ਦਾਸ ਸਾਹਿਬ ਨੇ ਲੁਆਇਆ ਸੀ। ਭਾਈ ਗੁਰਦਾਸ ਜੀ ਨੇ ਇਸੇ ਜਗਹ ਚੜ੍ਹਾਈ ਕੀਤੀ ਸੀ। (3) **ਚੌਬਾਰਾ ਸਾਹਿਬ:** ਇਹ ਗੁਰੂ ਰਾਮ ਦਾਸ ਸਾਹਿਬ ਦਾ ਨਿਵਾਸ ਸੀ। ਗੁਰੂ ਅਰਜਨ ਸਾਹਿਬ ਦਾ ਜਨਮ ਇਥੇ ਹੋਇਆ ਸੀ। ਹੁਣ ਇਸ ਦੇ ਨਾਲ ਹੀ **ਗੁਰਦੁਆਰਾ ਜਨਮ ਅਸਥਾਨ ਪਾਤਿਸ਼ਾਹੀ ਪੰਜਵੀਂ** ਵੀ ਬਣਾਇਆ ਜਾ ਚੁੱਕਾ ਹੈ। ਗੁਰੂ ਰਾਮ ਦਾਸ ਸਾਹਿਬ ਇਥੇ ਹੀ ਜੋਤੀ ਜੋਤਿ ਸਮਾਏ ਸਨ। ਇਥੇ ਇਕ ਰੱਥ ਪਿਆ ਹੈ, ਜਿਸ ਬਾਰੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਗੁਰੂ ਅਰਜਨ ਸਾਹਿਬ ਦੇ ਵੇਲੇ ਦਾ ਹੈ। (4) **ਗੁਰਿਆਈ ਅਸਥਾਨ**: ਏਥੇ ਗੁਰੂ ਰਾਮ ਦਾਸ ਸਾਹਿਬ ਨੂੰ ਗੁਰਗੱਦੀ ਦਿੱਤੀ ਗਈ ਸੀ। (5) **ਜੋਤੀ-ਜੋਤਿ ਅਸਥਾਨ ਪਾਤਿਸ਼ਾਹੀ ਤੀਜੀ**: ਗੁਰਿਆਈ ਅਸਥਾਨ ਦੇ ਬਿਲਕੁਲ ਨਾਲ ਹੀ ਹੈ। ਇਥੇ ਗੁਰੂ ਅਮਰ ਦਾਸ ਸਾਹਿਬ ਜੋਤੀ ਜੋਤਿ ਸਮਾਏ ਸਨ। (6) **ਥੜ੍ਹਾ ਗੁਰੂ ਅਮਰ ਦਾਸ ਸਾਹਿਬ**: ਬਾਉਲੀ ਦੀ ਖੁਦਵਾਈ ਵੇਲੇ ਗੁਰੂ ਅਮਰ ਦਾਸ ਸਾਹਿਬ ਏਥੇ ਬੈਠ ਕੇ ਕਦੇ-ਕਦੇ ਥੱਕ ਜਾਣ ਮਗਰੋਂ ਆਰਾਮ ਕਰਿਆ ਕਰਦੇ ਸਨ। (7) **ਕਿੱਲੀ ਸਾਹਿਬ:** ਬ੍ਰਾਹਮਣ ਲੇਖਕਾਂ ਦੇ ਪਰਚਾਰ ਮੁਤਾਬਿਕ ਗੁਰੂ ਅਮਰ ਦਾਸ ਸਾਹਿਬ 'ਤਪ' ਕਰਨ ਵੇਲੇ ਇਸ ਕਿੱਲੀ ਨੂੰ ਫੜ ਕੇ ਖੜ੍ਹੇ ਹੋਇਆ ਕਰਦੇ ਸਨ। ਇਸ ਕਿੱਲੀ 'ਤੇ ਹੁਣ ਚਾਂਦੀ ਚੜ੍ਹੀ ਹੋਈ ਹੈ। ਇਹ ਕਿੱਲੀ ਗੁਰਦੁਆਰਾ ਚੌਬਾਰਾ ਸਾਹਿਬ ਵਿਚ ਜੜ੍ਹੀ ਹੋਈ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਅਜਿਹਾ 'ਤਪ' ਕੋਈ ਚੀਜ਼ ਨਹੀਂ ਹੁੰਦੀ। ਯਕੀਨਨ ਇਹ ਕਹਾਣੀ ਮਗਰੋਂ ਘੜੀ ਗਈ ਹੋਵੇਗੀ।

ਇਨ੍ਹਾਂ ਗੁਰਦੁਆਰਿਆਂ ਤੋਂ ਇਲਾਵਾ ਬਾਬਾ ਅਨੰਦ (ਬਾਬਾ ਮੋਹਰੀ ਦਾ ਪੁੱਤਰ ਤੇ ਗੁਰੂ ਅਮਰ ਦਾਸ ਸਾਹਿਬ ਦਾ ਪੋਤਾ) ਅਤੇ ਬਾਬਾ ਮੋਹਨ (ਗੁਰੂ ਅਮਰ ਦਾਸ ਸਾਹਿਬ ਦਾ ਦੂਜਾ ਪੁੱਤਰ) ਦੀਆਂ ਯਾਦਗਾਰਾਂ ਵੀ ਬਣੀਆਂ ਹੋਈਆਂ ਹਨ। ਪਿੰਡ ਤੋਂ ਤਿੰਨ ਕਿਲੋਮੀਟਰ ਦੂਰ **ਗੁਰਦੁਆਰਾ ਦਮਦਮਾ ਸਾਹਿਬ** ਵੀ ਹੈ, ਜਿਸ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਕਿ ਗੁਰੂ ਅਮਰ ਦਾਸ ਸਾਹਿਬ ਦਰਿਆ ਤੋਂ ਪਾਣੀ ਲਿਆਉਣ ਸਮੇਂ ਏਥੇ ਪਲ ਕੁ ਰੁਕ ਕੇ ਸਾਹ ਲਿਆ ਕਰਦੇ ਸਨ। ਇਹ ਗੱਲ ਝੂਠ ਜਾਪਦੀ ਹੈ, ਕਿਉਂਕਿ ਗੋਇੰਦਵਾਲ ਤੋਂ ਬਿਆਸ 10 ਕਿਲੋਮੀਟਰ ਹੈ ਅਤੇ ਇਹ ਮੁਮਕਿਨ ਨਹੀਂ ਕਿ 10 ਕਿਲੋਮੀਟਰ ਦੇ ਏਰੀਏ ਵਿਚ ਪਾਣੀ ਨਾ ਹੋਵੇ ਪਰ ਲੋਕ ਵਸਦੇ ਹੋਣ। ਊਂਵ ਜੇ ਇਹ ਸੱਚ ਮੰਨ ਲਈਏ ਤਾਂ ਇਕ ਤਾਂ ਸਾਰਾ ਪਿੰਡ ਨਹਾਉਂਦਾ ਹੀ ਨਹੀਂ ਹੋਵਗਾ ਤੇ ਦੂਜਾ ਪਿੰਡ ਦੇ

ਲੋਕ ਸਾਰਾ ਦਿਨ ਪੀਣ ਦਾ ਪਾਣੀ ਇਥੋਂ ਭਰ ਕੇ ਲਿਜਾਂਦੇ ਹੀ ਥੱਕ ਜਾਇਆ ਕਰਦੇ ਹੋਣਗੇ।

ਬਾਦਸ਼ਾਹ ਅਕਬਰ ਤੇ ਉਸ ਦਾ ਵਜ਼ੀਰ ਅਬੂ ਫ਼ਜ਼ੂਲ ਇਸ ਪਿੰਡ ਵਿਚ ਗੁਰੂ ਅਰਜਨ ਸਾਹਿਬ ਕੋਲ 24 ਨਵੰਬਰ 1598 ਦੇ ਦਿਨ ਆਏ ਸਨ। (ਇਕ ਰਿਵਾਇਤ ਮੁਤਾਬਿਕ ਅਕਬਰ ਗੁਰੂ ਅਮਰ ਦਾਸ ਸਾਹਿਬ ਵੇਲੇ ਵੀ ਇਥੇ ਆਇਆ ਸੀ)। ਬਾਦਸ਼ਾਹ ਜਹਾਂਗੀਰ ਵੀ ਏਥੇ 27 ਜਨਵਰੀ 1620 ਨੂੰ ਆਇਆ ਸੀ ਤੇ ਏਥੋਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਕਲਾਨੌਰ ਨੂੰ ਗਿਆ ਸੀ। ਗੋਇੰਦਵਾਲ ਖਡੂਰ ਸਾਹਿਬ ਤੋਂ 5 ਕੁ ਕਿਲੋਮੀਟਰ, ਤਰਨ ਤਾਰਨ ਤੋਂ 25 ਕਿਲੋਮੀਟਰ ਤੇ ਅੰਮ੍ਰਿਤਸਰ ਤੋਂ 50 ਕਿਲੋਮੀਟਰ ਦੂਰ ਹੈ।

ਅੰਮ੍ਰਿਤਸਰ

ਅੰਮ੍ਰਿਤਸਰ ਸ਼ਹਿਰ ਅੱਜ ਸਿੱਖ ਕੌਮ ਦਾ ਸਭ ਤੋਂ ਵੱਡਾ ਸੈਂਟਰ ਹੈ। ਇਹ ਪਹਿਲਾ ਨਗਰ ਹੈ, ਜੋ ਗੁਰੂ ਸਾਹਿਬ ਨੇ ਸਿੱਖ ਮਾਡਲ ਨਗਰ ਵਜੋਂ ਵਸਾਇਆ ਸੀ। ਅੰਮ੍ਰਿਤਸਰ ਦਾ ਪਹਿਲਾ ਨਾਂ "ਗੁਰੂ ਦਾ ਚੱਕ" ਸੀ। ਇਸ ਨੂੰ ਵਸਾਉਣ ਵਾਸਤੇ ਗੁਰੂ ਰਾਮ ਦਾਸ ਸਾਹਿਬ ਨੇ 1564 ਵਿਚ ਸੁਲਤਾਨਵਿੰਡ, ਤੁੰਗ ਤੇ ਗਿਲਵਾਲੀ ਪਿੰਡਾਂ ਦੇ ਜ਼ਿਮੀਦਾਰਾਂ ਤੋਂ ਉਸ ਵੇਲੇ ਦੇ 700 ਅਕਬਰੀ ਰੁਪਏ ਦੇ ਕੇ ਜ਼ਮੀਨ ਖ਼ਰੀਦੀ ਸੀ। ਉਦੋਂ ਸੰਤੋਖਸਰ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ ਗਈ ਸੀ, ਜੋ ਪੂਰੀ ਤਰ੍ਹਾਂ ਤਿਆਰ ਨਾ ਹੋ ਸਕਿਆ। ਫਿਰ 1574 ਵਿਚ ਗੁਰੂ ਅਮਰ ਦਾਸ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਕੁਝ ਚਿਰ ਮਗਰੋਂ ਗੁਰੂ ਰਾਮ ਦਾਸ ਸਾਹਿਬ ਏਥੇ ਆ ਕੇ ਰਹਿਣ ਲੱਗ ਪਏ। 1577 ਵਿਚ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਸ਼ੁਰੂ ਹੋ ਗਈ। 1581 ਤਕ ਇਹ ਸਰੋਵਰ ਤਿਆਰ ਹੋ ਗਿਆ ਸੀ। ਇਸੇ ਸਾਲ ਗੁਰੂ ਰਾਮ ਦਾਸ ਸਾਹਿਬ ਜੋਤੀ-ਜੋਤਿ ਸਮਾ ਗਏ। ਗੁਰੂ ਅਰਜਨ ਸਾਹਿਬ ਨੇ ਇਸ ਸਰੋਵਰ ਨੂੰ ਪੱਕਿਆਂ ਕੀਤਾ ਤੇ ਇਸ ਦੇ ਨਾਲ ਹੀ ਸੰਤੋਖਸਰ ਸਰੋਵਰ ਵੀ ਤਿਆਰ ਕਰਵਾ ਲਿਆ। 1587 ਵਿਚ ਦੋਵੇਂ ਸਰੋਵਰ ਤਿਆਰ ਹੋ ਚੁੱਕੇ ਸਨ। 3 ਜਨਵਰੀ 1588 ਦੇ ਦਿਨ ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਨੀਂਹ ਰੱਖੀ। (ਮਗਰੋਂ ਇਕ ਮੁਸਲਮਾਨ ਲਿਖਾਰੀ ਬੂਟੇ ਸ਼ਾਹ ਨੇ ਆਪਣੀ ਕਿਤਾਬ ਵਿਚ ਇਹ ਪ੍ਰਾਪੇਗੰਡਾ ਕੀਤਾ ਕਿ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਨੇ ਰੱਖੀ ਸੀ। ਕੁਝ ਸਿੱਖ ਲੇਖਕਾਂ ਨੇ ਇਸ ਐਂਟੀ-ਸਿੱਖ ਪ੍ਰਾਪੇਗੰਡੇ ਨੂੰ ਸੱਚ ਮੰਨ ਕੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ)। ਇਸੇ ਨਗਰ ਵਿਚ ਸਰੋਵਰ ਰਾਮਸਰ ਦੇ ਮੁਕਾਮ 'ਤੇ 1603-04 ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕੀਤਾ ਗਿਆ ਸੀ। ਗੁਰੂ ਗ੍ਰੰਥ ਸਾਹਿਬ ਦਾ ਇਹ ਸਰੂਪ 31 ਜੁਲਾਈ 1604 ਦੇ ਦਿਨ ਮੁਕੰਮਲ ਹੋਇਆ ਅਤੇ 16 ਅਗਸਤ 1604 ਦੇ ਦਿਨ ਇਸ ਦਾ ਪ੍ਰਕਾਸ਼ ਦਰਬਾਰ ਸਾਹਿਬ ਵਿਚ ਕੀਤਾ ਗਿਆ ਸੀ।

ਜੁਲਾਈ 1609 ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੇ ਥੜ੍ਹੇ ਦੀ ਨੀਂਹ ਰੱਖੀ। ਗੁਰੂ ਹਰਿਗੋਬਿੰਦ ਸਾਹਿਬ ਇੱਥੇ 1612 ਤੱਕ ਰਹੇ। ਇਸ ਮਗਰੋਂ ਆਪ ਗਵਾਲੀਅਰ (ਕਿਲ੍ਹੇ ਦੀ ਕੈਦ ਵਿਚ), ਗੋਇੰਦਵਾਲ, ਡਰੋਲੀ ਭਾਈ ਤੇ ਅੰਮ੍ਰਿਤਸਰ ਵਿਚ ਵੱਖ-ਵੱਖ ਸਮਿਆਂ 'ਤੇ ਰਹੇ। 14 ਅਪਰੈਲ, 1634 ਦੇ ਦਿਨ ਮੁਰਤਜ਼ਾ ਖ਼ਾਨ ਦੀ ਅਗਵਾਈ ਹੇਠ ਮੁਗ਼ਲਾਂ ਨੇ ਇਥੇ ਹਮਲਾ ਕਰ ਦਿੱਤਾ ਪਰ ਬੁਰੀ ਤਰ੍ਹਾਂ ਹਾਰ ਖਾਧੀ। 1635 ਤੋਂ 1696 ਤਕ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਮਿਹਰਬਾਨ (ਪੁੱਤਰ ਪ੍ਰਿਥੀ ਚੰਦ ਮੀਣਾ) ਤੇ ਉਸ ਦੇ ਟੱਬਰ ਕੋਲ ਰਹੀ। ਮਈ 1698 ਵਿਚ ਭਾਈ ਮਨੀ ਸਿੰਘ ਏਥੋਂ ਦੇ ਮੁਖ ਸੇਵਾਦਾਰ ਬਣ ਕੇ ਆਏ ਤੇ ਕੁਝ ਵਕਫ਼ੇ ਤੋਂ ਬਿਨਾਂ 1734 ਤਕ ਸੇਵਾ

ਕਰਦੇ ਰਹੇ। ਇਸ ਦੌਰਾਨ ਅਪਰੈਲ 1709 ਵਿਚ ਮੁਗਲਾਂ ਨੇ ਅੰਮ੍ਰਿਤਸਰ 'ਤੇ ਦੋ ਹਮਲੇ ਕੀਤੇ ਪਰ ਬੁਰੀ ਤਰ੍ਹਾਂ ਪਛਾੜੇ ਗਏ। ਬੰਦਾ ਸਿੰਘ ਬਹਾਦਰ ਦੀ ਚੜ੍ਹਤ ਵੇਲੇ ਬਾਦਸ਼ਾਹ ਬਹਾਦਰ ਸ਼ਾਹ ਨੇ ਅਜੀਤ ਸਿੰਘ ਪਾਲਿਤ ਨੂੰ ਬੰਦਾ ਸਿੰਘ ਦੇ ਖ਼ਿਲਾਫ਼ ਵਰਤਣ ਵਾਸਤੇ 30 ਦਸੰਬਰ 1711 ਦੇ ਦਿਨ ਅੰਮ੍ਰਿਤਸਰ ਦਾ ਚਾਰਜ ਉਸ ਨੂੰ ਦੇ ਦਿੱਤਾ। 28 ਫ਼ਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਮਗਰੋਂ ਅਜੀਤ ਸਿੰਘ ਪਾਲਿਤ ਫੇਰ ਦਿੱਲੀ ਚਲਾ ਗਿਆ। ਇਸ ਤੋਂ ਬਾਅਦ ਫੇਰ ਫ਼ਰੁਖ਼ਸੀਅਰ ਦੇ ਜ਼ੁਲਮ ਦਾ ਦੌਰ ਚੱਲ ਪਿਆ। ਜਦੋਂ ਕੁਝ ਠਲ੍ਹ ਪਈ ਤੋਂ 1721 ਵਿਚ ਭਾਈ ਮਨੀ ਸਿੰਘ ਫੇਰ ਅੰਮ੍ਰਿਤਸਰ ਆ ਗਏ। ਇਸ ਮਗਰੋਂ ਕੁਝ ਚਿਰ ਚੁੱਪ ਰਹੀ, ਪਰ 1726 ਤੋਂ ਮਗਰੋਂ ਫੇਰ ਜ਼ੁਲਮ ਦਾ ਦੌਰ ਚੱਲ ਪਿਆ। 29 ਮਾਰਚ, 1733 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਮੁਗਲ ਗਵਰਨਰ ਜ਼ਕਰੀਆ ਖ਼ਾਨ ਵੱਲੋਂ ਨੁਮਾਇੰਦੇ ਨੇ ਹਾਜ਼ਰ ਹੋ ਕੇ ਸਿੱਖਾਂ ਨੂੰ ਨੀਮ-ਖ਼ੁਦਮੁਖ਼ਤਿਆਰੀ ਦੀ ਪੇਸ਼ਕਸ਼ ਕੀਤੀ। ਜਾਗੀਰ ਦੀ ਇਸ ਪੇਸ਼ਕਸ਼ ਨੂੰ ਅਕਾਲ ਤਖ਼ਤ ਸਾਹਿਬ 'ਤੇ ਵਿਚਾਰਿਆ ਗਿਆ। ਤਜਰਬੇ ਵਜੋਂ ਇਸ ਪੇਸ਼ਕਸ਼ ਨੂੰ ਕਬੂਲ ਕਰ ਲਿਆ ਗਿਆ। ਇਹ ਮਾਹੌਲ ਦੋ ਤਿੰਨ ਮਹੀਨੇ ਹੀ ਕਾਇਮ ਰਿਹਾ।

ਅਕਤੂਬਰ 1733 ਵਿਚ ਭਾਈ ਮਨੀ ਸਿੰਘ ਨੇ ਮੁਗਲ ਗਵਰਨਰ ਤੋਂ ਦੀਵਾਲੀ ਦੇ ਮੌਕੇ 'ਤੇ ਇਕੱਠ ਕਰਨ ਦੀ ਇਜਾਜ਼ਤ ਮੰਗੀ। ਕੁਝ ਹਜ਼ਾਰ ਰੁਪਏ ਦੇ ਤਾਵਾਨ ਦੀ ਸ਼ਰਤ 'ਤੇ ਇਸ ਦੀ ਇਜਾਜ਼ਤ ਦੇ ਦਿੱਤੀ ਗਈ। ਦੂਜੇ ਪਾਸੇ ਸਰਕਾਰ ਨੇ ਇਸ ਮੌਕੇ 'ਤੇ ਸਿੱਖਾਂ ਦਾ ਕਤਲੇਆਮ ਕਰਨ ਦੀ ਅਫ਼ਵਾਹ ਫੈਲਾ ਕੇ ਸਿੱਖਾਂ ਦੇ ਇਕੱਠ ਵਿਚ ਰੁਕਾਵਟਾਂ ਪਾਈਆਂ, ਜਿਸ ਨਾਲ ਭਾਈ ਮਨੀ ਸਿੰਘ ਤਾਵਾਨ ਨਾ ਦੇ ਸਕੇ ਤੇ ਵਿਸਾਖ ਤਕ ਦੀ ਮੁਹਲਤ ਲੈ ਲਈ। ਪਹਿਲੀ ਵਿਸਾਖ ਦੇ ਦਿਨ ਵੀ ਚੜ੍ਹਾਵਾ ਕਾਫ਼ੀ ਨਾ ਹੋ ਸਕਣ ਕਰ ਕੇ ਭਾਈ ਮਨੀ ਸਿੰਘ ਅਜੇ ਵੀ ਰਕਮ ਨਾ ਦੇ ਸਕੇ। ਮੁਗਲ ਗਵਰਨਰ ਤਾਂ ਪਹਿਲੋਂ ਹੀ ਬਹਾਨਾ ਲੱਭ ਰਿਹਾ ਸੀ। ਉਸ ਨੇ ਭਾਈ ਮਨੀ ਸਿੰਘ ਅਤੇ ਉਨ੍ਹਾਂ ਦੇ ਦਰਜਨ ਦੇ ਕਰੀਬ ਰਿਸ਼ਤੇਦਾਰ ਤੇ ਸਾਥੀ ਗ੍ਰਿਫ਼ਤਾਰ ਕਰ ਕੇ 24 ਜੂਨ 1734 ਦੇ ਦਿਨ ਲਾਹੌਰ ਵਿਚ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤੇ।

1740 ਵਿਚ ਮੁਗਲ ਬਾਦਸ਼ਾਹ ਨੇ ਅੰਮ੍ਰਿਤਸਰ 'ਤੇ ਕਬਜ਼ਾ ਕਰ ਕੇ, ਮੰਡਿਆਲਾ ਪਿੰਡ ਦੇ, ਇਕ ਧੱਕੜ ਤੇ ਅੱਯਾਸ਼ ਮੱਸਾ ਰੰਘੜ ਨੂੰ ਇਥੇ ਬਿਠਾ ਦਿੱਤਾ। ਉਸ ਨੇ ਇਸ ਜਗ੍ਹਾ 'ਤੇ ਬੇਹੁਰਮਤੀ ਦੀਆਂ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। 11 ਅਗਸਤ 1740 ਦੇ ਦਿਨ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਬੀਕਾਨੇਰ ਤੋਂ ਆ ਕੇ ਮੱਸਾ ਰੰਘੜ ਦਾ ਸਿਰ ਵੱਢਿਆ ਅਤੇ ਇਕ ਵਾਰ ਤਾਂ ਗੁਰਦੁਆਰੇ ਦੀ ਬੇਅਦਬੀ ਰੋਕ ਦਿੱਤੀ। ਅਪਰੈਲ-ਮਈ 1757 ਵਿਚ ਅਫ਼ਗਾਨ ਫ਼ੌਜ ਨੇ ਅੰਮ੍ਰਿਤਸਰ 'ਤੇ ਕਬਜ਼ਾ ਕਰ ਕੇ ਇਥੇ ਬੇਹੁਰਮਤੀ ਕੀਤੀ ਤੇ ਦਰਬਾਰ ਸਾਹਿਬ ਢਾਹ ਦਿੱਤਾ। ਖ਼ਬਰ ਮਿਲਣ ਮਗਰੋਂ ਬਾਬਾ ਦੀਪ ਸਿੰਘ ਦੀ ਅਗਵਾਈ ਵਿਚ ਸਿੰਘਾਂ ਨੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। 11 ਨਵੰਬਰ 1757 ਦੇ ਦਿਨ ਗਹਿਗਚ ਲੜਾਈ ਵਿਚ ਬਾਬਾ ਦੀਪ ਸਿੰਘ ਤੇ ਹਜ਼ਾਰਾਂ ਸਿੱਖ ਸ਼ਹੀਦ ਹੋਏ। ਇਸ ਮਗਰੋਂ ਸਿੱਖਾਂ ਨੇ ਫੇਰ ਗੁਰਦੁਆਰਾ ਬਣਾ ਲਿਆ। 1762 ਵਿਚ ਅਹਿਮਦ ਸ਼ਾਹ ਦੁਰਾਨੀ ਨੇ ਫੇਰ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਅਤੇ ਇਸ ਨੂੰ ਬਾਰੂਦ ਨਾਲ ਉਡਵਾ ਦਿੱਤਾ। 17 ਅਕਤੂਬਰ 1762 ਦੇ ਦਿਨ ਅੰਮ੍ਰਿਤਸਰ ਦੇ ਬਾਹਰ ਸਿੱਖਾਂ ਨੇ ਅਹਿਮਦ ਸ਼ਾਹ ਦੁਰਾਨੀ ਦੀ ਵੱਡੀ ਫ਼ੌਜ ਨੂੰ ਬੁਰੀ ਤਰ੍ਹਾਂ ਹਰਾਇਆ। ਪਹਿਲੀ ਦਸੰਬਰ 1764 ਦੇ ਦਿਨ ਫੇਰ ਅਬਦਾਲੀ ਦੀਆਂ ਫ਼ੌਜਾਂ ਇਥੇ ਹਮਲਾਵਰ ਹੋਈਆਂ। ਜਥੇਦਾਰ ਗੁਰਬਖ਼ਸ਼ ਸਿੰਘ

ਦੀ ਅਗਵਾਈ ਵਿਚ 30 ਸਿੰਘਾਂ ਨੇ ਸੈਂਕੜੇ ਅਫ਼ਗਾਨ ਮਾਰ ਕੇ ਸ਼ਹੀਦੀਆਂ ਹਾਸਲ ਕੀਤੀਆਂ।

1765 ਵਿਚ ਸਿਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਦਰਬਾਰ ਸਾਹਿਬ ਦੀ ਮੁੜ ਉਸਾਰੀ ਸ਼ੁਰੂ ਕਰਵਾਈ ਗਈ। 1776 ਤਕ ਇਸ ਦਾ ਸੈਂਟਰਲ ਹਿੱਸਾ ਤਿਆਰ ਹੋ ਚੁੱਕਾ ਸੀ। ਇਸ ਮਗਰੋਂ ਭੰਗੀ ਮਿਸਲ ਦੇ ਸਿਰਦਾਰਾਂ, ਰਣਜੀਤ ਸਿੰਘ ਤੇ ਹੋਰ ਸਿੱਖਾਂ ਨੇ ਦਰਬਾਰ ਸਾਹਿਬ 'ਤੇ ਸੋਨੇ ਦਾ ਪਤਰਾ ਚੜ੍ਹਵਾਇਆ (ਇਸ ਦਾ ਇਕ ਨੁਕਸਾਨ ਇਹ ਹੋਇਆ ਕਿ ਦਰਬਾਰ ਸਾਹਿਬ ਨੂੰ "ਗੋਲਡਨ ਟੈਂਪਲ" ਯਾਨਿ "ਸੋਨੇ ਦਾ ਮੰਦਿਰ" ਆਖਿਆ ਜਾਣਾ ਸ਼ੁਰੂ ਹੋ ਗਿਆ)।

1845-46 ਦੀ ਲੜਾਈ ਤੋਂ ਬਾਅਦ ਲਾਹੌਰ 'ਚ ਬ੍ਰਿਟਿਸ਼ ਰੈਜ਼ੀਡੈਂਟ ਰਹਿਣ ਲੱਗ ਪਿਆ ਤੇ ਉਹ ਅੰਮ੍ਰਿਤਸਰ ਵੀ ਅਕਸਰ ਆਉਣ ਲੱਗ ਪਿਆ। ਇਸ ਦੇ ਨਾਲ ਹੀ ਬਹੁਤ ਸਾਰੇ ਅੰਗਰੇਜ਼ੀ ਅਫ਼ਸਰ ਤੇ ਫ਼ੌਜੀ ਜਰਨੈਲ ਵੀ ਅੰਮ੍ਰਿਤਸਰ ਆਉਣ ਲਗ ਪਏ। ਇਸ ਕਰ ਕੇ 24 ਮਾਰਚ 1887 ਦੇ ਦਿਨ ਰੈਜ਼ੀਡੈਂਟ ਨੇ ਇਕ ਚਿੱਠੀ ਜਾਰੀ ਕਰ ਕੇ ਬਰਤਾਨਵੀ ਅਫ਼ਸਰਾਂ ਨੂੰ ਹਿਦਾਇਤ ਕੀਤੀ ਕਿ ਅੰਮ੍ਰਿਤਸਰ ਸ਼ਹਿਰ 'ਚ ਦਾਖ਼ਲ ਹੋਣ ਸਮੇਂ ਇਸ ਪਵਿੱਤਰ ਸ਼ਹਿਰ ਦੀ ਮਰਿਆਦਾ 'ਤੇ ਅਮਲ ਕੀਤਾ ਜਾਏ। 1849 ਵਿਚ ਪੰਜਾਬ ਨੂੰ ਅੰਗਰੇਜ਼ਾਂ ਨੇ ਆਪਣੀ ਹਕੂਮਤ ਵਿਚ ਪੂਰੀ ਤਰ੍ਹਾਂ ਸ਼ਾਮਿਲ ਕਰ ਲਿਆ। 1858 ਵਿਚ ਅੰਮ੍ਰਿਤਸਰ ਵਿਚ ਮਿਊਂਸਪਲ ਕਮੇਟੀ ਕਾਇਮ ਕਰ ਦਿੱਤੀ ਗਈ। 1862 ਵਿਚ ਅੰਮ੍ਰਿਤਸਰ ਤੇ ਲਾਹੌਰ ਵਿਚਕਾਰ ਰੇਲ-ਗੱਡੀ ਚੱਲਣ ਲੱਗ ਪਈ। 1892 ਵਿਚ ਇਥੇ ਖ਼ਾਲਸਾ ਕਾਲਜ ਬਣ ਗਿਆ (1969 ਵਿਚ ਏਥੇ ਯੂਨੀਵਰਸਿਟੀ ਵੀ ਬਣ ਗਈ)।

1873 ਵਿਚ ਇਸੇ ਨਗਰ ਵਿਚ ਸਿੰਘ ਸਭਾ ਕਾਇਮ ਦੀ ਕਇਮੀ ਹੋਈ ਸੀ। 1902 ਵਿਚ ਇੱਥੇ ਹੀ ਚੀਫ਼ ਖ਼ਾਲਸਾ ਦੀਵਾਨ ਵੀ ਬਣਿਆ ਸੀ। 1919 ਦੀ 13 ਅਪ੍ਰੈਲ ਨੂੰ ਜਲ੍ਹਿਆਂ ਵਾਲੇ ਬਾਗ਼ ਵਿਚ ਜਨਰਲ ਡਾਇਰ ਨੇ ਗੋਲੀ ਚਲਾ ਕੇ 379 ਬੰਦੇ ਮਾਰ ਦਿੱਤੇ ਸਨ। ਇਸੇ ਸਾਲ ਦੇ ਅਖ਼ੀਰ ਵਿਚ ਏਥੇ ਸਿੱਖ ਲੀਗ ਕਾਇਮ ਹੋਈ। 12 ਅਕਤੂਬਰ 1920 ਨੂੰ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਨੂੰ ਮਹੰਤਾਂ ਤੋਂ ਆਜ਼ਾਦ ਕਰਵਾ ਲਿਆ। 15-16 ਨਵੰਬਰ 1920 ਦੇ ਦਿਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ 14 ਦਸੰਬਰ 1920 ਦੇ ਦਿਨ ਸ਼ਿਰੋਮਣੀ ਅਕਾਲੀ ਦਲ ਵੀ ਇਥੇ ਹੀ ਕਾਇਮ ਹੋਏ ਸਨ। ਅੰਮ੍ਰਿਤਸਰ ਵਿਚੋਂ ਬਹੁਤ ਸਾਰੇ ਪੰਥਕ ਮੋਰਚੇ ਵੀ ਚਲਾਏ ਗਏ: 1920-25 ਤਕ ਗੁਰਦੁਆਰਾ ਸੁਧਾਰ ਲਹਿਰ (ਚਾਬੀਆਂ ਦਾ ਮੋਰਚਾ, ਗੁਰੂ ਦਾ ਬਾਗ਼ ਮੋਰਚਾ, ਜੈਤੋ ਮੋਰਚਾ ਵਗੈਰਾ), ਪੰਜਾਬੀ ਸੂਬਾ ਮੋਰਚਾ (1955 ਅਤੇ 1960), ਜ: ਦਰਸ਼ਨ ਸਿੰਘ ਫੇਰੂਮਾਨ ਦੇ ਮਰਨ ਵਰਤ (1969), ਧਰਮ ਯੁੱਧ ਮੋਰਚਾ (1982-84)। 13 ਅਪ੍ਰੈਲ 1978 ਦੇ ਦਿਨ ਨਿਰੰਕਾਰੀਆਂ ਨੇ ਇੱਥੇ ਭਾਈ ਫ਼ੌਜਾ ਸਿੰਘ ਅਤੇ 12 ਹੋਰ ਸਿੰਘ ਸ਼ਹੀਦ ਕਰ ਦਿੱਤੇ। ਇਸ ਮਗਰੋਂ ਪੰਜਾਬ 'ਚ ਖ਼ਾਲਿਸਤਾਨ ਲਹਿਰ ਦਾ ਦੌਰ ਸ਼ੁਰੂ ਹੋ ਗਿਆ। ਕੁਝ ਕਤਲਾਂ, ਜਲੂਸਾਂ, ਜਲਸਿਆਂ ਤੇ ਬੰਬ ਧਮਾਕਿਆਂ ਮਗਰੋਂ ਪੰਜਾਬ 'ਚ ਅਣ-ਐਲਾਨੀ ਸਿੱਖ-ਹਕੂਮਤ ਜਿਹੀ ਕਾਇਮ ਹੋ ਗਈ ਸੀ। 4 ਜੂਨ 1984 ਦੇ ਦਿਨ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਤੇ ਦਰਜਨਾਂ ਹੋਰ ਗੁਰਦੁਆਰਿਆਂ 'ਤੇ ਹਮਲਾ ਕਰ ਕੇ ਹਜ਼ਾਰਾਂ ਸਿੰਘ ਦਾ ਕਤਲੇਆਮ ਕੀਤਾ। ਇਸ ਹਮਲੇ ਵਿਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ, ਜਨਰਲ ਸੁਬੇਗ ਸਿੰਘ ਤੇ ਭਾਈ ਅਮਰੀਕ ਸਿੰਘ ਤੇ ਹਜ਼ਾਰਾਂ ਸਿੱਖ ਸ਼ਹੀਦ ਹੋ ਗਏ। ਫ਼ੌਜੀ ਹਮਲੇ 'ਚ ਅਕਾਲ ਤਖ਼ਤ ਸਾਹਿਬ ਬੁਰੀ ਤਰ੍ਹਾਂ ਤਬਾਹ ਹੋ ਗਿਆ। ਬਾਕੀ ਕੰਪਲੈਕਸ ਦਾ ਵੀ ਗੋਲਬਾਰੀ 'ਚ ਬਹੁਤ ਹੀ ਨੁਕਸਾਨ

ਹੋਇਆ। ਆਰਕਾਈਵਜ਼ ਤੇ ਦਫ਼ਤਰ ਸਾੜ ਦਿੱਤੇ ਗਏ ਤੇ ਖ਼ਜ਼ਾਨੇ ਲੁੱਟ ਲਏ ਗਏ। ਗੁਰਧਾਮਾਂ 'ਤੇ ਫ਼ੌਜ ਦਾ ਕਬਜ਼ਾ ਹੋ ਗਿਆ। ਸਤੰਬਰ 84 ਮਗਰੋਂ ਭਾਵੇਂ ਫ਼ੌਜ ਪਰਕਰਮਾਂ 'ਚੋਂ ਬਾਹਰ ਹੋ ਗਈ, ਪਰ ਅਮਲੀ ਤੌਰ 'ਤੇ ਅਜੇ ਵੀ ਉਸ ਦਾ ਹੀ ਕਬਜ਼ਾ ਸੀ। ਇਸ ਦੌਰਾਨ ਭਾਰਤ ਸਰਕਾਰ ਨੇ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਕਰਵਾਈ। ਪਰ 26 ਜਨਵਰੀ,1986 ਨੂੰ ਭਿੰਡਰਾ-ਮਹਿਤਾ ਜੱਥੇ ਨਾਲ ਸਬੰਧਤ ਸਿੱਖ ਨੌਜਵਾਨਾਂ ਨੇ ਸਰਕਾਰ ਵੱਲੋਂ ਬਣਾਈ ਇਮਾਰਤ ਢਾਹ ਕੇ ਨਵੀਂ ਉਸਾਰੀ ਸ਼ੁਰੂ ਕਰਵਾਈ। ਇਸ ਦੌਰਾਨ 29 ਅਪਰੈਲ 1986 ਨੂੰ ਇਥੋਂ 'ਖ਼ਾਲਿਸਤਾਨ ਸਰਕਾਰ' ਦਾ ਐਲਾਨ ਹੋ ਗਿਆ। ਚੀਫ਼ ਮਨਿਸਟਰ ਬਰਨਾਲੇ ਨੇ 30 ਅਪਰੈਲ ਨੂੰ ਦਰਬਾਰ ਸਾਹਿਬ 'ਚ ਪੁਲਿਸ ਭੇਜ ਕੇ ਕਬਜ਼ਾ ਕਰ ਲਿਆ। ਫਿਰ 9 ਮਈ 1988 ਨੂੰ ਰਾਜੀਵ ਗਾਂਧੀ ਦੀ ਹਦਾਇਤ 'ਤੇ ਪੁਲੀਸ ਅਤੇ ਫ਼ੌਜ ਨੇ ਹਮਲਾ ਕਰ ਕੇ ਦਰਬਾਰ ਸਾਹਿਬ 'ਤੇ ਫੇਰ ਕਬਜ਼ਾ ਕੀਤਾ।

ਅੰਮ੍ਰਿਤਸਰ ਗੁਰੂ ਸਾਹਿਬ ਨੇ ਆਪਣੀ ਹੱਥੀਂ ਬਣਾਇਆ ਸੀ। ਇਸ ਸ਼ਹਿਰ ਦਾ ਜ਼ੱਰਰਾ-ਜ਼ੱਰਰਾ ਸਿੱਖ ਸ਼ਹੀਦਾਂ ਦੇ ਖ਼ੂਨ ਵਿਚ ਸਿੰਜਿਆ ਹੋਇਆ ਹੈ। ਘੱਟ ਤੋਂ ਘੱਟ ਇਕ ਲੱਖ ਸਿੱਖ ਇੱਕਲੇ ਅੰਮ੍ਰਿਤਸਰ ਵਿਚ ਸ਼ਹੀਦ ਹੋ ਚੁੱਕੇ ਹਨ। ਗੁਰੂ ਸਾਹਿਬ ਤੇ ਸਿੱਖਾਂ ਦੀ ਹੱਥੀਂ ਕੀਤੀ ਸੇਵਾ ਨਾਲ ਬਣੇ ਇਸ ਸ਼ਹਿਰ ਵਿਚ ਬਹੁਤ ਸਾਰੇ ਗੁਰਦੁਆਰੇ ਅਤੇ ਯਾਦਗਾਰਾਂ ਹਨ:

ਪੰਜ ਸਰੋਵਰ: (1) **ਅੰਮ੍ਰਿਤਸਰ** (1574-87) (2) **ਸੰਤੋਖਸਰ** (1564-1587) (3) **ਰਾਮਸਰ** (1601) (4) **ਕੌਲਸਰ** (1627) (5) **ਬਿਬੇਕਸਰ** (1628)।

ਗੁਰਦੁਆਰੇ: (1) **ਦਰਬਾਰ ਸਾਹਿਬ** (1588) (2) **ਗੁਰੂ ਦੇ ਮਹਲ**: ਇਥੇ ਗੁਰੂ ਰਾਮ ਦਾਸ ਸਾਹਿਬ, ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਰਹੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਜਨਮ ਇਥੇ ਹੀ ਹੋਇਆ ਸੀ (3) **ਦਰਸ਼ਨੀ ਡਿਉਢੀ:** ਗੁਰੂ ਬਜ਼ਾਰ ਦੇ ਨੇੜੇ, ਗੁਰੂ ਅਰਜਨ ਸਾਹਿਬ ਦੀ ਯਾਦ ਵਿਚ (4) **ਗੁਰਦੁਆਰਾ ਥੜ੍ਹਾ ਸਾਹਿਬ:** ਦਰਬਾਰ ਸਾਹਿਬ ਦੇ ਪੁਰਾਣੇ ਮੁਖ ਦਰਵਾਜ਼ੇ ਦੇ ਨਾਲ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ। ਗੁਰੂ ਸਾਹਿਬ ਇਥੇ 23 ਨਵੰਬਰ 1664 ਦੇ ਦਿਨ ਆਏ ਸਨ (5) **ਗੁਰਦੁਆਰਾ ਦਮਦਮਾ ਸਾਹਿਬ**: ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ (6) **ਪਿਪਲੀ ਸਾਹਿਬ**: ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਪੁਤਲੀ ਘਰ ਚੌਕ ਕੋਲ (7) **ਗੁਰਦੁਆਰਾ ਟਾਹਲੀ ਸਾਹਿਬ**: ਗੁਰੂ ਰਾਮ ਦਾਸ ਸਾਹਿਬ ਦੀ ਯਾਦ ਵਿਚ, ਸੰਤੋਖਸਰ ਦੇ ਕੰਢੇ 'ਤੇ। (8) **ਗੁਰਦੁਆਰਾ ਚੁਰਸਤੀ ਅਟਾਰੀ:** ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ, ਅਕਾਲ ਤਖ਼ਤ ਸਾਹਿਬ ਤੋਂ ਗੁਰੂ ਦੇ ਮਹਿਲ ਦੇ ਰਸਤੇ ਵਿਚ। (9) **ਗੁਰਦੁਆਰਾ ਲੋਹਗੜ੍ਹ ਕਿਲ੍ਹਾ:** 1609 ਵਿਚ ਇੱਥੇ ਗੁਰੂ ਹਰਿਗੋਬਿੰਦ ਸਿੰਘ ਨੇ ਕਿਲ੍ਹਾ ਤਿਆਰ ਕਰਵਾਇਆ ਸੀ। (10) **ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ:** 11 ਨਵੰਬਰ 1757 ਦੇ ਦਿਨ ਬਾਬਾ ਦੀਪ ਸਿੰਘ ਦੇ ਹਜ਼ਾਰਾਂ ਸਾਥੀ ਇਸ ਥਾਂ 'ਤੇ ਅਫ਼ਗਾਨਾਂ ਨਾਲ ਲੜੇ ਤੇ ਸ਼ਹੀਦ ਹੋਏ ਸਨ। ਬਾਬਾ ਦੀਪ ਸਿੰਘ ਆਪ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਸ਼ਹੀਦ ਹੋਏ.ਸਨ (11) **ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ:** ਅਕਾਲ ਤਖ਼ਤ ਸਾਹਿਬ ਦੇ ਪਿੱਛੇ, ਦਰਬਾਰ ਸਾਹਿਬ ਦੇ ਅਸਲ ਗੁਟ 'ਤੇ। ਇੱਥੇ ਬਾਬਾ ਗੁਰਬਖ਼ਸ਼ ਸਿੰਘ ਤੇ 30 ਹੋਰ ਸਿੰਘ 1 ਦਸੰਬਰ 1764 ਦੇ ਦਿਨ ਸ਼ਹੀਦ ਹੋਏ ਸਨ (12) **ਬਾਬਾ ਅਟੱਲ**: ਬਾਬਾ ਅਟੱਲ ਦੀ ਯਾਦ ਵਿਚ। ਇਸ ਥਾਂ 'ਤੇ ਬਾਬਾ ਅਟਲ ਦਾ ਸਸਕਾਰ ਹੋਇਆ ਸੀ। ਦਰਅਸਲ ਇਹ ਸ਼ਹਿਰ ਦਾ ਸ਼ਮਸ਼ਾਨ ਘਾਟ ਸੀ। ਸਾਰੇ ਸਿੱਖਾਂ ਦੇ ਸਸਕਾਰ ਇਸ ਥਾਂ

ਹੀ ਹੋਏ ਸਨ। ਸਿੱਖ ਪੰਥ ਦਾ ਤਖ਼ਤ ਸਾਹਿਬ **ਅਕਾਲ ਤਖ਼ਤ ਸਾਹਿਬ** (1609) ਵੀ ਇੱਥੇ ਹੀ ਹੈ। ਇਸ ਤੋਂ ਇਲਾਵਾ ਸ਼ਹਿਰ ਵਿਚ ਕਿਸੇ ਵੇਲੇ ਘੱਟ ਤੋਂ ਘੱਟ 69 ਬੁੰਗੇ ਵੀ ਸਨ। ਇਨ੍ਹਾਂ ਵਿਚੋਂ ਕਝ ਤਾਂ ਅਜੇ ਵੀ ਕਾਇਮ ਹਨ। ਸ਼ਿਰੋਮਣੀ ਅਕਾਲੀ ਦਲ, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਚੀਫ਼ ਖਾਲਸਾ ਦੀਵਾਨ ਦੇ ਦਫ਼ਤਰ ਵੀ ਇਥੇ ਹਨ। ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਜਿਸ ਨੂੰ 7 ਜੂਨ 1984 ਦੇ ਦਿਨ ਭਾਰਤੀ ਫ਼ੌਜ ਚੁੱਕ ਕੇ ਲੈ ਗਈ ਸੀ, ਵੀ ਇਥੇ ਸੀ। ਸਿੱਖ ਅਜਾਇਬ ਘਰ (ਜੋ ਹੁਣ ਫ਼ੋਟੋ ਗੈਲਰੀ ਬਣ ਚੁਕੀ ਹੈ) ਵੀ ਇਥੇ ਹੀ ਹੈ। ਦਰਬਾਰ ਸਾਹਿਬ ਦੇ ਨਾਲ ਹੁਣ ਪੰਜ ਸਰਾਵਾਂ ਵੀ ਹਨ, ਜਿਨ੍ਹਾਂ ਵਿਚ ਹਜ਼ਾਰਾਂ ਯਾਤਰੂ ਇਕੋ ਵੇਲੇ ਠਹਿਰ ਸਕਦੇ ਹਨ।

ਤਰਨ ਤਾਰਨ ਸਾਹਿਬ

ਤਰਨ ਤਾਰਨ ਸਾਹਿਬ ਸ਼ਹਿਰ ਦੀ ਨੀਂਹ ਗੁਰੂ ਅਰਜਨ ਸਾਹਿਬ ਨੇ 1590 ਵਿਚ ਰੱਖੀ ਸੀ। ਉਨ੍ਹਾਂ ਸਭ ਤੋਂ ਪਹਿਲਾ ਸਿਰਫ਼ ਸਰੋਵਰ ਹੀ ਬਣਾਇਆ ਸੀ। ਸ਼ਹਿਰ 1596ਵਿਚ ਬਣਨਾ ਸ਼ੁਰੂ ਹੋਇਆ ਸੀ। ਇਸ ਸਰੋਵਰ ਨੂੰ ਪੱਕਿਆਂ ਕਰਨ ਵਾਸਤੇ ਉਚੇਚੇ ਤੌਰ 'ਤੇ ਭੱਠੇ ਲਾਏ ਗਏ। ਉਸ ਇਲਾਕੇ ਦੇ ਚੌਧਰੀ ਨੂਰ-ਉਦ-ਦੀਨ ਦੇ ਪੁੱਤਰ ਅਮੀਰ-ਉਦ-ਦੀਨ ਨੇ ਹਮਲਾ ਕਰ ਕੇ ਇੱਟਾਂ ਜ਼ਬਰਦਸਤੀ ਚੁੱਕ ਲਈਆਂ ਅਤੇ ਉਨ੍ਹਾਂ ਨਾਲ ਪਿੰਡ (ਨੂਰ ਦੀਨ ਦੀ ਸਰਾਂ) ਵਿਚ ਆਪਣੀ ਹਵੇਲੀ ਬਣਾ ਲਈ (1766 ਵਿਚ ਸਿੱਖਾਂ ਨੇ ਇਹ ਹਵੇਲੀ ਢਾਹ ਕੇ ਇਸ ਦੀਆਂ ਇੱਟਾਂ ਸਰੋਵਰ ਦੇ ਦੋ ਪਾਸੀਂ ਲਾ ਦਿੱਤੀਆਂ)। ਤਰਨ ਤਾਰਨ ਦਾ ਮੁਖ ਗੁਰਦੁਆਰਾ ਸ਼ਹਿਰ ਦੇ ਅੰਦਰ ਹੈ। ਇਹ ਗੁਰਦੁਆਰਾ ਦਰਬਾਰ ਸਾਹਿਬ ਅੰਮ੍ਰਿਤਸਰ ਵਾਂਗ ਸਰੋਵਰ ਦੇ ਵਿਚਕਾਰ ਨਹੀਂ ਬਲਕਿ ਇਕ ਕੰਢੇ 'ਤੇ ਬਣਿਆ ਹੋਇਆ ਹੈ। ਤਰਨ ਤਾਰਨ ਦਾ ਸਰੋਵਰ ਸਾਈਜ਼ ਵਿਚ ਅੰਮ੍ਰਿਤਸਰ ਦੇ ਸਰੋਵਰ ਤੋਂ ਤਕਰੀਬਨ ਦੋ-ਗੁਣਾ ਹੈ। ਗੁਰੂ ਅਰਜਨ ਸਾਹਿਬ ਨੇ ਤਰਨ ਤਾਰਨ ਸਾਹਿਬ ਵਿਚ ਕੋਹੜੀਆਂ ਵਾਸਤੇ ਇਕ ਸੈਂਟਰ ਵੀ ਕਾਇਮ ਕੀਤਾ ਸੀ। ਰਣਜੀਤ ਸਿੰਘ ਦੇ ਵੇਲੇ ਤੋਂ 1921 ਤਕ ਤਰਨ ਤਾਰਨ ਦਾ ਗੁਰਦੁਆਰਾ ਮਹੰਤਾਂ ਦੇ ਕਬਜ਼ੇ ਵਿਚ ਰਿਹਾ। ਜਦੋਂ ਸਿੱਖ ਆਗੂ 25 ਜਨਵਰੀ, 1921 ਨੂੰ ਮਹੰਤਾਂ ਨਾਲ ਗੱਲਬਾਤ ਕਰਨ ਗਏ ਤਾਂ ਮਹੰਤ ਨੇ ਕਿਰਾਏ ਦੇ ਗੁੰਡਿਆਂ ਰਾਹੀ ਹਮਲਾ ਕਰਵਾ ਕੇ ਬਹੁਤ ਸਾਰੇ ਸਿੱਖ ਜ਼ਖ਼ਮੀ ਕਰ ਦਿੱਤੇ। ਇਨ੍ਹਾਂ ਵਿਚੋਂ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਅਤੇ ਭਾਈ ਹੁਕਮ ਸਿੰਘ ਵਜ਼ਾਊਕੋਟ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ ਸ਼ਹੀਦ ਹੋ ਗਏ ਸਨ। ਤਰਨ ਤਾਰਨ ਕਸਬੇ ਵਿਚ ਗੁਰੂ ਅਰਜਨ ਸਾਹਿਬ ਤੋਂ ਇਲਾਵਾ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਵੀ ਗਏ ਸਨ। ਤਰਨ ਤਾਰਨ ਦੇ ਅੰਦਰੂਨੀ ਹਿੱਸੇ ਤੋਂ ਬਾਹਰ ਦੋ ਹੋਰ ਯਾਦਗਾਰਾਂ ਵੀ ਹਨ: (1) ਗੁਰੂ ਦਾ ਖੂਹ ਅਤੇ (2) ਮਾਤਾ ਭਾਨੀ ਦਾ ਖੂਹ। ਤਰਨ ਤਾਰਨ ਅੰਮ੍ਰਿਤਸਰ ਤੋਂ ਤਕਰੀਬਨ 25 ਕਿਲੋਮੀਟਰ ਦੂਰ ਹੈ।

ਕਰਤਾਰਪੁਰ (ਜਲੰਧਰ)

ਕਰਤਾਰਪੁਰ ਸ਼ਹਿਰ ਦਾ ਮੁੱਢ ਗੁਰੂ ਅਰਜਨ ਸਾਹਿਬ ਨੇ 24 ਨਵੰਬਰ 1594 ਦੇ ਦਿਨ, ਮੌਜੂਦਾ ਗੁਰਦੁਆਰਾ ਥੰਮ੍ਹ ਸਾਹਿਬ ਵਾਲੀ ਥਾਂ 'ਤੇ, ਇਕ ਥੰਮ੍ਹ ਗੱਡ ਕੇ ਬੰਨ੍ਹਿਆ ਸੀ। ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਿੰਘ ਤੇ ਗੁਰੂ ਤੇਗ਼ ਬਹਾਦਰ ਸਾਹਿਬ ਇਥੇ ਕੁਝ ਚਿਰ ਰਹਿੰਦੇ ਰਹੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਭਰਾ ਬਾਬਾ ਸੂਰਜ ਮੱਲ ਦਾ ਵਿਆਹ ਇਥੇ ਹੀ ਹੋਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜਦੋਂ ਇਥੇ

ਸਨ ਤਾਂ ਪੈਂਦੇ ਖ਼ਾਨ ਦੀਆਂ ਲਿਆਂਦੀਆਂ ਮੁਗ਼ਲ ਫ਼ੌਜਾਂ ਨੇ 26 ਅਪਰੈਲ, 1635 ਦੇ ਦਿਨ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਤਿੰਨ ਦਿਨਾਂ ਦੀ ਇਸ ਲੜਾਈ 'ਚ ਬਹੁਤ ਸਾਰੀਆਂ ਮੁਗ਼ਲ ਫ਼ੌਜਾਂ ਮਾਰੀਆਂ ਗਈਆਂ ਅਤੇ ਕਈ ਸਿੱਖ ਸ਼ਹੀਦ ਹੋਏ। ਇਸ ਤੋਂ ਬਾਅਦ ਗੁਰੂ ਸਾਹਿਬ ਇੱਥੋਂ ਕੀਰਤਪੁਰ ਸਾਹਿਬ ਚਲੇ ਗਏ ਪਰ ਧੀਰਮੱਲ (ਬਾਬਾ ਗੁਰਦਿੱਤਾ ਦਾ ਪੁੱਤਰ ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਪੋਤਾ) ਇਥੇ ਹੀ ਰਿਹਾ। ਮਗਰੋਂ ਧੀਰਮੱਲ ਵੀ ਬਕਾਲੇ ਚਲਾ ਗਿਆ। ਧੀਰਮਲ ਨੂੰ 1676 ਵਿਚ ਗ੍ਰਿਫ਼ਤਾਰ ਕੀਤਾ ਗਿਆ। ਉਹ ਜੇਲ੍ਹ 'ਚ ਹੀ ਮਰ ਗਿਆ। 1678 ਵਿਚ ਧੀਰਮੱਲ ਦੇ ਵੱਡੇ ਪੁੱਤਰ ਰਾਮਚੰਦ ਨੂੰ ਵੀ ਗ੍ਰਿਫ਼ਤਾਰ ਕਰ ਕੇ ਦਿੱਲੀ ਵਿਚ ਕਤਲ ਕਰ ਦਿੱਤਾ ਗਿਆ। ਇਸ ਮਗਰੋਂ ਉਸ ਦਾ ਛੋਟਾ ਪੁੱਤਰ ਭਾਰਮੱਲ ਬਕਾਲਾ ਤੋਂ ਕਰਤਾਰਪੁਰ ਆ ਗਿਆ। ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ, ਜਿਸ ਨੂੰ ਭਾਈ ਗੁਰਦਾਸ ਨੇ ਆਪਣੇ ਹੱਥੀਂ ਲਿਖਿਆ ਸੀ, 1631 ਤੋਂ ਮਗਰੋਂ ਕਰਤਾਰਪੁਰ ਹੀ ਰਿਹਾ। ਕੁਝ ਚਿਰ ਜਦੋਂ ਧੀਰਮੱਲ ਬਕਾਲੇ ਰਿਹਾ, ਉਹ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਉਥੇ ਲੈ ਗਿਆ। (1678 ਤੋਂ ਮਗਰੋਂ ਫੇਰ ਉਹ ਇਹ ਸਰੂਪ ਕਰਤਾਰਪੁਰ ਆ ਗਿਆ ਸੀ। ਸਿਰਫ਼ ਕੁਝ ਚਿਰ, ਜਦੋਂ ਕਰਤਾਰਪੁਰ ਮੁਗ਼ਲ-ਅਫ਼ਗਾਨ ਹਮਲਿਆਂ ਦਾ ਸ਼ਿਕਾਰ ਰਿਹਾ, ਨੂੰ ਛੱਡ ਕੇ, ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਰਤਾਰਪੁਰ ਹੀ ਰਿਹਾ। 1757 ਵਿਚ, ਜਲੰਧਰ ਦੇ ਨਵਾਬ, ਨਾਸਿਰ ਅਲੀ ਨੇ ਕਰਤਾਰਪੁਰ 'ਤੇ ਹਮਲਾ ਕਰ ਕੇ ਥੰਮ੍ਹ ਸਾਹਿਬ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਸੀ ਤੇ ਇਸ ਨਾਲ ਗੁਰੂ ਅਰਜਨ ਸਾਹਿਬ ਦਾ ਗੱਡਿਆ ਥੰਮ੍ਹ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਵੀ ਸੜ ਗਿਆ ਸੀ)।

ਕਰਤਾਰਪੁਰ ਵਿਚ ਕਈ ਗੁਰਦੁਆਰੇ ਤੇ ਤਵਾਰੀਖ਼ੀ ਥਾਂਵਾਂ ਹਨ: (1) **ਥੰਮ੍ਹ ਸਾਹਿਬ**: ਇੱਥੇ ਗੁਰੂ ਅਰਜਨ ਸਾਹਿਬ ਨੇ 24 ਨਵੰਬਰ 1594 ਦੇ ਦਿਨ ਥੰਮ੍ਹ ਗੱਡ ਕੇ ਸ਼ਹਿਰ ਦੀ ਨੀਂਹ ਰੱਖੀ ਸੀ। ਇਸ ਦੀ ਇਮਾਰਤ 1757 ਵਿਚ ਨਾਸਿਰ ਅਲੀ ਨੇ ਤਬਾਹ ਕਰ ਦਿੱਤੀ ਸੀ। ਮੌਜੂਦਾ ਇਮਾਰਤ ਰਣਜੀਤ ਸਿੰਘ ਦੇ ਰਾਜ ਵੇਲੇ ਬਣਾਈ ਗਈ ਸੀ। (2) **ਗੰਗਸਰ**: ਇਥੇ ਗੁਰੂ ਅਰਜਨ ਸਾਹਿਬ ਨੇ 1599 ਵਿਚ ਇਕ ਖੂਹ ਲਵਾਇਆ ਸੀ। ਸਿੱਖਾਂ ਦਾ ਅਕੀਦਾ ਹੈ ਕਿ ਇਸ ਦਾ ਖੂਹ ਦਾ ਪਾਣੀ ਗੰਗਾ ਦਰਿਆ ਦੇ ਪਾਣੀ ਤੋਂ ਵਧੇਰੇ ਪਾਕੀਜ਼ਗੀ ਰੱਖਦਾ ਹੈ। (3) **ਸ਼ੀਸ਼ ਮਹਲ:** ਇਹ ਗੁਰੂ ਅਰਜਨ ਸਾਹਿਬ ਦਾ ਘਰ ਸੀ। ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿ ਰਾਇ ਸਾਹਿਬ ਵੀ ਇਥੇ ਰਹਿੰਦੇ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਇਥੇ ਹੀ ਹੈ। ਇਥੇ ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿਦ ਸਾਹਿਬ, ਗੁਰੂ ਹਰਿ ਰਾਇ ਸਾਹਿਬ ਅਤੇ ਬਾਬਾ ਗੁਰਦਿੱਤਾ ਦੀਆਂ ਕੁਝ ਯਾਦਗਾਰੀ ਚੀਜ਼ਾਂ ਪਈਆਂ ਹਨ। ਇਸ ਜਗਹ ਦਾ ਕਬਜ਼ਾ ਧੀਰਮੱਲ ਦੇ ਵਾਰਿਸਾਂ ਕੋਲ ਹੈ ਅਤੇ ਸਿੱਖਾਂ ਨੂੰ ਇਸ ਖ਼ਾਨਦਾਨ ਨਾਲ ਰੋਟੀ-ਬੇਟੀ ਦੀ ਸਾਂਝ ਦੀ ਇਜਾਜ਼ਤ ਨਹੀਂ (4) **ਦਮਦਮਾ ਸਾਹਿਬ:** ਗੁਰੂ ਹਰਿਗੋਬਿੰਦ ਸਿੰਘ ਸਾਹਿਬ ਨੇ 26-28 ਅਪ੍ਰੈਲ 1635 ਦੀ ਜੰਗ ਮਗਰੋਂ ਕੁਝ ਚਿਰ ਇਥੇ ਆਰਾਮ ਕੀਤਾ ਸੀ। (5) **ਦਮਦਮਾ ਸਾਹਿਬ ਪਾਤਿਸ਼ਾਹੀ ਸਤਵੀਂ**: ਇਸ ਨੂੰ **ਟਾਹਲੀ ਸਾਹਿਬ** ਵੀ ਆਖਦੇ ਹਨ। 1658 ਵਿਚ ਕੀਰਤਪੁਰ ਤੋਂ ਗੋਇੰਦਵਾਲ ਜਾਂਦਿਆਂ ਗੁਰੂ ਹਰਿ ਰਾਇ ਸਾਹਿਬ ਇਥੇ ਠਹਿਰੇ ਸਨ। (6) **ਵਿਆਹ ਅਸਥਾਨ ਗੁਰੂ ਤੇਗ ਬਹਾਦਰ ਸਾਹਿਬ**: ਗੁਰੂ ਤੇਗ ਬਹਾਦਰ ਸਾਹਿਬ ਅਤੇ (ਮਾਤਾ) ਗੁਜਰੀ ਦਾ ਵਿਆਹ 14 ਸਤੰਬਰ 1632 ਦੇ ਦਿਨ ਇੱਥੇ ਹੋਇਆ ਸੀ (7) **ਚੁਬੱਚਾ ਸਾਹਿਬ ਪਾਤਿਸ਼ਾਹੀ ਛੇਵੀਂ**: ਇਸ ਥਾਂ ਗੁਰੂ ਸਾਹਿਬ ਘੋੜਿਆਂ ਦਾ ਦਾਣਾ-ਪਾਣੀ ਰੱਖਿਆ ਕਰਦੇ ਸਨ (8) **ਬੇਰ ਸਾਹਿਬ:** ਬਾਬਾ ਗੁਰਦਿੱਤਾ ਜੀ ਤੇ ਭਾਈ ਗੁਰਦਾਸ ਜੀ ਦੀ ਯਾਦ ਵਿਚ। ਮਾਤਾ ਕੌਲਾਂ

ਦੀ ਯਾਦ ਵਿਚ ਬਣਿਆ ਖੜ੍ਹਾ ਵੀ ਅਜੇ ਤਕ ਇੱਥੇ ਕਾਇਮ ਹੈ। ਕਰਤਾਰਪੁਰ ਜਲੰਧਰ ਤੋਂ ਤਕਰੀਬਨ 15 ਕਿਲੋਮੀਟਰ ਦੂਰ ਹੈ।

ਕੀਰਤਪੁਰ ਸਾਹਿਬ

ਕੀਰਤਪੁਰ ਦੀ ਨੀਂਹ ਬਾਬਾ ਸ੍ਰੀਚੰਦ ਨੇ 23 ਅਪਰੈਲ 1624 ਦੇ ਦਿਨ ਰੱਖੀ ਸੀ। ਇਸ ਕਸਬੇ ਵਾਸਤੇ ਜ਼ਮੀਨ ਗੁਰੂ ਹਰਿਗੋਬਿੰਦ ਸਿੰਘ ਨੇ ਬਿਲਾਸਪੁਰ ਦੇ ਰਾਜੇ ਕਲਿਆਣ ਚੰਦ ਕੋਲੋਂ ਖ਼ਰੀਦੀ ਸੀ। ਸ੍ਰੀਚੰਦ ਦੀ ਮੌਤ ਇਥੇ ਹੀ 30 ਦਸੰਬਰ 1624 ਦੇ ਦਿਨ ਹੋਈ ਸੀ। ਤਿੰਨ ਮਈ 1635 ਤੋਂ ਗੁਰੂ ਹਰਿਗੋਬਿੰਦ ਸਾਹਿਬ ਇਥੇ ਰਹਿਣ ਲੱਗ ਪਏ ਸਨ। 1664 ਤਕ ਕੀਰਤਪੁਰ ਸਿੱਖਾਂ ਦਾ ਹੈੱਡ-ਕੁਆਟਰ ਬਣਿਆ ਰਿਹਾ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਇਥੇ ਹੀ ਜੋਤੀ ਜੋਤਿ ਸਮਾਏ। ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ ਇਥੇ ਹੀ ਹੋਇਆ ਸੀ। ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰ-ਗੱਦੀ ਇਸੇ ਜਗਹ 'ਤੇ ਹੀ ਦਿੱਤੀ ਗਈ ਸੀ। ਕੀਰਤਪੁਰ ਸਾਹਿਬ ਵਿਚ ਕਈ ਗੁਰਦੁਆਰੇ ਹਨ: (1) **ਚਰਨ ਕੰਵਲ ਸਾਹਿਬ:** ਗੁਰੂ ਨਾਨਕ ਸਾਹਿਬ ਦੀ ਯਾਦ ਵਿਚ। ਗੁਰੂ ਨਾਨਕ ਸਾਹਿਬ ਆਪਣੀ ਉਦਾਸੀ ਦੌਰਾਨ ਇਥੇ ਲੰਘੇ ਸਨ ਅਤੇ ਸਾਂਈਂ ਬੁੱਢਣ ਸ਼ਾਹ ਨੇ ਉਨ੍ਹਾਂ ਨੂੰ ਦੁੱਧ ਛਕਾਇਆ ਸੀ (2) **ਸ਼ੀਸ਼ ਮਹੱਲ**: ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਇਥੇ ਰਹੇ ਸਨ। ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ ਇਥੇ ਹੀ ਹੋਇਆ ਸੀ (3) **ਤਖ਼ਤ ਕੋਟ ਸਾਹਿਬ:** ਇਸ ਥਾਂ ਤੋਂ ਗੁਰੂ ਹਰਿਗੋਬਿੰਦ ਸਾਹਿਬ ਤੇ ਫਿਰ ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚਲਾਇਆ ਕਰਦੇ ਸਨ। ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਇਥੇ ਦਿੱਤੀ ਗਈ ਸੀ। ਇੱਥੇ ਕਿਸੇ ਵੇਲੇ ਇਕ ਕਿਲ੍ਹਾ ਵੀ ਸੀ ਜਿਸ ਨੂੰ 1711 ਤੋਂ ਮਗਰੋਂ ਮੁਗ਼ਲਾਂ ਨੇ ਢਾਹ ਦਿੱਤਾ ਸੀ (4) **ਦਮਦਮਾ ਸਾਹਿਬ**: ਗੁਰੂ ਹਰਿ ਰਾਇ ਸਾਹਿਬ ਇਥੇ ਦੀਵਾਨ ਸਜਾਇਆ ਕਰਦੇ ਸਨ (5) **ਪਾਤਾਲਪੁਰੀ:** ਦਰਿਆ ਸਤਲੁਜ ਦਾ ਮੁਖ ਹਿੱਸਾ ਕਦੇ ਏਥੋਂ ਲੰਘਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦਾ ਸਸਕਾਰ ਇਥੇ ਹੋਇਆ ਸੀ। ਕੀਰਤਪੁਰ ਦੇ ਸਾਰੇ ਵਾਸੀਆਂ ਦੇ ਸਸਕਾਰ ਇਸੇ ਥਾਂ 'ਤੇ ਹੀ ਹੋਇਆ ਕਰਦੇ ਸਨ। ਅਜ ਕਲ੍ਹ ਕੁਝ ਬੇ-ਸਮਝ ਸਿੱਖ ਆਪਣੇ ਰਿਸ਼ਤੇਦਾਰਾਂ ਦੀਆਂ ਅਸਥੀਆਂ ਇਥੇ ਲਿਆ ਕੇ ਪਾਉਂਦੇ ਹਨ। ਇਹ ਸਿੱਖ ਫ਼ਲਸਫ਼ੇ ਦੇ ਉਲਟ ਹੈ ਸਿੱਖ ਨੂੰ ਹਿਦਾਇਤ ਹੈ ਕਿ ਉਹ ਅਸਥੀਆਂ ਨੂੰ ਨੇੜੇ ਦੇ ਵਗਦੇ ਪਾਣੀ (ਦਰਿਆ, ਨਹਿਰ ਵਗੈਰਾ) ਵਿਚ ਜਲ-ਪ੍ਰਵਾਹ ਕਰੇ (6) **ਬਬਾਣਗੜ੍ਹ**: ਭਾਈ ਜੈਤਾ ਤੇ ਹੋਰ ਸਿੱਖਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਲਿਆ ਕੇ ਇਸ ਥਾਂ 'ਤੇ ਪੜਾਅ ਕੀਤਾ ਸੀ ਤੇ ਸੰਗਤਾਂ ਨੇ ਸੀਸ ਦੇ ਦਰਸ਼ਨ ਕੀਤੇ ਸਨ (7) **ਹਰਿਮੰਦਰ ਸਾਹਿਬ ਪਾਤਿਸ਼ਾਹੀ ਛੇਵੀਂ (ਗੁਰੂ ਦਾ ਬਾਗ):** ਗੁਰੂ ਹਰਿਗੋਬਿੰਦ ਸਾਹਿਬ ਏਥੇ ਪਾਠ ਕਰਿਆ ਕਰਦੇ ਸਨ। ਉਨ੍ਹੀਂ ਦਿਨੀਂ ਇਹ ਇਕ ਬਾਗ਼ ਹੁੰਦਾ ਸੀ ਜਿਸ ਵਿਚ ਗੁਰੂ ਸਾਹਿਬ ਨੇ ਕਈ ਜੜ੍ਹੀਆਂ ਬੂਟੀਆਂ ਉਗਾਈਆਂ ਹੋਈਆਂ ਸਨ। ਇਕ ਵਾਰ ਗੁਰੂ ਹਰਿ ਰਾਇ ਸਾਹਿਬ ਇਥੇ ਘੁੰਮ ਰਹੇ ਸਨ ਤਾਂ ਉਨ੍ਹਾਂ ਦੇ ਖੁੱਲ੍ਹੇ ਚੋਗੇ ਨਾਲ ਅੜ ਕੇ ਇਹ ਫੁੱਲ ਦੀਆਂ ਪੱਤੀਆਂ ਟੁੱਟ ਕੇ ਖਿਲਰ ਗਈਆਂ। ਇਸ 'ਤੇ ਗੁਰੂ ਹਰਿ ਰਾਇ ਸਾਹਿਬ ਬੜੇ ਜਜ਼ਬਾਤੀ ਹੋ ਗਏ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਨੂੰ ਤਸੱਲੀ ਦੇਂਦਿਆਂ ਅੱਗੋਂ ਵਾਸਤੇ ਵਧੇਰੇ ਧਿਆਨ ਰੱਖਣ ਲਈ ਆਖਿਆ (8) **ਬੁਬੱਚਾ**

ਸਾਹਿਬ: ਏਥੇ ਗੁਰੂ ਸਾਹਿਬ ਨੇ ਘੋੜਿਆਂ ਦੇ ਪਾਣੀ ਪੀਣ ਲਈ ਵੱਡਾ ਚੁਬੱਚਾ ਬਣਵਾਇਆ ਹੋਇਆ ਸੀ। ਗੁਰੂ ਸਾਹਿਬ ਦੇ ਕੋਲ 2200 ਘੋੜੇ ਸਨ। ਉਨ੍ਹਾਂ ਦੇ ਘੋੜਿਆਂ ਦੇ ਦੋ ਵੱਡੇ ਅਸਤਬਲ ਸਨ (ਦੂਜਾ ਚੁਬੱਚਾ ਪਿੰਡ ਚਰਨੌਲੀ ਵਿਚ ਸੀ। ਉਥੇ ਵੀ **ਗੁਰਦੁਆਰਾ ਚੁਬੱਚਾ ਸਾਹਿਬ** ਬਣਿਆ ਹੋਇਆ ਹੈ)। (9) **ਮੰਜੀ ਸਾਹਿਬ**: ਇਹ ਬੀਬੀ ਰੂਪ ਕੌਰ (ਪੁੱਤਰੀ ਗੁਰੂ ਹਰਿ ਰਾਇ ਸਾਹਿਬ) ਦਾ ਘਰ ਸੀ। ਬੀਬੀ ਰੂਪ ਕੌਰ ਦਾ ਵਿਆਹ 4 ਨਵੰਬਰ 1662 ਦੇ ਦਿਨ, ਪਸਰੂਰ ਵਾਸੀ ਭਾਈ ਖੇਮ ਕਰਨ ਨਾਲ ਹੋਇਆ ਸੀ, ਪਰ ਉਹ ਸਹੁਰੇ ਪਿੰਡ ਸਿਰਫ਼ ਤਿੰਨ ਦਿਨ ਹੀ ਰਹੀ ਸੀ। ਉਸ ਮਗਰੋਂ ਉਹ ਨਾਲ ਲਗਦੇ ਪਿੰਡ ਕੋਟ ਕਲਿਆਣਪੁਰ ਆ ਗਈ ਤੇ ਕੁਝ ਸਾਲ ਮਗਰੋਂ ਕੀਰਤਪੁਰ ਵਿਚ ਇਸ ਘਰ ਵਿਚ ਰਹਿਣ ਲੱਗ ਪਈ ਸੀ। ਇਸ ਗੁਰਦੁਆਰੇ ਵਿਚ ਕੁਝ ਤਵਾਰੀਖ਼ੀ ਚੀਜ਼ਾਂ ਪਈਆਂ ਹਨ: ਬਾਬਾ ਸ੍ਰੀਚੰਦ ਦੀ ਸੇਲੀ-ਟੋਪੀ, ਇਕ ਹੱਥ-ਲਿਖਤ ਪੋਥੀ ਜਿਸ ਵਿਚ ਕੁਝ ਸ਼ਬਦ ਤੇ ਨਸੀਹਤਾਂ ਹਨ (ਜੋ ਹੁਣ ਚੋਰੀ ਹੋ ਚੁਕੀ ਹੈ), ਇਕ ਪੱਖੀ ਤੇ ਇਕ ਕਢਾਈ ਵਾਲਾ ਰੁਮਾਲ। ਇਨ੍ਹਾਂ ਵਿਚੋਂ ਪਹਿਲੀਆਂ ਦੋ ਚੀਜ਼ਾਂ ਬੀਬੀ ਰੂਪ ਕੌਰ ਨੂੰ ਦਾਜ ਵਿਚ ਮਿਲੀਆਂ ਸਨ। (10) **ਦੇਹਰਾ ਬਾਬਾ ਗੁਰਦਿੱਤਾ** (ਨਾਲ ਲਗਵੇਂ ਪਹਾੜ 'ਤੇ): ਇੱਥੇ ਬਾਬਾ ਗੁਰਦਿੱਤਾ ਨੇ ਚੜ੍ਹਾਈ ਕੀਤੀ ਸੀ। ਕਾਫ਼ੀ ਚਿਰ ਮਗਰੋਂ ਇਕ ਕਹਾਣੀ ਬਾਬਾ ਗੁਰਦਿੱਤਾ ਵੱਲੋਂ ਕਰਾਮਾਤ ਦਿਖਾਉਣ ਦੀ ਵੀ ਜੋੜ ਦਿੱਤੀ ਗਈ। ਅਜਿਹੀਆਂ ਕਈ ਕਹਾਣੀਆਂ ਬਾਬਾ ਅਟੱਲ ਅਤੇ ਹੋਰਨਾਂ ਨਾਲ ਵੀ ਜੁੜੀਆਂ ਹੋਈਆਂ ਸਨ (11) **ਤੀਰ ਸਾਹਿਬ:** ਇੱਥੇ ਗੁਰੂ ਹਰਿਗੋਬਿੰਦ ਸਾਹਿਬ ਤਲਵਾਰ-ਬਾਜ਼ੀ ਤੇ ਗਤਕਾ ਵਗੈਰਾ ਖਿਡਾਇਆ ਕਰਦੇ ਸਨ ਤੇ ਤੀਰ ਅੰਦਾਜ਼ੀ ਸਿਖਾਇਆ ਕਰਦੇ ਸਨ। ਇਕ ਵਾਰੀ ਗੁਰੂ ਸਾਹਿਬ ਨੇ ਇੱਥੋਂ ਤੀਰ ਚਲਾਇਆ ਸੀ, ਜੋ ਸਤਲੁਜ ਦਰਿਆ ਕੋਲ, ਮੌਜੂਦਾ ਗੁਰਦੁਆਰਾ ਪਾਤਾਲਪੁਰੀ ਦੇ ਨੇੜੇ, ਜਾ ਡਿਗਾ ਸੀ (12) **ਬਾਉਲੀ ਸਾਹਿਬ**: ਇਹ ਬਾਉਲੀ ਬਾਬਾ ਗੁਰਦਿੱਤਾ ਨੇ ਬਣਵਾਈ ਸੀ (13) **ਗੁਰੂ ਦਾ ਖੂਹ:** ਇਹ ਖੂਹ ਵੀ ਗੁਰੂ ਸਾਹਿਬ ਨੇ ਪੁਟਵਾਇਆ ਸੀ। ਕੀਰਤਪੁਰ ਵਿਚ ਇਕ ਸੰਤ ਉਦਾਸੀ ਆਸ਼ਰਮ ਵੀ ਹੈ। ਬਾਬਾ ਸ੍ਰੀਚੰਦ ਇੱਥੇ ਠਹਿਰਿਆ ਸੀ। ਕੀਰਤਪੁਰ ਸਾਹਿਬ ਵਿਚ ਗੁਰੂ ਨਾਨਕ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਦੀਆਂ ਯਾਦਗਾਰਾਂ ਹਨ। ਜਦੋਂ ਗੁਰੂ ਨਾਨਕ ਸਾਹਿਬ ਇਥੇ ਆਏ ਸਨ ਅਤੇ ਇਹ ਪਿੰਡ ਬੱਝਿਆ ਹੀ ਨਹੀਂ ਸੀ। ਦਸਵੇਂ ਪਾਤਿਸ਼ਾਹ ਇਥੇ ਰਹੇ ਤਾਂ ਨਹੀਂ ਪਰ ਕਈ ਵਾਰ ਇਥੇ ਰੁਕ ਕੇ ਗਏ ਸਨ। ਕੀਰਤਪੁਰ ਰੋਪੜ ਤੋਂ 36 ਕਿਲੋਮੀਟਰ ਅਤੇ ਅਨੰਦਪੁਰ ਸਾਹਿਬ ਤੋਂ ਸਿਰਫ਼ 9 ਕਿਲੋਮੀਟਰ ਦੂਰ ਹੈ।

ਚੱਕ ਨਾਨਕੀ ਅਤੇ ਅਨੰਦਪੁਰ ਸਾਹਿਬ

ਚੱਕ ਨਾਨਕੀ ਅਜ ਕਲ੍ਹ ਅਨੰਦਪੁਰ ਸਾਹਿਬ ਦਾ ਇਕ ਹਿੱਸਾ ਹੈ। ਸਰਕਾਰੀ ਕਾਗ਼ਜ਼ਾਂ ਵਿਚ ਇਹ ਅਜ ਵੀ ਵਖਰਾ ਪਿੰਡ ਹੈ। ਇਸ ਪਿੰਡ ਦੀ ਨੀਂਹ ਭਾਈ ਗੁਰਦਿੱਤਾ (ਬਾਬਾ ਬੁੱਢਾ ਦੀ ਪੀੜ੍ਹੀ ਵਿਚੋਂ) ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਆਖਣ 'ਤੇ 19 ਜੂਨ 1665 ਦੇ ਦਿਨ ਰੱਖੀ ਸੀ। ਇਹ ਪਿੰਡ ਸਹੋਟਾ, ਮੀਆਂਪੁਰ ਤੇ ਲੋਦੀਪੁਰ ਦੀ ਜ਼ਮੀਨ 'ਤੇ ਵਸਾਇਆ ਗਿਆ ਸੀ। ਇਹ ਜ਼ਮੀਨ ਗੁਰੂ ਸਾਹਿਬ ਨੇ ਬਿਲਾਸਪੁਰ ਦੀ ਰਾਣੀ ਚੰਪਾ ਕੋਲੋਂ ਉਦੋਂ ਦੇ 500 ਰੁਪਏ ਦੇ ਕੇ ਖ਼ਰੀਦੀ ਸੀ। ਗੁਰੂ ਸਾਹਿਬ ਨੇ ਇਸ ਦਾ ਨਾਂ ਆਪਣੀ ਮਾਤਾ ਨਾਨਕੀ ਦੇ ਨਾਂ 'ਤੇ ਰਖਿਆ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਕੁਝ ਹਫ਼ਤੇ ਇੱਥੇ ਰਹੇ ਸਨ ਤੇ ਫੇਰ ਬਿਹਾਰ, ਬੰਗਾਲ, ਆਸਾਮ ਦੀ ਲੰਬੀ ਯਾਤਰਾ 'ਤੇ ਚਲੇ ਗਏ ਸਨ। 1670

ਵਿਚ ਗੁਰੂ ਸਾਹਿਬ ਵਾਪਿਸ ਆਏ ਅਤੇ ਦੋ ਕੁ ਸਾਲ ਬਕਾਲਾ ਵਿਚ ਰਹੇ। ਉਥੋਂ ਮਾਰਚ 1672 ਵਿਚ ਚੱਕ ਨਾਨਕੀ ਆ ਗਏ ਤੇ ਫਿਰ 1675 ਤਕ ਏਥੇ ਹੀ ਰਹੇ। ਗੁਰੂ ਗੋਬਿੰਦ ਸਿੰਘ ਸਾਹਿਬ ਅਪ੍ਰੈਲ 1685 ਤੋਂ ਨਵੰਬਰ 1688 ਤਕ ਦਾ ਸਮਾਂ ਛੱਡ ਕੇ ਦਸੰਬਰ 1705 ਤੱਕ (ਤਕਰੀਬਨ 30 ਸਾਲ) ਇਥੇ ਰਹੇ। ਜਿੱਥੇ ਗੁਰਦੁਆਰਾ ਗੁਰੂ ਦੇ ਮਹਿਲ ਹੈ, ਉਹ ਦਰਅਸਲ ਚੱਕ ਨਾਨਕੀ ਪਿੰਡ ਹੈ। ਅਨੰਦਪੁਰ ਪਿੰਡ ਗੁਰੂ ਗੋਬਿੰਦ ਸਿੰਘ ਸਾਹਿਬ ਨੇ 29 ਮਾਰਚ 1689 ਦੇ ਦਿਨ ਬੰਨ੍ਹਿਆ ਸੀ। ਇਹ ਉਸ ਜਗ੍ਹਾ ਸੀ ਜਿਥੇ ਕੇਸਗੜ੍ਹ ਸਾਹਿਬ ਹੈ। ਹੁਣ ਅਨੰਦਪੁਰ, ਚੱਕ ਨਾਨਕੀ, ਸਹੋਟਾ, ਮੀਆਂਪੁਰ, ਲੋਂਦੀਪਰ, ਮਟੌਰ ਸਾਰੇ ਇਕੱਠੇ ਅਨੰਦਪੁਰ ਸਾਹਿਬ ਅਖਵਾਉਂਦੇ ਹਨ। ਅਨੰਦਪੁਰ ਸਾਹਿਬ ਵਿਚ ਕਈ ਗੁਰਦੁਆਰੇ ਹਨ। ਪਹਿਲੋਂ ਇੱਥੇ ਛੇ ਕਿਲ੍ਹੇ ਵੀ ਸਨ। ਇਨ੍ਹਾਂ ਕਿਲ੍ਹਿਆਂ ਵਿਚੋਂ ਅਨੰਦਗੜ੍ਹ, ਲੋਹਗੜ੍ਹ ਤਾਰਾਗੜ੍ਹ, ਅਗੰਮਗੜ੍ਹ ਤੇ ਫ਼ਤਹਿਗੜ੍ਹ ਅਪ੍ਰੈਲ 1689 ਵਿਚ ਬਣਨੇ ਸ਼ੁਰੂ ਹੋਏ ਸਨ ਅਤੇ ਕੇਸਗੜ੍ਹ ਮਗਰੋਂ ਤਿਆਰ ਹੋਇਆ ਸੀ। 29 ਮਾਰਚ 1698 (ਕੁਝ ਸੋਮੇ 1699 ਮੰਨਦੇ ਹਨ) ਦੇ ਦਿਨ ਗੁਰੂ ਸਾਹਿਬ ਨੇ ਖ਼ਾਲਸਾ ਪਰਗਟ ਕੀਤਾ ਅਤੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਪੰਜ ਪਿਆਰਿਆਂ ਨੇ ਪਾਹੁਲ ਲਈ ਤੇ ਫੇਰ ਬਾਕੀ ਪੰਥ ਨੇ।

ਅਨੰਦਪੁਰ ਸਾਹਿਬ 'ਤੇ ਕਈ ਵਾਰੀ ਹਮਲੇ ਹੋਏ ਸਨ। ਸਭ ਤੋਂ ਪਹਿਲਾ ਹਮਲਾ 19 ਅਗਸਤ 1695 ਦੇ ਦਿਨ ਦਿਲਾਵਰ ਖ਼ਾਨ (ਡਿਪਟੀ ਗਵਰਨਰ ਲਾਹੌਰ) ਦੇ ਪੁੱਤਰ ਰੁਸਤਮ ਖ਼ਾਨ ਨੇ ਕੀਤਾ ਸੀ। ਇਸ ਮਗਰੋਂ ਵੱਡਾ ਹਮਲਾ 29 ਅਗਸਤ 1700 ਦੇ ਦਿਨ ਅਜਮੇਰ ਚੰਦ ਬਿਲਾਸਪੁਰੀ ਰਾਜੇ ਨੇ ਆਪ ਕੀਤਾ ਸੀ। ਇਹ ਲੜਾਈ ਚਾਰ ਦਿਨ, ਪਹਿਲੀ ਸਤੰਬਰ 1700 ਤਕ, ਹੁੰਦੀ ਰਹੀ ਸੀ। ਪਹਾੜੀ ਜਰਨੈਲ ਕੇਸਰੀ ਚੰਦ ਦੇ ਮਰਨ ਮਗਰੋਂ ਪਹਾੜੀਏ ਭੱਜ ਗਏ। ਅਕਤੂਬਰ ਦੇ ਸ਼ੁਰੂ ਵਿਚ, ਅਜਮੇਰ ਚੰਦ ਦੇ ਅਰਜ਼ ਕਰਨ ਉੱਤੇ ਗੁਰੂ ਸਾਹਿਬ 3 ਅਕਤੂਬਰ ਨੂੰ ਅਨੰਦਪੁਰ ਸਾਹਿਬ ਤੋਂ ਨਿਰਮੋਹਗੜ੍ਹ ਚਲੇ ਗਏ ਸਨ। ਅਜਮੇਰ ਚੰਦ ਨੇ ਇਥੇ ਵੀ ਹਮਲਾ ਕਰ ਦਿੱਤਾ। ਇੱਥੋਂ ਗੁਰੂ ਸਾਹਿਬ 14 ਅਕਤੂਬਰ ਨੂੰ ਬਸਾਲੀ ਚਲੇ ਗਏ। 29 ਅਕਤੂਬਰ 1700 ਨੂੰ ਗੁਰੂ ਸਾਹਿਬ ਬਸਾਲੀ ਤੋਂ ਵਾਪਿਸ ਅਨੰਦਪੁਰ ਮੁੜ ਪਏ। 25 ਅਕਤੂਬਰ 1702 ਨੂੰ ਰਾਜਾ ਸਾਲਹੀ ਚੰਦ ਮਰ ਗਿਆ। ਇਸ ਮਗਰੋਂ 16 ਜਨਵਰੀ 1704 ਦੇ ਦਿਨ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ 'ਤੇ ਫੇਰ ਹਮਲਾ ਕਰ ਦਿੱਤਾ। ਇਸ ਦਿਨ ਹੀ ਗੁਰੂ ਸਾਹਿਬ ਨੇ ਫੱਰਰਾ (ਦਸਤਾਰ ਵਿਚ ਝੂਲਦੇ ਨਿਸ਼ਾਨ ਸਾਹਿਬ) ਦੀ ਪਿਰਤ ਸ਼ੁਰੂ ਕੀਤੀ। ਇਸ ਹਮਲੇ ਵਿਚ ਹਾਰਨ ਮਗਰੋਂ ਅਜਮੇਰ ਚੰਦ ਡੇਢ ਸਾਲ ਤਕ ਠੰਡਾ ਪਿਆ ਰਿਹਾ, ਪਰ 1705 ਦੀਆਂ ਗਰਮੀਆਂ ਵਿਚ ਉਸ ਨੇ ਫੇਰ ਸ਼ਰਾਰਤ ਸ਼ੁਰੂ ਕਰ ਦਿੱਤੀ। ਇਸ ਵਾਰ ਉਸ ਨੇ ਮੁਗ਼ਲ ਗਵਰਨਰ ਵਜ਼ੀਰ ਖ਼ਾਨ (ਸਰਹਿੰਦ), ਮਲੇਰਕੋਟਲਾ ਤੇ ਰੋਪੜ ਦੇ ਨਵਾਬਾਂ ਨੂੰ ਵੀ ਨਾਲ ਰਲਾ ਲਿਆ। ਇਨ੍ਹਾਂ ਸਾਰਿਆਂ ਨੇ 3 ਮਈ 1705 ਦੇ ਦਿਨ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਛੋਟੀਆਂ-ਮੋਟੀਆਂ ਝੜਪਾਂ ਚਲਦੀਆਂ ਰਹੀਆਂ। 4 ਦਸੰਬਰ 1705 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਔਰੰਗਜ਼ੇਬ ਦੀ ਚਿੱਠੀ ਮਿਲੀ। ਅਗਲੇ ਦਿਨ ਹੀ ਰਾਤ ਵੇਲੇ ਗੁਰੂ ਸਾਹਿਬ ਨੇ ਅਨੰਦਪੁਰ ਛੱਡਣ ਦਾ ਫ਼ੈਸਲਾ ਕਰ ਲਿਆ। ਪਰ, ਪਹਾੜੀ ਫ਼ੌਜਾਂ ਨੇ ਗੁਰੂ ਸਾਹਿਬ ਅਤੇ ਸਿੱਖਾਂ 'ਤੇ ਹਮਲਾ ਬੋਲ ਦਿੱਤਾ। ਗੁਰੂ ਸਾਹਿਬ ਅਤੇ ਕੁਝ ਸਿੱਖ ਸਹੀ ਸਲਾਮਤ ਉਥੋਂ ਨਿਕਲ ਗਏ ਪਰ ਬਾਕੀ ਰਾਹ ਵਿਚ ਲੜ ਕੇ ਸ਼ਹੀਦ ਹੋ ਗਏ।

ਦਸੰਬਰ 1711 ਵਿਚ ਬੰਦਾ ਸਿੰਘ ਬਹਾਦਰ ਨੇ ਅਨੰਦਪੁਰ ਸਾਹਿਬ ਆ ਕੇ

ਕਰਤਾਰਪੁਰ ਵੱਲੋਂ ਬਿਲਾਸਪੁਰ ਵੱਲ ਕੂਚ ਕੀਤਾ। ਅਜਮੇਰ ਚੰਦ ਨੇ ਪਹਿਲੋਂ ਤਾਂ ਲੜਾਈ ਕੀਤੀ ਪਰ ਛੇਤੀ ਹੀ ਈਨ ਮੰਨ ਲਈ। ਇਸ ਮਗਰੋਂ ਸਿੱਖਾਂ 'ਤੇ ਮੁਗਲਾਂ ਦੇ ਜ਼ੁਲਮ ਦਾ ਦੌਰ ਚੱਲ ਪਿਆ। ਸਿੱਖ ਪਹਾੜਾਂ ਅਤੇ ਜੰਗਲਾਂ ਵਿਚ ਰਹਿੰਦੇ ਰਹੇ। ਇਸ ਕਾਲ ਵਿਚ 5 ਮਾਰਚ 1748 ਦੇ ਦਿਨ ਸਰਬਤ ਖਾਲਸਾ ਦਾ ਇਕ ਇਕੱਠ ਇਥੇ ਹੋਇਆ। ਫਿਰ ਮਾਰਚ 1753 ਵਿਚ ਇਥੇ ਸਿੱਖਾਂ ਦੇ ਇਕੱਠ 'ਤੇ ਅਦੀਨਾ ਬੇਗ਼ ਨੇ ਹਮਲਾ ਕਰ ਕੇ ਕਈ ਸਿੱਖ ਸ਼ਹੀਦ ਕਰ ਦਿੱਤੇ। ਇਸ ਮਗਰੋਂ ਫਿਰ ਕਈ ਸਾਲ ਚੁੱਪ ਛਾਈ ਰਹੀ। 1812 ਵਿਚ ਬਿਲਾਸਪੁਰੀ ਰਾਜੇ ਮਹਾਂਚੰਦ ਨੇ ਹਮਲਾ ਕੀਤਾ ਪਰ ਬੁਰੀ ਤਰ੍ਹਾਂ ਹਾਰ ਖਾ ਕੇ ਭੱਜ ਗਿਆ। ਇਸ ਮਗਰੋਂ ਅਨੰਦਪੁਰ ਸਾਹਿਬ ਅਕਾਲੀ ਫੂਲਾ ਸਿੰਘ ਦੇ ਕੰਟਰੋਲ ਹੇਠ ਆ ਗਿਆ। ਫੇਰ ਕਿਸੇ ਨੇ ਵੀ ਇਸ ਪਾਸੇ ਵੱਲ ਨਾ ਤੱਕਿਆ।

ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਮਗਰੋਂ ਸਾਰੇ ਗੁਰਦੁਆਰੇ ਹੌਲੀ-ਹੌਲੀ ਮਹੰਤਾਂ ਦੇ ਹੱਥ ਆਉਂਦੇ ਗਏ, ਸਿਰਫ਼ ਕੀਰਤਪੁਰ ਸਾਹਿਬ ਦੇ ਗੁਰਦੁਆਰੇ ਉਨ੍ਹਾਂ ਤੋਂ ਬਚੇ ਰਹੇ ਤੇ ਇਨ੍ਹਾਂ ਦਾ ਇੰਤਜ਼ਾਮ ਬਾਬਾ ਸੂਰਜ ਮੱਲ ਦੇ ਪਰਿਵਾਰ ਕੋਲ ਰਿਹਾ। 1920 ਵਿਚ ਅਕਾਲੀ ਲਹਿਰ ਚੱਲ ਪਈ। 1923 ਵਿਚ ਸੋਢੀ ਪਰਿਵਾਰ ਨੇ ਕੀਰਤਪੁਰ ਸਾਹਿਬ ਦੇ ਗੁਰਦੁਆਰੇ ਆਪਣੇ ਆਪ ਸ਼ਿਰੋਮਣੀ ਕਮੇਟੀ ਦੇ ਹਵਾਲੇ ਕਰ ਦਿੱਤੇ। ਸ਼ਿਰੋਮਣੀ ਕਮੇਟੀ ਨੇ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਦੀ ਲੋਕਲ ਕਮੇਟੀ ਦਾ ਪ੍ਰਬੰਧ ਸੋਢੀ ਰਾਮ ਨਾਰਾਇਣ ਸਿੰਘ ਨੂੰ ਸੌਂਪ ਦਿੱਤਾ। ਇਸ ਮਗਰੋਂ 1966 ਵਿਚ ਪੰਜਾਬੀ ਸੂਬਾ ਤੇ ਸਿੱਖ ਹੋਮਲੈਂਡ ਦੇ ਨਾਂ 'ਤੇ ਜੱਦੋ-ਜਹਿਦ ਦੌਰਾਨ ਡਾਇਰੈਕਟ ਐਕਸ਼ਨ ਇਥੋਂ ਹੀ ਸ਼ੁਰੂ ਕੀਤਾ ਗਿਆ ਸੀ। 16-17 ਅਕਤੂਬਰ 1973 ਨੂੰ 'ਅਨੰਦਪੁਰ ਸਾਹਿਬ ਦਾ ਮਤਾ' ਵੀ ਇਥੇ ਹੀ ਪਾਸ ਹੋਇਆ ਸੀ। 4 ਜੂਨ 1984 ਨੂੰ ਜਦੋਂ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਭਾਰਤੀ ਫ਼ੌਜ ਨੇ ਇਥੇ ਵੀ ਹਮਲਾ ਕੀਤਾ ਤੇ ਕਾਫ਼ੀ ਚਿਰ ਆਪਣੇ ਕਬਜ਼ੇ ਵਿਚ ਰਖਿਆ। 26 ਮਾਰਚ 1986 ਦੇ ਦਿਨ ਸੁਰਜੀਤ ਬਰਨਾਲੇ ਦੇ ਹੁਕਮ 'ਤੇ ਪੁਲਿਸ ਨੇ ਗੋਲੀ ਚਲਾ ਕੇ ਬਹੁਤ ਸਾਰੇ ਸਿੱਖ ਮਾਰ ਦਿੱਤੇ। 1998-99 ਵਿਚ ਇਥੇ ਖਾਲਸਾ ਪਰਗਟ ਕਰਨ ਦੇ ਤਿੰਨ ਸੌ ਸਾਲਾ ਦਿਨ ਦੇ ਨਾਂ 'ਤੇ 'ਖਾਲਸਾ ਹਰੀਟੇਜ ਕੰਪਲੈਕਸ' ਤੇ ਕਈ ਹੋਰ ਨਵੀਆਂ ਇਮਾਰਤਾਂ ਬਣੀਆਂ। ਅਨੰਦਪੁਰ ਸਾਹਿਬ ਵਿਚ ਬਹੁਤ ਸਾਰੇ ਗੁਰਦੁਆਰੇ ਹਨ: (1) **ਤਖ਼ਤ ਕੇਸਗੜ੍ਹ ਸਾਹਿਬ:** ਗੁਰੂ ਗੋਬਿੰਦ ਸਿੰਘ ਸਾਹਿਬ ਇਸ ਥਾਂ ਤੋਂ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚਲਾਇਆ ਕਰਦੇ ਸਨ। ਉਹ ਖੰਡਾ ਜਿਸ ਨਾਲ ਗੁਰੂ ਸਾਹਿਬ ਨੇ 29 ਮਾਰਚ 1698/1699 ਨੂੰ ਪਾਹੁਲ ਤਿਆਰ ਕਰ ਕੇ ਛਕਾਈ ਸੀ ਤੇ ਕੁਝ ਹੋਰ ਸ਼ਸਤਰ ਇੱਥੇ ਪਏ ਹੋਏ ਹਨ (2) **ਅਕਾਲ ਬੁੰਗਾ:** ਇਥੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਗੁਰਗੱਦੀ ਮਿਲੀ ਸੀ (3) **ਸੀਸ ਗੰਜ:** ਇਥੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸੀਸ ਦਾ ਸੰਸਕਾਰ ਕੀਤਾ ਸੀ (4) **ਗੁਰੂ ਦੇ ਮਹਲ:** ਇਹ ਗੁਰੂ ਤੇਗ਼ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਘਰ ਸੀ। ਦਸਵੇਂ ਪਾਤਿਸ਼ਾਹ ਦੇ ਛੋਟੇ ਤਿੰਨੇ ਸਾਹਿਬਜ਼ਾਦੇ ਇਥੇ ਪੈਦਾ ਹੋਏ ਸਨ (5) **ਮੰਜੀ ਸਾਹਿਬ ਪਹਿਲਾ:** ਇਥੇ ਗੁਰੂ ਤੇਗ਼ ਬਹਾਦਰ ਸਾਹਿਬ ਦੀਵਾਨ ਲਾਇਆ ਕਰਦੇ ਸਨ (6) **ਮੰਜੀ ਸਾਹਿਬ ਦੂਜਾ:** ਇਥੇ ਗੁਰੂ ਗੋਬਿੰਦ ਸਿੰਘ ਸਾਹਿਬ ਦੀਵਾਨ ਲਾਇਆ ਕਰਦੇ ਸਨ। ਗੁਰੂ ਸਾਹਿਬ ਦੇ ਸਾਹਿਬਜ਼ਾਦੇ ਇਥੇ ਤਲਵਾਰ ਚਲਾਉਣਾ ਅਤੇ ਗਤਕਾ ਸਿਖਿਆ ਕਰਦੇ ਸਨ। ਇਸ ਨੂੰ **ਦੁਮਾਲਗੜ੍ਹ** ਵੀ ਆਖਦੇ ਹਨ ਕਿਉਂਕਿ ਦਸਤਾਰ ਵਿਚ ਦੁਮਾਲਾ (ਫ਼ੱਰਰਾ) ਦੀ ਰਿਵਾਇਤ 16 ਜਨਵਰੀ 1704 ਦੇ ਦਿਨ ਇੱਥੋਂ ਹੀ ਸ਼ੁਰੂ ਹੋਈ ਸੀ (7) **ਦਮਦਮਾ ਸਾਹਿਬ:** ਇਥੇ ਬੈਠ ਕੇ ਗੁਰੂ ਸਾਹਿਬ ਸੰਗਤਾਂ ਨੂੰ ਦਰਸ਼ਨ ਦਿਆ ਕਰਦੇ

ਸਨ। ਇਥੇ ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕੀਤਾ ਸੀ। ਇਸ ਕਰ ਕੇ ਉਸ ਨੂੰ 'ਦਮਦਮੇ ਵਾਲੀ ਬੀੜ' ਕਿਹਾ ਜਾਂਦਾ ਹੈ (8) **ਥੜ੍ਹਾ ਸਾਹਿਬ**: ਇਥੇ 25 ਮਈ 1675 ਦੇ ਦਿਨ ਭਾਈ ਕਿਰਪਾ ਰਾਮ ਦੱਤ ਤੇ ਉਨ੍ਹਾਂ ਦੇ ਸਾਥੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਫ਼ਰਿਆਦੀ ਹੋਏ ਸਨ (9) **ਭੋਰਾ ਸਾਹਿਬ:** ਗੁਰੂ ਤੇਗ਼ ਬਹਾਦਰ ਸਾਹਿਬ ਇਥੇ ਪਾਠ ਕਰਿਆ ਕਰਦੇ ਸਨ {*ਮੰਜੀ ਸਾਹਿਬ ਪਹਿਲਾ, ਦਮਦਮਾ ਸਾਹਿਬ, ਭੋਰਾ ਸਾਹਿਬ ਤੇ ਥੜ੍ਹਾ ਸਾਹਿਬ ਸਾਰੇ ਇੱਕੋ ਕੰਪਲੈਕਸ 'ਗੁਰੂ ਦੇ ਮਹਿਲ' ਵਿਚ ਹਨ*} (10) **ਕਿਲ੍ਹਾ ਅਨੰਦਗੜ੍ਹ ਸਾਹਿਬ**: 1689 ਵਿਚ ਇਥੇ ਅਨੰਦਪੁਰ ਸਾਹਿਬ ਦਾ ਪਹਿਲਾ ਕਿਲ੍ਹਾ ਬਣਾਇਆ ਗਿਆ ਸੀ। ਇਥੇ ਇਕ ਬਾਉਲੀ ਵੀ ਹੈ, ਜਿਸ ਦੀਆਂ 135 ਪੌੜੀਆਂ ਹਨ। ਇਹ ਬਾਉਲੀ ਸ. ਜੱਸਾ ਸਿੰਘ ਆਹਲੂਵਾਲੀਆ ਨੇ ਬਣਵਾਈ ਸੀ (11) **ਕਿਲ੍ਹਾ ਫ਼ਤਹਿਗੜ੍ਹ ਸਾਹਿਬ**: ਇਥੇ ਕਿਲ੍ਹਾ ਫ਼ਤਹਿਗੜ੍ਹ ਸੀ (12) **ਹੋਲਗੜ੍ਹ ਸਾਹਿਬ**: ਇਥੇ ਕਿਲ੍ਹਾ ਹੋਲਗੜ੍ਹ ਸੀ। ਇਹ ਕੇਸਗੜ੍ਹ ਸਾਹਿਬ ਤੋਂ ਤਕਰੀਬਨ 2 ਕਿਲੋਮੀਟਰ ਦੇ ਫ਼ਾਸਲੇ 'ਤੇ ਹੈ। 'ਹੋਲਾ ਮਹੱਲਾ' ਗੁਰੂ ਸਾਹਿਬ ਨੇ ਇੱਥੇ ਹੀ, ਇਸ ਦੇ ਬਾਹਰ 'ਚਰਨ ਗੰਗਾ' ਦੇ ਮੈਦਾਨ ਵਿਚ, ਮਨਾਉਣਾ ਸ਼ੁਰੂ ਕੀਤਾ ਸੀ (13) **ਲੋਹਗੜ੍ਹ ਸਾਹਿਬ**: ਇਥੇ ਕਿਲ੍ਹਾ ਲੋਹਗੜ ਸੀ। ਇਹ ਕੇਸਗੜ੍ਹ ਸਾਹਿਬ ਤੋਂ 800 ਮੀਟਰ ਦੂਰ ਹੈ। ਭਾਈ ਬਚਿੱਤਰ ਸਿੰਘ ਨੇ ਪਹਿਲੀ ਸਤੰਬਰ 1700 ਦੇ ਦਿਨ ਬਰਛਾ ਮਾਰ ਕੇ ਸ਼ਰਾਬੀ ਹਾਥੀ ਇਥੋਂ ਹੀ ਭਜਾਇਆ ਸੀ। {ਸਾਰੇ ਕਿਲ੍ਹੇ ਇਸ ਦੂਜੇ ਤੋਂ ਤਕਰੀਬਨ ਇਕ ਮੀਲ ਦੇ ਫ਼ਾਸਲੇ 'ਤੇ ਸਨ} (14) **ਮਾਤਾ ਜੀਤੋ ਜੀ ਦਾ ਗੁਰਦੁਆਰਾ:** ਕੇਸਗੜ੍ਹ ਸਾਹਿਬ ਤੋਂ ਤਕਰੀਬਨ ਡੇਢ ਕਿਲੋਮੀਟਰ ਦੂਰ, ਗੁਰਦੁਆਰਾ ਹੋਲਗੜ੍ਹ ਦੇ ਨੇੜੇ ਹੈ। ਮਾਤਾ ਜੀਤੋ ਜੀ ਦਾ ਸਸਕਾਰ ਇੱਥੇ ਹੀ ਹੋਇਆ ਸੀ। ਬਾਕੀ ਸਿੱਖਾਂ ਦੇ ਸਸਕਾਰ ਵੀ ਏਥੇ ਹੀ ਹੋਇਆ ਕਰਦੇ ਸੀ। ਅਨੰਦਪੁਰ ਸਾਹਿਬ ਰੋਪੜ ਤੋਂ 45 ਕਿਲੋਮੀਟਰ ਦੂਰ ਅਤੇ ਕੀਰਤਪੁਰ ਤੋਂ 9 ਕਿਲੋਮੀਟਰ ਦੂਰ ਹੈ।

ਪਾਉਂਟਾ ਸਾਹਿਬ

ਪਾਉਂਟਾ ਸਾਹਿਬ, ਹਿਮਾਂਚਲ ਵਿਚ, ਯਮਨਾ ਦਰਿਆ ਦੇ ਕਿਨਾਰੇ ਇਕ ਵੱਡਾ ਪਿੰਡ ਹੈ। ਇਸ ਦੀ ਨੀਂਹ ਭਾਈ ਰਾਮ ਕੰਵਰ (ਮਗਰੋਂ ਭਾਈ ਗੁਰਬਖ਼ਸ਼ ਸਿੰਘ), ਜੋ ਬਾਬਾ ਬੁੱਢਾ ਜੀ ਦੀ ਪੰਜਵੀਂ ਪੀੜ੍ਹੀ ਸਨ, ਨੇ 29 ਅਪ੍ਰੈਲ 1685 ਦੇ ਦਿਨ ਰੱਖੀ ਸੀ। ਇੱਥੇ ਗੁਰੂ ਸਾਹਿਬ ਨੇ ਇਕ ਕਿਲ੍ਹਾ ਬਣਾਇਆ ਸੀ। ਇਥੇ ਗੁਰੂ ਸਾਹਿਬ ਦੇ ਦਰਬਾਰ ਵਿਚ 52 ਕਵੀ ਤੇ ਹੋਰ ਫ਼ਨਕਾਰ ਰਿਹਾ ਕਰਦੇ ਸਨ। ਨਾਹਣ ਦਾ ਰਾਜਾ ਮੇਦਨੀ ਪ੍ਰਕਾਸ਼ (ਜਿਸ ਦੇ ਆਖਣ 'ਤੇ ਗੁਰੂ ਸਾਹਿਬ ਨੇ ਇਥੇ ਰਹਿਣਾ ਮਨਜ਼ੂਰ ਕੀਤਾ ਸੀ) ਕਈ ਵਾਰ ਉਨ੍ਹਾਂ ਦੇ ਦਰਸ਼ਨ ਕਰਨ ਆਇਆ ਕਰਦਾ ਸੀ। ਗੁਰੂ ਹਰਿ ਰਾਇ ਸਾਹਿਬ ਦਾ ਪੁੱਤਰ ਰਾਮ ਰਾਇ, ਜਿਸ ਨੂੰ ਗੁਰੂ ਸਾਹਿਬ ਨੇ ਗੁਰਗੱਦੀ ਤੋਂ ਮੌਕੂਫ਼ ਕਰ ਦਿੱਤਾ ਸੀ, 11 ਮਈ 1685 ਦੇ ਦਿਨ, ਖੁਰਵੱਧੀ ਪਿੰਡ (ਹੁਣ ਡੇਹਰਾਦੂਨ) ਤੋਂ ਇਥੇ ਆਇਆ ਸੀ ਅਤੇ ਆਪਣੀ ਭੁੱਲ ਬਖ਼ਸ਼ਾਈ ਸੀ। ਤਿੰਨ ਸਾਲ ਤਕ ਪਾਉਂਟਾ ਸਾਹਿਬ ਸਿੱਖ ਸੈਂਟਰ ਬਣਿਆ ਰਿਹਾ ਅਤੇ ਹਜ਼ਾਰਾਂ ਸਿੱਖ ਦਰਸ਼ਨ ਕਰਨ ਆਉਂਦੇ ਰਹੇ। 18 ਸਤੰਬਰ 1688 ਦਿਨ ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਅੱਗੇ ਜਾ ਕੇ 11 ਕਿਲੋਮੀਟਰ ਦੂਰ ਪਿੰਡ ਭੰਗਾਣੀ ਵਿਚ ਉਸ ਦਾ ਮੁਕਾਬਲਾ ਕੀਤਾ। ਹਾਰਨ ਮਗਰੋਂ ਫ਼ਤਹਿ ਸ਼ਾਹ ਮੁੜ ਕੇ ਨਹੀਂ ਪਰਤਿਆ। 28 ਅਕਤੂਬਰ 1688 ਦੇ ਦਿਨ ਗੁਰੂ ਸਾਹਿਬ ਪਾਉਂਟਾ ਸਾਹਿਬ ਤੋਂ

ਅਨੰਦਪੁਰ ਸਾਹਿਬ ਨੂੰ ਵਾਪਿਸ ਚੱਲ ਪਏ।

ਨੰਦੇੜ (ਹਜ਼ੂਰ ਸਾਹਿਬ)

ਨੰਦੇੜ ਗੋਦਾਵਰੀ ਦਰਿਆ ਦੇ ਕੰਢੇ (ਮਹਾਂਰਾਸ਼ਟਰ ਸੂਬੇ ਵਿਚ) ਹੈ ਅਤੇ ਔਰੰਗਾਬਾਦ ਤੋਂ 235 ਕਿਲੋਮੀਟਰ ਤੇ ਹੈਦਰਾਬਾਦ ਤੋਂ 278 ਕਿਲੋਮੀਟਰ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਏਥੇ ਜੁਲਾਈ 1708 ਵਿਚ ਆਏ ਸਨ। 3 ਸਤੰਬਰ ਨੂੰ ਆਪ ਨੇ ਇੱਥੇ ਬੰਦਾ ਸਿੰਘ ਬਹਾਦਰ (ਉਦੋਂ ਮਾਧੋ ਦਾਸ ਬੈਰਾਗੀ) ਨੂੰ ਖੰਡੇ ਦੀ ਪਾਹੁਲ ਦੇ ਕੇ ਸਿੱਖ ਪੰਥ ਵਿਚ ਸ਼ਾਮਿਲ ਕੀਤਾ। 5 ਅਕਤੂਬਰ ਨੂੰ ਆਪ ਨੇ ਬੰਦਾ ਸਿੰਘ ਨੂੰ ਖ਼ਾਲਸਾ ਫ਼ੌਜ ਦਾ ਜਥੇਦਾਰ ਬਣਾ ਕੇ ਪੰਜਾਬ ਭੇਜਿਆ। ਇਸੇ ਸ਼ਾਮ ਨੂੰ ਆਪ 'ਤੇ ਜਮਸ਼ੇਦ ਖ਼ਾਨ ਨੇ ਛੁਰਿਆਂ ਦੇ ਵਾਰ ਕਰ ਕੇ ਬੇਹੱਦ ਜ਼ਖ਼ਮੀ ਕਰ ਦਿੱਤਾ। ਅਗਲੇ ਦਿਨ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਅਤੇ ਉਸ ਅੱਧੀ ਰਾਤ ਨੂੰ ਆਪ ਜੋਤੀ-ਜੋਤਿ ਸਮਾ ਗਏ। ਆਪ ਦਾ ਸਸਕਾਰ ਨਦੀ ਦੇ ਕਿਨਾਰੇ 'ਤੇ ਕਰ ਕੇ ਅਸਥੀਆਂ ਜਲ-ਪ੍ਰਵਾਹ ਕਰ ਦਿੱਤੀਆਂ ਗਈਆਂ। ਨੰਦੇੜ ਵਿਚ ਕਈ ਗੁਰਦੁਆਰੇ ਹਨ: (1) **ਤਖ਼ਤ ਹਜ਼ੂਰ ਸਾਹਿਬ:** ਇਸ ਥਾਂ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚਲਾਇਆ ਕਰਦੇ ਸਨ। ਇਸ ਦੀ ਸੈਂਟਰਲ ਥਾਂ ਨੂੰ ਅੰਗੀਠਾ ਸਾਹਿਬ ਵੀ ਆਖਦੇ ਹਨ। ਗੁਰੂ ਸਾਹਿਬ ਦਾ ਸਸਕਾਰ ਇਥੇ ਕੀਤਾ ਗਿਆ ਸੀ। ਇਸ ਨੂੰ ਕੁਝ ਲੋਕ **ਸਚਖੰਡ ਸਾਹਿਬ** ਵੀ ਆਖਦੇ ਹਨ, ਜੋ ਸਹੀ ਨਹੀਂ ਹੈ। ਗੁਰਬਾਣੀ ਮੁਤਾਬਿਕ ਹਰ ਉਹ ਥਾਂ ਸਚਖੰਡ ਹੈ ਜਿਥੇ ਸੰਗਤ ਵਾਹਿਗੁਰੂ ਦਾ ਨਾਂ ਜਪਦੀ ਹੈ (2) **ਸੰਗਤ ਘਾਟ**: ਇਥੇ ਗੁਰੂ ਸਾਹਿਬ ਦੀਵਾਨ ਲਾਇਆ ਕਰਦੇ ਸਨ (3) **ਨਗੀਨਾ ਘਾਟ, ਹੀਰਾ ਘਾਟ**: ਇਕ ਰਿਵਾਇਤ ਮੁਤਾਬਿਕ ਬਹਾਦਰ ਸ਼ਾਹ ਵੱਲੋਂ ਭੇਟ ਕੀਤੇ ਨਗੀਨੇ ਨੂੰ ਗੁਰੂ ਸਾਹਿਬ ਨੇ ਇਥੇ ਦਰਿਆ ਵਿਚ ਸੁੱਟ ਦਿੱਤਾ ਸੀ (ਅਜਿਹਾ ਲਗਦਾ ਹੈ ਕਿ ਇਹ ਸਾਖੀ ਮਗਰੋਂ ਬਣਾਈ ਗਈ ਹੋਵੇਗੀ) (4) **ਸ਼ਿਕਾਰ ਘਾਟ:** ਇਸ ਜਗਹ ਕਦੇ ਜੰਗਲ ਹੁੰਦਾ ਸੀ। ਗੁਰੂ ਸਾਹਿਬ ਇੱਥੇ ਸ਼ਿਕਾਰ ਕਰਿਆ ਕਰਦੇ ਸਨ (5) **ਗੋਬਿੰਦ ਬਾਗ਼:** ਗੁਰੂ ਸਾਹਿਬ ਵੇਲੇ ਇਹ ਇਕ ਬਾਗ਼ ਸੀ ਤੇ ਗੁਰੂ ਸਾਹਿਬ ਇਸ ਵਿਚ ਟਹਿਲਿਆ ਕਰਦੇ ਸੀ (6) **ਮਾਲ ਟੇਕਰੀ:** ਇਕ ਰਿਵਾਇਤ ਮੁਤਾਬਿਕ ਇਸ ਜਗਹ ਗੁਰੂ ਸਾਹਿਬ ਨੇ ਫ਼ੌਜੀਆਂ ਨੂੰ ਤਨਖ਼ਾਹਾਂ ਵੰਡੀਆਂ ਸਨ (7) **ਗੁਰਦੁਆਰਾ ਬਾਬਾ ਬੰਦਾ ਸਿੰਘ:** ਇਸ ਜਗਹ 1708 ਵਿਚ ਬਾਬਾ ਬੰਦਾ ਸਿੰਘ ਦਾ ਡੇਰਾ ਸੀ (8) **ਮਾਤਾ ਸਾਹਿਬ ਕੌਰ:** ਮਾਤਾ ਸਾਹਿਬ ਕੌਰ ਗੁਰੂ ਸਾਹਿਬ ਦੀ ਸ਼ਹੀਦੀ ਮਗਰੋਂ ਕੁਝ ਚਿਰ ਏਥੇ ਠਹਿਰੇ ਸਨ (9) **ਲੰਗਰ ਸਾਹਿਬ:** ਭਾਈ ਨਿਧਾਨ ਸਿੰਘ ਵੱਲੋਂ ਕਾਇਮ ਕੀਤਾ ਲੰਗਰ ਹੁਣ ਗੁਰਦੁਆਰਾ ਬਣ ਚੁਕਾ ਹੈ (10 ਅਤੇ 11) ਦੋ ਗੁਰਦੁਆਰੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦੀ ਯਾਦ ਵਿਚ ਅਤੇ ਮਾਈ ਭਾਗ ਕੌਰ ਦੀ ਯਾਦ ਵਿਚ ਵੀ ਬਣੇ ਹੋਏ ਹਨ। ਹਜ਼ੂਰ ਸਾਹਿਬ ਦਾ ਇੰਤਜ਼ਾਮ ਅਜੇ ਤੱਕ ਪੂਰੀ ਤਰ੍ਹਾਂ ਪੰਥ ਦੇ ਹੱਥਾਂ ਵਿਚ ਨਹੀਂ ਹੈ। ਇਸ ਜਗਹ ਅੱਜ ਵੀ ਸਿੱਖ ਮਰਿਆਦਾ ਦੀ ਜਗਹ ਬ੍ਰਾਹਮਣੀ ਮਰਿਆਦਾ ਚਲਦੀ ਹੈ।

ਪਟਨਾ ਸਾਹਿਬ

ਪਟਨਾ ਸਾਹਿਬ ਅੱਜ ਬਿਹਾਰ ਦੀ ਰਾਜਧਾਨੀ ਹੈ। ਗੰਗਾ ਦਰਿਆ ਦੇ ਉੱਤਰੀ ਕੰਢੇ 'ਤੇ ਹਾਜੀਪੁਰ ਤੇ ਦੱਖਣੀ ਕੰਢੇ 'ਤੇ ਪਟਨਾ ਸਾਹਿਬ ਹੈ (ਹੁਣ ਦੋਵੇਂ ਕਸਬੇ ਇਕ ਹੋ ਗਏ ਹਨ)। ਪਹਿਲਾਂ ਇੱਥੇ ਪਾਟਲੀ ਪੁੱਤਰ ਕਸਬਾ ਵਸਦਾ ਸੀ, ਜੋ ਮੌਰੀਆ ਬੰਸ ਦੀ ਰਾਜਧਾਨੀ

ਸੀ। ਉਹ ਨਗਰ ਦੋ-ਢਾਈ ਹਜ਼ਾਰ ਸਾਲ ਪੁਰਾਣਾ ਸੀ। ਮਗਰੋਂ ਉਹ ਨਗਰ ਖ਼ਾਲੀ ਹੋ ਕੇ ਉਜੜ ਗਿਆ ਸੀ। ਫਿਰ ਇਸ ਨੂੰ ਸ਼ੇਰ ਸ਼ਾਹ ਸੂਰ ਨੇ (ਜਦ ਉਹ ਬੰਗਾਲ ਦਾ ਸੂਬੇਦਾਰ ਸੀ) ਵਸਾਇਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਇੱਥੇ 18 ਦਸੰਬਰ 1661 ਦੇ ਦਿਨ ਹੋਇਆ ਸੀ। ਗੁਰੂ ਨਾਨਕ ਸਾਹਿਬ ਵੀ ਇਸ ਇਲਾਕੇ ਵਿਚ ਆਏ ਸਨ ਤੇ ਗੁਰੂ ਤੇਗ਼ ਬਹਾਦਰ ਸਾਹਿਬ ਵੀ ਕਾਫ਼ੀ ਚਿਰ ਇਥੇ ਵਿਚਰਦੇ ਰਹੇ। ਇਸ ਸ਼ਹਿਰ ਵਿਚ ਵੀ ਕਈ ਗੁਰਦੁਆਰੇ ਹਨ: (1) **ਤਖ਼ਤ ਪਟਨਾ ਸਾਹਿਬ** (ਕੁਝ ਲੋਕ ਇਸ ਨੂੰ **ਹਰਿਮੰਦਰ ਸਾਹਿਬ** ਵੀ ਲਿਖ ਦੇਂਦੇ ਹਨ): ਇਸ ਥਾਂ ਤੋਂ ਗੁਰੂ ਤੇਗ਼ ਬਹਾਦਰ ਸਾਹਿਬ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚਲਾਇਆ ਕਰਦੇ ਸਨ। ਯਾਨਿ ਉਦੋਂ ਇਹ ਪੰਥ ਦਾ ਤਖ਼ਤ ਸੀ। ਮੌਜੂਦਾ ਇਮਾਰਤ ਉਂਨੀਵੀਂ ਸਦੀ ਦੇ ਪਹਿਲੇ ਅੱਧ ਦੀ ਹੈ। ਇੱਥੇ ਗੁਰੂ ਸਾਹਿਬ ਦੀਆਂ ਤਵਾਰੀਖ਼ੀ ਚੀਜ਼ਾਂ ਸੰਭਾਲੀਆਂ ਹੋਈਆਂ ਹਨ (2) **ਗੁਰੂ ਦਾ ਬਾਗ਼**: ਗੁਰੂ ਤੇਗ਼ ਬਹਾਦਰ ਦੀ ਯਾਦ ਵਿਚ ਬਣਿਆ ਹੋਇਆ ਇਹ ਬਾਗ਼ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਇਕ ਮੁਰੀਦ ਕਾਜ਼ੀ ਨੇ ਤੋਹਫ਼ੇ ਵਜੋਂ ਦਿੱਤਾ ਹੋਇਆ ਸੀ (3) **ਗੋਬਿੰਦ ਘਾਟ**: ਗੁਰੂ ਗੋਬਿੰਦ ਸਿੰਘ ਸਾਹਿਬ ਬਚਪਨ ਵਿਚ ਇੱਥੇ ਦਰਿਆ ਦੇ ਕੰਢੇ 'ਤੇ ਖੇਡਿਆ ਕਰਦੇ ਸਨ (4) **ਬੜੀ ਸੰਗਤ**: ਇੱਥੇ ਇਕ ਸ਼ਾਹੂਕਾਰ ਭਾਈ ਜੀਤ ਮੱਲ ਰਹਿੰਦਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਜਦੋਂ ਪਹਿਲੀ ਵਾਰੀ ਪਟਨਾ ਆਏ ਤਾਂ ਇੱਥੇ ਹੀ ਠਹਿਰੇ ਸੀ। ਇੱਥੇ ਸੰਗਤ ਦੇ ਵੱਡੇ ਇਕੱਠ ਹੋਇਆ ਕਰਦੇ ਸੀ। ਇਸ ਕਰ ਕੇ ਇਸ ਨੂੰ ਗੁਰਦੁਆਰਾ ਬੜੀ ਸੰਗਤ ਆਖਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਵੀ ਪਟਨਾ ਦੇ ਨੇੜਿਓਂ ਹਾਜੀਪੁਰ ਵਿਚੋਂ ਲੰਘੇ ਸਨ। ਉੱਥੇ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ **ਗੁਰਦੁਆਰਾ ਦੇਊ ਘਾਟ** ਬਣਿਆ ਹੋਇਆ ਹੈ।

ਚਮਕੌਰ ਸਾਹਿਬ

ਚਮਕੌਰ ਸਾਹਿਬ ਰੋਪੜ ਜ਼ਿਲ੍ਹੇ ਵਿਚ ਹੈ। 5 ਤੇ 6 ਦਸੰਬਰ ਵਿਚਲੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਛੱਡਿਆ ਤਾਂ ਉਹ ਆਪ, ਦੋ ਵੱਡੇ ਸਾਹਿਬਜ਼ਾਦੇ, ਪੰਜ ਪਿਆਰੇ ਤੇ ਤਕਰੀਬਨ 40 ਸਿੱਖ ਕੀਰਤਪੁਰ ਅਤੇ ਕੋਟਲਾ ਨਿਹੰਗ ਖ਼ਾਨ 'ਚੋਂ ਹੁੰਦੇ ਹੋਏ 7 ਦਸੰਬਰ ਦੀ ਸਵੇਰ ਨੂੰ ਇੱਥੇ ਪੁੱਜੇ ਸਨ ਤੇ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ। ਕਿਸੇ ਦੋਖੀ ਨੇ ਇਸ ਦੀ ਇਤਲਾਹ ਰੋਪੜ ਦੀ ਪੁਲਿਸ ਚੌਕੀ ਵਿਚ ਜਾ ਦਿੱਤੀ। ਦੁਪਹਿਰ ਬਾਅਦ ਮਲੇਰਕੋਟਲੇ ਦੀ ਇਕ ਵੱਡੀ ਫ਼ੌਜ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ, ਦੋ ਸਾਹਿਬਜ਼ਾਦੇ, ਪੰਜ ਪਿਆਰੇ ਅਤੇ ਚਾਲੀ ਸਿੱਖਾਂ ਨੇ ਸਿੱਖ ਤਵਾਰੀਖ਼ ਦੀ ਇਕ ਬੜੀ ਅਹਿਮ ਲੜਾਈ ਲੜੀ। ਸ਼ਾਮ ਤੋਂ ਅਗਲੀ ਸਵੇਰ ਤੱਕ ਹੱਥੋ-ਹੱਥ ਲੜਾਈ ਵਿਚ ਦੋਵੇਂ ਸਾਹਿਬਜ਼ਾਦੇ, ਪੰਜ ਪਿਆਰਿਆਂ ਵਿਚੋਂ ਤਿੰਨ ਤੇ 40 'ਚੋਂ 38 ਸਿੰਘ ਸ਼ਹੀਦ ਹੋ ਗਏ। ਅੱਧੀ ਰਾਤ ਵੇਲੇ ਭਾਈ ਨਬੀ ਖ਼ਾਨ ਅਤੇ ਭਾਈ ਗਨੀ ਖ਼ਾਨ ਦੀ ਮਦਦ ਨਾਲ ਗੁਰੂ ਸਾਹਿਬ ਗੜ੍ਹੀ 'ਚੋਂ ਨਿਕਲ ਕੇ ਮਾਛੀਵਾੜਾ ਪਹੁੰਚਣ ਵਿਚ ਕਾਮਯਾਬ ਹੋ ਗਏ ਸਨ। ਉਨ੍ਹਾਂ ਤੋਂ ਇਲਾਵਾ ਪੰਜ ਸਿੰਘ ਵੀ ਬਚ ਕੇ ਮਾਛੀਵਾੜਾ ਆ ਪਹੁੰਚੇ। ਚਮਕੌਰ ਸਾਹਿਬ ਪਹਿਲੋਂ ਤਾਂ ਇਕ ਨਿੱਕਾ ਜਿਹਾ ਪਿੰਡ ਸੀ ਤੇ ਇੱਥੇ ਥੋੜ੍ਹੇ ਜਿਹੇ ਘਰ ਸਨ। ਹੁਣ ਇਹ ਇਕ ਚੰਗਾ ਕਸਬਾ ਬਣ ਚੁੱਕਾ ਹੈ ਅਤੇ ਇੱਥੇ ਕਈ ਗੁਰਦੁਆਰੇ ਹਨ: (1) **ਕਤਲ ਗੜ੍ਹ**: ਇਹ ਚਮਕੌਰ ਸਾਹਿਬ ਦਾ ਮੁਖ ਗੁਰਦੁਆਰਾ ਹੈ। ਇਸ ਨੂੰ **ਸ਼ਹੀਦ ਗੰਜ** ਵੀ ਆਖਦੇ ਹਨ। ਇੱਥੇ ਸਿੱਖਾਂ ਅਤੇ ਸ਼ਾਹੀ ਫ਼ੌਜਾਂ ਵਿਚਕਾਰ ਹੱਥੋ-ਹੱਥ ਲੜਾਈ ਹੋਈ ਸੀ। ਇੱਥੇ ਦੋ ਸਾਹਿਬਜ਼ਾਦੇ (ਅਜੀਤ ਸਿੰਘ ਤੇ ਜੁਝਾਰ ਸਿੰਘ), ਪੰਜਾਂ ਵਿਚੋਂ ਤਿੰਨ ਪਿਆਰੇ (ਭਾਈ ਮੋਹਕਮ ਸਿੰਘ-ਹਿੰਮਤ ਸਿੰਘ-

ਧਰਮ ਸਿੰਘ) ਤੇ ਚਾਲ੍ਹੀ ਸਿੰਘ ਸ਼ਹੀਦ ਹੋਏ ਸਨ (2) **ਗੜ੍ਹੀ ਸਾਹਿਬ:** ਇਹ ਅਸਲ ਗੜ੍ਹੀ ਵਾਲੀ ਥਾਂ ਸੀ ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਢਾਹ ਕੇ ਸੰਗਮਰਮਰ ਦਾ ਗੁਰਦੁਆਰਾ ਬਣਾ ਲਿਆ ਹੈ। ਇੱਥੇ ਸਿੱਖਾਂ ਨੇ ਮੋਰਚੇ ਸੰਭਾਲੇ ਹੋਏ ਸਨ। ਇਸ ਨੂੰ **ਤਿਲਕ ਅਸਥਾਨ** ਵੀ ਆਖਦੇ ਹਨ। ਇਕ ਰਿਵਾਇਤ ਮੁਤਾਬਿਕ ਗੁਰੂ ਸਾਹਿਬ ਨੇ ਇੱਥੇ ਪੰਥ ਖਾਲਸਾ ਨੂੰ ਗੁਰਗੱਦੀ ਬਖ਼ਸ਼ੀ ਸੀ (ਇਹ ਗੱਲ ਸਹੀ ਨਹੀਂ ਜਾਪਦੀ ਕਿਉਂਕਿ ਗੁਰੂ ਸਾਹਿਬ ਨੇ ਗੁਰਗੱਦੀ ਤਾਂ 6 ਅਕਤੂਬਰ 1708 ਦੇ ਦਿਨ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੀ ਸੀ)। (3) **ਤਾੜੀ ਸਾਹਿਬ:** ਇਕ ਰਿਵਾਇਤ ਮੁਤਾਬਿਕ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੜ੍ਹੀ ਵਿਚੋਂ ਨਿਕਲਣ ਤੋਂ ਪਹਿਲਾਂ ਤਿੰਨ ਵਾਰ ਤਾੜੀ ਮਾਰ ਕੇ ਆਖਿਆ ਗਿਆ ਸੀ "ਸਿੱਖਾਂ ਦਾ ਪੀਰ ਚਲਿਆ ਜੇ।" ਪਰ ਇਹ ਕਹਾਣੀ ਮਗਰੋਂ ਘੜੀ ਹੋਈ ਜਾਪਦੀ ਹੈ ਤਾਂ ਜੋ ਇਹ ਸਾਬਿਤ ਕੀਤਾ ਜਾ ਸਕੇ ਕਿ ਗੁਰੂ ਸਾਹਿਬ ਚੁੱਪ ਕਰ ਕੇ ਨਹੀਂ ਨਿਕਲੇ ਸਨ (4) **ਦਮਦਮਾ ਸਾਹਿਬ:** ਗੁਰੂ ਗੋਬਿੰਦ ਸਿੰਘ ਸਾਹਿਬ ਕੁਰਖੇਤਰ (ਕੁਰੂਕਸ਼ੇਤਰ) ਜਾਂਦਿਆਂ ਇਕ ਵਾਰ ਇੱਥੇ ਠਹਿਰੇ ਸਨ (5) **ਰਣਜੀਤਗੜ੍ਹ:** ਗੁਰੂ ਸਾਹਿਬ ਕੁਰਖੇਤਰ ਤੋਂ ਆਉਂਦਿਆਂ ਇਕ ਵਾਰ ਇੱਥੇ ਰੁਕੇ ਸਨ (6) **ਸ਼ਹੀਦ ਗੰਜ ਭਾਈ ਜੀਵਨ ਸਿੰਘ:** ਇਹ ਗੁਰਦੁਆਰਾ ਭਾਈ ਜੀਵਨ ਸਿੰਘ (ਜੈਤਾ) ਦੀ ਸ਼ਹੀਦੀ ਦੀ ਯਾਦ ਵਿਚ ਬਣਿਆ ਹੈ। ਹਾਲਾਂ ਕਿ ਭਾਈ ਜੀਵਨ ਸਿੰਘ ਸਿਰਸਾ ਨਦੀ ਦੇ ਕੰਢੇ 'ਤੇ, ਛੱਖੀਆਂ ਪਿੰਡ ਦੀ ਜੂਹ ਵਿਚ, ਸ਼ਹੀਦ ਹੋਏ ਸਨ। ਹੁਣ ਇਕ ਗੁਰਦੁਆਰਾ ਭਾਈ ਸੰਗਤ ਸਿੰਘ ਦੀ ਯਾਦ ਵਿਚ ਵੀ ਬਣਾਇਆ ਜਾ ਰਿਹਾ ਹੈ। (ਭਾਈ ਸੰਗਤ ਸਿੰਘ ਅਰੋੜਾ ਸਭ ਤੋਂ ਮਗਰੋਂ ਸ਼ਹੀਦ ਹੋਏ ਸਨ, ਗੁਰਦੁਆਰਾ ਬਣਾਉਣ ਵਾਲਿਆਂ ਨੇ ਉਨ੍ਹਾਂ ਨੂੰ ਅਖੌਤੀ ਦਲਿਤ ਬਣਾ ਲਿਆ ਹੈ)। ਚਮਕੌਰ ਸਾਹਿਬ ਰੋਪੜ ਤੋਂ 16 ਕਿਲੋਮੀਟਰ ਤੇ ਮੋਰਿੰਡਾ ਤੋਂ 14 ਕਿਲੋਮੀਟਰ ਹੈ।

ਫ਼ਤਹਿਗੜ੍ਹ ਸਾਹਿਬ

ਫ਼ਤਹਿਗੜ੍ਹ ਸਾਹਿਬ ਸਿੱਖ ਤਵਾਰੀਖ਼ 'ਚ ਅਹਿਮ ਜਗਹ ਰੱਖਦਾ ਹੈ। 1705 ਵਿਚ ਇਸੇ ਥਾਂ 'ਤੇ ਸਾਹਰਿੰਦ (ਹੁਣ ਸਰਹਿੰਦ) ਸ਼ਹਿਰ ਹੁੰਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਇੱਥੇ ਸ਼ਹੀਦ ਹੋਏ ਸਨ। ਸਾਹਿਬਜ਼ਾਦਿਆਂ ਨੂੰ ਕਿਲ੍ਹੇ ਦੇ ਬਾਹਰ, 12 ਦਸੰਬਰ 1705 ਦੇ ਦਿਨ, ਦੀਵਾਰ ਵਿਚ ਚਿਣਿਆ ਗਿਆ ਸੀ ਪਰ ਦੀਵਾਰ ਡਿੱਗ ਪੈਣ 'ਤੇ ਦੋਵੇਂ ਬਚ ਗਏ ਸਨ ਤੇ ਅਗਲੇ ਦਿਨ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ ਸੀ। ਉਸੇ ਦਿਨ 13 ਦਸੰਬਰ 1705 ਨੂੰ ਮਾਤਾ ਗੁਜਰੀ ਸੀ ਵੀ ਤਸੀਹੇ ਸਹਿੰਦੇ-ਸਹਿੰਦੇ ਸ਼ਹੀਦ ਹੋ ਗਏ ਸਨ। ਫ਼ਤਹਿਗੜ੍ਹ ਸਾਹਿਬ ਗੁਰਦੁਆਰਾ ਵਾਲੀ ਜਗਹ ਦੇ ਨਾਲ ਸਰਹਿੰਦ ਦਾ ਕਿਲ੍ਹਾ ਹੁੰਦਾ ਸੀ। ਹੁਣ ਕਿਲ੍ਹੇ ਦੀ ਹੁਣ ਕੋਈ ਵੀ ਨਿਸ਼ਾਨੀ ਬਚੀ ਹੋਈ ਨਹੀਂ ਹੈ। 1710 ਵਿਚ ਬਾਬਾ ਬੰਦਾ ਸਿੰਘ ਨੇ ਹਮਲਾ ਕਰ ਕੇ ਇਸ ਕਿਲ੍ਹੇ ਨੂੰ ਜਿੱਤ ਲਿਆ ਸੀ ਮਗਰੋਂ 1764 ਤੋਂ ਬਾਅਦ ਸਿੱਖਾਂ ਨੇ ਇਸ ਨੂੰ ਤਬਾਹ ਕਰ ਦਿੱਤਾ ਸੀ। ਬੰਦਾ ਸਿੰਘ ਨੇ ਹੀ ਸਭ ਤੋਂ ਪਹਿਲੀ ਯਾਦਗਾਰ ਬਣਾਈ ਸੀ ਤੇ ਇਸ ਦਾ ਨਾਂ ਫ਼ਤਹਿਗੜ੍ਹ ਸਾਹਿਬ ਰਖਿਆ ਸੀ। ਅਜੋਕੀ ਇਮਾਰਤ 1765 ਵਿਚ ਬਣਨੀ ਸ਼ੁਰੂ ਹੋਈ ਸੀ ਅਤੇ 1813, 1944 ਤੇ 1955 ਵਿਚ ਮੁਰੰਮਤ ਕੀਤੀ ਗਈ ਸੀ ਤੇ ਮਗਰੋਂ ਨਵੀਂ ਉਸਾਰੀ ਵੀ ਹੋਈ ਸੀ। ਇਥੋਂ ਦੀ ਮੁਖ ਜਗ੍ਹਾ **ਭੋਰਾ ਸਾਹਿਬ** ਹੈ। ਇਹ ਉਹ ਜਗਹ ਹੈ, ਜਿਥੇ ਸਾਹਿਬਜ਼ਾਦੇ ਦੀਵਾਰ ਵਿਚ ਚਿਣੇ ਗਏ ਸਨ। ਇਸ ਤੋਂ ਇਲਾਵਾ ਇਥੇ ਹੋਰ ਵੀ ਗੁਰਦੁਆਰੇ ਹਨ: (1) **ਬੁਰਜ ਮਾਤਾ ਗੁਜਰੀ:** ਇਥੇ ਕਿਲ੍ਹੇ ਦਾ ਬੁਰਜ ਸੀ ਜਿਸ ਨੂੰ

ਪਿੱਛੇ ਜਿਹੇ ਢਾਹ ਕੇ ਸੰਗਮਰਮਰ ਦੀ ਇਮਾਰਤ ਖੜ੍ਹੀ ਕਰ ਦਿੱਤੀ ਗਈ ਹੈ ਤੇ ਇਕ ਨਕਲੀ ਬੁਰਜ ਬਣਾ ਦਿੱਤਾ ਗਿਆ ਹੈ। ਮਾਤਾ ਜੀ ਤੇ ਬੱਚਿਆਂ ਨੂੰ ਇੱਥੇ ਹੀ ਕੈਦ ਰੱਖਿਆ ਗਿਆ ਸੀ। ਮਾਤਾ ਜੀ ਇੱਥੇ ਹੀ ਬੁਰਜ ਤੋਂ ਸੁੱਟ ਕੇ ਸ਼ਹੀਦ ਕੀਤੇ ਗਏ ਸਨ (2) **ਬਿਮਾਨਗੜ੍ਹ:** ਦੋਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀਆਂ ਦੇਹਾਂ ਸਸਕਾਰ ਤੋਂ ਪਹਿਲਾਂ ਇਥੇ ਰੱਖੀਆਂ ਗਈਆਂ ਸਨ (3) **ਜੋਤੀ ਸਰੂਪ**-ਇਹ ਗੁਰਦੁਆਰਾ ਮੁਖ ਜਗ੍ਹਾ ਤੋਂ ਡੇਢ ਕੁ ਕਿਲੋਮੀਟਰ ਦੂਰ ਹੈ ਇਥੇ ਤਿੰਨਾਂ ਦਾ ਸੰਸਕਾਰ ਕੀਤਾ ਗਿਆ ਸੀ (4) **ਸ਼ਹੀਦ ਗੰਜ ਪਹਿਲਾ:** ਮਈ 1710 ਵਿਚ ਜਦ ਸਿੱਖਾਂ ਨੇ ਸਾਹਰਿੰਦ ਤੇ ਕਬਜ਼ਾ ਕੀਤਾ ਤਾਂ ਇਸ ਲੜਾਈ ਵਿਚ ਬਹੁਤ ਸਾਰੇ ਸ਼ਹੀਦ ਹੋ ਗਏ ਸਨ, ਜਿਨ੍ਹਾਂ ਦਾ ਸਸਕਾਰ ਇਥੇ ਕੀਤਾ ਗਿਆ ਸੀ (5) **ਸ਼ਹੀਦ ਗੰਜ ਦੂਜਾ:** 5 ਫ਼ਰਵਰੀ 1762 ਦੇ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੇ ਸਿਰ ਕੱਟ ਕੇ ਅਹਿਮਦ ਸ਼ਾਹ ਦੁੱਰਾਨੀ 18 ਗੱਡਿਆਂ ਵਿਚ ਭਰ ਕੇ ਲਿਜਾ ਰਿਹਾ ਸੀ। ਸਿੱਖਾਂ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਸਿਰਾਂ ਨੂੰ ਖੋਹ ਕੇ ਉਨ੍ਹਾਂ ਦਾ ਸੰਸਕਾਰ ਪਿੰਡ ਅਲੀ ਮਾਜਰਾ ਵਿਚ ਕੀਤਾ ਸੀ (ਇਕ ਸੋਮੇ ਮੁਤਾਬਿਕ ਇਹ ਸਿਰ ਇਸ ਤੋਂ ਮਗਰੋਂ ਦੇ ਸਨ ਤੇ ਇਨ੍ਹਾਂ ਦਾ ਸਸਕਾਰ 23 ਮਈ 1767 ਦੇ ਦਿਨ ਕੀਤਾ ਗਿਆ ਸੀ)। (6) **ਸ਼ਹੀਦ ਗੰਜ ਜਥੇਦਾਰ ਸੁੱਖਾ ਸਿੰਘ:** ਨਵੰਬਰ 1710 ਦੇ ਦਿਨ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਸਸਕਾਰ ਇਥੇ ਹੋਏ ਸਨ (7) **ਸ਼ਹੀਦ ਗੰਜ ਮੱਲਾ ਸਿੰਘ:** ਇਹ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਤੋਂ ਅੱਧਾ ਕਿਲੋਮੀਟਰ ਦੂਰ ਹੈ। ਇੱਥੇ ਵੀ ਜਨਵਰੀ 1764 ਦੇ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ (8) **ਥੜ੍ਹਾ ਪਾਤਿਸ਼ਾਹੀ ਛੇਵੀਂ**-ਗੁਰੂ ਹਰਿਗੋਬਿੰਦ ਸਿੰਘ ਇਕ ਵਾਰ ਇਥੋਂ ਲੰਘੇ ਸਨ। ਪਟਿਆਲੇ ਦੇ ਰਾਜੇ ਕਰਮ ਸਿੰਘ ਨੇ ਸਰਹਿੰਦ ਦਾ ਨਾਂ ਫ਼ਤਹਿਗੜ੍ਹ ਰੱਖ ਦਿੱਤਾ ਸੀ ਪਰ ਪੁਰਾਣਾ ਨਾਂ ਹੀ ਚਲਦਾ ਰਿਹਾ। ਮਗਰੋਂ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਾ ਬਣ ਗਿਆ। ਫ਼ਤਹਿਗੜ੍ਹ ਸਾਹਿਬ ਨਵੇਂ ਸਰਹਿੰਦ ਤੋਂ ਪੰਜ ਕਿਲੋਮੀਟਰ ਦੂਰ ਹੈ।

ਮੁਕਤਸਰ

ਮੁਕਤਸਰ ਦਾ ਪਹਿਲਾ ਨਾਂ 'ਖਿਦਰਾਣੇ ਦੀ ਢਾਬ' ਸੀ। ਇਥੇ 29 ਦਸੰਬਰ 1705 ਦੇ ਦਿਨ ਇਕ ਵੱਡੀ ਮੁਗ਼ਲ ਫ਼ੌਜ ਦਾ ਮੁਕਾਬਲਾ ਕਰਦੇ ਹੋਏ 40 ਸਿੰਘਾਂ ਨੇ ਸ਼ਹੀਦੀ ਹਾਸਲ ਕੀਤੀ ਸੀ। ਚਮਕੌਰ ਦੇ ਚਾਲੀ ਮੁਕਤਿਆਂ ਵਾਂਗ ਇਨ੍ਹਾਂ ਨੂੰ ਵੀ ਚਾਲੀ ਮੁਕਤੇ ਆਖਿਆ ਜਾਂਦਾ ਹੈ। ਇਸ ਲੜਾਈ ਦੇ ਖ਼ਤਮ ਹੋਣ 'ਤੇ 37 ਸਿੰਘ ਸ਼ਹੀਦ ਹੋ ਚੁਕੇ ਸਨ ਤੇ ਬਾਕੀ ਦੇ ਚਾਰ, ਭਾਈ ਰਾਏ ਸਿੰਘ, ਭਾਈ ਮਹਾਂ ਸਿੰਘ, ਭਾਈ ਸੀਤਲ ਸਿੰਘ ਤੇ ਮਾਈ ਭਾਗੋ (ਭਾਗ ਕੌਰ) ਬੁਰੀ ਤਰ੍ਹਾਂ ਜ਼ਖ਼ਮੀ ਹੋ ਚੁੱਕੇ ਸਨ। ਉਸ ਵੇਲੇ ਗੁਰੂ ਗੋਬਿੰਦ ਸਿੰਘ ਸਾਹਿਬ ਵੀ ਉਥੇ ਪੁੱਜੇ। ਭਾਈ ਰਾਏ ਸਿੰਘ ਨੇ ਗੁਰੂ ਸਾਹਿਬ ਨੂੰ ਬੇਦਾਵੇ ਦਾ ਕਾਗਜ਼ ਪਾੜਨ ਵਾਸਤੇ ਅਰਜ਼ ਕੀਤੀ। ਕੁਝ ਹੀ ਚਿਰ ਵਿਚ ਭਾਈ ਸੀਤਲ ਸਿੰਘ ਵੀ ਚੜ੍ਹਾਈ ਕਰ ਗਏ। ਫਿਰ ਭਾਈ ਰਾਏ ਸਿੰਘ ਵੀ ਸਾਹ ਛੱਡ ਗਏ ਤੇ ਸਭ ਤੋਂ ਅਖੀਰ 'ਤੇ ਭਾਈ ਰਾਏ ਸਿੰਘ ਦੇ ਪੁੱਤਰ ਭਾਈ ਮਹਾਂ ਸਿੰਘ ਸ਼ਹੀਦ ਹੋਏ (ਇਸੇ ਭੁਲੇਖੇ ਵਿਚ ਇਕ ਲੇਖਕ ਨੇ ਬੇਦਾਵਾ ਪਾੜਨ ਦੀ ਘਟਨਾ ਮਹਾਂ ਸਿੰਘ ਨਾਲ ਜੋੜ ਦਿੱਤੀ ਸੀ ਤੇ ਜਿਹੜੀ ਵਧੇਰੇ ਪ੍ਰਚਲਤ ਹੋ ਗਈ ਸੀ)। ਇਸ ਜੱਥੇ ਵਿੱਚੋਂ ਸਿਰਫ਼ ਮਾਈ ਭਾਗ ਕੌਰ ਬਚੀ ਸੀ। ਇਨ੍ਹਾਂ 40 ਮੁਕਤਿਆਂ ਦੇ ਨਾਂ 'ਤੇ ਇਸ ਜਗਹ ਦਾ ਨਾਂ ਮੁਕਤਸਰ ਰਖਿਆ ਗਿਆ ਸੀ। ਮੁਕਤਸਰ ਦਾ ਮੁੱਖ ਗੁਰਦੁਆਰਾ **ਦਰਬਾਰ ਸਾਹਿਬ** ਹੈ ਜੋ ਕਿ ਸ਼ਹਿਰ ਦੇ ਅੰਦਰਵਾਰ ਹੈ। ਇਸੇ ਜਗਹ ਸਿੰਘ ਢਾਬ ਦੇ ਕੰਢੇ 'ਤੇ ਸ਼ਹੀਦ ਹੋਏ ਸਨ। ਇਸ ਤੋਂ ਇਲਾਵਾ ਤਿੰਨ ਹੋਰ ਗੁਰਦੁਆਰੇ ਵੀ ਇਸ ਨਗਰ

ਵਿਚ ਹਨ: (1) **ਸ਼ਹੀਦ ਗੰਜ:** ਇਹ ਥਾਂ ਦਰਬਾਰ ਸਾਹਿਬ ਦੇ ਨਾਲ ਹੀ ਹੈ। ਇੱਥੇ ਗੁਰੂ ਸਾਹਿਬ ਨੇ ਆਪਣੀ ਹੱਥੀਂ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕੀਤਾ ਸੀ (2) **ਤੰਬੂ ਸਾਹਿਬ:** ਜਿਥੇ ਸਿੰਘਾਂ ਨੇ ਪੜਾਅ ਕਰਨ ਵੇਲੇ ਆਪਣੇ ਤੰਬੂ ਗੱਡੇ ਸਨ (3) **ਟਿੱਬੀ ਸਾਹਿਬ:** ਇਥੇ ਗੁਰੂ ਸਾਹਿਬ ਨੇ ਪੜਾਅ ਕੀਤਾ ਸੀ। ਇਕ ਲੇਖਕ ਮੁਤਾਬਿਕ ਗੁਰੂ ਸਹਿਬ ਇਸ ਥਾਂ 'ਤੇ ਲੁਕ ਕੇ ਲੜਾਈ ਵੇਖ ਰਹੇ ਸਨ। ਮੁਕਤਸਰ ਫ਼ਰੀਦਕੋਟ ਤੋਂ 45 ਕਿਲੋਮੀਟਰ ਅਤੇ ਜਲਾਲਾਬਾਦ ਤੋਂ 30 ਕਿਲੋਮੀਟਰ ਦੂਰ ਹੈ।

ਤਲਵੰਡੀ ਸਾਬੋ

ਤਲਵੰਡੀ ਸਾਬੋ ਸਿੱਖ ਪੰਥ ਦਾ ਇਕ ਅਹਿਮ ਸੈਂਟਰ ਹੈ। ਇੱਥੇ ਗੁਰੂ ਹਰਿ ਰਾਇ ਸਾਹਿਬ 11 ਦਿਨ, ਗੁਰੂ ਤੇਗ਼ ਬਹਾਦਰ ਸਾਹਿਬ ਇਕ ਮਹੀਨੇ ਤੋਂ ਵੱਧ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ 9 ਮਹੀਨੇ ਤੋਂ ਵੱਧ ਰਹੇ। ਇਕ ਰਿਵਾਇਤ ਮੁਤਾਬਿਕ ਗੁਰੂ ਨਾਨਕ ਸਾਹਿਬ ਵੀ ਇੱਥੇ ਆਏ ਸਨ। ਤਲਵੰਡੀ ਸਾਬੋ ਵਿਚ ਸਭ ਤੋਂ ਪੁਰਾਣੀ ਸਿੱਖ ਯਾਦਗਾਰ ਗੁਰੂਸਰ ਸਰੋਵਰ ਹੈ। ਇਹ ਸਰੋਵਰ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪ ਹੱਥੀਂ ਕਾਰ ਸੇਵਾ ਕਰ ਕੇ ਮਾਰਚ 1665 ਵਿਚ ਤਿਆਰ ਕਰਵਾਇਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਅਨੰਦਪੁਰ, ਚਮਕੌਰ, ਮਾਛੀਵਾੜਾ, ਦੀਨਾ ਕਾਂਗੜ ਤੋਂ ਹੁੰਦੇ ਹੋਏ 16 ਜਨਵਰੀ 1706 ਨੂੰ ਇਥੇ ਪੁੱਜੇ ਸਨ ਤੇ 30 ਅਕਤੂਬਰ 1706 ਨੂੰ ਇਥੋਂ ਟੁਰੇ ਸਨ। ਤਲਵੰਡੀ ਸਾਬੋ ਦਾ ਮੁਖ ਗੁਰਦੁਆਰਾ **ਤਖ਼ਤ ਦਮਦਮਾ ਸਾਹਿਬ** ਹੈ (ਇਸ ਕਰ ਕੇ ਤਲਵੰਡੀ ਸਾਬੋ ਦਾ ਦੂਜਾ ਨਾਂ ਦਮਦਮਾ ਸਾਹਿਬ ਵੀ ਮਸ਼ਹੂਰ ਹੈ)। ਗੁਰੂ ਗੋਬਿੰਦ ਸਿੰਘ ਸਾਹਿਬ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਇੱਥੋਂ ਚਲਾਇਆ ਕਰਦੇ ਸਨ; ਇਸ ਕਰ ਕੇ ਇਸ ਨੂੰ ਤਖ਼ਤ ਆਖਿਆ ਜਾਂਦਾ ਹੈ। ਇੱਥੇ ਹੀ ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਵਾਲੀ ਬੀੜ (ਜੋ ਉਨ੍ਹਾਂ ਦਮਦਮਾ ਸਾਹਿਬ, ਅਨੰਦਪੁਰ ਸਾਹਿਬ, ਵਿਖੇ ਤਿਆਰ ਕੀਤੀ ਸੀ) ਦੀਆਂ ਚਾਰ ਨਕਲਾਂ ਤਿਆਰ ਕੀਤੀਆਂ ਸਨ। ਦਮਦਮਾ ਸਾਹਿਬ ਇਕ ਪੁਰਾਣੀ ਬੀੜ ਪਈ ਹੋਈ ਹੈ, ਜਿਸ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਬਾਬਾ ਦੀਪ ਸਿੰਘ ਵੱਲੋਂ ਕੀਤਾ ਗਿਆ ਉਤਾਰਾ ਹੈ। ਤਲਵੰਡੀ ਸਾਬੋ ਵਿਚ ਹੋਰ ਵੀ ਕਈ ਗੁਰਦੁਆਰੇ ਹਨ: (1) **ਨਾਨਕਸਰ:** ਇਹ ਗੁਰਦੁਆਰਾ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਪਹਿਲੋਂ ਇੱਥੇ ਸਿਰਫ਼ ਇਕ ਸਰੋਵਰ ਹੀ ਸੀ (2) **ਮੰਜੀ ਸਾਹਿਬ ਗੁਰੂ ਤੇਗ਼ ਬਹਾਦਰ ਸਾਹਿਬ:** ਇੱਥੇ ਗੁਰੂ ਤੇਗ਼ ਬਹਾਦਰ ਸਾਹਿਬ ਦੀਵਾਨ ਸਜਾਇਆ ਕਰਦੇ ਸਨ (3) **ਮੰਜੀ ਸਾਹਿਬ ਪਾਤਿਸ਼ਾਹੀ ਨੌਵੀ ਅਤੇ ਦਸਵੀਂ:** ਇਹ ਗੁਰਦੁਆਰਾ ਨੌਵੀਂ ਤੇ ਦਸਵੀ ਪਾਤਿਸ਼ਾਹੀ ਦੀ ਯਾਦ ਵਿਚ ਬਣਿਆ ਹੋਇਆ ਹੈ (4) **ਗੁਰਦੁਆਰਾ ਨਿਵਾਸ ਅਸਥਾਨ ਦਮਦਮਾ ਸਾਹਿਬ ਪਾਤਿਸ਼ਾਹੀ ਦਸਵੀਂ:** ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਲਵੰਡੀ ਸਾਬੋ ਆ ਕੇ ਸਭ ਤੋਂ ਪਹਿਲਾਂ ਇਸ ਥਾਂ 'ਤੇ ਪੜਾਅ ਕੀਤਾ ਸੀ (5) **ਗੁਰਦੁਆਰਾ ਮਾਤਾ ਸੁੰਦਰ ਕੌਰ ਅਤੇ ਸਾਹਿਬ ਕੌਰ:** ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਦੋਵੇਂ ਸਿੰਘਣੀਆਂ, 1706 ਵਿਚ ਦਿੱਲੀ ਤੋਂ ਆ ਕੇ ਇੱਥੇ ਠਹਿਰੀਆਂ ਸਨ। ਇਹ ਭਾਈ ਡੱਲਾ ਸਿੰਘ ਦਾ ਘਰ ਸੀ (6) **ਜੰਡਸਰ:** ਇਥੇ ਗੁਰੂ ਸਾਹਿਬ ਨੇ ਆਪਣੇ ਸਿਪਾਹੀਆਂ ਨੂੰ ਤਨਖ਼ਾਹ ਦਿੱਤੀ ਸੀ। ਜਿਸ ਜੰਡ ਨਾਲ ਗੁਰੂ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆ ਸੀ, ਉਹ ਅਜੇ ਤਕ ਮੌਜੂਦ ਹੈ (7) **ਟਿੱਬੀ ਸਾਹਿਬ:** ਇਥੇ ਗੁਰੂ ਸਾਹਿਬ ਸਿੰਘਾਂ ਨੂੰ ਤਲਵਾਰ ਚਲਾਉਣਾ ਤੇ ਗਤਕਾਬਾਜ਼ੀ ਸਿਖਾਇਆ ਕਰਦੇ ਸਨ (8) **ਲਿਖਣਸਰ:** ਇਕ ਰਿਵਾਇਤ ਮੁਤਾਬਿਕ ਇੱਥੇ ਗੁਰੂ ਸਾਹਿਬ

ਕਲਮਾਂ ਤਿਆਰ ਕਰਿਆ ਕਰਦੇ ਸਨ ਤੇ ਕਿਹਾ ਕਰਦੇ ਸਨ ਕਿ ਕਦੇ ਸਿੱਖ ਇਥੇ ਆਪਣਾ ਤਾਲੀਮੀ ਅਦਾਰਾ ਕਾਇਮ ਕਰਨਗੇ। ਦਰਅਸਲ ਇਸ ਥਾਂ 'ਤੇ ਬਾਬਾ ਦੀਪ ਸਿੰਘ ਪੋਥੀਆਂ ਤਿਆਰ ਕਰਿਆ ਕਰਦੇ ਸਨ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਨਾਂ ਇਸ ਥਾਂ ਨਾਲ ਮਗਰੋਂ ਜੋੜਿਆ ਗਿਆ ਸੀ (9) **ਬੁਰਜ ਬਾਬਾ ਦੀਪ ਸਿੰਘ:** ਇਥੇ ਬਾਬਾ ਦੀਪ ਸਿੰਘ ਜੀ ਕਈ ਸਾਲ ਰਹਿੰਦੇ ਰਹੇ ਸਨ। ਤਲਵੰਡੀ ਸਾਬੋ ਬਠਿੰਡਾ ਤੋਂ 28 ਕਿਲੋਮੀਟਰ ਅਤੇ ਰਾਮਾ ਸਟੇਸ਼ਨ ਤੋਂ ਸਿਰਫ਼ 8 ਕਿਲੋਮੀਟਰ ਹੈ। ਤਲਵੰਡੀ ਸਾਬੋ ਵਿਚ ਭਾਈ ਡੱਲਾ ਸਿੰਘ ਦੇ ਪਰਿਵਾਰ ਦੀ ਬੰਸ ਅਜੇ ਵੀ ਰਹਿੰਦੀ ਹੈ ਤੇ ਉਨ੍ਹਾਂ ਕੋਲ ਗੁਰੂ ਸਾਹਿਬ ਦੀਆਂ ਕੁਝ ਨਿਸ਼ਾਨੀਆਂ ਵੀ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਸਹੀ ਨਹੀਂ ਜਾਪਦੀਆਂ। ਇਨ੍ਹਾਂ ਵਿਚ ਇਕ ਹੁਕਮਨਾਮਾ ਵੀ ਹੈ, ਜੋ ਗੁਰੂ ਸਾਹਿਬ ਦਾ ਨਹੀਂ ਲਗਦਾ। ਇੰਞ ਹੀ ਪਿਆ ਇਕ ਸ਼ੀਸ਼ਾ ਤੇ ਬੰਦੂਕ ਵੀ ਗੁਰੂ ਸਾਹਿਬ ਤੋਂ ਕਾਫ਼ੀ ਮਗਰੋਂ ਦੇ ਹਨ।

ਦਿੱਲੀ

ਤਵਾਰੀਖ਼ ਦੱਸਦੀ ਹੈ ਕਿ ਦਿੱਲੀ ਕਈ ਸਦੀਆਂ ਹਿੰਦੁਸਤਾਨ ਦੀ ਰਾਜਧਾਨੀ ਰਹੀ ਹੈ, ਪਰ ਅੱਜ ਦੀ ਦਿੱਲੀ ਤਕਰੀਬਨ 1000 ਸਾਲ ਪੁਰਾਣੀ ਹੈ। ਇਸ ਦਾ ਮੁਢ 736 ਵਿਚ ਤੋਮਰ ਰਾਜਪੂਤਾਂ ਨੇ ਬੰਨ੍ਹਿਆ ਸੀ। ਦਿੱਲੀ ਵਿਚ ਕੁਤਬ ਦੀਨ ਐਬਕ, ਪ੍ਰਿਥਵੀ ਰਾਜ ਚੌਹਾਨ, ਅਲਾ-ਉਦ-ਦੀਨ ਖਲਜੀ, ਮੁਹੰਮਦ ਤੁਗ਼ਲਕ, ਸੱਯਦ, ਲੋਧੀ ਤੇ ਮੁਗ਼ਲ ਰਾਜ ਕਰਦੇ ਰਹੇ ਸਨ। ਭਾਵੇਂ 1857 ਤਕ ਏਥੇ ਮੁਗ਼ਲ ਬਾਦਸ਼ਾਹ ਦੀ ਹਕੂਮਤ ਕਾਇਮ ਰਹੀ ਸੀ, ਪਰ ਅਸਲ ਵਿਚ 1803 ਤੋਂ ਹੀ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ ਸੀ। ਪਰ ਅੰਗਰੇਜ਼ਾਂ ਨੇ ਕਲਕੱਤਾ ਨੂੰ ਹੀ ਰਾਜਧਾਨੀ ਬਣਾਈ ਰੱਖਿਆ ਸੀ। 12 ਦਸੰਬਰ 1911 ਦੇ ਦਿਨ ਜਾਰਜ ਪੰਜਮ ਨੇ ਦਿੱਲੀ ਨੂੰ ਰਾਜਧਾਨੀ ਬਣਾਉਣ ਦਾ ਐਲਾਨ ਕੀਤਾ ਤੇ 15 ਦਸੰਬਰ 1911 ਦੇ ਦਿਨ 'ਨਵੀਂ ਦਿੱਲੀ' ਦਾ ਨੀਂਹ ਪੱਥਰ ਰਖਿਆ ਸੀ। ਦਿੱਲੀ ਵਿਚ ਗੁਰੂ ਨਾਨਕ ਸਾਹਿਬ ਵੀ ਆਪਣੀ ਉਦਾਸੀ ਵੇਲੇ ਗਏ ਸਨ। ਇਸ ਕਰ ਕੇ ਸਿੱਖ ਉਦੋਂ ਤੋਂ ਹੀ ਦਿੱਲੀ ਵਿਚ ਰਹਿੰਦੇ ਹਨ। ਫਿਰ ਛੇਵੀਂ ਪਾਤਿਸ਼ਾਹੀ ਵੇਲੇ ਵੀ ਸਿੱਖਾਂ ਦੇ ਉਥੇ ਹੋਣ ਦਾ ਪਤਾ ਲਗਦਾ ਹੈ ਕਿਉਂਕਿ 1660 ਵਿਚ ਜਦੋਂ ਗੁਰੂ ਹਰਿ ਰਾਇ ਸਾਹਿਬ ਨੇ ਰਾਮ ਰਾਇ ਨੂੰ ਦਿੱਲੀ ਭੇਜਿਆ ਸੀ ਤਾਂ ਉਸ ਦੇ ਨਾਲ ਆਏ ਸਿੱਖ ਭਾਈ ਕਲਿਆਣਾ ਦੀ ਧਰਮਸਾਲਾ ਵਿਚ ਠਹਿਰੇ ਸਨ। ਅੱਠਵੇਂ, ਨੌਵੇਂ ਤੇ ਦਸਵੇਂ ਪਾਤਿਸ਼ਾਹ ਵੀ ਦਿੱਲੀ ਗਏ ਸਨ।

ਪਹਿਲੋਂ ਦਿੱਲੀ ਵਿਚ ਸਿੱਖਾਂ ਦੇ ਗਿਣਤੀ ਦੇ ਘਰ ਸਨ। ਪਰ, 1947 ਤੋਂ ਮਗਰੋਂ ਦਿੱਲੀ ਵਿਚ ਸਿੱਖਾਂ ਦੀ ਆਬਾਦੀ ਬੜੀ ਤੇਜ਼ੀ ਨਾਲ ਵਧੀ ਸੀ। 1921 ਵਿਚ ਦਿੱਲੀ 'ਚ 2669 ਸਿੱਖ ਸਨ, 1971 ਵਿਚ ਇਹ ਆਬਾਦੀ 2 ਲੱਖ 91 ਹਜ਼ਾਰ 123 ਸੀ। 1981 ਵਿਚ 3 ਲੱਖ 93 ਹਜ਼ਾਰ 921 ਤੇ 1991 ਵਿਚ 4 ਲੱਖ 55 ਹਜ਼ਾਰ 657 ਸੀ। ਨਵੰਬਰ 1984 ਵਿਚ ਦਿੱਲੀ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ ਸੀ ਇਸ ਕਰ ਕੇ ਹਜ਼ਾਰਾਂ ਸਿੱਖ ਇੱਥੋਂ ਨਿਕਲ ਗਏ ਸਨ ਜੋ 1995 ਤੋਂ ਮਗਰੋਂ ਫੇਰ ਆਉਣੇ ਸ਼ੁਰੂ ਹੋ ਗਏ ਸਨ। ਅੱਜ, 2007 ਵਿਚ, ਇਹ ਆਬਾਦੀ ਸ਼ਾਇਦ ਅੱਠ-ਦਸ ਲੱਖ ਤੋਂ ਵੀ ਵਧੇਰੇ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ 30 ਮਾਰਚ 1664 ਦੇ ਦਿਨ ਦਿੱਲੀ ਵਿਚ ਜੋਤੀ ਜੋਤਿ ਸਮਾਏ ਸਨ। ਗੁਰੂ ਤੇਗ਼ ਬਹਾਦਰ ਸਾਹਿਬ, ਭਾਈ ਦਿਆਲ ਦਾਸ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਇਥੇ ਹੀ 11 ਨਵੰਬਰ 1675 ਦੇ ਦਿਨ ਸ਼ਹੀਦ ਕੀਤੇ ਗਏ ਸਨ। 11 ਮਾਰਚ 1783 ਦੇ ਦਿਨ ਬਾਬਾ ਬਘੇਲ ਸਿੰਘ, ਸ: ਜੱਸਾ ਸਿੰਘ ਆਹਲੂਵਾਲੀਆ, ਸ:

ਜੱਸਾ ਸਿੰਘ ਰਾਮਗੜ੍ਹੀਆ, ਸ: ਰਾਏ ਸਿੰਘ ਭੰਗੀ ਤੇ ਸ: ਗੁਰਦਿੱਤ ਸਿੰਘ ਲਾਡਵਾ ਨੇ ਲਾਲ ਕਿਲ੍ਹੇ 'ਤੇ ਨੀਲਾ ਖਾਲਸਾਈ ਝੰਡਾ ਝੁਲਾਇਆ ਸੀ। ਫਿਰ ਬਘੇਲ ਸਿੰਘ ਨੇ ਦਿੱਲੀ ਦੀ ਚੁੰਗੀ 'ਚੋਂ 37.5% ਹਿੱਸਾ ਲੈਣ ਦਾ ਸਮਝੌਤਾ ਮੰਨਵਾਇਆ ਸੀ। 14 ਜਨਵਰੀ 1914 ਦੇ ਦਿਨ ਬਰਤਾਨਵੀ ਸਰਕਾਰ ਨੇ ਵਾਇਸਰਾਏ ਦੀ ਕੋਠੀ ਦੀ ਸ਼ਾਨ ਰੱਖਣ ਵਾਸਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹ ਦਿੱਤੀ ਸੀ। ਇਸ ਦੇ ਖ਼ਿਲਾਫ਼ ਐਜੀਟੇਸ਼ਨ ਹੋਣ 'ਤੇ ਨੇ ਸਰਕਾਰ ਨੇ ਹਥਿਆਰ ਸੁੱਟ ਦਿੱਤੇ ਸੀ। 1930 ਵਿਚ ਗੁਰਦੁਆਰਾ ਸੀਸ ਗੰਜ ਪੁਲਿਸ ਫ਼ਾਇਰਿੰਗ ਦੀ ਜ਼ਦ ਹੇਠ ਆਇਆ ਸੀ। 12 ਜੂਨ 1960 ਦੇ ਜਲੂਸ ਵੇਲੇ ਗੁਰਦੁਆਰਿਆਂ ਨੂੰ ਘੇਰਾ ਪਾ ਕੇ ਸਿੱਖ ਜਲੂਸ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਸਿੱਖਾਂ 'ਤੇ ਲਾਠੀਚਾਰਜ ਕੀਤਾ ਗਿਆ। ਕਈ ਸਿੰਘ ਜ਼ਖ਼ਮੀ ਤੇ ਕੁਝ ਸ਼ਹੀਦ ਵੀ ਹੋ ਗਏ। 1978 'ਚ ਜਨਤਾ ਸਰਕਾਰ ਨੇ ਵੀ ਨਿਰੰਕਾਰੀਆਂ ਦੇ ਖ਼ਿਲਾਫ਼ ਪ੍ਰੋਟੈਸਟ ਵੇਲੇ ਦਿੱਲੀ ਦੇ ਗੁਰਦੁਆਰਿਆਂ ਦੇ ਰਸਤੇ ਸੀਲ ਕਰ ਦਿੱਤੇ ਸਨ। 1984 'ਚ ਇੰਦਰਾ ਦੇ ਕਤਲ ਮਗਰੋਂ ਦਹਿਸ਼ਤਗਰਦ ਕਾਂਗਰਸੀਆਂ ਨੇ 1 ਤੋਂ 6 ਨਵੰਬਰ ਤਕ ਹਜ਼ਾਰਾਂ ਸਿੱਖ ਜ਼ਾਲਮਾਨਾਂ ਤਰੀਕੇ ਨਾਲ ਕੋਹ-ਕੋਹ ਕੇ ਕਤਲ ਕੀਤੇ। 6 ਜਨਵਰੀ 1989 ਨੂੰ ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਸੀ। 1994 ਵਿਚ ਡੀ.ਡੀ.ਏ. ਨੇ ਗੁਰਦੁਆਰਾ ਮਜਨੂੰ ਟਿੱਲਾ ਦੀ ਉਸਾਰੀ ਦਾ ਇਕ ਹਿੱਸਾ ਢਾਹ ਦਿੱਤਾ ਸੀ (ਇਹ ਕਾਰਾ 2006 ਵਿਚ ਫਿਰ ਦੁਹਰਾਇਆ ਗਿਆ ਸੀ)। ਦਿੱਲੀ ਵਿਚ ਬਹੁਤ ਸਾਰੇ ਗੁਰਦੁਆਰੇ ਹਨ, ਜਿਨ੍ਹਾਂ ਵਿਚੋਂ ਹੇਠ-ਲਿਖੇ ਤਵਾਰੀਖ਼ੀ ਹਨ: (1) **ਮਜਨੂੰ ਟਿੱਲਾ:** ਤੀਮਾਰਪੁਰ ਕਲੋਨੀ ਕੋਲ, ਜਮਨਾ ਦਰਿਆ ਦੇ ਕੰਢੇ, ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। 1613 ਵਿਚ ਗੁਰੂ ਹਰਿਗੋਬਿੰਦ ਸਿੰਘ ਇਥੋਂ ਹੀ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਕਿਲ੍ਹੇ ਵਿਚ ਕੈਦ ਕੀਤੇ ਗਏ ਸਨ। ਉਨ੍ਹੀਂ ਦਿਨੀਂ ਇੱਥੇ ਪਿੰਡ ਚੰਦਰਾਵਲ ਖੇੜਾ ਹੁੰਦਾ ਸੀ। (2) **ਨਾਨਕ ਪਿਆਓ:** ਜੀ.ਟੀ.ਰੋਡ ਤੇ ਪੁਰਾਣੀ ਸਬਜ਼ੀ ਮੰਡੀ ਕੋਲ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। (3) **ਬੰਗਲਾ ਸਾਹਿਬ:** ਇਹ ਰਾਜਾ ਜੈ ਸਿੰਘ ਮਿਰਜ਼ਾ ਦਾ ਬੰਗਲਾ ਸੀ। 1664 ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਤੇ ਗੁਰੂ ਤੇਗ਼ ਬਹਾਦਰ ਸਾਹਿਬ ਇਥੇ ਠਹਿਰੇ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਇਥੇ ਹੀ ਜੋਤੀ ਜੋਤਿ ਸਮਾਏ ਸਨ। (4) **ਬਾਲਾ ਸਾਹਿਬ:** ਰਿੰਗ ਰੋਡ 'ਤੇ ਮਹਾਰਾਣੀ ਬਾਗ਼ ਕਲੋਨੀ ਕੋਲ ਬਣਿਆ ਹੋਇਆ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ, ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ ਦਾ ਸਸਕਾਰ ਇਥੇ ਹੀ ਹੋਇਆ ਸੀ। ਉਦੋਂ ਸਾਰੇ ਲੋਕਾਂ ਦੇ ਸਸਕਾਰ ਇੱਥੇ ਹੀ ਹੋਇਆ ਕਰਦੇ ਸਨ (5) **ਸੀਸ ਗੰਜ:** ਚਾਂਦਨੀ ਚੌਕ 'ਚ ਇਸ ਜਗ੍ਹਾ ਗੁਰੂ ਤੇਗ਼ ਬਹਾਦਰ ਸਾਹਿਬ, ਭਾਈ ਦਿਆਲ ਦਾਸ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ 11 ਨਵੰਬਰ 1675 ਦੇ ਦਿਨ ਸ਼ਹੀਦ ਕੀਤੇ ਗਏ ਸਨ। ਮਾਰਚ 1716 ਵਿਚ ਇਸੇ ਥਾਂ 'ਤੇ ਹੀ ਬੰਦਾ ਸਿੰਘ ਦੇ 700 ਤੋਂ ਵਧ ਸਾਥੀ ਸ਼ਹੀਦ ਕੀਤੇ ਗਏ ਸਨ (6) **ਰਕਾਬ ਗੰਜ:** ਇਹ ਭਾਈ ਲੱਖੀ ਰਾਏ ਵਣਜਾਰਾ ਦਾ ਘਰ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਧੜ ਦੇ ਸਸਕਾਰ ਵਾਸਤੇ ਉਸ ਨੇ ਆਪਣੇ ਘਰ ਨੂੰ ਅੱਗ ਲਾ ਦਿੱਤੀ ਸੀ (7) **ਮੋਤੀ ਬਾਗ਼:** ਰਿੰਗ ਰੋਡ 'ਤੇ ਧੌਲਾ ਕੂੰਆਂ ਅਤੇ ਸ਼ਾਂਤੀ ਪੰਥ ਦੇ ਵਿਚਕਾਰ ਗੁਰੂ ਗੋਬਿੰਦ ਸਿੰਘ ਦੀ ਯਾਦ 'ਚ ਬਣਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਇੱਥੇ 1707 ਵਿਚ ਆਏ ਸਨ (8) **ਦਮਦਮਾ ਸਾਹਿਬ:** ਜਮਨਾ ਦਰਿਆ ਦੇ ਕੰਢੇ, ਹਮਾਯੂੰ ਦੇ ਮਕਬਰੇ ਦੇ ਨੇੜੇ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ 'ਚ ਬਣਿਆ ਗੁਰਦੁਆਰਾ (9) **ਗੁਰਦੁਆਰਾ ਮਾਤਾ ਸੁੰਦਰ ਕੌਰ:** ਤੁਰਕਮਾਨ ਗੇਟ, ਕੋਲ ਗ਼ਾਲਿਬ

ਅਕੈਡਮੀ ਦੇ ਨਾਲ, ਇਸ ਜਗਹ 'ਤੇ ਮਾਤਾ ਸੁੰਦਰ ਕੌਰ ਕਈ ਸਾਲ ਰਹੇ ਸਨ। ਇਨ੍ਹਾਂ ਤਵਾਰੀਖ਼ੀ ਗੁਰਦੁਆਰਿਆਂ ਤੋਂ ਇਲਾਵਾ ਦਿੱਲੀ 'ਚ ਹੋਰ ਵੀ ਕਈ ਵੱਡੇ-ਵੱਡੇ ਗੁਰਦੁਆਰੇ ਹਨ। ਕੁਤਬ ਮੀਨਾਰ ਦੇ ਨੇੜੇ, ਖ਼ਵਾਜਾ ਬਖ਼ਤਿਆਰ ਕਾਕੀ ਦੀ ਦਰਗਾਹ ਕੋਲ (ਮਹਿਰੋਲੀ ਵਿਚ), **ਬਾਬਾ ਬੰਦਾ ਸਿੰਘ ਬਹਾਦਰ** ਦੀ ਯਾਦ 'ਚ ਗੁਰਦੁਆਰਾ ਬਣਿਆ ਹੋਇਆ ਹੈ। 9 ਜੂਨ 1716 ਦੇ ਦਿਨ ਬਾਬਾ ਬੰਦਾ ਸਿੰਘ ਏਥੇ ਹੀ ਸ਼ਹੀਦ ਕੀਤਾ ਗਿਆ ਸੀ। ਬਾਬਾ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਸਲੀਮਗੜ੍ਹ ਦੇ ਕਿਲ੍ਹੇ ਵਿਚ ਕੈਦ ਕੀਤਾ ਗਿਆ ਸੀ। (ਉਥੇ ਅਜੇ ਯਾਦਗਾਰ ਬਣਨੀ ਰਹਿੰਦੀ ਹੈ)। ਦਿੱਲੀ ਵਿਚ ਵੀ ਹਜ਼ਾਰਾਂ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਹਨ।

ਸਿੱਖੀ ਬਾਰੇ ਕੁਝ ਅਹਿਮ ਕਿਤਾਬਾਂ

ਹਿਸਟਰੀ (ਅੰਗਰੇਜ਼ੀ)

ਉਮਦਾਤ ਤੁੱਤ ਤਵਾਰੀਖ਼ (ਅਸਲੀ ਫ਼ਾਰਸੀ 'ਚ)	ਸੋਹਨ ਲਾਲ ਸੂਰੀ
ਅਨੰਦਪੁਰ ਸਾਹਿਬ	ਹਰਜਿੰਦਰ ਸਿੰਘ ਦਿਲਗੀਰ
ਏ ਸ਼ਾਰਟ ਹਿਸਟਰੀ ਆਫ਼ ਦ ਸਿੱਖਜ਼	ਤੇਜਾ ਸਿੰਘ ਗੰਡਾ ਸਿੰਘ
ਸਿੱਖ ਮਾਰਟੀਅਰਜ਼	ਭਗਤ ਲਛਮਣ ਸਿੰਘ
ਹਾਈਰੋਡਜ਼ ਆਫ਼ ਦ ਸਿੱਖ ਹਿਸਟਰੀ	ਤੇਜਾ ਸਿੰਘ
ਹਿਸਟਰੀ ਆਫ਼ ਦ ਸਿੱਖਜ਼	ਹਰੀ ਰਾਮ ਗੁਪਤਾ
ਹਿਸਟਰੀ ਆਫ਼ ਦ ਸਿੱਖਜ਼	ਜੇ.ਡੀ. ਕਨਿੰਘਮ
ਹਿਸਟਰੀ ਆਫ਼ ਦ ਸਿੱਖ ਸਟੂਡੈਂਟਸ ਫ਼ੈਡਰੇਸ਼ਨ	ਜਸਬੀਰ ਸਿੰਘ ਸਰਨਾ
ਹੈਰੀਟੇਜ ਆਫ਼ ਦ ਸਿੱਖਜ਼	ਹਰਬੰਸ ਸਿੰਘ
ਕਨੇਡੀਅਨ ਸਿੱਖਜ਼	ਕੇਸਰ ਸਿੰਘ ਨਾਵਲਿਸਟ
ਗੁਰੂ ਤੇਗ਼ ਬਹਾਦਰ	ਤ੍ਰਿਲੋਚਨ ਸਿੰਘ
ਗੁਰੂ ਨਾਨਕ ਐਂਡ ਓਰਿਜਿਨ ਆਫ਼ ਸਿੱਖ ਫ਼ੇਥ	ਹਰਬੰਸ ਸਿੰਘ
ਦ ਇੰਡੀਅਨ ਮਿਊਟਿਨੀ ਆਫ਼ 1857	ਗੰਡਾ ਸਿੰਘ
ਦ ਸਿੱਖ ਰਿਲੀਜਨ	ਮੈਕਸ ਆਰਥਰ ਮੈਕਾਲਿਫ਼
ਦਬਿਸਤਾਨ-ਇ-ਮਜ਼ਾਹਿਬ (ਅਸਲ ਫ਼ਾਰਸੀ 'ਚ)	ਮੋਬਾਦ ਜ਼ੁਲਫ਼ਕਾਰ ਅਰਦਸਤਾਨੀ
ਬੁੱਕ ਆਫ਼ ਦ ਟੈੱਨ ਮਾਸਟਰਜ਼	ਪੂਰਨ ਸਿੰਘ
ਬੰਦਾ ਦ ਬਰੇਵ	ਸੋਹਣ ਸਿੰਘ
ਬੰਦਾ ਸਿੰਘ ਬਹਾਦਰ	ਗੰਡਾ ਸਿੰਘ

ਹਿਸਟਰੀ (ਪੰਜਾਬੀ)

ਅਕਾਲੀ ਮੋਰਚਿਆਂ ਦਾ ਇਤਿਹਾਸ	ਸੋਹਣ ਸਿੰਘ ਜੋਸ਼
ਅਕਾਲੀ ਮੋਰਚੇ ਦੇ ਝੱਬਰ.	ਨਰੈਣ ਸਿੰਘ
ਅਕਾਲੀ ਲਹਿਰ	ਪਰਤਾਪ ਸਿੰਘ
ਅਨੰਦਪੁਰ ਸਾਹਿਬ	ਹਰਜਿੰਦਰ ਸਿੰਘ ਦਿਲਗੀਰ
ਅਮਰਨਾਮਾ	ਗੰਡਾ ਸਿੰਘ
ਇਤਿਹਾਸਕ ਖੋਜ	ਕਰਮ ਸਿੰਘ ਹਿਸਟੋਰੀਅਨ

ਸ਼੍ਰੋਮਣੀ ਅਕਾਲੀ ਦਲ (1920-2000)	ਹਰਜਿੰਦਰ ਸਿੰਘ ਦਿਲਗੀਰ
ਸਾਚੀ ਸਾਖੀ	ਸਿਰਦਾਰ ਕਪੂਰ ਸਿੰਘ
ਸਾਖੀ ਪੋਥੀ	ਅਤਰ ਸਿੰਘ ਭਦੌੜ
ਸਿੱਖ ਹਾਈਜੈਕਰ	ਹਰਜਿੰਦਰ ਸਿੰਘ ਦਿਲਗੀਰ
ਸਿੱਖ ਤਵਾਰੀਖ਼ (1469-1849)	ਹਰਜਿੰਦਰ ਸਿੰਘ ਦਿਲਗੀਰ
ਸਿੱਖਾਂ ਦੀ ਭਗਤਮਾਲਾ	(ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜੀ ਜਾਂਦੀ)
ਸਿੱਖਾਂ ਦੇ ਘੱਲੂਘਾਰੇ (1716-1765)	ਹਰਜਿੰਦਰ ਸਿੰਘ ਦਿਲਗੀਰ
ਸ਼ਹੀਦ ਬਿਲਾਸ	ਸੇਵਾ ਸਿੰਘ
ਕੱਤਕ ਕਿ ਵਿਸਾਖ	ਕਰਮ ਸਿੰਘ ਹਿਸਟੋਰੀਅਨ
ਕੀਰਤਪੁਰ ਸਾਹਿਬ	ਹਰਜਿੰਦਰ ਸਿੰਘ ਦਿਲਗੀਰ
ਖ਼ਾਲਿਸਤਾਨ ਦੀ ਤਵਾਰੀਖ਼	ਹਰਜਿੰਦਰ ਸਿੰਘ ਦਿਲਗੀਰ
ਗ਼ਦਰ ਪਾਰਟੀ ਲਹਿਰ	ਜਗਜੀਤ ਸਿੰਘ
ਗੁਰੂ ਕੀਆਂ ਸਾਖੀਆਂ	ਸ੍ਵਰੂਪ ਸਿੰਘ ਕੌਸ਼ਿਸ਼
ਗੁਰੂ ਦੇ ਸ਼ੇਰ	ਹਰਜਿੰਦਰ ਸਿੰਘ ਦਿਲਗੀਰ
ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼	ਜਸਬੀਰ ਸਿੰਘ ਸਰਨਾ
ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ	ਗੰਡਾ ਸਿੰਘ
ਪੰਜਾਬ ਦੀਆਂ ਲਹਿਰਾਂ	ਨਾਹਰ ਸਿੰਘ
ਬੱਬਰ ਅਕਾਲੀ ਲਹਿਰ	ਸੁੰਦਰ ਸਿੰਘ
ਬੱਬਰ ਅਕਾਲਿ ਲਹਿਰ ਤੇ ਇਸ ਦੇ ਆਗੂ	ਗੁਰਬਚਨ ਸਿੰਘ
ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਦਾ	ਕੇਸਰ ਸਿੰਘ ਛਿੱਬਰ
ਬੰਦਾ ਸਿੰਘ ਬਹਾਦਰ	ਗੰਡਾ ਸਿੰਘ
ਬੰਦਾ ਸਿੰਘ ਬਹਾਦਰ	ਕਰਮ ਸਿੰਘ ਹਿਸਟੋਰੀਅਨ
ਪਹਿਲਾ ਸਿੱਖ ਬਾਦਸ਼ਾਹ ਬੰਦਾ ਸਿੰਘ ਬਹਾਦਰ	ਹਰਜਿੰਦਰ ਸਿੰਘ ਦਿਲਗੀਰ
ਬਾਜ਼ਨਾਮਾ (ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਤਵਾਰੀਖ਼)	ਜਸਬੀਰ ਸਿੰਘ ਸਰਨਾ

(ਫ਼ਲਸਫ਼ਾ ਤੇ ਧਰਮ ਅੰਗਰੇਜ਼ੀ)

ਆਸਪੈਕਟਸ ਆਫ਼ ਗੁਰੂ ਨਾਨਕਜ਼ ਫ਼ਿਲਾਸਫ਼ੀ	ਵਜ਼ੀਰ ਸਿੰਘ
ਐੱਸਏਜ਼ ਇਨ ਸਿੱਖਇਜ਼ਮ	ਤੇਜਾ ਸਿੰਘ
ਐਥਿਕਸ ਆਫ਼ ਦ ਸਿੱਖਜ਼	ਅਵਤਾਰ ਸਿੰਘ
ਸਿੱਖ ਆਇਡੀਆਲੋਜੀ	ਦਲਜੀਤ ਸਿੰਘ
ਗਰੋਥ ਆਫ਼ ਰਿਸਪਾਂਸਿਬਿਲਟੀ ਇਨ ਸਿੱਖਇਜ਼ਮ	ਤੇਜਾ ਸਿੰਘ
ਪਰਾਸ਼ਰ-ਪ੍ਰਸ਼ਨ	ਕਪੂਰ ਸਿੰਘ
ਫ਼ਿਲਾਸਫ਼ੀ ਆਫ਼ ਸਿੱਖਇਜ਼ਮ	ਸ਼ੇਰ ਸਿੰਘ
ਰਿਲੀਜਨ ਆਫ਼ ਗੁਰੂ ਨਾਨਕ	ਦਰਸ਼ਨ ਸਿੰਘ

ਫ਼ਲਸਫ਼ਾ ਤੇ ਧਰਮ (ਪੰਜਾਬੀ)

ਸਾਡਾ ਬੇੜਾ ਇਉਂ ਗਰਕਿਆ	ਇੰਦਰ ਸਿੰਘ ਘੱਗਾ
ਸਿੱਖ ਦਰਸ਼ਨ	ਸਰਦੂਲ ਸਿੰਘ ਕਵੀਸ਼ਰ

ਸਿੱਖਾਂ ਦਾ ਪੰਥ ਨਿਰਾਲਾ	ਰਣਧੀਰ ਸਿੰਘ
ਸਿੱਖ ਫ਼ਲਸਫ਼ੇ ਦੀ ਡਿਕਸ਼ਨਰੀ	ਹਰਜਿੰਦਰ ਸਿੰਘ ਦਿਲਗੀਰ
ਸੁਪਨ ਨਾਟਕ	ਦਿਤ ਸਿੰਘ
ਸੰਤਾਂ ਦੇ ਕੌਤਕ	ਸੁਖਵਿੰਦਰ ਸਿੰਘ ਸਭਰਾ
ਕਥਾ ਕੀਰਤਨ ਕੀ ਹੈ?	ਰਣਧੀਰ ਸਿੰਘ
ਗੁਰਮਤ ਨਿਰਣੈ ਕੋਸ਼	ਗੁਰਸ਼ਰਨਜੀਤ ਸਿੰਘ
ਗੁਰਮਤਿ ਸੁਧਾਕਰ	ਕਾਨ੍ਹ ਸਿੰਘ ਨਾਭਾ
ਗੁਰਮਤਿ ਨਿਰਣੈ	ਜੋਧ ਸਿੰਘ
ਗੁਰਮਤਿ ਪ੍ਰਭਾਕਰ	ਕਾਨ੍ਹ ਸਿੰਘ ਨਾਭਾ
ਗੁਰਮਤਿ ਮਾਰਤੰਡ	ਕਾਨ੍ਹ ਸਿੰਘ ਨਾਭਾ
ਤਨਖ਼ਾਹਨਾਮਾ	ਨੰਦ ਲਾਲ
ਨਕਲੀ ਸਿੱਖ ਪ੍ਰਬੋਧ	ਦਿਤ ਸਿੰਘ
ਮੇਰਾ ਤੇ ਸਾਧੂ ਦਯਾਨੰਦ ਦਾ ਸੰਬਾਦ	ਦਿੱਤ ਸਿੰਘ
ਰਹਿਤਨਾਮੇ	ਪਿਆਰਾ ਸਿੰਘ ਪਦਮ

ਸਿੱਖ ਸਿਆਸੀ ਫ਼ਲਸਫ਼ਾ (ਅੰਗਰੇਜ਼ੀ)

ਅਕਾਲ ਤਖ਼ਤ ਸਾਹਿਬ	ਹਰਜਿੰਦਰ ਸਿੰਘ ਦਿਲਗੀਰ
ਆਈਡੀਆ ਆਫ਼ ਏ ਸਿੱਖ ਸਟੇਟ	ਗੁਰਬਚਨ ਸਿੰਘ ਤਾਲਿਬ
ਸਿੱਖ ਰੈਵੋਲੂਸ਼ਨ	ਜਗਜੀਤ ਸਿੰਘ
ਸਿਖਜ਼ ਸਟਰਗਲ ਫ਼ਾਰ ਸਾਵਰਨਟੀ	ਦਿਲਗੀਰ ਤੇ ਸੇਖੋਂ
ਸੀਜ਼ ਆਫ਼ ਦ ਸਿੱਖਜ਼	ਅਜੀਤ ਸਿੰਘ ਬੈਂਸ
ਸੀਜ਼ ਆਫ਼ ਦ ਪੰਜਾਬ	ਇਕਬਾਲ ਸਿੰਘ
ਹਿਸਟਰੀ ਆਫ਼ ਦ ਸਿੱਖ ਨੇਸ਼ਨ	ਪ੍ਰੀਤਮ ਸਿੰਘ ਪ੍ਰਿੰਸੀਪਲ
ਬਿਟਰੇਅਲ ਆਫ਼ ਦ ਸਿੱਖਜ਼	ਲੈਂਡਨ ਸਾਰਸਫ਼ੀਲਡ

ਸਿੱਖ ਸਿਆਸੀ ਫ਼ਲਸਫ਼ਾ (ਪੰਜਾਬੀ)

ਕਿਉਂ ਕੀਤੇ ਵੇਸਾਹੁ	ਨਰੈਣ ਸਿੰਘ
ਕੇਸਰੀ ਕਿਤਾਬ	ਹਰਜਿੰਦਰ ਸਿੰਘ ਦਿਲਗੀਰ
ਜੰਗਨਾਮਾ	ਕਾਜ਼ੀ ਨੂਰ ਮੁਹੰਮਦ
ਪ੍ਰਾਚੀਨ ਪੰਥ ਪ੍ਰਕਾਸ਼	ਰਤਨ ਸਿੰਘ, ਭੰਗੂ
ਸਿੱਖ ਤਵਾਰੀਖ਼ 'ਚ ਅਕਾਲ ਤਖ਼ਤ ਸਾਹਿਬ ਦਾ ਰੋਲ	ਹਰਜਿੰਦਰ ਸਿੰਘ ਦਿਲਗੀਰ

ਜੀਵਨੀ (ਪੰਜਾਬੀ)

ਅਕਾਲੀ ਫੂਲਾ ਸਿੰਘ	ਪ੍ਰੇਮ ਸਿੰਘ ਹੋਤੀ
ਆਰਸੀ	ਤੇਜਾ ਸਿੰਘ
ਜੇਲ੍ਹ ਚਿੱਠੀਆਂ	ਰਣਧੀਰ ਸਿੰਘ
ਨਵਾਬ ਕਪੂਰ ਸਿੰਘ	ਪ੍ਰੇਮ ਸਿੰਘ ਹੋਤੀ
ਮਾਸਟਰ ਤਾਰਾ ਸਿੰਘ	ਜਸਵੰਤ ਸਿੰਘ

ਮੇਰੀ ਯਾਦ	ਮਾਸਟਰ ਤਾਰਾ ਸਿੰਘ
ਰੰਗਲੇ ਸੱਜਣ	ਰਣਧੀਰ ਸਿੰਘ

ਨਾਵਲ/ਕਹਾਣੀ (ਪੰਜਾਬੀ)

1984	ਅਜੀਤ ਕੌਰ
ਇਕ ਮਿਆਨ ਦੋ ਤਲਵਾਰਾਂ	ਨਾਨਕ ਸਿੰਘ
ਸਤਵੰਤ ਕੌਰ	ਭਾਈ ਵੀਰ ਸਿੰਘ
ਸਿੰਘ ਸਾਹਿਬ ਦੀ ਸ਼ਹਾਦਤ	ਗਿਆਨੀ ਕੇਸਰ ਸਿੰਘ
ਸੁੰਦਰੀ	ਭਾਈ ਵੀਰ ਸਿੰਘ
ਜੰਗੀ ਕੈਦੀ	ਗਿਆਨੀ ਕੇਸਰ ਸਿੰਘ
ਪ੍ਰੇਮ ਲਗਨ	ਮਾਸਟਰ ਤਾਰਾ ਸਿੰਘ
ਬਾਬਾ ਤੇਗਾ ਸਿੰਘ	ਮਾਸਟਰ ਤਾਰਾ ਸਿੰਘ
ਬਿਜੈ ਸਿੰਘ	ਭਾਈ ਵੀਰ ਸਿੰਘ

ਸਿੱਖ ਕਲਚਰ (ਪੰਜਾਬੀ ਤੇ ਅੰਗ੍ਰੇਜ਼ੀ)

ਸਿੱਖ ਫ਼ਲਾਸਫ਼ੀ ਕੀ ਹੈ ਤੇ ਹੋਰ ਲੇਖ (ਪੰਜਾਬੀ)	ਹਰਜਿੰਦਰ ਸਿੰਘ ਦਿਲਗੀਰ
ਸਿੱਖ ਮਸਲੇ (ਪੰਜਾਬੀ)	ਹਰਜਿੰਦਰ ਸਿੰਘ ਦਿਲਗੀਰ
ਹਿਸਟਰੀ ਆਫ਼ ਸਿੱਖ ਕਲਚਰ (ਅੰਗਰੇਜ਼ੀ)	ਪ੍ਰੀਤਮ ਸਿੰਘ
ਚਿੱਠੀਆਂ ਲਿਖ ਸਤਿਗੁਰਾਂ ਵੱਲ ਪਾਈਆਂ(ਪੰਜਾਬੀ)	ਮਨੋਹਰ ਸਿੰਘ ਮਾਰਕੋ
ਸਿੱਖ ਕਲਚਰ (ਅੰਗਰੇਜ਼ੀ)	ਹਰਜਿੰਦਰ ਸਿੰਘ ਦਿਲਗੀਰ
ਧਰਮ ਦੇ ਨਾਂ 'ਤੇ	ਇੰਦਰ ਸਿੰਘ ਘੱਗਾ

ਰੈਫ਼ਰੈਂਸ (ਅੰਗਰੇਜ਼ੀ)

ਐੱਸਏਜ਼ ਇਨ ਆਨਰ ਆਫ਼ ਡਾ. ਗੰਡਾ ਸਿੰਘ	ਹਰਬੰਸ ਸਿੰਘ
ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ	ਹਰਬੰਸ ਸਿੰਘ
ਏ ਕਰਿਟੀਕਲ ਸਟੱਡੀ ਆਫ਼ ਗੁਰੂ ਗ੍ਰੰਥ ਸਾਹਿਬ	ਸੁਰਿੰਦਰ ਸਿੰਘ ਕੋਹਲੀ
ਸਿੱਖ ਸ਼ਰਾਈਨਜ਼ ਇਨ ਜੰਮੂ ਐਂਡ ਕਸ਼ਮੀਰ	ਜਸਬੀਰ ਸਿੰਘ ਸਰਨਾ
ਸਿੱਖ ਰੈਫ਼ਰੈਂਸ ਬੁੱਕ	ਹਰਜਿੰਦਰ ਸਿੰਘ ਦਿਲਗੀਰ
ਹਿਸਟੋਰੀਕਲ ਸਿੱਖ ਸ਼ਰਾਈਨਜ਼	ਗੁਰਮੁਖ ਸਿੰਘ
ਹੂ ਆਰ ਗਿਲਟੀ	ਹਿਊਮਨ ਰਾਈਟਜ਼ ਐਸੋਸੀਏਸ਼ਨ
ਹੂ ਆਰ ਦ ਸਿੱਖਜ਼ (ਫ਼ਰੈਂਚ ਤੇ ਸਪੈਨਿਸ਼ ਵੀ)	ਹਰਜਿੰਦਰ ਸਿੰਘ ਦਿਲਗੀਰ
ਗੁਰੂ ਗ੍ਰੰਥ ਵਿਚਾਰ ਕੋਸ਼	ਪਿਆਰਾ ਸਿੰਘ ਪਦਮ
ਡਿਕਸ਼ਨਰੀ ਆਫ਼ ਸਿੱਖ ਫ਼ਿਲਾਸਫ਼ੀ	ਹਰਜਿੰਦਰ ਸਿੰਘ ਦਿਲਗੀਰ

ਗੁਰੂ ਗ੍ਰੰਥ ਸਾਹਿਬ (ਅੰਗਰੇਜ਼ੀ ਤਰਜਮਾ): ਡਾ: ਦਰਸ਼ਨ ਸਿੰਘ

ਰੈਫ਼ਰੈਂਸ (ਪੰਜਾਬੀ)

39 ਵਾਰਾਂ	ਭਾਈ ਗੁਰਦਾਸ
ਸ਼ਬਦਾਰਥ	ਸਾਹਿਬ ਸਿੰਘ

ਸਿੱਖ ਕੌਣ ਹਨ? (ਹਿੰਦੀ ਵੀ)	ਹਰਜਿੰਦਰ ਸਿੰਘ ਦਿਲਗੀਰ
ਗੁਰ-ਸ਼ਬਦ ਰਤਨ ਪ੍ਰਕਾਸ਼	ਕੌਰ ਸਿੰਘ ਅਕਾਲੀ
ਮਹਾਨ ਕੋਸ਼	ਕਾਨ੍ਹ ਸਿੰਘ ਨਾਭਾ

ਪੰਜਾਬ ਦੀਆਂ ਕੁਝ ਖੇਡਾਂ, ਲੋਕ ਨਾਚ ਤੇ ਲੋਕ ਗੀਤ

ਪੰਜਾਬ ਦੀਆਂ ਖੇਡਾਂ:
ਗਤਕਾ, ਨੇਜ਼ਾਬਾਜ਼ੀ, ਘੋੜ-ਸਵਾਰੀ, ਕਬੱਡੀ, ਕੁਸ਼ਤੀ, ਹਾਕੀ, ਫੁਟਬਾਲ
ਪੰਜਾਬ ਦੇ ਕੁਝ ਨਾਚ: ਭੰਗੜਾ, ਗਿੱਧਾ, ਝੁੰਮਰ, ਕਿਕਲੀ
ਪੰਜਾਬ ਦੇ ਕੁਝ ਗੀਤ: ਵਾਰਾਂ, ਕਿੱਸੇ, ਜੰਗਨਾਮੇ, ਘੋੜੀਆਂ, ਛੰਦ, ਅਲਾਹੁਣੀਆਂ

ਨਾਮਵਰ ਸਿੱਖ ਕਲਮਜ਼ਾਰ (ਲੇਖਕ)

ਧਰਮ, ਫ਼ਲਸਫ਼ਾ ਤੇ ਕਲਚਰ

ਭਾਈ ਗੁਰਦਾਸ, ਭਾਈ ਨੰਦ ਲਾਲ, ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਡਾ. ਸ਼ੇਰ ਸਿੰਘ, ਭਾਈ ਜੋਧ ਸਿੰਘ, ਸਰਦੂਲ ਸਿੰਘ ਕਵੀਸ਼ਰ, ਪ੍ਰਿੰਸੀਪਲ ਸਾਹਿਬ ਸਿੰਘ, ਭਾਈ ਰਣਧੀਰ ਸਿੰਘ, ਸਿਰਦਾਰ ਕਪੂਰ ਸਿੰਘ, ਡਾ: ਤਾਰਨ ਸਿੰਘ, ਸਿਰਦਾਰ ਦਲਜੀਤ ਸਿੰਘ, ਡਾ. ਦਰਸ਼ਨ ਸਿੰਘ, ਡਾ. ਹਰਜਿੰਦਰ ਸਿੰਘ ਦਿਲਗੀਰ।

ਤਵਾਰੀਖ਼

ਸੈਨਾ ਸਿੰਘ (ਸੈਨਾਪਤੀ), ਸਰੂਪ ਸਿੰਘ ਕੌਸ਼ਿਸ਼, ਸੇਵਾ ਸਿੰਘ, ਰਾਮ ਸੁਖ ਰਾਓ, ਗਣੇਸ਼ਾ ਸਿੰਘ ਬੇਦੀ, ਪ੍ਰੇਮ ਸਿੰਘ ਹੋਤੀ, ਕਰਮ ਸਿੰਘ ਹਿਸਟੋਰੀਅਨ, ਗਿ: ਗਰਜਾ ਸਿੰਘ, ਡਾ: ਗੰਡਾ ਸਿੰਘ, ਡਾ: ਫ਼ੌਜਾ ਸਿੰਘ, ਡਾ: ਕਿਰਪਾਲ ਸਿੰਘ, ਡਾ: ਹਰਜਿੰਦਰ ਸਿੰਘ ਦਿਲਗੀਰ, ਡਾ: ਗੁਰਬਚਨ ਸਿੰਘ ਨਈਅਰ, ਡਾ: ਮਦਨਜੀਤ ਕੌਰ, ਸ: ਜਗਜੀਤ ਸਿੰਘ, ਡਾ: ਭਗਤ ਸਿੰਘ, ਡਾ: ਗੁਰਦਰਸ਼ਨ ਸਿੰਘ ਢਿੱਲੋਂ, ਸੁਰਜੀਤ ਸਿੰਘ ਗਾਂਧੀ। **ਬਹਿਸ ਗੋਚਰੇ**: ਕੇਇਰ ਸਿੰਘ, ਸੁੱਖਾ ਸਿੰਘ, ਭਾਈ ਕੇਸਰ ਸਿੰਘ ਛਿੱਬਰ, ਸੰਤੋਖ ਸਿੰਘ, ਰਤਨ ਸਿੰਘ ਭੰਗੂ, ਵੀਰ ਸਿੰਘ ਬੱਲ, ਗਿ: ਗਿਆਨ ਸਿੰਘ।

ਕਵਿਤਾ

ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਗਿ: ਕਰਤਾਰ ਸਿੰਘ ਕਲਾਸਵਾਲੀਆ, ਹੀਰਾ ਸਿੰਘ ਦਰਦ, ਤੇਜਾ ਸਿੰਘ ਸਾਬਰ, ਵਿਧਾਤਾ ਸਿੰਘ ਤੀਰ, ਪਿਆਰਾ ਸਿੰਘ ਨਿਰਛਲ, ਰਾਮ ਨਾਰਾਇਣ ਸਿੰਘ ਦਰਦੀ, ਪ੍ਰੀਤਮ ਸਿੰਘ ਸਫ਼ੀਰ, ਸਾਧੂ ਸਿੰਘ ਹਮਦਰਦ, ਸੋਹਨ ਸਿੰਘ ਸੀਤਲ, ਸ਼ੇਰ ਸਿੰਘ ਕੰਵਲ, ਅਜੀਤ ਸਿੰਘ ਰਾਹੀ।

ਨਾਵਲ/ਕਹਾਣੀ

ਭਾਈ ਵੀਰ ਸਿੰਘ, ਮਾਸਟਰ ਤਾਰਾ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਨਾਨਕ ਸਿੰਘ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਗਿਆਨੀ ਕੇਸਰ ਸਿੰਘ, ਕਰਮ ਸਿੰਘ ਜ਼ਖ਼ਮੀ, ਗਿਆਨੀ ਭਜਨ ਸਿੰਘ, ਗਿ: ਤਿਰਲੋਕ ਸਿੰਘ, ਡਾ: ਦਲੀਪ ਕੌਰ ਟਿਵਾਣਾ,

ਮਿਸਜ਼ ਅਜੀਤ ਕੌਰ ਵਗੈਰਾ।

ਖੋਜ ਤੇ ਫੁਟਕਲ

ਗਿਆਨੀ ਲਾਲ ਸਿੰਘ, ਅਕਾਲੀ ਕੌਰ ਸਿੰਘ, ਰਣਧੀਰ ਸਿੰਘ ਰੀਸਰਚ ਸਕਾਲਰ, ਸ਼ਮਸ਼ੇਰ ਸਿੰਘ ਅਸ਼ੋਕ, ਪ੍ਰੋ: ਹਰਬੰਸ ਸਿੰਘ, ਡਾ: ਹਰਨਾਮ ਸਿੰਘ ਸ਼ਾਨ, ਡਾ: ਸੁਰਿੰਦਰ ਸਿੰਘ ਕੋਹਲੀ, ਡਾ: ਦੀਵਾਨ ਸਿੰਘ, ਪ੍ਰਿੰਸੀਪਲ ਪ੍ਰੀਤਮ ਸਿੰਘ, ਮਨੋਹਰ ਸਿੰਘ ਮਾਰਕੋ, ਪਿਆਰਾ ਸਿੰਘ ਪਦਮ, ਗੁਰਰਤਨਪਾਲ ਸਿੰਘ, ਸੋਹਣ ਸਿੰਘ ਜੋਸ਼, ਗਿ: ਕੇਸਰ ਸਿੰਘ ਨਾਵਲਿਸਟ, ਅਜੀਤ ਸਿੰਘ ਬਾਘਾ, ਡਾ: ਜਸਬੀਰ ਸਿੰਘ ਸਰਨਾ।

ਐਂਟੀ-ਸਿੱਖ ਲੇਖਕ ਤੇ ਪ੍ਰਚਾਰਕ

ਬੂਟੇ ਸ਼ਾਹ, ਅਰਨੈਸਟ ਟਰੰਪ, ਸ਼ਰਧਾ ਰਾਮ ਫਿਲੌਰੀ, ਹਿਊ ਮਕਲਾਊਡ (ਨਿਊਜ਼ੀਲੈਂਡ), ਜਗਤਾਰ ਸਿੰਘ (ਜੇ.ਐਸ.) ਗਰੇਵਾਲ, ਸੁਰਜੀਤ ਹਾਂਸ, ਹਰਜੋਤ ਉਬਰਾਏ, ਪਿਸ਼ੌਰਾ ਸਿੰਹ, ਲਊ, ਫ਼੍ਰੈਂਚ, ਗੁਰਿੰਦਰ ਮਾਨ, ਅੰਮ੍ਰਿਤਾ ਪ੍ਰੀਤਮ (ਅੰਮ੍ਰਿਤਾ ਇਮਰੋਜ਼), ਰੂਡੀ ਥਾਮਸਨ (ਡੈਨਮਾਰਕ), ਡਾ. ਓਵਨ ਕੋਲ (ਇੰਗਲੈਂਡ), ਈਅਨ ਮਲਗਰਿਊ (ਕੈਨੇਡਾ) ਵਗੈਰਾ। ਮਹਿੰਦਰ ਸਿੰਘ (ਗੁਰੂ ਨਾਨਕ ਫ਼ਾਊਂਡੇਸ਼ਨ, ਦਿੱਲੀ), ਹਰਬੰਸ ਸਿੰਘ (ਦਿੱਲੀ), ਆਈ.ਜੇ ਸਿੰਘ (ਨਿਊਯਾਰਕ), ਐਸ.ਐਸ. ਧਨੋਆ, ਜਸਵੰਤ ਸਿੰਘ ਕੰਵਲ, ਸੰਗਤ ਸਿੰਘ, ਅਮਰਜੀਤ ਗਰੇਵਾਲ, ਹਰਿੰਦਰ ਸਿੰਘ ਮਹਿਬੂਬ, ਸੁਰਜੀਤ ਪਾਤਰ ਵੀ ਅਕਸਰ ਸਿੱਖ ਧਰਮ ਤੇ ਫ਼ਲਸਫ਼ੇ ਨੂੰ ਵਿਗਾੜਨ ਵਾਸਤੇ ਐਂਟੀ-ਸਿੱਖ ਸਕੂਲ ਨਾਲ ਮਿਲਵਰਤਣ ਦੇਂਦੇ ਰਹੇ। ਬਾਹਰਲੇ ਮੁਲਕਾਂ ਦੇ ਤੇ ਗ਼ੈਰ-ਸਿੱਖ ਲੇਖਕਾਂ ਵਿਚੋਂ ਡਾ. ਨਿਓਲ ਕਿੰਗ ਸਿਵਾ ਇਕ ਵੀ ਅਜਿਹਾ ਨਹੀਂ ਜਿਸ ਨੇ ਸਿੱਖਾਂ ਦੇ ਖ਼ਿਲਾਫ਼ ਗ਼ਲਤ ਨਾ ਲਿਖਿਆ ਹੋਵੇ। ਹੋਰ ਤਾਂ ਹੋਰ ਟਰਾਂਟੋ, ਵੈਨਕੂਵਰ, ਮਿਸ਼ੀਗਨ ਯੂਨੀਵਰਸਿਟੀਆਂ ਵਿਚ ਬਣੀਆਂ ਸਿੱਖ ਸਟੱਡੀਜ਼ ਚੇਅਰਜ਼ 'ਤੇ ਬੈਠ ਕੇ ਮਕਾਲਊਡ, ਹਰਜੋਤ ਉਬਰਾਏ, ਪਿਸ਼ੌਰਾ ਸਿੰਹ ਤੇ ਗੁਰਿੰਦਰ ਮਾਨ ਨੇ ਸਿੱਖ ਫ਼ਲਸਫ਼ੇ ਦੇ ਬਾਰੇ ਸਾਜ਼ਿਸ਼ੀ ਪ੍ਰਾਪੇਗੰਡਾ ਕਰਨ ਵਿਚ ਹਮੇਸ਼ਾ ਸਿੱਖ-ਦੁਸ਼ਮਣਾਂ ਦਾ ਸਾਥ ਦਿੱਤਾ ਤੇ ਕਈ ਵਾਰ ਤਾਂ ਅਗਵਾਈ ਵੀ ਕੀਤੀ। ਸਿੱਖਾਂ ਨੇ ਖ਼ਿਲਾਫ਼ ਡੂੰਘੀ ਸਾਜ਼ਿਸ਼ ਵਿਚ ਕਈ ਪਬਲਿਸ਼ਰ (ਸਣੇ ਆਕਸਫੋਰਡ ਯੂਨੀਵਰਸਿਟੀ, ਪਿੰਗੁਇਨ ਤੇ ਬ੍ਰਿਟੈਨਿਕਾ ਐਨਸਾਈਕਲੋਪੀਡੀਆ) ਵੀ ਸ਼ਾਮਿਲ ਹਨ, ਜੋ ਸਿੱਖਾਂ ਦੇ ਖ਼ਿਲਾਫ਼ ਹਰ ਕਿਤਾਬ, ਭਾਵੇਂ ਉਸ ਦੀ ਅਕਾਦਮਿਕ ਕੀਮਤ ਜ਼ੀਰੋ ਹੀ ਹੋਵੇ ਤੇ ਮਾਲੀ ਪੱਖੋਂ ਵੀ ਘਾਟੇ ਵਾਲਾ ਸੌਦਾ ਹੋਵੇ, ਛਾਪਣ ਵਾਸਤੇ ਹਰ ਵੇਲੇ ਤਿਆਰ ਰਹਿੰਦੇ ਹਨ। ਇੰਞ ਹੀ ਬਾਹਰਲੇ ਮੁਲਕਾਂ ਵਿਚ ਛਪੇ ਬਹੁਤ ਐਨਸਾਈਕਲੋਪੀਡੀਆਜ਼ ਤੇ ਰੈਫ਼ਰੈਂਸ ਬੁਕਸ ਵੀ ਸਿੱਖਾਂ ਬਾਰੇ ਗ਼ਲਤ ਮੈਟਰ ਤੇ ਸਾਜ਼ਸ਼ੀ ਸਮੱਗਰੀ ਨਾਲ ਭਰੇ ਪਏ ਹਨ।

ਮਸ਼ਹੂਰ ਸਿੱਖ ਸ਼ਹੀਦ

ਸਤਾਰਵੀਂ ਸਦੀ

ਭਾਈ ਨਾਨੂ, ਭਾਈ ਧੂੜਾ, ਭਾਈ ਮੁਥਰਾ ਭੱਟ, ਭਾਈ ਕੀਰਤ ਭੱਟ, ਭਾਈ ਸਿੰਘਾ ਪੁਰੋਹਤ, ਭਾਈ ਜੇਠਾ, ਭਾਈ ਪਰਾਗ ਦਾਸ ਛਿੱਬਰ, ਭਾਈ ਬੱਲੂ ਪਰਮਾਰ, ਭਾਈ ਸੁਖੀਆ ਮਾਂਡਨ, ਭਾਈ ਸੰਗੋ ਸ਼ਾਹ, ਭਾਈ ਜੀਤ ਮੱਲ, ਭਾਈ ਮਤੀ ਦਾਸ, ਭਾਈ ਸਤੀ ਦਾਸ,

ਭਾਈ ਦਿਆਲ ਦਾਸ ਤੇ ਹੋਰ ਸੈਂਕੜੇ ।

ਅਠਾਰਵੀਂ ਸਦੀ

ਤਿੰਨ ਪਿਆਰੇ (ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ), ਚਾਰ ਸਾਹਿਬਜ਼ਾਦੇ (ਅਜੀਤ ਸਿੰਘ-ਜੁਝਾਰ ਸਿੰਘ-ਜ਼ੋਰਾਵਰ ਸਿੰਘ-ਫ਼ਤਹਿ ਸਿੰਘ), ਬੀਬੀ ਭਿੱਖਾਂ, ਭਾਈ ਜੀਵਨ ਸਿੰਘ (ਜੈਤਾ), ਭਾਈ ਉਦੈ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਕਿਰਪਾ ਰਾਮ (ਸਿੰਘ) ਦੱਤ, ਭਾਈ ਆਲਮ ਸਿੰਘ ਨੱਚਣਾ, ਭਾਈ ਸੰਗਤ ਸਿੰਘ, ਭਾਈ ਸੰਤ ਸਿੰਘ, ਭਾਈ ਮਹਾਂ ਸਿੰਘ, ਭਾਈ ਰਾਏ ਸਿੰਘ, ਭਾਈ ਫ਼ਤਹਿ ਸਿੰਘ ਭਗਤੂਕਾ, ਸੁੱਖਾ ਸਿੰਘ ਸਾਹਰਿੰਦ, ਬਾਬਾ ਬੰਦਾ ਸਿੰਘ ਬਹਾਦਰ, ਕਾਕਾ ਅਜੈ ਸਿੰਘ, ਭਾਈ ਗੁਲਾਬ ਸਿੰਘ ਬਖ਼ਸ਼ੀ, ਭਾਈ ਬਾਜ ਸਿੰਘ, ਭਾਈ ਭਗਵੰਤ ਸਿੰਘ, ਭਾਈ ਤਾਰਾ ਸਿੰਘ ਡੱਲ-ਵਾਂ, ਭਾਈ ਮਨੀ ਸਿੰਘ, ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ, ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ, ਬਾਬਾ ਦੀਪ ਸਿੰਘ, ਜ: ਗੁਰਬਖ਼ਸ਼ ਸਿੰਘ ਤੇ ਦੋ ਲੱਖ ਹੋਰ।

ਉੱਨੀਵੀਂ ਸਦੀ

ਅਕਾਲੀ ਫੂਲਾ ਸਿੰਘ, ਜਰਨੈਲ ਹਰੀ ਸਿੰਘ ਨਲਵਾ, ਸਿਰਦਾਰ ਸ਼ਾਮ ਸਿੰਘ ਅਟਾਰੀਵਾਲਾ, ਬਾਬਾ ਬੀਰ ਸਿੰਘ, ਭਾਈ ਮਹਾਰਾਜ ਸਿੰਘ ਤੇ ਹਜ਼ਾਰਾਂ ਹੋਰ।

ਵੀਹਵੀਂ ਸਦੀ, 1947 ਤਕ

ਭਾਈ ਮੇਵਾ ਸਿੰਘ ਲੋਪੋਕੇ, ਭਾਈ ਹਜ਼ਾਰਾ ਸਿੰਘ ਅਲਾਦੀਨਪੁਰ, ਭਾਈ ਹੁਕਮ ਸਿੰਘ ਵਜ਼ਾਊਕੋਟ, ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਦਲੀਪ ਸਿੰਘ, ਭਾਈ ਪ੍ਰਤਾਪ ਸਿੰਘ, ਭਾਈ ਕਰਮ ਸਿਘ ਬਬਰ, ਭਾਈ ਧੰਨਾ ਸਿੰਘ ਬਬਰ, ਭਾਈ ਕਰਮ ਸਿੰਘ ਦੌਲਤਪੁਰ, ਭਾਈ ਰਤਨ ਸਿੰਘ ਰੱਕੜਾਂ ਬਬਰ, ਭਾਈ ਕਿਸ਼ਨ ਸਿੰਘ ਗੜਗਜ, ਭਾਈ ਸੇਵਾ ਸਿੰਘ ਠੀਕਰੀਵਾਲਾ, ਗਿ: ਹਰਬੰਸ ਸਿੰਘ ਸੁਰਹਾਲਾ ਕਲਾਂ, ਬਾਬੂ ਲਾਭ ਸਿੰਘ।

1947 ਤੋਂ ਮਗਰੋਂ

ਕਾਕਾ ਇੰਦਰਜੀਤ ਸਿੰਘ, ਜ: ਦਰਸ਼ਨ ਸਿੰਘ ਫੇਰੂਮਾਨ, ਭਾਈ ਫ਼ੌਜਾ ਸਿੰਘ ਤੇ 12 ਹੋਰ ਸਿੰਘ, ਮਨਜੀਤ ਸਿੰਘ (ਮੁਸੀਬਤ ਸਿੰਘ), ਕੁਲਵੰਤ ਸਿੰਘ ਨਾਗੋਕੇ, ਭਾਈ ਸੁਰਿੰਦਰ ਸਿੰਘ ਸੋਢੀ, ਕੁਲਵੰਤ ਸਿੰਘ ਬਬਰ ਤੇ ਸੈਂਕੜੇ ਹੋਰ।

4 ਜੂਨ 1984 ਤੋਂ ਮਗਰੋਂ

ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ, ਭਾਈ ਸੁਖਦੇਵ ਸਿੰਘ ਸਖੀਰਾ, ਜਨਰਲ ਅਵਤਾਰ ਸਿੰਘ ਬ੍ਰਹਮਾ, ਸਿਰਦਾਰ ਕਾਨ ਸਿੰਘ, ਡਾਕਟਰ ਰਾਜਿੰਦਰ ਕੌਰ, ਜ: ਜਗਦੇਵ ਸਿੰਘ ਖੁਡੀਆ, ਭਾਈ ਅਨੋਖ ਸਿੰਘ, ਭਾਈ ਗੁਰਜੀਤ ਸਿੰਘ, ਜ: ਤਲਵਿੰਦਰ ਸਿੰਘ ਬਬਰ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਸੁਖਦੇਵ ਸਿੰਘ ਬਬਰ, ਬੀਬੀ ਉਪਕਾਰ ਕੌਰ,

ਭਾਈ ਦਿਲਾਵਰ ਸਿੰਘ ਤੇ ਹਜ਼ਾਰਾਂ ਹੋਰ।

ਸਿੱਖ ਪੰਥ ਨੇ ਹਰ ਦੌਰ ਵਿਚ ਜ਼ੁਲਮ ਹੰਢਾਇਆ ਹੈ ਤੇ ਲੱਖਾਂ ਸਿੱਖਾਂ ਨੇ ਸ਼ਹੀਦੀ ਜਾਮ ਪੀਤੇ ਹਨ। ਤਫ਼ਸੀਲ ਵਾਸਤੇ ਵੇਖੋ ਕਿਤਾਬਾਂ: ਇੰਡੀਆ ਕਿਲਜ਼ ਦ ਸਿਖਜ਼ (ਡਾ: ਦਿਲਗੀਰ), ਸ਼ਹੀਦੀ ਡਾਇਰੈਕਟਰੀ (ਦਲ ਖ਼ਾਲਸਾ)...

ਮਸ਼ਹੂਰ ਸਿੱਖ ਆਗੂ

ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦਰਬਾਰਾ ਸਿੰਘ, (ਨਵਾਬ) ਕਪੂਰ ਸਿੰਘ, ਸਿਰਦਾਰ ਜੱਸਾ ਸਿੰਘ ਆਹਲੂਵਾਲੀਆ, ਸਿਰਦਾਰ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਬਘੇਲ ਸਿੰਘ, ਬਾਬਾ ਦੀਪ ਸਿੰਘ, ਅਕਾਲੀ ਫੂਲਾ ਸਿੰਘ, ਜਰਨਲ ਹਰੀ ਸਿੰਘ ਨਲਵਾ, ਜਰਨਲ ਸ਼ਾਮ ਸਿੰਘ ਅਟਾਰੀਵਾਲਾ, ਭਾਈ ਮਹਾਰਾਜ ਸਿੰਘ, ਭਾਈ ਤੇਜਾ ਸਿੰਘ ਸਮੁੰਦਰੀ ਮਾਸਟਰ ਤਾਰਾ ਸਿੰਘ, ਭਾਈ ਸੇਵਾ ਸਿੰਘ ਠੀਕਰੀਵਾਲਾ, ਬਾਬਾ ਖੜਕ ਸਿੰਘ, ਗਿਆਨੀ ਸ਼ੇਰ ਸਿੰਘ, ਜ: ਕਰਤਾਰ ਸਿੰਘ ਝੱਬਰ, ਸ. ਬ. ਮਹਿਤਾਬ ਸਿੰਘ, ਭਾਈ ਰਣਧੀਰ ਸਿੰਘ, ਬਾਬਾ ਵਿਸਾਖਾ ਸਿੰਘ ਦਦੇਹਰ।

1977 ਤੋਂ ਮਗਰੋਂ ਦੇ ਆਗੂ

ਭਾਈ ਫ਼ੌਜਾ ਸਿੰਘ, ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਜਥੇਦਾਰ ਤਲਵਿੰਦਰ ਸਿੰਘ ਬਬਰ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਜੀਤ ਸਿੰਘ, ਡਾ: ਗੁਰਨਾਮ ਸਿੰਘ ਬੁਟਰ, ਭਾਈ ਗੁਰਜੰਟ ਸਿੰਘ, ਜ: ਅਵਤਾਰ ਸਿੰਘ ਬ੍ਰਹਮਾ।

ਡਿਪਲੋਮੇਟ ਤੇ ਇਨਸਾਨੀ ਹਕੂਕ ਦੇ ਅਲੰਬਰਦਾਰ

ਡਾ: ਗੁਰਮੀਤ ਸਿੰਘ ਔਲਖ, ਜਸਟਿਸ ਅਜੀਤ ਸਿੰਘ ਬੈਂਸ, ਜਸਵੰਤ ਸਿੰਘ ਖਾਲੜਾ, ਹਰਵਿੰਦਰ ਸਿੰਘ ਫੂਲਕਾ, ਨਵਕਿਰਨ ਸਿੰਘ, ਡਾ: ਅਵਤਾਰ ਸਿੰਘ ਸੇਖੋਂ, ਇੰਦਰਜੀਤ ਸਿੰਘ ਜੇਜੀ।

ਹੋਰ ਸਿੱਖ ਸ਼ਖ਼ਸੀਅਤਾਂ

ਜਸਟਿਸ ਤੇਜਾ ਸਿੰਘ, ਸ: ਹਰਨਾਮ ਸਿੰਘ (ਜੱਜ), ਮਲਿਕ ਹਰਦਿੱਤ ਸਿੰਘ, ਸ. ਹਰਚੰਦ ਸਿੰਘ ਜੇਜੀ, ਸਰ ਸੋਭਾ ਸਿੰਘ, ਸ. ਧਰਮ ਸਿੰਘ ਕਾਂਟਰੈਕਟਰ, ਜਸਟਿਸ ਕੁਲਦੀਪ ਸਿੰਘ, ਡਾ. ਇੰਦਰਜੀਤ ਸਿੰਘ (ਬੈਂਕ ਆਫ਼ ਪੰਜਾਬ), ਡਾ. ਕੇ. ਐਸ. ਖਿੰਦ (ਬਾਟਨੀ), ਡਾ. ਗੁਰਿੰਦਰ ਸਿੰਘ ਗਰੇਵਾਲ (ਅਮਰੀਕਾ), ਡਾ. ਗੁਰਚਰਨ ਸਿੰਘ ਢਿਲੋਂ (ਅਮਰੀਕਾ), ਸ. ਜਸਬੀਰ ਸਿੰਘ ਮਾਨ (ਅਮਰੀਕਾ), ਸ. ਕੁਲਬੀਰ ਸਿੰਘ ਥਿੰਦ (ਗੁਰੂ ਗ੍ਰੰਥ ਸਾਹਿਬ ਦੀ ਸੀ. ਡੀ. ਤਿਆਰ ਕਰਨ ਵਾਲੇ), ਸ. ਸੁਰਜੀਤ ਸਿੰਘ ਛਡੌਂੜੀ, ਸ. ਖ਼ਜ਼ਾਨ ਸਿੰਘ ਕਲਕੱਤਾ, ਡਾ. ਸੰਤੋਖ ਸਿੰਘ ਭੂਪਾਲ।

ਸਿੱਖਾਂ 'ਤੇ ਜ਼ੁਲਮ ਕਰਨ ਵਾਲੇ

ਵਜ਼ੀਰ ਖ਼ਾਨ ਤੇ ਸੁੱਚਾ ਨੰਦ (ਸਾਹਰਿੰਦ), ਬਹਾਦਰ ਸ਼ਾਹ, ਫ਼ਰੁਖ਼ਸੀਅਰ, ਮੁਹੰਮਦ ਅਮੀਨ ਖ਼ਾਨ, ਅਬਦੁਸ ਸਮਦ ਖ਼ਾਨ, ਜ਼ਕਰੀਆ ਖ਼ਾਨ, ਮੀਰ ਮੰਨੂ, ਯਾਹੀਆ ਖ਼ਾਨ, ਲਖਪਤ ਰਾਏ, ਜਸਪਤ ਰਾਏ, ਅਦੀਨਾ ਬੇਗ, ਅਹਿਮਦ ਸ਼ਾਹ ਦੁੱਰਾਨੀ, ਜਹਾਨ ਖ਼ਾਨ,

ਤੈਮੂਰ ਖ਼ਾਨ, ਲਾਰਡ ਡਲਹੌਜ਼ੀ, ਇੰਦਰਾ ਗਾਂਧੀ, ਰਾਜੀਵ ਗਾਂਧੀ, ਰਬੈਰੋ, ਸੁਮੇਧ ਸੈਣੀ, ਇਜ਼ਹਾਰ ਆਲਮ।

ਸਿੱਖ ਘਰਾਂ ਵਿਚ ਜਨਮ ਲੈ ਕੇ ਪੰਥ ਦਾ ਨੁਕਸਾਨ ਕਰਨ ਵਾਲੇ

ਪ੍ਰਿਥੀ ਚੰਦ, ਖੇਮ ਸਿੰਘ ਬੇਦੀ, ਪ੍ਰਤਾਪ ਸਿੰਘ ਕੈਰੋਂ, ਉਜਲ ਸਿੰਘ, ਜ਼ੈਲ ਸਿੰਘ, ਦਰਬਾਰਾ ਸਿੰਘ, ਗੁਰਦਿਆਲ ਸਿੰਘ ਢਿੱਲੋਂ, ਜੀਵਨ ਸਿੰਘ ਉਮਰਾਨੰਗਲ, ਪ੍ਰਤਾਪ ਸਿੰਘ (ਸਾਬਕਾ ਗ੍ਰੰਥੀ ਅਕਾਲ ਤਖ਼ਤ), ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਸੁਰਜੀਤ ਐਸ. ਬਰਨਾਲਾ, ਕੈਪਟਨ ਕੰਵਲਜੀਤ, ਕੇ. ਐਸ. ਬਰਾੜ, ਜਨਰਲ ਰਣਜੀਤ ਸਿੰਘ ਦਿਆਲ, ਜਸਬੀਰ ਸਿੰਘ ਰੈਣਾ, ਬੇਅੰਤ ਸਿੰਘ, ਕੇ. ਪੀ. ਐਸ. ਗਿੱਲ, ਮਨਜਿੰਦਰ ਬਿੱਟਾ, ਗਿ. ਕਿਰਪਾਲ ਸਿੰਘ, ਗਿ. ਪੂਰਨ ਸਿੰਘ, ਗਿ. ਜੋਗਿੰਦਰ ਸਿੰਘ ਵੇਦਾਂਤੀ, ਸੰਤਾ ਸਿੰਘ ਨਿਹੰਗ, ਰਛਪਾਲ ਸਿੰਘ ਦਿੱਲੀ, ਅਜੀਤ ਸਿੰਘ ਪੂਹਲਾ ਵਗੈਰਾ।

ਸਿੱਖ ਖਿਡਾਰੀ

ਪਹਿਲਵਾਨੀ: ਕਿੱਕਰ ਸਿੰਘ, ਦਾਰਾ, ਸਿੰਘ, ਸੁਖਵੰਤ ਸਿੰਘ, ਕਰਤਾਰ ਸਿੰਘ। **ਬਾਕਸਿੰਗ**: ਕੌਰ ਸਿੰਘ। **ਅਥਲੈਟਿਕਸ**: ਗੁਰਨਾਮ ਸਿੰਘ (ਇੰਡੋਨੇਸ਼ੀਆ), ਮਿਲਖਾ ਸਿੰਘ, ਮੱਖਣ ਸਿੰਘ, ਤਿਰਲੋਕ ਸਿੰਘ, ਹਾਕਮ ਸਿੰਘ, ਜੋਗਿੰਦਰ ਸਿੰਘ, ਅਜਮੇਰ ਸਿੰਘ, ਗੁਰਬਚਨ ਸਿੰਘ, ਜਗਦੇਵ ਸਿੰਘ, ਹਰਨੇਕ ਸਿੰਘ, ਮਹਿੰਦਰ ਸਿੰਘ ਗਿੱਲ, ਲਾਭ ਸਿੰਘ, ਜੋਰਾ ਸਿੰਘ, ਬਹਾਦਰ ਸਿੰਘ, ਰਤਨ ਸਿੰਘ, ਕਮਲਜੀਤ ਕੌਰ ਸੰਧੂ, ਮਨਜੀਤ ਕੌਰ ਵਾਲੀਆ। **ਜਿਮਨਾਸਟਿਕ**: ਮਨਜੀਤ ਸਿੰਘ। **ਵੇਟ ਲਿਫ਼ਟਿੰਗ**: ਗਿਆਨ ਸਿੰਘ ਚੀਮਾ। **ਹਾਕੀ**: ਸੁਰਜੀਤ ਸਿੰਘ (ਮਲੇਸ਼ੀਆ), ਸੋਮਾ ਸਿੰਘ (ਇੰਗਲੈਂਡ), ਬਲਬੀਰ ਸਿੰਘ ਦੂਜਾ, ਅਜੀਤਪਾਲ ਸਿੰਘ, ਗੁਰਮੇਵਕ ਸਿੰਘ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਬਲਬੀਰ ਸਿੰਘ ਦੂਜਾ, ਚਨਰਜੀਤ ਸਿੰਘ, ਹਰਚਰਨ ਸਿੰਘ, ਗੁਰਬਖ਼ਸ਼ ਸਿੰਘ ਹਰਬਿੰਦਰ ਸਿੰਘ, ਜਗਜੀਤ ਸਿੰਘ, ਸੁਰਜੀਤ ਸਿੰਘ, ਹਰਮੀਕ ਸਿੰਘ, ਅਜਿੰਦਰ ਸਿੰਘ। **ਸ਼ਾਟਪੁਟ**: ਜੋਗਿੰਦਰ ਸਿੰਘ, ਈਸ਼ਰ ਸਿੰਘ, ਜਗਰਾਜ ਸਿੰਘ, ਪਰਦੁਮਣ ਸਿੰਘ, ਬਹਾਦਰ ਸਿੰਘ। **ਫ਼ੁਟਬਾਲ**: ਜਰਨੈਲ ਸਿੰਘ, ਇੰਦਰ ਸਿੰਘ। **ਕ੍ਰਿਕਟ**: ਬਿਸ਼ਨ ਸਿੰਘ ਬੇਦੀ, ਮਨਿੰਦਰ ਸਿੰਘ, ਹਰਭਜਨ ਸਿੰਘ। **ਵਾਲੀਬਾਲ**: ਗੁਰਬਖ਼ਸ਼ ਸਿੰਘ, ਨ੍ਰਿਪਜੀਤ ਸਿੰਘ, ਰਣਵੀਰ ਸਿੰਘ, ਮੌਂਟੀ ਮਨੇਸਰ (ਇੰਗਲੈਂਡ), ਜੋ ਇਕੋ-ਇਕ ਪੂਰਨ ਕੇਸਾਧਾਰੀ ਕ੍ਰਿਕਟਰ ਹੈ। **ਬੈਡਮਿੰਟਨ**: ਜਸਬੀਰ ਕੌਰ, ਕੰਵਲ ਠਾਕਰ ਸਿੰਘ। **ਲਾਂਗ ਜੰਪ**: ਲਾਭ ਸਿੰਘ। **ਬਾਸਕਟਬਾਲ**: ਗੁਰਦਿਆਲ ਸਿੰਘ, ਸਰਬਜੀਤ ਸਿੰਘ, ਮਨਮੋਹਨ ਸਿੰਘ। **ਡਿਸਕਸ ਥਰੋ**: ਬਲਕਾਰ ਸਿੰਘ। **ਹੈਮਰ ਥਰੋ**: ਨਿਰਮਲ ਸਿੰਘ। **ਸ਼ੂਟਿੰਗ**: ਰਣਧੀਰ ਸਿੰਘ। **ਕਬੱਡੀ**: ਸਵਰਨ ਸਿੰਘ। **ਗੋਲਫ਼**: ਅਸ਼ੋਕ ਸਿੰਘ ਮਲਿਕ, ਵਿਕਰਮਜੀਤ ਸਿੰਘ। **ਸਾਇਕਲਿੰਗ**: ਅਮਰ ਸਿੰਘ। **ਟੇਬਲ ਟੈਨਿਸ**; ਮਨਜੀਤ ਸਿੰਘ ਦੂਆ, ਮਨਜੀਤ ਸਿੰਘ। **ਲਾਅਨ ਟੈਨਿਸ**: ਜਸਜੀਤ ਸਿੰਘ। **ਪਹਾੜਾਂ 'ਤੇ ਚੜ੍ਹਨ ਵਾਲੇ**: ਐਮ.ਐਸ. ਕੋਹਲੀ, ਐਚ.ਪੀ.ਐਸ. ਆਹਲੂਵਾਲੀਆ, ਹੁਕਮ ਸਿੰਘ, ਪਰੇਮ ਸਿੰਘ, ਮੋਹਣ ਸਿੰਘ।

ਮਸ਼ਹੂਰ ਸਿੱਖ ਬੀਬੀਆਂ

ਮਾਤਾ ਤ੍ਰਿਪਤਾ, ਬੇਬੇ ਨਾਨਕੀ, ਮਾਤਾ ਖੀਵੀ, ਮਾਤਾ ਭਾਨੀ, ਮਾਤਾ ਨਾਨਕੀ, ਬੀਬੀ ਵੀਰੋ, ਬੀਬੀ ਰੂਪ ਕੌਰ, ਮਾਤਾ ਗੁਜਰੀ, ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ, ਰਾਣੀ ਚੰਪਾ, ਬੀਬੀ ਭਿੱਖਾਂ, ਬੀਬੀ ਭਾਗ ਕੌਰ, ਮਾਈ ਫ਼ੱਤੋ (ਪਟਿਆਲਾ), ਰਾਣੀ ਸਾਹਿਬ ਕੌਰ, ਰਾਣੀ ਸਦਾ ਕੌਰ, ਬੀਬੀ ਸ਼ਰਨ ਕੌਰ, ਰਾਣੀ ਜਿੰਦਾ, ਬੀਬੀ ਗੁਲਾਬ ਕੌਰ (ਗ਼ਦਰ ਪਾਰਟੀ), ਮਾਈ ਕਿਸ਼ਨ ਕੌਰ, ਡਾ. ਰਾਜਿੰਦਰ ਕੌਰ ਵਗੈਰਾ।

ਸਿੱਖ ਕੌਮ ਦੇ ਹਮਦਰਦ

ਰਾਏ ਬੁਲਾਰ, ਸਾਈਂ ਮੀਆਂ ਮੀਰ, ਸੂਬੇਦਾਰ ਵਜ਼ੀਰ ਖ਼ਾਨ (ਚਨਿਓਟ), ਪੀਰ ਬੁੱਧੂ ਸ਼ਾਹ, ਨਵਾਬ ਸੈਫ਼-ਉਦ-ਦੀਨ, ਦੀਵਾਨ ਕੌੜਾ ਮੱਲ, ਪ੍ਰਿੰਸੀਪਲ ਵਾਦਨ, ਮੈਕਸ ਆਰਥਰ ਮੈਕਾਲਿਫ਼, ਮੇਜਰ ਸ਼ਾਰਟ, ਲੈਂਡਨ ਸਾਰਸਫ਼ੀਲਡ, ਜੈ ਪ੍ਰਕਾਸ਼ ਨਾਰਾਇਣ, ਅਚਾਰਿਆ ਕ੍ਰਿਪਲਾਨੀ, ਸੈਫ਼-ਉਦ-ਦੀਨ ਕਿਚਲੂ, ਸੇਠ ਰਾਮ ਨਾਥ, ਕੇ. ਜੀ. ਜੋਧ, ਜਸਟਿਸ ਤਾਰਕੁੰਡੇ, ਰਜਨੀ ਕੋਠਾਰੀ, ਰੰਜਨ ਲਖਨਪਾਲ ਐਡਵੋਕੇਟ, ਬਜਰੰਗ ਬਲੀ ਐਡਵੋਕੇਟ ਵਗੈਰਾ। **ਪਾਕਿਸਤਾਨ**: ਜਨਰਲ ਜ਼ਿਆ-ਉਲ-ਹੱਕ, ਚੌਧਰੀ ਜ਼ਹੂਰ ਇਲਾਹੀ ਵਗੈਰਾ। **ਇੰਗਲੈਂਡ**: ਸਿਡਨੀ ਬਿਡਵਿਲ, ਟੈਰੀ ਡਿਕਸ ਵਗੈਰਾ। **ਕੈਨੇਡਾ**: ਡੇਵਿਡ ਕਿਲਗੌਰ ਵਗੈਰਾ। **ਅਮਰੀਕਾ**: ਡੇਨ ਬਰਟਨ, ਬੈਨ ਬਲਾਜ਼, ਵਾਲੀ ਹਰਗਰ ਵਗੈਰਾ।

ਸਿੱਖ ਦੀ ਦਸਤਾਰ

ਦਸਤਾਰ ਸਿੱਖ ਦੀ ਸਭ ਤੋਂ ਸੌਖੀ ਪਛਾਣ ਹੈ। ਇਹ ਸਿੱਖ ਦੇ ਪਹਿਰਾਵੇ ਦਾ ਇਕ ਜ਼ਰੂਰੀ ਹਿੱਸਾ ਹੈ। ਦਸਤਾਰ ਸਿੱਖ ਵਾਸਤੇ ਲਾਜ਼ਮੀ ਹੈ। ਭਾਵੇਂ ਖ਼ਾਲਸਾ ਪ੍ਰਗਟ ਕਰਨਾ ਤੇ ਪੰਜ ਕਕਾਰ ਲਾਜ਼ਮੀ ਕਰਨਾ 29 ਮਾਰਚ 1698/1699 ਤੋਂ ਸ਼ੁਰੂ ਹੁੰਦਾ ਹੈ। ਪਰ ਸਿੱਖ ਧਰਮ ਵਿਚ ਪੱਗ ਪੰਦਰ੍ਹਵੀਂ ਸਦੀ ਵਿਚ ਗੁਰੂ ਨਾਨਕ ਸਾਹਿਬ ਤੋਂ ਹੀ ਸ਼ਾਮਿਲ ਸੀ। ਗੁਰੂ ਨਾਨਕ ਸਾਹਿਬ ਖ਼ੁਦ ਦਸਤਾਰ ਸਜਾਂਦੇ ਸਨ ਤੇ ਉਨ੍ਹਾਂ ਤੋਂ ਮਗਰੋਂ ਵੀ ਸਾਰੇ ਗੁਰੂ ਸਾਹਿਬਾਨ ਦਸਤਾਰ ਸਜਾਂਦੇ ਰਹੇ। ਗੁਰੂ ਹਰਗੋਬਿੰਦ ਸਾਹਿਬ ਵੇਲੇ ਭਾਈ ਨੱਥ ਮੱਲ ਤੇ ਅਬਦੁੱਲਾ ਦੀ ਲਿਖੀ ਵਾਰ ਵਿਚ ਗੁਰੂ ਸਾਹਿਬ ਵੱਲੋਂ ਅਤੇ ਮੁਗ਼ਲ ਬਾਦਸ਼ਾਹ ਜਹਾਂਗੀਰ ਵੱਲੋਂ ਵੀ ਦਸਤਾਰ ਸਜਾਏ ਜਾਣ ਦਾ ਜ਼ਿਕਰ ਹੈ:

ਦੋ ਤਲਵਾਰਾਂ ਬਧੀਆਂ, ਇਕ ਮੀਰ ਦੀ ਇਕ ਪੀਰ ਦੀ।.....
ਪੱਗ ਤੇਰੀ ਕੀ ਜਹਾਂਗੀਰ ਦੀ।

ਰਹਿਤਨਾਮਿਆਂ ਵਿਚ ਵੀ ਸਿੱਖ ਨੂੰ ਦਸਤਾਰ ਸਜਾਉਣ ਤੇ ਫਬਾਉਣ ਦਾ ਹੁਕਮ ਸਾਫ਼ ਲਫ਼ਜ਼ਾਂ ਵਿਚ ਲਿਖਿਆ ਮਿਲਦਾ ਹੈ:

ਕੰਘਾ ਦੋਨਉਂ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।
(ਭਾਈ ਨੰਦ ਲਾਲ, ਸੋਰਠਾ ਨੰਬਰ 13)

ਦਸਤਾਰ ਦੀ ਬੰਦਸ਼ ਤਾਂ ਏਨੀ ਹੈ ਕਿ ਸਿੰਘ ਨੂੰ ਤਾਂ ਪ੍ਰਸ਼ਾਦ ਛਕਣ ਵੇਲੇ, ਆਰਾਮ ਕਰਦਿਆਂ, ਬੈਠਿਆਂ, ਲੇਟਿਆਂ ਵੀ ਨੰਗੇ ਸਿਰ ਰਹਿਣ ਦੀ ਇਜਾਜ਼ਤ ਨਹੀ:

ਪਗੜੀ ਲਾਹਿ ਕਰ ਸਿਖ ਪ੍ਰਸਾਦਿ ਖਾਏ ਸੋ ਤਨਖਾਹੀਆ।
(ਰਹਿਤਨਾਮਾ ਭਾਈ ਚਉਪਾ ਸਿੰਘ, ਤਨਖ਼ਾਹਨਾਮਾ ਭਾਈ ਨੰਦ ਲਾਲ)

ਸਿੱਖ ਨੂੰ ਪੱਗ ਦੀ ਥਾਂ ਟੋਪੀ ਰੱਖਣ ਦੀ ਇਜਾਜ਼ਤ ਨਹੀਂ। ਇਸ ਤਰ੍ਹਾਂ ਕਰਨ ਵਾਲਾ ਨਰਕ ਦੇ ਜੀਵ ਵਰਗਾ ਮੰਨਿਆ ਗਿਆ ਹੈ।

ਪੱਗ ਭਾਵੇਂ ਸਿੱਖ ਧਰਮ ਦਾ ਇਕ ਅਟੁੱਟ ਹਿੱਸਾ ਹੈ ਪਰ ਇਸ ਦੀ ਵਰਤੋਂ ਬਾਕੀ ਧਰਮਾਂ ਤੇ ਮੁਲਕਾਂ ਵਿਚ ਵੀ ਹੁੰਦੀ ਰਹੀ ਹੈ। ਅਰਬਾਂ ਵਿਚ ਇਸ ਦਾ ਰਿਵਾਜ਼ ਬਹੁਤ ਪੁਰਾਣਾ ਹੈ। ਮੁਸਲਮਾਨਾਂ ਦੇ ਮੋਢੀ ਹਜ਼ਰਤ ਮੁਹੰਮਦ ਵੀ ਪੱਗ ਬੰਨ੍ਹਿਆ ਕਰਦੇ ਸਨ। ਯੂਰਪ ਤੇ ਟਰਕੀ ਦੀ ਤਵਾਰੀਖ਼ ਵਿਚ ਵੀ ਪੱਗ ਦੇ ਵਜੂਦ ਦਾ ਪਤਾ ਲਗਦਾ ਹੈ। ਲੰਡਨ ਵਿਚ 1433 ਦੀ ਇਕ ਪੇਂਟਿੰਗ ਦਾ ਉਨਵਾਨ (ਹੈਡਿੰਗ) ਹੀ 'ਪੱਗ ਵਾਲਾ ਆਦਮੀ' ਹੈ। ਅੰਗਰੇਜ਼ੀ ਲਿਖਾਰੀ ਸ਼ੈਕਸਪੀਅਰ ਨੇ ਵੀ ਪੱਗ ਦਾ ਜ਼ਿਕਰ ਕੀਤਾ ਹੈ। ਅਰਬ ਲੋਕ ਪੱਗ ਵਾਸਤੇ 'ਇਮਾਮਾ' ਲਫ਼ਜ਼ ਵਰਤੇ ਹਨ ਤੇ ਫ਼ਾਰਸੀ ਵਿਚ ਇਸ ਨੂੰ 'ਦੁਲਬੰਦ' ਆਖਦੇ ਹਨ। ਦੁਲੰਬਦ ਦਾ ਲਫ਼ਜ਼ੀ ਮਾਅਨਾ ਹੈ: 'ਪੱਟੀਆਂ ਦੀਆਂ ਤਹਿਆਂ'। ਦਸਤਾਰ ਵੀ ਸ਼ਾਇਦ ਇੰਜ ਹੀ ਚਲ ਪਿਆ ਹੋਵੇ। ਦਸਤਾਰ ਦਾ ਮਾਅਨਾ ਵੀ ਇਹੋ ਜਿਹਾ ਹੀ ਹੈ: 'ਤਹਿਆਂ' (ਪੱਟੀਆਂ ਦੀਆਂ ਤਹਿਆਂ)। ਹਜ਼ਰਤ ਮੁਹੰਮਦ ਦੇ ਪਿੱਛੋਂ ਦੇ ਖ਼ਲੀਫ਼ੇ ਵੀ ਪੱਗ ਬੰਨ੍ਹਿਆ ਕਰਦੇ ਸੀ। ਖ਼ਲੀਫ਼ੇ ਦੀ ਪੱਗ ਸਬਜ਼ (ਹਰੇ) ਰੰਗ ਦੀ ਤੇ ਬਾਕੀਆਂ ਦੀ ਸਫ਼ੈਦ ਹੋਇਆ ਕਰਦੀ ਸੀ। ਹੱਜ ਕਰਨ ਜਾਣ ਵਾਲਾ ਹਰ ਕੋਈ ਪੱਗ ਜ਼ਰੂਰ ਬੰਨ੍ਹਦਾ ਸੀ ਤੇ ਜੇ ਉਹ ਸਫ਼ਰ ਦੌਰਾਨ ਮਰ ਜਾਂਦਾ ਸੀ ਤਾਂ ਇਸ ਪੱਗ ਨੂੰ ਕਫ਼ਨ ਵਜੋਂ ਵਰਤ ਲਿਆ ਜਾਂਦਾ ਸੀ। ਅਰਬਾਂ ਤੋਂ ਇਲਾਵਾ ਦੁਨੀਆਂ ਦੇ ਰਾਜੇ-ਮਹਾਰਾਜੇ ਵੀ ਪੱਗ ਬੰਨ੍ਹਿਆ ਕਰਦੇ ਸੀ। ਪੱਗ ਸ਼ਾਹੀ ਦਰਜੇ, ਤਾਜ, ਸਿਰਦਾਰੀ, ਇੱਜ਼ਤ, ਵੱਡਾ ਤੇ ਉੱਚਾ ਹੋਣ ਜਾਂ ਆਗੂ/ਸਿਰਦਾਰ ਹੋਣ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਹਿੰਦੂ ਸਾਧੂ ਤੇ ਸੂਫ਼ੀ ਫ਼ਕੀਰ ਵੀ, ਸਾਰੇ ਹੀ ਪੱਗ ਬੰਨ੍ਹਿਆ ਕਰਦੇ ਸੀ।

ਹੋਰਨਾਂ ਦੀ ਪੱਗ ਤੇ ਸਿੱਖ ਦੀ ਦਸਤਾਰ ਵਿਚ ਫ਼ਰਕ ਇਹ ਹੈ ਕਿ ਆਮ ਪੱਗ ਵਿਚ ਤਰਤੀਬ ਦਾ ਕੋਈ ਖ਼ਿਆਲ ਨਹੀਂ ਰੱਖਿਆ ਜਾਂਦਾ ਪਰ ਸਿੱਖ ਤਹਿਆਂ ਬਣਾ ਕੇ, ਫੱਬਵੀਂ ਤੇ ਸਜਾ ਕੇ ਪੱਗ ਬੰਨ੍ਹਦੇ ਹਨ ਤਾਂ ਜੋ ਇਸ ਤੋਂ ਸ਼ਾਹੀ ਜਲਾਲ ਟਪਕੇ। ਮੁਸਲਮਾਨਾਂ ਨੂੰ ਪੱਗ ਬਾਰੇ ਇਹ ਹਿਦਾਇਤ ਸੀ ਕਿ ਉਹ ਇੰਞ ਪੱਗ ਬੰਨ੍ਹਣ ਕਿ ਸਜਦਾ ਕਰਦਿਆਂ ਮੱਥਾ ਜ਼ਮੀਨ ਨਾਲ ਲੱਗ ਜਾਏ ਨਾ ਕਿ ਪੱਗ ਮੱਥੇ ਅਤੇ ਜ਼ਮੀਨ 'ਚ ਪਰਦਾ ਬਣੇ।

ਸਿੱਖਾਂ ਵਿਚ ਪੱਗ ਬੰਨ੍ਹਣ ਦੇ ਦੋ ਖ਼ਾਸ ਅੰਦਾਜ਼ ਹਨ: ਗੋਲ ਤੇ ਕੋਣ ਵਾਲੀ ਪੱਗ। ਗੋਲ ਪੱਗ ਆਮ ਤੌਰ 'ਤੇ ਆਖੰਡ ਕੀਰਤਨੀ ਜਥਾ, ਭਿੰਡਰਾਂ-ਮਹਿਤਾ ਜਥਾ ਤੇ ਕੁਝ ਹੋਰ ਜਥਿਆਂ ਵਾਲੇ ਬੰਨ੍ਹਦੇ ਹਨ। ਕੋਣ ਵਾਲੀ ਪੱਗ ਬਾਕੀ ਸਾਰੇ ਸਿੱਖ ਬੰਨ੍ਹਦੇ ਹਨ। 90 ਤੋਂ 95 ਫ਼ੀ ਸਦੀ ਤਕ ਸਿੱਖ ਕੋਣ ਵਾਲੀ ਪੱਗ ਬੰਨ੍ਹਦੇ ਹਨ। ਗੋਲ ਪੱਗ ਦਾ ਰਿਵਾਜ਼ ਉਨੀਵੀਂ ਸਦੀ ਤੋਂ ਪਹਿਲਾਂ ਮੌਜੂਦ ਨਹੀਂ ਸੀ। ਅਖੰਡ ਕੀਰਤਨੀ ਜਥੇ ਵਾਲੇ ਆਮ ਤੌਰ 'ਤੇ ਦੋ ਦਸਤਾਰਾਂ ਸਜਾਂਦੇ ਹਨ: ਇਕ ਛੋਟੀ ਦਸਤਾਰ (ਕੇਸਕੀ) ਤੇ ਇਕ ਵੱਡੀ (ਕੇਸਕੀ ਦੇ ਉਪਰ)। ਇੰਞ ਹੀ ਨਿਹੰਗਾਂ ਦੀਆਂ ਦਸਤਾਰਾਂ ਤਾਂ ਇਕ ਤੋਂ ਵੱਧ ਹੁੰਦੀਆਂ ਹਨ। ਉਨ੍ਹਾਂ ਦੀ ਪੱਗ ਤਾਂ ਕਈ ਵਾਰ ਇਕ-ਇਕ ਫ਼ੁਟ ਉੱਚੀ ਵੀ ਹੁੰਦੀ ਹੈ। ਕਈ ਨਿਹੰਗ ਤਾਂ, ਨੁਮਾਇਸ਼ ਵਜੋਂ, 50-50, 40-40 ਮੀਟਰ ਦੀ ਪੱਗ ਵੀ ਬੰਨ੍ਹ ਲੈਂਦੇ ਹਨ। ਅਜਿਹੀ ਪੱਗ ਦਾ ਭਾਰ 20 ਤੋਂ 40 ਕਿਲੋ ਤਕ ਹੋ ਜਾਂਦਾ ਹੈ। ਨਾਮਧਾਰੀਆਂ ਦੀ ਪੱਗ ਵੱਖਰੇ ਤਰੀਕੇ ਦੀ ਹੁੰਦੀ ਹੈ। ਸਿੱਖ ਉਸ ਨੂੰ 'ਪੁੱਠੀ ਪੱਗ' ਆਖਦੇ ਹਨ। ਨਾਮਧਾਰੀਆਂ (ਕੂਕਿਆਂ) ਦੀ ਗਿਣਤੀ ਸਾਰੀ ਦੁਨੀਆਂ ਵਿਚ ਦਸ ਹਜ਼ਾਰ ਤੋਂ ਵੱਧ ਨਹੀਂ ਹੋਣੀ। ਉਂਞ ਉਨ੍ਹਾਂ ਨੂੰ ਸਿੱਖਾਂ ਦੀ ਬਜਾਇ ਹਿੰਦੂਆਂ ਵਿਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਕਿਉਂ ਕਿ ਉਹ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਨੂੰ ਵੀ ਨਹੀਂ ਮੰਨਦੇ।

ਅੱਜ ਤੋਂ ਕੋਈ 30-35 ਸਾਲ ਪਹਿਲਾਂ (1960-70 ਤਕ) ਬਹੁਤੇ ਸਿੱਖ ਪੱਗ ਨੂੰ ਮਾਂਡੀ (ਮਾਇਆ) ਲਾਇਆ ਕਰਦੇ ਸੀ। ਇਹ ਮਾਂਡੀ ਮੈਦੇ ਜਾਂ ਚਾਵਲਾਂ ਦੀ ਪਿੱਛ ਨਾਲ ਲਗਦੀ ਸੀ। ਹੁਣ ਬਹੁਤ ਥੋੜ੍ਹੇ ਲੋਕ ਪੱਗ ਨੂੰ 'ਲੇਵੀ' ਲਾਉਂਦੇ ਹਨ। ਅਸੂਲਨ ਤੌਰ 'ਤੇ ਵੀ ਲੇਵੀ ਲਾ ਕੇ ਪੱਗ ਦੀ ਟੋਪੀ ਬਣਾਉਣਾ ਗਲਤ ਹੈ। ਸਿੱਖ ਨੂੰ ਹਿਦਾਇਤ ਹੈ ਕਿ ਉਹ ਹਰ ਵਾਰ ਨਵੇਂ ਸਿਰਿਓਂ ਪੱਗ ਬੰਨ੍ਹੇ।

ਪੱਗ ਦਾ ਕੱਪੜਾ ਵੀ ਵੱਖ-ਵੱਖ ਅੰਦਾਜ਼ ਦਾ ਹੁੰਦਾ ਹੈ। ਪਹਿਲੋਂ ਪੱਗ ਵਾਇਲ ਤੇ ਮਲਮਲ ਦੀ ਹੁੰਦੀ ਸੀ। ਕੁਝ ਲੋਕ ਆਰਕੰਡੀ ਅਤੇ ਸਿਲਕ ਦੀ ਪੱਗ ਵੀ ਬੰਨ੍ਹਿਆ ਕਰਦੇ ਸੀ। ਪਹਿਲੋਂ ਐਫ਼-74 ਤੇ ਫਿਰ ਏ-376 ਦੀ ਮਲਮਲ ਬਹੁਤ ਚਲਦੀ ਹੁੰਦੀ ਸੀ। ਹੁਣ ਬਹੁਤੇ ਸਿੱਖ ਰੂਬੀਆ ਦੀ ਪੱਗ ਬੰਨ੍ਹਦੇ ਹਨ, ਜੋ ਵਾਇਲ ਤੋਂ ਕਾਫ਼ੀ ਵਧ ਭਾਰੀ ਹੁੰਦੀ ਹੈ। ਰਾਜੇ-ਮਹਾਰਾਜੇ ਤਾਂ ਪੱਗ ਵਿਚ ਮੋਤੀ, ਹੀਰੇ ਵੀ ਸਜਾਇਆ ਕਰਦੇ ਸੀ ਤੇ ਕੁਝ ਸ਼ਹਿਰੀਏ ਪੱਗ ਵਿਚ ਚਮਕੀਲਾ ਕਾਗ਼ਜ਼ ਤੇ ਪਿੰਨਾਂ ਵਗੈਰਾ ਵੀ ਲਾ ਕੇ ਰੱਖਦੇ ਹਨ।

ਵਕਤ ਦੇ ਨਾਲ-ਨਾਲ ਪੱਗ ਦੇ ਸਾਈਜ਼ ਵਿਚ ਵੀ ਫ਼ਰਕ ਪੈਂਦਾ ਰਿਹਾ ਹੈ। ਪਹਿਲੇ ਪੰਜ ਗਜ਼ ਦਾ ਰਿਵਾਜ ਸੀ। ਹੁਣ ਸਤ-ਅੱਠ ਮੀਟਰ ਦੀ ਪੱਗ ਹੁੰਦੀ ਹੈ। ਨਿਹੰਗਾਂ ਦੀ ਦਸਤਾਰ 10-15 ਮੀਟਰ ਆਮ ਹੋ ਜਾਇਆ ਕਰਦੀ ਹੈ। ਮੁਸਲਮਾਨ ਵੀ ਅਹੁਦੇ ਦੇ ਦਰਜੇ ਮੁਤਾਬਿਕ ਪੱਗ ਬੰਨ੍ਹਦੇ ਸਨ । ਉਨ੍ਹਾਂ ਵਿਚ ਵੀ 40-45 ਮੀਟਰ ਤਕ ਦੀ ਪੱਗ ਹੋਇਆ ਕਰਦੀ ਸੀ। ਪੱਗ ਦੇ ਰੰਗ ਵੀ ਬਦਲਦੇ ਰਹੇ ਸਨ । ਮੁਸਲਮਾਨਾਂ 'ਚ ਸਬਜ਼ ਤੇ ਸਫ਼ੈਦ, ਹਿੰਦੂਆਂ ਵਿਚ ਭਗਵਾ, ਸਿੱਖਾਂ ਵਿਚ ਨੀਲਾ, ਕਾਲਾ, ਸੁਰਮਈ ਰੰਗ ਚਲਦੇ ਰਹੇ ਹਨ। 1978 ਤੋਂ ਮਗਰੋਂ ਸਿੱਖਾਂ ਵਿਚ ਕੇਸਰੀ ਰੰਗ ਦਾ ਵੀ ਕਾਫ਼ੀ ਰਿਵਾਜ਼ ਚੱਲਿਆ ਸੀ। ਉਂਵ ਸਿੱਖ ਨੂੰ ਰੰਗ ਦੀ ਕੋਈ ਪਾਬੰਦੀ ਨਹੀਂ। ਗੁਰੂ ਸਾਹਿਬ ਵੇਲੇ ਸੁਰਮਈ ਰੰਗ ਦੀ ਦਸਤਾਰ ਤੇ ਨੀਲੀ ਕੇਸਕੀ ਦਾ ਰਿਵਾਜ਼ ਸੀ। 20 ਫ਼ਰਵਰੀ 1921 ਦੇ ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ ਸਿੱਖਾਂ ਨੇ ਉਸ ਨਵੰਬਰ 'ਚ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ 'ਤੇ ਕਾਲੇ ਦਸਤਾਰੇ ਸਜਾਏ ਸਨ, ਜੋ ਸਿੱਖਾਂ 'ਚ ਪੱਕੇ ਹੀ ਮਕਬੂਲ ਹੋ ਗਏ। ਅਕਾਲੀਆਂ ਨਾਲ ਨੀਲਾ ਤੇ ਕਮਿਊਨਿਸਟਾਂ ਨਾਲ ਲਾਲ ਰੰਗ ਜੁੜ ਗਿਆ। ਪੰਜਾਬ 'ਚ ਕਿਸੇ ਵੇਲੇ ਪ੍ਰਿੰਟ ਵਾਇਲ ਦੀਆਂ ਪੱਗਾਂ ਦਾ ਰਿਵਾਜ਼ ਵੀ ਹੋਇਆ ਕਰਦਾ ਸੀ।

ਪੱਗ ਸਿੱਖ ਦੀ ਰੂਹਾਨੀਅਤ, ਮਜ਼ਹਬ ਤੇ ਇੱਜ਼ਤ ਦਾ ਮੁਜੱਸਮਾ ਹੈ। ਪੱਗ ਦਾ ਉਤਰਨਾ ਬੇਇਜ਼ਤੀ ਹੈ। ਇਕ ਸਿੱਖ ਦੂਜੇ ਦੀ ਪੱਗ ਨੂੰ ਹੱਥ ਨਹੀਂ ਪਾ ਸਕਦਾ। ਅਜਿਹਾ ਕਰਨ ਵਾਲਾ ਤਨਖਾਹੀਆ ਹੈ। ਉਂਵ 1984 ਤੋਂ ਬਾਅਦ ਬੁਰਛਾ-ਗਰਦੀ ਦੇ ਦਿਨਾਂ ਵਿਚ ਯੂਰਪ, ਕੈਨੇਡਾ, ਅਮਰੀਕਾ ਤੇ ਪੰਜਾਬ ਵਿਚ ਕੁਝ ਪਗੜੀਧਾਰੀਆਂ ਨੇ ਆਪਣੇ-ਮੁਖ਼ਾਲਿਫ਼ਾਂ ਦੀਆਂ ਪੱਗਾਂ ਲਾਹੀਆਂ ਸਨ ਤੇ ਹੋਰ ਸ਼ਰਮਨਾਕ ਗੱਲ ਇਹ ਹੈ ਕਿ ਅਜਿਹੀ ਕਾਰਵਾਈ ਗੁਰਦੁਆਰਿਆਂ ਵਿਚ ਕੀਤੀ ਗਈ ਸੀ।

ਸਿੱਖ ਕੌਮ ਨੂੰ ਦਸਤਾਰ ਵਾਸਤੇ ਬਹੁਤ ਸਾਰੇ ਮੁਲਕਾਂ ਵਿਚ ਜੱਦੋ-ਜਹਿਦ ਵੀ ਕਰਨੀ ਪਈ ਸੀ। ਸਭ ਤੋਂ ਪਹਿਲੀ ਜੱਦੋ-ਜਹਿਦ ਇੰਗਲੈਂਡ ਵਿਚ ਮਾਂਡਲਾ ਕੇਸ ਵਿਚ ਹੋਈ ਸੀ। ਉਸ ਬਾਰੇ ਕੇਸ 'ਹਾਊਸ ਆਫ਼ ਲਾਰਡਜ਼' ਤਕ ਗਿਆ, ਜਿਸ ਦਾ ਫ਼ੈਸਲਾ 1983 ਤੇ ਲਟਕਿਆ ਰਿਹਾ। ਪੱਗ ਤੋਂ ਇਲਾਵਾ ਲੋਹ-ਟੋਪ (ਹੈਲਮਟ) ਦੀ ਪਾਬੰਦੀ ਦੇ ਖ਼ਿਲਾਫ਼ ਵੀ ਮੋਰਚਾ ਲਾਉਣਾ ਪਿਆ। ਇਸ ਮਸਲੇ ਵਿਚ ਸਾਊਥਾਲ ਦੇ ਐਮ.ਪੀ. ਸਿਡਨੀ ਬਿਡਵਿਲ ਨੇ ਵੀ ਬੜੀ ਮਦਦ ਕੀਤੀ। ਸਵੀਡਨ, ਨਾਰਵੇ ਤੇ ਹੋਰ ਮੁਲਕਾਂ ਵਿਚ ਵੀ ਇਸ ਬਾਰੇ ਛੋਟੇ-ਛੋਟੇ 'ਮੋਰਚੇ' ਲਾਉਣੇ ਪਏ। ਕੈਨੇਡਾ ਵਿਚ 1989-90 ਵਿਚ ਪੁਲਿਸ ਦੀ ਵਰਦੀ ਵਿਚ

ਦਸਤਾਰ ਬਾਰੇ ਕਾਨੂੰਨ 'ਚ ਤਬਦੀਲੀ ਵਾਸਤੇ ਨਸਲੀ ਗੋਰਿਆਂ ਦੇ ਖ਼ਿਲਾਫ਼ ਮੁਹਿੰਮ ਚਲਾਉਣੀ ਪਈ। ਸਭ ਤੋਂ ਵੱਡੀ ਜੱਦੋਜਹਿਦ ਫ਼ਰਾਂਸ ਵਿਚ ਚਲਾਉਣੀ ਪਈ ਸੀ (ਜੋ ਅਜੇ ਤਕ ਜਾਰੀ ਹੈ) ਜਿੱਥੇ 2005 ਵਿਚ ਸਕੂਲ ਵਿਚ ਵੀ ਦਸਤਾਰ ਬੰਨ੍ਹ ਕੇ ਆਉਣ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲਾਂ ਨੇ ਇਸ ਮਸਲੇ 'ਤੇ ਬਿਆਨਬਾਜ਼ੀ ਤੋਂ ਸਿਵਾ ਕੁਝ ਵੀ ਨਹੀਂ ਸੀ ਕੀਤਾ। ਇਸ ਮਸਲੇ ਬਾਰੇ ਭਾਰਤ ਦੀ ਸਰਕਾਰ 'ਚੁਪ' ਕਰ ਕੇ ਬੈਠੀ ਰਹੀ ਹਾਲਾਂ ਕਿ ਫ਼ਰਾਸ ਵਿਚ ਦਸਤਾਰ ਦੀ ਜੱਦੋਜਹਿਦ ਵੇਲੇ ਭਾਰਤ ਦਾ ਪ੍ਰਧਾਨ ਮੰਤਰੀ ਖ਼ੁਦ ਦਸਤਾਰਧਾਰੀ ਸੀ।

ਦਸਤਾਰ ਦੀ ਪੰਜਾਬ ਦੇ ਕਲਚਰ ਵਿਚ ਵੀ ਖ਼ਾਸ ਥਾਂ ਹੈ। ਜਦੋਂ ਦੋ ਦੋਸਤਾਂ ਵਿਚ ਮੁਹੱਬਤ ਦੀ ਗੰਢ ਪੀਡੀ ਹੋ ਜਾਂਦੀ ਹੈ ਤਾਂ ਉਹ ਪੱਗ-ਵਟ ਭਰਾ ਬਣ ਜਾਂਦੇ ਹਨ। ਇਸ ਦਾ ਮਤਲਬ ਹੈ ਇਕ ਦੂਜੇ ਨੂੰ ਦਸਤਾਰ ਭੇਂਟ ਕਰਨਾ (ਨਾ ਕਿ ਆਪਣੀ ਪੱਗ ਲਾਹਕੇ ਦੂਜੇ ਦੇ ਸਿਰ ਰੱਖਣਾ)। ਪੰਜਾਬ ਵਿਚ ਬਾਪ ਦੇ ਮਰਨ 'ਤੇ ਵੀ ਵੱਡੇ ਪੁੱਤਰ ਨੂੰ ਦਸਤਾਰ ਭੇਟ ਕਰਨ ਦੀ ਰਸਮ ਅਦਾ ਕੀਤੀ ਜਾਂਦੀ ਹੈ। ਕਈ ਇਸ ਨੂੰ ਦਸਤਾਰ-ਬੰਦੀ ਵੀ ਆਖਦੇ ਹਨ। ਇਸ ਰਸਮ ਦਾ ਮਾਅਨਾ ਹੈ ਕਿ ਅੱਗੇ ਤੋਂ ਘਰ ਦੀਆਂ ਜ਼ਿੰਮੇਵਾਰੀਆਂ ਅਤੇ ਫ਼ੈਸਲੇ ਕਰਨ ਦੇ ਹੱਕ ਵੱਡੇ ਪੁੱਤਰ ਦੇ ਹੋ ਗਏ।

ਦਸਤਾਰ ਸਿੱਖ ਵਾਸਤੇ ਅਖ਼ਤਿਆਰੀ ਨਹੀਂ ਬਲਕਿ ਲਾਜ਼ਮੀ ਹੈ। ਦਸਤਾਰ ਸਿੱਖ ਦਾ ਅਕੀਦਾ ਹੈ, ਉਸ ਦੀ ਇੱਜ਼ਤ ਹੈ। ਇਹ ਸਿੱਖਾਂ ਦੇ ਕੌਮੀ ਇਤਿਹਾਸ ਦੀ ਨਿਸ਼ਾਨੀ ਹੈ। ਦਸਤਾਰ ਸਿੱਖ ਦੀ ਸਿਰਦਾਰੀ ਹੈ। ਦਸਤਾਰ ਸਿੱਖ ਦੀ ਜਿੰਦ ਜਾਨ ਹੈ।

ਸਿੱਖ ਦੀ ਕਿਰਪਾਨ

ਵੱਖ-ਵੱਖ ਧਰਮਾਂ, ਮੁਲਕਾਂ ਅਤੇ ਕਲਚਰਜ਼ ਵਿਚ ਕਿਰਪਾਨ ਦੀ ਖ਼ਾਸ ਜਗ੍ਹਾ ਹੈ। ਸਿੱਖ ਵਾਸਤੇ ਕਿਰਪਾਨ ਉਸ ਦਾ ਅਕੀਦਾ (Faith) ਹੈ। ਇਕ ਪਾਹੁਲੀਏ (ਅੰਮ੍ਰਿਤਧਾਰੀ) ਸਿੱਖ ਵਾਸਤੇ ਕਿਰਪਾਨ ਲਾਜ਼ਮੀ ਹੈ।

ਕਿਰਪਾਨ ਦੀ ਦੁਨੀਆਂ ਭਰ ਵਿਚ ਖ਼ਾਸ ਅਹਿਮੀਅਤ ਰਹੀ ਹੈ। ਯਹੂਦੀਆਂ, ਈਸਾਈਆਂ, ਮੁਸਲਮਾਨਾਂ, ਸਿੱਖਾਂ, ਜਪਾਨੀਆਂ ਅਤੇ ਹੋਰ ਕੌਮਾਂ ਤੇ ਧਰਮਾਂ ਵਿਚ ਵੀ ਕਿਰਪਾਨ ਦੀ ਆਪਣੀ ਖ਼ਾਸ ਤਵਾਰੀਖ਼ ਹੈ। ਮੈਥਿਊ ਦੀ ਗਾਸਪਲ ਵਿਚ ਈਸਾ ਮਸੀਹ ਦੇ ਲਫ਼ਜ਼ ਹਨ: "ਮੈਂ ਦੁਨੀਆਂ ਵਿਚ ਅਮਨ ਨਹੀਂ ਤਲਵਾਰ ਲੈ ਕੇ ਆਇਆ ਹਾਂ।" ਹਜ਼ਰਤ ਮੁਹੰਮਦ ਸਾਹਿਬ ਮੁਤਾਬਿਕ ਇਸਲਾਮ ਵਿਚ ਕਿਰਪਾਨ ਦੀ ਰੂਹਾਨੀ ਕੀਮਤ ਹੈ। ਹਿੰਦੂਆਂ ਦੀ ਦੁਰਗਾ ਦੇ ਹੱਥ ਵਿਚ ਉਂਞ ਤਾਂ ਹੋਰ ਹਥਿਆਰ ਵੀ ਹਨ, ਪਰ ਨਾਲ ਹੀ ਤਲਵਾਰ ਵੀ ਹੈ। ਪਰ ਸਿੱਖ-ਕਿਰਪਾਨ ਈਸਾਈਆਂ, ਮੁਸਲਮਾਨਾਂ ਤੇ ਹਿੰਦੂਆਂ ਦੀ ਤਲਵਾਰ ਤੋਂ ਵੱਖਰੀ ਹੈ। ਈਸਾਈ-ਤਲਵਾਰ ਅਮਨ ਦਾ ਬਦਲ ਹੈ, ਇਸਲਾਮੀ-ਤਲਵਾਰ ਮਜ਼ਹਬੀ ਤੇ ਸਿਆਸੀ ਨਿਸ਼ਾਨੇ ਦੀ ਪੂਰਤੀ ਵਾਸਤੇ ਹੈ ਅਤੇ ਹਿੰਦੂ-ਤਲਵਾਰ ਮੁਖ਼ਾਲਿਫ਼ਾਂ ਨੂੰ ਕਤਲ ਕਰਨ ਵਾਸਤੇ ਹੈ। ਯਾਨਿ ਇਨ੍ਹਾਂ ਧਰਮਾਂ ਵਿਚ ਤਲਵਾਰ ਇਕ ਹਮਲਾਵਰ ਦਾ ਹਥਿਆਰ ਹੈ। ਪਰ, ਸਿੱਖ-ਕਿਰਪਾਨ ਲਾਜ਼ਮੀ ਤੌਰ 'ਤੇ "ਮੁਹਾਫ਼ਿਜ਼" ਵਜੋਂ ਹੈ। ਇਹ ਹਥਿਆਰ ਜ਼ਰੂਰ ਹੈ, ਪਰ, ਇਹ ਵਾਰ ਕਰਨ ਵਾਸਤੇ ਨਹੀਂ, ਬਲਕਿ ਇਹ ਜਾਨ, ਸ਼ਾਨ ਤੇ ਆਨ ਦੀ ਹਿਫ਼ਾਜ਼ਤ ਵਾਸਤੇ ਅਤੇ ਇਨਸਾਨੀ ਹੱਕਾਂ ਦੀ ਰਾਖੀ ਵਾਸਤੇ ਹੈ। ਸਿੱਖ ਕਿਰਪਾਨ ਦੀ ਵਰਤੋਂ ਵੀ 'ਕਿਰਪਾ' ਨੂੰ ਮਨ ਵਿਚ ਵਸਾ ਕੇ ਕਰਦੇ ਹਨ। ਸਿੱਖ ਦੀ ਕਿਰਪਾਨ ਹਰ ਵੇਲੇ

ਨੰਗੀ ਕਰ ਕੇ ਹੱਥ ਵਿਚ ਉਲਾਰੀ ਨਹੀਂ ਹੁੰਦੀ (ਜਿਵੇਂ ਦੁਰਗਾ ਦੀ ਹੈ) ਬਲਕਿ ਇਸ ਨੂੰ ਮਿਆਨ ਵਿਚ ਬੰਦ ਕਰ ਕੇ ਗਾਤਰੇ ਨਾਲ ਪਾਇਆ ਹੁੰਦਾ ਹੈ।

ਭਾਵੇਂ ਕਿਰਪਾਨ ਸਿੱਖ ਤਵਾਰੀਖ਼ 'ਚ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਮੌਜੂਦ ਸੀ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਣੀਆਂ ਸਨ, ਪਰ ਇਸ ਨੂੰ 'ਕਕਾਰ' ਵਜੋਂ 29 ਮਾਰਚ 1698/1699 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹੀ ਲਾਜ਼ਮੀ ਕੀਤਾ ਸੀ। ਗੁਰੂ ਸਾਹਿਬ ਨੇ ਕਿਰਪਾਨ ਨੂੰ ਸਿੱਖ ਦੇ ਵਜੂਦ ਦਾ ਇਕ ਅਟੁੱਟ ਹਿੱਸਾ ਬਣਾ ਦਿੱਤਾ। ਸਿੱਖ ਦੀ ਕਿਰਪਾਨ ਇਨਸਾਫ਼ ਕਾਇਮ ਕਰਨ ਵਾਸਤੇ ਹੈ। ਇਹ ਧਰਮ ਬਚਾਉਣ ਵਾਸਤੇ ਹੈ, ਇਹ ਗ਼ਰੀਬ/ਮਜ਼ਲੂਮ ਦੀ ਹਿਫ਼ਾਜ਼ਤ ਵਾਸਤੇ ਹੈ। ਪਰ ਸਿੱਖ ਕਿਰਪਾਨ ਹਮਲਾ ਕਰਨ ਵਾਸਤੇ, ਧੱਕੇ ਵਾਸਤੇ, ਬਦਲਾ ਲੈਣ ਵਾਸਤੇ ਨਹੀਂ। ਦਬਿਸਤਾਨੇ-ਮਜ਼ਾਹਿਬ ਦਾ ਲੇਖਕ (ਜੋ ਛੇਵੇਂ ਤੇ ਸਤਵੇਂ ਪਾਤਿਸ਼ਾਹ ਦਾ ਸਮਕਾਲੀ ਸੀ) ਲਿਖਦਾ ਸੀ ਕਿ "ਗੁਰੂ ਸਾਹਿਬ ਨੇ ਕਦੇ ਵੀ ਗੁੱਸੇ ਵਿਚ ਕਿਰਪਾਨ ਨੂੰ ਹੱਥ ਨਹੀਂ ਪਾਇਆ ਸੀ। ਦਸਵੇਂ ਪਾਤਿਸ਼ਾਹ ਨੇ ਵੀ ਆਪਣੀ ਜ਼ਿੰਦਗੀ ਵਿਚ ਕਦੇ ਹਮਲਾ ਨਹੀਂ ਕੀਤਾ ਸੀ ਬਲਕਿ ਹਮਲਾਵਰ ਤੋਂ ਆਪਣੀ, ਸਿੱਖਾਂ ਦੀ ਤੇ ਆਪਣੇ ਇਲਾਕੇ ਦੀ ਸਿਰਫ਼ ਹਿਫ਼ਾਜ਼ਤ ਹੀ ਕੀਤੀ ਸੀ।"

ਸਿੱਖ ਦੀ ਕਿਰਪਾਨ ਦੋ ਲਫ਼ਜ਼ਾਂ ਦੇ ਮੇਲ ਤੋਂ ਬਣੀ ਹੈ: ਕਿਰਪਾ+ਆਨ। ਸੋ, ਇਸ ਵਿਚ ਕਿਰਪਾ (ਮਿਹਰ ਤੇ ਤਰਸ) ਸ਼ਾਮਿਲ ਹਨ ਅਤੇ ਆਨ, ਇੱਜ਼ਤ, ਗ਼ੈਰਤ, ਪਤਿ ਵੀ ਸ਼ਾਮਿਲ ਹੈ। ਯਾਨਿ ਆਨ, ਇੱਜ਼ਤ, ਗ਼ੈਰਤ, ਪਤਿ ਤੇ ਜ਼ਿੰਦਗੀ ਬਚਾਉਣ ਵਾਸਤੇ ਕਿਰਪਾਨ ਦਾ ਇਸਤੇਮਾਲ ਹੋ ਸਕਦਾ ਹੈ ਪਰ ਇਸ ਦੀ ਵਰਤੋਂ ਕਰਨ ਵੇਲੇ ਦਿਲ ਅਤੇ ਦਿਮਾਗ਼ ਉੱਤੇ ਤਰਸ ਤੇ ਮਿਹਰ ਦਾ ਪਹਿਰਾ ਹੋਣਾ ਬਹੁਤ ਜ਼ਰੂਰੀ ਹੈ। ਕਿਰਪਾਨ ਆਖ਼ਰੀ ਹਥਿਆਰ ਹੈ ਨਾ ਕਿ ਪਹਿਲਾ। ਇਸ ਦੀ ਵਰਤੋਂ ਉਦੋਂ ਹੋਣੀ ਹੈ, ਜਦੋਂ ਸਾਰੇ ਹਥਿਆਰ ਬੇ-ਅਸਰ ਹੋ ਜਾਣ। ਇਸ ਦੀ ਵਰਤੋਂ ਉਦੋਂ ਤਕ ਕਰਨੀ ਹੈ, ਜਦੋਂ ਮੁਕਾਬਲੇ ਵਿਚ ਖੜੀ ਹਸਤੀ ਮੁਕਾਬਲਾ ਕਰੇ ਤੇ ਹਮਲਾਵਰ ਰਹੇ।

ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਗੁਰੂ ਸਾਹਿਬ ਨੇ 'ਕਿਰਪਾਨ' ਲਾਜ਼ਮੀ ਕੀਤੀ ਸੀ, ਨਾ ਕਿ ਖੰਡਾ, ਨੇਜ਼ਾ, ਬੰਦੂਕ, ਤੋਪ, ਪਿਸਤੌਲ ਜਾਂ ਕੋਈ ਹੋਰ ਹਥਿਆਰ। ਕਿਉਂ ਕਿ ਇਹ ਸਾਰੇ ਹਥਿਆਰ ਹਨ, ਪਰ ਕਿਰਪਾਨ ਹਥਿਆਰ ਨਹੀਂ ਬਲਕਿ 'ਮੁਹਾਫ਼ਿਜ਼' (Defender) ਹੈ। ਇਹ ਇਨਸਾਫ਼ ਦੀ ਨਿਸ਼ਾਨੀ ਹੈ। ਇਹ ਖ਼ੁਦਮੁਖ਼ਤਿਆਰੀ ਨੂੰ ਕਾਇਮ ਰੱਖਣ ਦਾ ਐਲਾਨ-ਨਾਮਾ ਹੈ। ਸਿੱਖ ਧਰਮ ਵਿਚ ਖੰਡੇ ਦੀ ਰੂਹਾਨੀ ਅਹਿਮੀਅਤ ਹੈ, ਪਰ ਕਿਰਪਾਨ ਸਿੱਖਾਂ ਵਾਸਤੇ ਲਾਜ਼ਮੀ 'ਕਕਾਰ' ਹੈ।

ਕੌਮ ਵਾਸਤੇ ਕੋਈ ਕਾਰਨਾਮਾ ਜਾਂ ਕੁਰਬਾਨੀ ਕਰਨ ਵਾਲੇ ਸਿੱਖ ਨੂੰ ਸਨਮਾਨ ਵਜੋਂ ਕਿਰਪਾਨ ਭੇਟਾ ਕੀਤੀ ਜਾਂਦੀ ਹੈ। ਅਜਿਹੀ ਰਿਵਾਇਤ ਸਿੱਖਾਂ ਤੋਂ ਇਲਾਵਾ ਹੋਰਨਾਂ ਕੌਮਾਂ ਵਿਚ ਵੀ ਹੈ। ਪਿੱਛੇ ਜਿਹੇ ਕੁਝ ਅਹਿਮਕ ਸਿੱਖਾਂ ਨੇ ਸਿਰੋਪੇ ਦੀ ਬੇਅਦਬੀ ਕਰਨ ਦੇ ਨਾਲ-ਨਾਲ ਕਿਰਪਾਨਾਂ ਵੀ ਭੇਂਟ ਕੀਤੀਆਂ ਸਨ ਤੇ ਉਹ ਵੀ ਉਨ੍ਹਾਂ ਨੂੰ ਜੋ ਸਿੱਖਾਂ ਦੇ ਕਾਤਲ, ਸਿੱਖੀ ਦੇ ਦੁਸ਼ਮਣ ਅਤੇ ਮੁਜਰਮਾਨਾ ਕਿਸਮ ਦੇ ਲੋਕ ਸਨ (ਜਿਵੇਂ ਪ੍ਰਹਿਲਾਦ ਸਿੰਘ ਚੰਡੋਕ ਨੇ ਜਗਦੀਸ਼ ਟਾਈਟਲਰ ਨੂੰ ਕ੍ਰਿਪਾਨ ਭੇਂਟ ਕੀਤੀ ਸੀ। ਬਾਦਲ ਧੜੇ ਨੇ ਵੀ ਕਈ ਸਿੱਖ ਵਿਰੋਧੀ ਭਾਰਤੀ ਜਨਤਾ ਪਾਰਟੀ ਆਗੂਆਂ ਨੂੰ ਤਲਵਾਰਾਂ ਭੇਂਟ ਕੀਤੀਆਂ ਸਨ)। ਅਜਿਹੀ ਚਾਪਲੂਸੀ ਸਿੱਖ ਵਾਸਤੇ ਬੜਾ ਵੱਡਾ ਗੁਨਾਹ ਹੈ।

ਅੰਗਰੇਜ਼ੀ ਸਰਕਾਰ ਵੇਲੇ ਸਿੱਖਾਂ ਕਿਰਪਾਨ ਦੇ ਹੱਕ ਵਾਸਤੇ ਬੜੀ ਜੱਦੋ-ਜਹਿਦ ਕਰਨੀ ਪਈ ਸੀ। ਕਈ ਗ੍ਰਿਫ਼ਤਾਰੀਆਂ, ਜੁਰਮਾਨੇ ਤੇ ਸਜ਼ਾਵਾਂ ਹੋਈਆਂ, ਪਰ ਅਖ਼ੀਰ 5 ਜੂਨ 1928 ਨੂੰ ਸਰਕਾਰ ਨੇ, ਨੋਟੀਫ਼ਿਕੇਸ਼ਨ ਨੰਬਰ 393-821 ਰਾਹੀਂ, ਸਿੱਖਾਂ ਦਾ ਕਿਰਪਾਨ ਪਹਿਨਣ ਦਾ ਹੱਕ ਤਸਲੀਮ ਕਰ ਲਿਆ। ਇਸ ਦੇ ਲਫ਼ਜ਼ ਹਨ ਕਿ "ਕਿਰਪਾਨ ਦੀ ਸ਼ਕਲ, ਲੰਬਾਈ ਤੇ ਸਾਈਜ਼ ਦੀ ਕੋਈ ਹੱਦ ਨਹੀਂ ਮਿੱਥੀ ਜਾ ਸਕਦੀ।" ਮਗਰੋਂ, 1936 ਵਿਚ, ਚਿੱਠੀ ਨੰਬਰ 3879 ਰਾਹੀਂ, ਇਹ ਵੀ ਮੰਨ ਲਿਆ ਗਿਆ ਕਿ ਸਿੱਖ, ਕਿਸੇ ਵੀ ਸਾਈਜ਼ ਦੀਆਂ, ਜਿੰਨੀਆਂ ਵੀ ਕਿਰਪਾਨਾਂ ਚਾਹੇ, ਰੱਖ ਸਕਦਾ ਹੈ ਜਾਂ ਪਹਿਨ ਸਕਦਾ ਹੈ। 1989 ਵਿਚ ਭਾਰਤੀ ਪਾਰਲੀਮੈਂਟ ਦੇ ਮੈਂਬਰਾਂ ਧਿਆਨ ਸਿੰਘ ਮੰਡ ਤੇ ਸਿਮਰਨਜੀਤ ਸਿੰਘ ਮਾਨ 'ਤੇ ਪਾਰਲੀਮੈਂਟ ਵਿਚ ਕਿਰਪਾਨ ਲਿਜਾਣ 'ਤੇ ਪਾਬੰਦੀ ਲਾਈ ਗਈ ਤਾਂ ਉਨ੍ਹਾਂ ਕਾਰਵਾਈ ਵਿਚ ਹਿੱਸਾ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਦੇ ਵੀ ਪਾਰਲੀਮੈਂਟ ਵਿਚ ਨਾ ਵੜੇ। ਪਰ ਸਿਮਰਨਜੀਤ ਸਿੰਘ ਨੇ 1998 ਦੀਆਂ ਚੋਣਾਂ ਮਗਰੋਂ ਇਹ ਜ਼ਿਦ ਨਹੀਂ ਦੁਹਰਾਈ।

ਅਕਾਲ ਤਖ਼ਤ ਸਾਹਿਬ

ਅਕਾਲ ਤਖ਼ਤ ਸਾਹਿਬ, ਯਾਨਿ "ਅਕਾਲ ਪੁਰਖ ਦਾ ਤਖ਼ਤ" ਗੁਰੂ ਹਰਿਗੋਬਿੰਦ ਸਾਹਿਬ ਨੇ ਪਰਗਟ ਕੀਤਾ ਸੀ। ਭਾਵੇਂ ਇਸ ਦੇ ਪਰਗਟ ਕਰਨ ਦੀ ਕੋਈ ਪੱਕੀ ਯਕੀਨੀ ਤਾਰੀਖ਼ ਨਹੀਂ ਮਿਲਦੀ ਪਰ ਬਾਕੀ ਘਟਨਾਵਾਂ ਦਾ ਮੁਕਾਬਲਾ ਕਰਨ ਤੋਂ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਇਸ ਦੀ ਨੀਂਹ 1608-09 ਵਿਚ ਰੱਖੀ ਹੋਏਗੀ। ਗੁਰੂ ਸਾਹਿਬ ਵੱਲੋਂ ਇਸ ਤਖ਼ਤ ਵਾਸਤੇ ਬਣਾਏ ਥੜ੍ਹੇ ਦੀ ਪਹਿਲੀ ਇੱਟ ਰੱਖਣ ਮਗਰੋਂ, ਬਾਕੀ ਸਾਰੀ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਕੀਤੀ ਸੀ। ਇਸ ਦੀ ਉਸਾਰੀ ਵਿਚ ਹਰ ਕਿਸੇ ਨੂੰ ਸ਼ਰੀਕ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ।

ਅਕਾਲ ਤਖ਼ਤ ਸਾਹਿਬ ਦੇ ਪਰਗਟ ਕੀਤੇ ਜਾਣ ਦਾ ਮਤਲਬ ਸੀ: ਸਿੱਖਾਂ ਨੂੰ ਸਿੱਧਾ ਅਕਾਲ ਪੁਰਖ ਦੀ ਰਿਆਇਆ ਬਣਾਉਣਾ। ਸਿੱਖ ਦੀ ਵਫ਼ਾਦਾਰੀ ਸਿਰਫ਼ ਵਾਹਿਗੁਰੂ ਨਾਲ ਹੋ ਸਕਦੀ ਹੈ, ਕਿਸੇ ਹੋਰ ਨਾਲ ਨਹੀਂ। ਸਿੱਖ ਰੂਹਾਨੀ 'ਤੇ ਸਿਆਸੀ ਤੌਰ 'ਤੇ ਖ਼ੁਦਮੁਖ਼ਤਿਆਰ ਹੈ। ਇਸ ਕਰ ਕੇ ਉਹ ਕਿਸੇ ਦੁਨਿਆਵੀ ਰਾਜੇ ਦਾ ਵਫ਼ਾਦਾਰ ਨਹੀਂ ਹੋ ਸਕਦਾ। ਇਸ ਦਾ ਮਤਲਬ ਇਹ ਨਹੀਂ ਸੀ ਕਿ ਸਿੱਖ ਕਿਸੇ ਮੁਲਕ ਵਿਚ ਰਹਿੰਦਿਆਂ ਮੁਲਕ ਦਾ ਗ਼ਦਾਰ ਹੋਵੇਗਾ ਜਾਂ ਕਾਨੂੰਨ 'ਤੇ ਅਮਲ ਨਹੀਂ ਕਰੇਗਾ। ਬਲਕਿ ਇਸ ਦਾ ਮਤਲਬ ਹੈ ਕਿ ਜਦੋਂ ਵਫ਼ਾਦਾਰੀ ਦੀ ਸਵਾਲ ਆਏਗਾ ਤਾਂ ਸਿੱਖ ਦੀ ਪਹਿਲੀ ਵਫ਼ਾਦਾਰੀ ਵਾਹਿਗੁਰੂ ਅਤੇ ਉਸ ਦੇ ਆਈਨ ਨਾਲ ਹੋਏਗੀ ਅਤੇ ਬਾਅਦ ਵਿਚ ਕਿਸੇ ਹੋਰ ਨਾਲ।

ਅਕਾਲ ਤਖ਼ਤ ਸਾਹਿਬ ਦਾ ਸਿੱਖ ਪੰਥ ਦੀ ਤਵਾਰੀਖ਼ ਵਿਚ ਬੜਾ ਅਹਿਮ ਰੋਲ ਰਿਹਾ ਸੀ। ਜਦੋਂ ਵੀ ਪੰਥ 'ਤੇ ਭੀੜ ਬਣੀ ਸੀ, ਸਰਬਤ ਖ਼ਾਲਸਾ ਵਜੋਂ, ਸੱਚੇ ਦਿਲ ਨਾਲ, ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸਿ ਨੇ ਹਮੇਸ਼ਾ ਹੀ ਪੰਥ ਨੂੰ ਔਖੀ ਘਾਟੀ ਵਿਚੋਂ ਪਾਰ ਕੀਤਾ ਹੈ। ਜਦੋਂ ਵੀ ਸਿੱਖ ਅਕਾਲ ਤਖ਼ਤ ਸਾਹਿਬ 'ਤੇ ਸੱਚੇ ਦਿਲੋਂ ਅਰਦਾਸਿ ਕਰ ਕੇ ਗਿਆ ਸੀ, ਉਸ ਨੇ ਫ਼ਤਹਿ ਹੀ ਹਾਸਲ ਕੀਤੀ ਸੀ। ਅਠਾਰਵੀਂ ਸਦੀ ਵਿਚ ਸਿੱਖ ਪੰਥ ਨੇ ਅਕਾਲ ਤਖ਼ਤ ਸਾਹਿਬ ਤੋਂ ਹਿੰਮਤ ਲੈ ਕੇ ਪੰਜਾਬ ਵਿਚੋਂ ਮੁਗ਼ਲੀਆ ਹਕੂਮਤ ਨੂੰ ਖ਼ਤਮ ਕੀਤਾ। 1920-25 ਵਿਚ ਅਕਾਲ ਤਖ਼ਤ ਸਾਹਿਬ 'ਤੇ ਅਰਦਾਸਿ ਕਰ ਕੇ ਪੰਥ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਕਾਮਯਾਬੀ ਹਾਸਲ ਕੀਤੀ। 1955-60 ਵਿਚ ਅਕਾਲ ਤਖ਼ਤ ਸਾਹਿਬ ਤੋਂ ਅਗਵਾਈ ਲੈ ਕੇ ਪੰਜਾਬੀ ਸੂਬਾ ਮੋਰਚਾ ਚਲਾਇਆ। ਸਿੱਖ ਪੰਥ ਨੇ

ਜਦੋਂ ਵੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਸੱਚੇ ਦਿਲੋਂ ਕਬੂਲੀ ਅਤੇ ਗੁਰਮਤਿ ਮੁਤਾਬਿਕ ਮੋਰਚੇ ਚਲਾਏ, ਹਮੇਸ਼ਾਂ ਹੀ ਜਿੱਤ ਹਾਸਿਲ ਹੋਈ ਹੈ। ਪਰ ਜਦੋਂ ਸਿੱਖ ਅਕਾਲ ਤਖ਼ਤ ਸਾਹਿਬ 'ਤੇ ਅਰਦਾਸਿ ਕਰਕੇ ਯੁੱਧ ਸ਼ੁਰੂ ਕਰਦਾ ਹੈ ਪਰ ਗੁਰਮਤਿ ਦਾ ਰਾਹ ਛੱਡ ਜਾਂਦਾ ਹੈ ਤਾਂ ਅਕਾਲ ਤਖ਼ਤ ਸਾਹਿਬ ਸਿੱਖ ਦੀ ਨਿਗਹਬਾਨੀ ਨਹੀਂ ਕਰਦਾ।

ਅਕਾਲ ਤਖ਼ਤ ਸਾਹਿਬ ਦਾ (ਇਸ ਦੇ ਅਖੌਤੀ ਜਥੇਦਾਰ ਦਾ ਨਹੀਂ) ਹੁਕਮਨਾਮਾ ਸਿੱਖ ਵਾਸਤੇ ਆਖ਼ਰੀ ਹੁਕਮ ਹੈ। ਕੋਈ ਵੀ ਸਿੱਖ ਇਸ ਦੀ ਅਦੂਲੀ ਨਹੀਂ ਕਰ ਸਕਦਾ। ਇਸ ਦੇ ਹੁਕਮਨਾਮੇ ਵੱਲ ਪਿੱਠ ਕਰਨ ਵਾਲਾ ਸ਼ਖ਼ਸ ਪੰਥ ਤੋਂ ਖ਼ਾਰਿਜ ਹੋ ਜਾਂਦਾ ਹੈ।

ਅੱਜ-ਕਲ੍ਹ (1920 ਤੋਂ ਮਗਰੋਂ, ਤੇ ਖ਼ਾਸ ਕਰ ਕੇ 1979 ਤੋਂ ਮਗਰੋਂ) 'ਅਕਾਲ ਤਖ਼ਤ ਸਾਹਿਬ ਦਾ ਜਥੇਦਾਰ' ਇਕ ਨਵਾਂ ਅਹੁਦਾ ਪੈਦਾ ਹੋ ਗਿਆ ਹੈ। ਸਿੱਖ ਤਵਾਰੀਖ਼ ਤੇ ਫ਼ਲਸਫ਼ੇ ਵਿਚ ਇਸ ਦੀ ਕੋਈ ਥਾਂ ਨਹੀਂ। ਦਰਅਸਲ 12 ਅਕਤੂਬਰ 1920 ਦੇ ਦਿਨ ਸੰਗਤਾਂ ਨੂੰ ਝਕਾਨੀ ਦੇਣ ਵਾਸਤੇ ਪੁਜਾਰੀ ਤਖ਼ਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ ਤੇ ਸਿੱਖਾਂ ਨੇ ਇਸ ਨੂੰ ਆਪਣੇ ਇੰਤਜ਼ਾਮ ਹੇਠ ਲੈ ਲਿਆ। ਉਨ੍ਹਾਂ ਉਥੇ ਹਾਜ਼ਰ ਸਿੱਖਾਂ ਵਿਚੋਂ 25 ਸਿੰਘਾਂ ਦਾ ਇਕ ਜਥਾ ਤਖ਼ਤ ਸਾਹਿਬ ਦੀ ਸੇਵਾ ਵਾਸਤੇ ਤਾਇਨਾਤ ਕਰ ਦਿੱਤਾ। ਭਾਈ ਤੇਜਾ ਸਿੰਘ ਭੁੱਚਰ ਉਸ ਜਥੇ ਦੇ ਜਥੇਦਾਰ ਬਣਾਏ ਗਏ। ਬਸ ਉਦੋਂ ਤੋਂ ਅਖੌਤੀ 'ਜਥੇਦਾਰ' ਨਾਂ ਦਾ ਅਹੁਦਾ ਸ਼ੁਰੂ ਹੋ ਗਿਆ। ਪਰ ਇਸ ਦੀ 'ਵਰਤੋਂ' ਨਵੰਬਰ 1961 ਵਿਚ ਉਦੋਂ ਸ਼ੁਰੂ ਹੋਈ, ਜਦੋਂ ਮਾਸਟਰ ਤਾਰਾ ਸਿੰਘ ਦੇ ਵਰਤ ਤੋੜਨ ਮਗਰੋਂ ਇਸ ਮਸਲੇ ਨੂੰ ਤਖ਼ਤ ਸਾਹਿਬ 'ਤੇ ਪੇਸ਼ ਕੀਤਾ ਗਿਆ। ਫਿਰ ਦੂਜੀ ਵਾਰ 1979 ਵਿਚ ਜਥੇਦਾਰ ਟੌਹੜਾ ਤੇ ਜਥੇਦਾਰ ਤਲਵੰਡੀ ਨੇ ਬਾਦਲ ਨਾਲ ਸਰਕਾਰ ਦੀ ਤਾਕਤ ਵਿਚ ਹਿੱਸਾ ਵੰਡਾਉਣ ਵਾਸਤੇ ਅਕਾਲ ਤਖ਼ਤ ਸਾਹਿਬ ਦੇ ਗੰਥੀਆਂ ਅੱਗੇ ਦਰਖ਼ਾਸਤ ਦੇ ਕੇ ਇਕ 'ਕੇਸ' ਪੇਸ਼ ਕਰ ਦਿੱਤਾ। ਇਸ ਮਗਰੋਂ ਤਾਂ ਅਕਾਲ ਤਖ਼ਤ ਸਾਹਿਬ ਨੂੰ ਹਰ ਰੋਜ਼ 'ਵਰਤਿਆ' ਜਾਣ ਲੱਗ ਪਿਆ। ਪਿਛਲੇ ਅੱਠ ਸਾਲਾਂ ਵਿਚ ਤਖ਼ਤਾਂ ਦੀ ਸੇਵਾ ਸੰਭਾਲ ਤੇ ਤਾਇਨਾਤ ਸ਼ਖ਼ਸਾਂ (ਅਖੌਤੀ ਜਥੇਦਾਰਾਂ), ਖ਼ਾਸ ਕਰ ਕੇ ਗਿ. ਪੂਰਨ ਸਿੰਘ ਤੇ ਜੋਗਿੰਦਰ ਸਿੰਘ ਵੇਦਾਂਤੀ ਨੇ, ਨੇ ਅਕਾਲ ਤਖ਼ਤ ਸਾਹਿਬ ਦੀ ਹੇਠੀ ਕਰਵਾਉਣ ਵਾਲੀਆਂ ਕਈ ਹਰਕਤਾਂ ਕੀਤੀਆਂ। ਇਨ੍ਹਾਂ ਕਾਰਵਾਈਆਂ ਨੇ ਪੰਥ ਦਾ ਬਹੁਤ ਨੁਕਸਾਨ ਕੀਤਾ।

ਅਠਾਰ੍ਹਵੀਂ ਸਦੀ ਵਿਚ ਅਕਾਲ ਤਖ਼ਤ ਸਾਹਿਬ 'ਤੇ ਸਰਬਤ ਖ਼ਾਲਸਾ ਇਕੱਠ ਹੋਇਆ ਕਰਦੇ ਸਨ। ਇਨ੍ਹਾਂ ਇਕੱਠਾਂ ਦੇ ਗੁਰਮਤਿਆਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮੇ ਵਜੋਂ ਐਲਾਨਿਆ ਜਾਂਦਾ ਸੀ। ਪਰ ਹੁਣ ਤਾਂ ਹੁਕਮਨਾਮੇ ਦੀ ਵਰਤੋਂ ਬਹੁਤ ਵੱਧ ਗਈ ਹੈ ਤੇ ਇਸ ਦਾ ਤਰੀਕਾ ਵੀ 'ਨਵਾਂ' ਸ਼ੁਰੂ ਹੋ ਗਿਆ। ਇਸ ਨੂੰ ਰੋਕਣ ਵਾਸਤੇ ਸਾਰੇ ਸਿੱਖਾਂ ਨੂੰ ਮਿਲ ਕੇ ਵਿਚਾਰ ਕਰ ਕੇ ਕੋਈ ਇਨਕਲਾਬੀ ਕਦਮ ਉਠਾਉਣਾ ਚਾਹੀਦਾ ਹੈ, ਕਿਉਂ ਕਿ ਇਹ ਤਖ਼ਤ ਅਕਾਲ ਪੁਰਖ ਦਾ ਹੈ ਅਤੇ ਸਿੱਖ ਪੰਥ ਵਾਸਤੇ ਸਭ ਤੋਂ ਉੱਚਾ ਦਰਬਾਰ ਹੈ। ਇਸ ਤਖ਼ਤ ਦੀ ਹੋ ਰਹੀ ਬੇਅਦਬੀ ਜਿੰਨੀ ਛੇਤੀ ਖ਼ਤਮ ਹੋ ਸਕੇ ਕਰਨੀ ਚਾਹੀਦੀ ਹੈ।

ਸ਼ਿਰੋਮਣੀ ਅਕਾਲੀ ਦਲ

ਸ਼ਿਰੋਮਣੀ ਅਕਾਲੀ ਦਲ ਸਿੱਖਾਂ ਦੀ ਸਭ ਤੋਂ ਸੁਪਰੀਮ ਜਥੇਬੰਦੀ ਹੈ। ਅਕਾਲੀ ਦਲ ਦੀ ਕਾਇਮੀ 14 ਦਸੰਬਰ 1920 ਦੇ ਦਿਨ 'ਗੁਰਦੁਆਰਾ ਸੇਵਕ ਦਲ' ਦੇ ਨਾਂ ਹੇਠ ਹੋਈ ਸੀ। 23 ਜਨਵਰੀ 1921 ਦੇ ਦਿਨ ਇਸ ਦਾ ਨਾਂ 'ਅਕਾਲੀ ਦਲ' ਰੱਖ ਦਿੱਤਾ ਗਿਆ।

ਅਗਲੇ ਦਿਨ ਪ੍ਰਧਾਨ ਦੀ ਚੋਣ ਹੋਈ ਸ: ਸਰਮੁਖ ਸਿੰਘ ਝਬਾਲ ਪਹਿਲੇ ਜਥੇਦਾਰ ਬਣਾਏ ਗਏ ਸਨ। ਅਕਾਲੀ ਦਲ ਦੀ ਕਾਇਮੀ ਦਾ ਮਕਸਦ ਸੀ: ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਵਿਚ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਦਦ ਕਰਨਾ। 29 ਮਾਰਚ 1922 ਦੇ ਦਿਨ ਇਸ ਦਾ ਨਾਂ 'ਸ਼ਿਰੋਮਣੀ ਅਕਾਲੀ ਦਲ' ਰੱਖ ਦਿੱਤਾ ਗਿਆ। 1921-25 ਤਕ ਸ਼ਿਰੋਮਣੀ ਅਕਾਲੀ ਦਲ ਅਤੇ ਜ਼ਿਲ੍ਹਾ ਤੇ ਸਰਕਲ ਅਕਾਲੀ ਜਥਿਆਂ ਦਾ ਵੱਡਾ ਰੋਲ ਅਕਾਲੀ ਮੋਰਚਿਆਂ ਵਿਚ ਜੱਥੇ ਭੇਜਣਾ ਅਤੇ ਫ਼ੰਡ ਇਕੱਠੇ ਕਰ ਕੇ ਸ਼੍ਰੋਮਣੀ ਕਮੇਟੀ ਤੇ ਕੈਦੀ ਸਿੰਘਾਂ ਦੇ ਪਰਿਵਾਰਾਂ ਦੀ ਮਦਦ ਕਰਨਾ ਸੀ।

ਭਾਵੇਂ ਸੈਂਟਰਲ ਸਿੱਖ ਲੀਗ 1919 ਵਿਚ ਕਾਇਮ ਹੋ ਗਈ ਸੀ ਅਤੇ ਸਿੱਖ ਪੰਥ ਦੀ ਸਿਆਸੀ ਜਮਾਤ ਵਜੋਂ ਵਿਚਰ ਰਹੀ ਸੀ, ਮਗਰੋਂ ਇਸ ਦਾ ਰੋਲ ਕਿਸੇ ਮਾਅਰਕੇ ਵਾਲੀ ਕਾਰਵਾਈ ਤੋਂ ਸੱਖਣਾ ਸੀ। ਉਧਰ 1925 ਵਿਚ ਗੁਰਦੁਆਰਾ ਐਕਟ ਬਣਨ ਮਗਰੋਂ, ਤੇ ਖ਼ਾਸ ਕਰ ਕੇ 1926 ਵਿਚ ਅਕਾਲੀ ਆਗੂਆਂ ਦੀਆਂ ਰਿਹਾਈਆਂ ਮਗਰੋਂ, ਅਕਾਲੀ ਲੀਡਰਸ਼ਿਪ ਇਕ ਵਾਰ ਫੇਰ ਜਥੇਬੰਦ ਹੋ ਗਈ। ਇਸ ਨਾਲ ਉਨ੍ਹਾਂ ਦੀ ਜਥੇਬੰਦੀ ਬੜੀ ਤਾਕਤਵਾਰ ਹੋ ਗਈ। ਇਸ ਹਾਲਤ ਵਿਚ ਅਕਾਲੀ ਦਲ ਨੇ ਸਿੱਖ ਕੌਮ ਦੀ ਸਿਆਸੀ ਵਾਗੋਡਰ ਸੰਭਾਲ ਲਈ। ਭਾਵੇਂ ਸੈਂਟਰਲ ਸਿੱਖ ਲੀਗ ਨਾਂ ਵਜੋਂ ਤਾਂ ਕਾਇਮ ਰਹੀ, ਪਰ ਅਸਲੀ ਤਾਕਤਵਾਰ ਪਾਰਟੀ ਅਕਾਲੀ ਦਲ ਹੀ ਸੀ। 1930 ਦੇ ਆਲੇ ਦੁਆਲੇ ਸ਼ਿਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਇਕੋ ਇਕ ਜਮਾਤ ਬਣ ਗਿਆ।

ਇਸ ਦੌਰਾਨ ਵੀ ਅਕਾਲੀ ਦਲ ਵਿਚੋਂ ਕਈ ਲੀਡਰ ਵੱਖ ਹੋਏ ਤੇ ਉਨ੍ਹਾਂ ਨੇ ਨਵੀਆਂ ਅਕਾਲੀ ਜਥੇਬੰਦੀਆਂ ਵੀ ਬਣਵਾਈਆਂ। ਇਨ੍ਹਾਂ ਵਿਚੋਂ ਖ਼ਾਸ ਆਗੂ ਸਨ: ਬਾਬਾ ਖੜਕ ਸਿੰਘ, ਗਿ: ਸ਼ੇਰ ਸਿੰਘ, ਸ.ਬ. ਮਹਿਤਾਬ ਸਿੰਘ ਵਗ਼ੈਰਾ। ਇਹ ਆਗੂ ਪੰਥਕ ਰੋਲ ਤੋਂ ਦੂਰ ਤਾਂ ਨਾ ਗਏ ਪਰ ਪੰਥ ਦੀ ਵੱਡੀ ਗਿਣਤੀ ਨੇ ਇਨ੍ਹਾਂ ਦੀ ਅਗਵਾਈ ਕਬੂਲ ਨਾ ਕੀਤੀ ਤੇ ਅਸਲ ਜਥੇਬੰਦੀ ਦਾ ਸਾਥ ਨਾ ਛੱਡਿਆ। ਇੰਵ ਇਹ ਲੀਡਰਸ਼ਿਪ ਛੋਟੇ-ਮੋਟੇ ਨੁਕਸਾਨ ਕਰਨ ਤੋਂ ਸਿਵਾ ਕੋਈ ਨਫ਼ੀ ਦਾ ਰੋਲ ਅਦਾ ਨਾ ਕਰ ਸਕੀ। ਜਦੋਂ 1940 ਵਿਚ ਮੁਸਲਮ ਲੀਗ ਨੇ ਪਾਕਿਸਤਾਨ ਦੀ ਕਾਇਮੀ ਦਾ ਰੌਲਾ ਪਾਇਆ ਤਾਂ ਅਕਾਲੀ ਤਾਂ ਦੂਜੇ ਸਿੱਖ ਲੀਡਰਾਂ ਨੇ ਵੀ ਇੱਤਹਾਦ ਦਿਖਾਇਆ। ਪਰ ਇਹ ਇੱਤਹਾਦ ਬਹੁਤੀ ਦੇਰ ਨਾ ਚੱਲ ਸਕਿਆ। ਸ਼ਖ਼ਸੀਅਤਾਂ ਦੇ ਟਕਰਾਅ, ਹਊਮੈ, ਕਮ-ਅਕਲੀ ਤੇ ਸਾੜੇ ਦੀ ਵਜ੍ਹਾ ਕਰ ਕੇ ਸਿੱਖ ਲੀਡਰਸ਼ਿਪ ਵਿਚ ਜ਼ਬਰਦਸਤ ਫੁੱਟ ਪੈ ਗਈ। ਨਤੀਜੇ ਵਜੋਂ ਸਿੱਖ ਕੌਮ ਦਾ 1947 ਵਿਚ ਵੱਡਾ ਨੁਕਸਾਨ ਹੋਇਆ। ਨਾ ਤਾਂ ਸਿੱਖ ਆਜ਼ਾਦ ਮੁਲਕ ਹਾਸਲ ਕਰ ਸਕੇ ਅਤੇ ਨਾਲ ਹੀ 20 ਲੱਖ ਜਾਨਾਂ ਵੀ ਗੁਆਈਆਂ ਅਤੇ ਨਾਨਕਾਣਾ ਸਾਹਿਬ ਸਣੇ ਸਵਾ ਸੌ ਤੋਂ ਵੱਧ ਗੁਰਦੁਆਰਿਆਂ ਦਾ ਇੰਤਜ਼ਾਮ ਵੀ ਹੱਥੋਂ ਗੁਆ ਬੈਠੇ ਤੇ ਪਾਕਿਸਤਾਨ ਵਿਚ ਛੱਡ ਆਏ।

1947 ਤੋਂ ਮਗਰੋਂ ਵੀ ਵਜ਼ੀਰੀ ਦੀ ਭੁੱਖ ਨੇ ਬਹੁਤ ਸਾਰੀ ਅਕਾਲੀ ਲੀਡਰਸ਼ਿਪ ਨੂੰ ਕਾਂਗਰਸ ਵੱਲ ਖਿਚ ਲਿਆ। ਕਾਂਗਰਸੀ-ਬਣੇ ਅਕਾਲੀ, ਸਿੱਖਾਂ ਦੀ ਤਬਾਹੀ ਕਰਵਾ ਕੇ ਵੀ, ਆਪਣੇ ਮੁਫ਼ਾਦ ਦੀ ਸੋਚ ਵਲ ਟੁਰ ਪਏ। ਇਸ ਨਾਲ ਸਿੱਖਾਂ ਵਿਚ ਬੜੀ ਉਦਾਸੀ ਛਾਈ। ਉਧਰ ਹਿੰਦੂ ਲੀਡਰਸ਼ਿਪ ਅਤੇ ਅਫ਼ਸਰ-ਸ਼ਾਹੀ ਸਿੱਖਾਂ ਨਾਲ ਹਰ ਮੋੜ 'ਤੇ ਧੱਕਾ ਕਰਨ ਲੱਗ ਪਈ। ਹਾਲਾਤ ਅਜਿਹੇ ਬਣ ਗਏ ਕਿ ਸਿੱਖੀ ਬਚਾਉਣ ਵਾਸਤੇ ਪੰਥ ਨੂੰ ਪ੍ਰੋਗਰਾਮ ਉਲੀਕਣਾ ਪੈ ਗਿਆ। ਅਕਾਲੀ ਦਲ ਨੇ ਪੰਥਕ ਮੁਫ਼ਾਦ ਨੂੰ ਸਾਹਵੇਂ ਰੱਖਦਿਆਂ ਪੰਜਾਬੀ ਬੋਲੀ ਦੇ ਸੂਬੇ ਦੀ ਮੰਗ ਸ਼ੁਰੂ ਕਰ ਦਿੱਤੀ। 1955 ਤੋਂ 1960 'ਚ ਦੋ ਮੋਰਚੇ ਵੀ ਲਾਏ। ਅਖ਼ੀਰ 1966 ਵਿਚ ਪੰਜਾਬੀ ਸੂਬਾ ਬਣ ਗਿਆ ਪਰ ਇਸ ਵਿਚੋਂ ਜਾਨ ਕੱਢ ਲਈ ਗਈ।

1967 ਵਿਚ ਪੰਜਾਬ 'ਚ ਅਕਾਲੀ ਸਰਕਾਰ ਬਣ ਗਈ। ਹੁਣ ਸਿੱਖਾਂ ਵਿਚ ਇਕ ਨਵੀਂ ਜਮਾਤ ਪੈਦਾ ਹੋ ਗਈ, ਜੋ ਤਾਕਤ ਦੀ ਸੋਚ ਨਾਲ ਸਿਆਸਤ 'ਚ ਕਾਬਜ਼ ਹੋਣ ਲੱਗ ਪਈ। 1967 ਵਿਚ ਮਾਸਟਰ ਤਾਰਾ ਸਿੰਘ ਦੀ ਮੌਤ ਮਗਰੋਂ ਦੂਜੀ ਪੀੜ੍ਹੀ ਅਕਾਲੀ ਦਲ 'ਤੇ ਕਾਬਜ਼ ਹੋ ਗਈ। ਫ਼ਤਹਿ ਸਿੰਘ ਤੇ ਚੰਨਣ ਸਿੰਘ, ਜਿਸ ਸਾਜ਼ਿਸ਼ੀ ਮਾਹੌਲ ਵਿਚ ਅੱਗੇ ਆਏ ਸਨ, ਪਹਿਲੀ ਵਾਰੀ ਆਈ ਤਾਕਤ ਖੁਸਣ ਮਗਰੋਂ, ਛੇਤੀ ਹੀ ਚੜ੍ਹਾਈ ਕਰ ਗਏ। ਹੁਣ ਵਾਰੀ ਸੀ ਗੁਰਚਰਨ ਸਿੰਘ ਟੌਹੜਾ, ਮੋਹਣ ਸਿੰਘ ਸਿੰਘ ਤੁੜ, ਜਗਦੇਵ ਸਿੰਘ ਤਲਵੰਡੀ ਤੇ ਪ੍ਰਕਾਸ਼ ਸਿੰਘ ਬਾਦਲ ਵਗ਼ੈਰਾ ਦੀ।

ਅਕਾਲੀ ਦਲ ਨੇ 1967 ਤੋਂ 1968, 1969 ਤੋਂ 1971 ਤਕ ਪੰਜਾਬ 'ਚ ਹਕੂਮਤ ਕੀਤੀ। 1972 ਤੋਂ 1977 ਤਕ ਕਾਂਗਰਸ ਨੇ ਹਕੂਮਤ ਕੀਤੀ। 1977 ਵਿਚ ਅਕਾਲੀ ਦਲ ਫੇਰ ਹਾਕਮ ਬਣ ਗਿਆ। 1980 ਵਿਚ ਕਾਂਗਰਸ ਨੇ ਅਕਾਲੀ ਸਰਕਾਰ ਤੋੜ ਦਿੱਤੀ। ਇਸ ਵੇਲੇ ਨਿਰੰਕਾਰੀਆਂ ਵਲੋਂ 13 ਸਿੱਖਾਂ ਦੇ ਕਤਲ (13 ਅਪਰੈਲ 1978) ਦੇ ਨਾਲ ਹੀ ਜੁਝਾਰੂ ਲਹਿਰ ਸ਼ੁਰੂ ਹੋ ਚੁੱਕੀ ਸੀ। ਅਪਰੈਲ 1980 ਵਿਚ ਗੁਰਬਚਨ ਸਿੰਘ ਨਿਰੰਕਾਰੀ ਦੇ ਕਤਲ ਮਗਰੋਂ ਪੰਜਾਬ 'ਚ ਗੁਰੀਲਾ ਲੜਾਈ ਸ਼ੁਰੂ ਹੋ ਗਈ। ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਆਉਣ ਨਾਲ ਜੁਝਾਰੂ ਲੀਡਰਸ਼ਿਪ ਇਕੱਠੀ ਹੋ ਗਈ। 1982 ਵਿਚ ਅਕਾਲੀ ਦਲ ਨੇ 'ਧਰਮ ਯੁੱਧ' ਮੋਰਚਾ ਸ਼ੁਰੂ ਕਰ ਦਿੱਤਾ। ਸਰਕਾਰ ਨੇ ਸਿੱਖਾਂ ਨੂੰ ਸਬਕ ਸਿਖਾਉਣ ਵਾਸਤੇ 4 ਜੂਨ 1984 ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਹਜ਼ਾਰਾਂ ਸਿੱਖ ਕਤਲ ਕਰ ਦਿੱਤੇ ਗਏ । ਸਾਰੇ ਅਕਾਲੀ ਆਗੂ ਗ੍ਰਿਫ਼ਤਾਰ ਕਰ ਕੇ ਜੇਲ੍ਹੀਂ ਸੁਟ ਦਿੱਤੇ ਗਏ। 31 ਅਕਤੂਬਰ 1984 ਨੂੰ ਇੰਦਰਾ ਦੇ ਕਤਲ ਮਗਰੋਂ ਹੋਰ ਹਜ਼ਾਰਾਂ ਸਿੱਖ ਕਤਲ ਕੀਤੇ ਗਏ। 1985 'ਚ ਅਕਾਲੀ ਆਗੂ ਰਿਹਾਅ ਕਰ ਦਿੱਤੇ ਗਏ। ਉਨ੍ਹਾਂ ਭਿੰਡਰਾਂਵਾਲਿਆਂ ਦੇ ਪਿਤਾ ਨੂੰ ਲੀਡਰ ਮੰਨ ਲਿਆ ਪਰ ਇਹ ਗੱਲ ਥੋੜ੍ਹੀ ਦੇਰ ਹੀ ਚੱਲੀ। ਇਸ ਨਾਲ ਦੋ ਅਕਾਲੀ ਦਲ ਬਣ ਗਏ। ਉਧਰ ਰਾਜੀਵ ਗਾਂਧੀ ਨੇ ਸੁਰਜੀਤ ਬਰਨਾਲੇ ਨਾਲ ਗੰਢ ਤਰੁਪ ਕਰ ਕੇ ਬਰਨਾਲੇ ਨੂੰ ਚੀਫ਼ ਮਨਿਸਟਰ ਬਣਾ ਦਿੱਤਾ। ਪਰ ਲੌਂਗੋਵਾਲ ਅਕਾਲੀ ਦਲ 'ਚ ਅਸਲ ਤਕੜਾ ਗਰੁਪ ਬਾਦਲ ਤੇ ਟੌਹੜਾ ਦਾ ਸੀ। ਬਰਨਾਲੇ ਵੱਲੋਂ 30 ਅਪਰੈਲ, 1986 ਦੇ ਦਿਨ ਦਰਬਾਰ ਸਾਹਿਬ 'ਤੇ ਹਮਲਾ ਕਰਨ ਮਗਰੋਂ ਬਾਦਲ-ਟੌਹੜਾ ਗਰੁਪ ਨੇ ਵੱਖਰਾ ਅਕਾਲੀ ਦਲ ਬਣਾ ਲਿਆ। ਬਰਨਾਲੇ ਨੂੰ ਕੁਝ ਚਿਰ ਵਰਤਣ ਮਗਰੋਂ ਰਾਜੀਵ ਨੇ ਰੱਦ ਕਰ ਦਿੱਤਾ। ਬਾਦਲ-ਟੌਹੜਾ ਗਰੁਪ ਨੂੰ ਇਸ ਨਾਲ ਹੋਰ ਤਾਕਤ ਮਿਲੀ ਪਰ ਇਸ ਵੇਲੇ ਖਾੜਕੂ ਦੌਰ ਸ਼ੁਰੂ ਹੋ ਗਿਆ। ਖਾੜਕੂ ਗਰੁਪ ਨੇ ਸ: ਸਿਮਰਨਜੀਤ ਸਿੰਘ ਮਾਨ ਨੂੰ ਲੀਡਰ ਮੰਨ ਲਿਆ। 1989 ਦੀਆਂ ਚੋਣਾਂ ਵਿਚ ਮਾਨ ਗਰੁਪ ਨੇ ਪੰਜਾਬ 'ਚ ਪਾਰਲੀਮੈਂਟ ਚੋਣਾਂ 'ਚ ਹੂੰਝਾ ਫੇਰ ਜਿੱਤ ਹਾਸਲ ਕੀਤੀ। 1992 ਤਕ ਖਾੜਕੂ ਦੌਰ ਕਾਇਮ ਰਿਹਾ ਤੇ ਬਾਦਲ-ਟੌਹੜਾ ਗਰੁਪ ਦੀ ਤਾਕਤ ਨਾ ਬਣ ਸਕੀ। 1992 'ਚ ਖਾੜਕੂਆਂ ਦਾ ਕਤਲੇਆਮ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਦਾ ਜ਼ਵਾਲ ਸ਼ੁਰੂ ਹੋ ਗਿਆ। 1995 ਤਕ ਖਾੜਕੂ ਲਹਿਰ ਤਕਰੀਬਨ ਮੁੱਕ ਚੁੱਕੀ ਸੀ। ਇਸ ਮਗਰੋਂ ਦੋ ਧੜੇ ਤਾਕਤਵਰ ਗਰੁਪ ਬਣ ਗਏ: ਟੌਹੜਾ-ਮਾਨ ਗਰੁਪ ਤੇ ਬਾਦਲ ਗਰੁਪ। ਕੁਝ ਚਿਰ ਮਗਰੋਂ ਬਾਦਲ ਤੇ ਟੌਹੜਾ ਆਪਣੀਆਂ ਗ਼ਰਜ਼ਾਂ ਕਾਰਨ ਇਕ-ਦੂਜੇ ਦੇ ਨੇੜੇ ਆ ਗਏ। ਇੰਞ ਮਾਨ ਗਰੁਪ ਦੀ ਤਾਕਤ ਘੱਟ ਗਈ। ਹੌਲੀ-ਹੌਲੀ ਬਾਦਲ-ਟੌਹੜਾ ਗਰੁਪ ਵਧੇਰੇ ਤਾਕਤਵਾਰ ਹੁੰਦਾ ਗਿਆ। 1996 ਦੀਆਂ ਗੁਰਦੁਆਰਾ ਚੋਣਾਂ 'ਚ ਬਾਦਲ ਟੌਹੜਾ ਗਰੁਪ ਨੇ 95 ਫ਼ੀ ਸਦੀ ਸਿੱਟਾਂ ਜਿੱਤ ਲਈਆਂ। ਮਾਨ ਕੋਲ 170 ਵਿੱਚੋਂ ਸਿਰਫ 8 ਸੀਟਾਂ ਹੀ ਰਹੀਆਂ। ਫਿਰ ਫ਼ਰਵਰੀ 1997 ਵਿਚ ਅਸੈਂਬਲੀ ਦੀਆਂ ਚੋਣਾਂ

ਵਿਚ ਬਾਦਲ-ਟੌਹੜਾ ਗਰੁਪ ਨੇ ਭਾਰਤੀ ਜਨਤਾ ਪਾਰਟੀ ਨਾਲ ਰਲ ਕੇ ਚੋਣਾਂ ਲੜ ਕੇ ਦੋ-ਤਿਹਾਈ ਸੀਟਾਂ ਜਿੱਤ ਕੇ ਸਰਕਾਰ ਬਣਾਈ। ਫ਼ਰਵਰੀ 1998 ਵਿਚ ਪਾਰਲੀਮੈਂਟ ਦੀਆਂ ਚੋਣਾਂ ਵਿਚ ਅਕਾਲੀ ਦਲ (ਬਾਦਲ-ਟੌਹੜਾ) ਨੇ ਸਾਰੀਆਂ ਸੀਟਾਂ ਜਿੱਤ ਕੇ ਆਪਣੀ ਸੁਪਰੀਮੇਸੀ ਕਾਇਮ ਰੱਖੀ। ਭਾਵੇਂ ਇਸ ਵੇਲੇ ਤਕ ਕਈ ਅਕਾਲੀ ਵਰਕਰ ਸਰਕਾਰ ਤੋਂ ਬਹੁਤ ਨਿਰਾਸ਼ ਸਨ, ਪਰ ਉਨ੍ਹਾਂ ਨੇ ਅਕਾਲੀ ਦਲ ਨੂੰ ਭਰਵਾਂ ਹੁੰਗਾਰਾ ਦਿੱਤਾ ਤੇ ਪੰਜਾਬ ਵਿਚ ਕਾਂਗਰਸ ਪਾਰਟੀ ਨੂੰ ਇਕ ਵੀ ਸੀਟ ਨਾ ਜਿੱਤਣ ਦਿੱਤੀ। 1999 ਵਿਚ ਬਾਦਲ ਨੇ ਟੌਹੜਾ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ। ਇਸ ਮਗਰੋਂ 2002 ਵਿਚ ਹੋਈਆਂ ਅਸੈਂਬਲੀ ਚੋਣਾਂ ਵਿਚ ਬਾਦਲ ਧੜੇ ਨੂੰ ਬੁਰੀ ਤਰ੍ਹਾਂ ਹਾਰ ਹੋਈ। 2004 ਵਿਚ ਬਾਦਲ ਤੇ ਟੌਹੜਾ ਫਿਰ ਇਕੱਠੇ ਹੋ ਗਏ। ਅਗਲੇ ਸਾਲ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ ਜਿਸ ਵਿਚ ਬਾਦਲ ਧੜੇ ਦੀਆਂ ਸੀਟਾਂ 95% ਤੋਂ ਘਟ ਕੇ 70% ਰਹਿ ਗਈਆਂ।

ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤਵਾਰੀਖ਼ੀ (ਗੁਰੂ ਸਾਹਿਬ ਅਤੇ ਸਿੱਖ ਸ਼ਹੀਦਾਂ ਦੀ ਯਾਦ ਵਿਚ ਬਣੇ ਹੋਏ) ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ ਸੀ। ਇਹ 1925 ਦੇ ਗੁਰਦੁਆਰਾ ਐਕਟ ਹੇਠ ਬਣੀ ਸੀ। ਪਹਿਲੀ ਕਮੇਟੀ, ਜੋ 15-16 ਨਵੰਬਰ, 1920 ਦੇ ਦਿਨ ਬਣੀ ਸੀ, ਉਸ ਵਿਚ 175 ਮੈਂਬਰ ਸਨ; ਪਰ ਉਸ ਦੀ ਚੋਣ ਸਿੱਖਾਂ ਨੇ ਆਪ ਕੀਤੀ ਸੀ। 1925 ਦੇ ਐਕਟ ਹੇਠ ਪਹਿਲੀਆਂ ਚੋਣਾਂ 1926 ਵਿਚ ਹੋਈਆਂ ਸਨ। ਕਾਨੂੰਨ ਮੁਤਾਬਿਕ ਇਸ ਦੀਆਂ ਚੋਣਾਂ ਹਰ ਪੰਜ ਸਾਲ ਬਾਅਦ ਹੋਣੀਆਂ ਚਾਹੀਦੀਆਂ ਸਨ। ਪਰ 1965 ਤੋਂ ਇਸ ਕਾਨੂੰਨ 'ਤੇ ਅਮਲ ਨਹੀਂ ਹੋ ਰਿਹਾ। 1965 ਮਗਰੋਂ 1979 ਤੇ ਫਿਰ 1996 ਵਿਚ ਹੀ ਚੋਣਾਂ ਹੋ ਸਕੀਆਂ ਹਨ।

ਗੁਰਦੁਆਰਾ ਐਕਟ ਬਣਾਉਣ ਵਾਸਤੇ 1920 ਤੋਂ 1925 ਤਕ ਬੜੀ ਜੱਦੋ-ਜਹਿਦ ਕਰਨੀ ਪਈ ਸੀ। ਇਸ ਦੌਰਾਨ 50 ਹਜ਼ਾਰ ਸਿੱਖ ਗ੍ਰਿਫ਼ਤਾਰ ਹੋਏ, 500 ਸ਼ਹੀਦ ਹੋਏ, 3000 ਜ਼ਖ਼ਮੀ ਹੋਏ ਅਤੇ ਲੱਖਾਂ ਰੁਪਏ ਜੁਰਮਾਨੇ ਵੀ ਭਰਨੇ ਪਏ। ਇਸ ਕਾਨੂੰਨ ਦੇ ਬਾਵਜੂਦ ਕਈ ਗੁਰਦੁਆਰੇ (ਡੇਹਰਾਦੂਨ, ਨੰਦੇੜ, ਪਟਨਾ ਸਾਹਿਬ ਵਗੈਰਾ) ਸਿੱਖਾਂ ਨੂੰ ਨਹੀਂ ਮਿਲ ਸਕੇ। 1947 ਤੋਂ ਮਗਰੋਂ ਵੀ ਇਸ ਵਿਚ ਕਈ ਤਰਮੀਮਾਂ ਕੀਤੀਆਂ ਗਈਆਂ। ਸਭ ਤੋਂ ਵੱਡੀ ਧੱਕੇਸ਼ਾਹੀ ਸੀ ਪਤਿਤ ਅਤੇ ਅਖੌਤੀ-ਸਹਿਜਧਾਰੀ ਦੇ ਨਾਂ 'ਤੇ ਹਿੰਦੂਆਂ ਦਾ ਕਮੇਟੀ ਦੀਆਂ ਚੋਣਾਂ ਵਿਚ ਵੋਟਰ ਬਣਨਾ।

ਸ਼ਿਰੋਮਣੀ ਕਮੇਟੀ ਬਹੁਤੇ ਸਾਰੇ ਤਵਾਰੀਖ਼ੀ ਗੁਰਦੁਆਰਿਆਂ ਦਾ ਇੰਤਜ਼ਾਮ ਕਰਦੀ ਹੈ। ਕਈ ਸਕੂਲ, ਕਾਲਜ ਤੇ ਹਸਪਤਾਲ ਵੀ ਚਲਾਂਦੀ ਹੈ। 1947 ਵਿਚ ਪਾਕਿਸਤਾਨ ਵਿਚ ਰਹਿ ਗਏ 100 ਤੋਂ ਵੱਧ ਗੁਰਦੁਆਰਿਆਂ ਦਾ ਕੰਟਰੋਲ ਉਥੋਂ ਦੇ ਔਕਾਫ਼ ਬੋਰਡ ਕੋਲ ਜਾ ਚੁਕਾ ਹੈ (ਹੁਣ ਉਨ੍ਹਾਂ ਨੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਬਣਾ ਦਿੱਤੀ ਹੈ)। ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਦੀ ਸੇਵਾ ਵੀ ਕਰਦੀ ਹੈ। ਸ਼ਿਰੋਮਣੀ ਕਮੇਟੀ ਦੇ ਪਹਿਲੇ ਪ੍ਰਧਾਨ ਬਾਬਾ ਖੜਕ ਸਿੰਘ ਸਨ। ਉਨ੍ਹਾਂ ਤੋਂ ਮਗਰੋਂ ਮਾਸਟਰ ਤਾਰਾ ਸਿੰਘ, ਗੋਪਾਲ ਸਿੰਘ ਕੌਮੀ, ਪ੍ਰਤਾਪ ਸਿੰਘ ਸ਼ੰਕਰ, ਮੋਹਨ ਸਿੰਘ ਨਾਗੋਕੇ, ਊਧਮ ਸਿੰਘ ਨਾਗੋਕੇ, ਚੰਨਣ ਸਿੰਘ ਉਰਾੜਾ, ਨਾਹਰ ਸਿੰਘ, ਪ੍ਰੀਤਮ ਸਿੰਘ ਖੁੜੰਜ, ਈਸ਼ਰ ਸਿੰਘ ਮਝੈਲ, ਬਾਵਾ ਹਰਕਿਸ਼ਨ ਸਿੰਘ, ਪ੍ਰੇਮ ਸਿੰਘ ਲਾਲਪੁਰਾ, ਅਜੀਤ ਸਿੰਘ ਬਾਲਾ, ਕਿਰਪਾਲ ਸਿੰਘ

ਚਕਸ਼ੇਰਾ, ਚੰਨਣ ਸਿੰਘ, ਗੁਰਚਰਨ ਸਿੰਘ ਟੌਹੜਾ, ਬਲਦੇਵ ਸਿੰਘ ਸਿਬੀਆ, ਜਗਦੇਵ ਸਿੰਘ ਤਲਵੰਡੀ, ਕਿਰਪਾਲ ਸਿੰਘ ਬਡੂੰਗਰ ਵਗੈਰਾ ਵੀ ਪ੍ਰਧਾਨ ਬਣੇ।

ਸ਼ਿਰੋਮਣੀ ਕਮੇਟੀ ਸਿੱਖਾਂ ਦੀ ਕਦੇ ਇਕ ਕਿਸਮ ਦੀ ਪਾਰਲੀਮੈਂਟ ਸੀ। ਇਹ ਸਲਤਨਤ ਵਿਚ ਸਲਤਨਤ ਸੀ। ਪਰ ਹੁਣ ਅਜਿਹਾ ਨਹੀਂ ਰਿਹਾ ਕਿਉਂਕਿ ਇਸ ਦੇ ਬਹੁਤੇ ਮੈਂਬਰ ਸਿੱਖ ਅਖਵਾਉਣ ਦੇ ਵੀ ਕਾਬਿਲ ਨਹੀਂ ਹਨ। ਜਿਸ ਪਾਰਟੀ ਦੇ ਹੱਥ ਵਿਚ ਇਸ ਦਾ ਕੰਟਰੋਲ ਹੋਵੇ, ਉਹੀ ਪਾਰਟੀ ਪੰਜਾਬ 'ਤੇ ਅਸਲ ਹਕੂਮਤ ਕਰਦੀ ਹੈ। ਸ਼ਿਰੋਮਣੀ ਅਕਾਲੀ ਦਲ ਤੋਂ ਸਿਵਾ ਕੋਈ ਵੀ ਪਾਰਟੀ ਇਸ ਕਮੇਟੀ 'ਤੇ ਕਾਬਜ਼ ਨਹੀਂ ਹੋ ਸਕਦੀ।

ਸ਼ਿਰੋਮਣੀ ਕਮੇਟੀ ਸਿੱਖ ਪੰਥ ਦੀ ਸਭ ਤੋਂ ਵੱਡੀ ਸੇਵਾ ਵਾਲੀ ਜਮਾਤ ਹੈ ਅਤੇ ਸਭ ਤੋਂ ਵੱਡੀ ਤਾਕਤਵਾਰ ਜਥੇਬੰਦੀ ਵੀ ਹੈ ਪਰ ਅਜ ਕਲ੍ਹ ਇਸ ਵਿਚ ਕੁਰਪਸ਼ਨ ਤੇ ਕੁਧਰਮ ਦਾ ਬੋਲ-ਬਾਲਾ ਹੈ। ਇਸ ਦੀ ਹਾਲਤ 1920 ਤੋਂ ਪਹਿਲਾਂ ਦੇ ਮਹੰਤਾਂ ਵਾਲੀ ਹੈ। ਸ਼੍ਰੋਮਣੀ ਕਮੇਟੀ ਦਾ ਬਹੁਤਾ ਪੈਸਾ, ਕਾਬਜ਼ (ਬਾਦਲ) ਧੜੇ ਦੇ, ਸਿਆਸੀ ਤੇ ਨਿਜੀ ਪ੍ਰਚਾਰ ਹੀ ਨਹੀਂ ਅੱਯਾਸ਼ੀ ਵਾਸਤੇ ਵੀ ਗੁਆਇਆ ਜਾ ਰਿਹਾ ਹੈ। ਧਰਮ ਪ੍ਰਚਾਰ ਦੇ ਫ਼ੰਡ ਨੂੰ ਵੀ ਅ-ਸਿੱਖ ਕਾਰਵਾਈਆਂ ਵਾਸਤੇ ਲੁੱਟਿਆ ਜਾ ਰਿਹਾ ਹੈ। ਬਾਦਲ ਦੇ ਬਣਾਏ ਪ੍ਰਧਾਨਾਂ ਵਿੱਚੋਂ ਅਲਵਿੰਦਰਪਾਲ ਸਿੰਘ ਪੱਖੋਕੇ ਅਤੇ ਜਾਗੀਰ ਕੌਰ ਨੇ ਤਾਂ ਇਸ ਦੇ ਫ਼ੰਡਾਂ ਦੀ ਖ਼ੂਬ ਲੁੱਟ-ਖਸੁੱਟ ਮਚਾਈ ਸੀ। ਅਵਤਾਰ ਸਿੰਘ ਮੱਕੜ ਵਿਚਾਰਾ ਸਿਰਫ਼ ਬਾਦਲ ਦੇ ਹੁਕਮ 'ਤੇ ਹੀ ਚਲਦਾ ਸੀ। ਬਾਦਲ ਦੀਸਰਪਰਸਤੀ ਹੇਠ ਸ਼੍ਰੋਮਣੀ ਕਮੇਟੀ ਕੁਰਪਸ਼ਨ, ਕੁਧਰਮ, ਵਿਭਚਾਰ ਤੇ ਪਾਪ ਦਾ ਅੱਡਾ ਬਣ ਕੇ ਰਹਿ ਗਈ ਹੈ।

ਸਿੱਖਾਂ ਦੀ ਕੌਮੀ ਅਰਦਾਸਿ

ਅਰਦਾਸਿ ਦਾ ਲਫ਼ਜ਼ੀ ਮਾਅਨਾ 'ਮੰਗਣਾ' ਹੈ। ਫ਼ਾਰਸੀ 'ਚ ਅਰਦਾਸਿ (ਅਰਜ਼+ਦਾਸ਼ਤ) ਦਾ ਮਾਅਨਾ ਰੱਬ ਅੱਗੇ ਅਰਜ਼ੋਈ ਹੈ। ਸੰਸਕ੍ਰਿਤ 'ਚ ਅਰਦਾਸਿ (ਅਰਦੰ+ਆਸ) ਵੀ ਮੰਗਣ 'ਤੇ ਹੀ ਜਾ ਮੁਕਦੀ ਹੈ। ਅੰਗਰੇਜ਼ੀ ਦੇ ਲਫ਼ਜ਼ ਪਰੇਅਰ ਦਾ, ਦੋ ਹਜ਼ਾਰ ਸਾਲ ਪਹਿਲੋਂ ਦਾ, ਪਿਛੋਕੜ ਵੇਖੀਏ ਤਾਂ ਇਸ ਦਾ ਮਾਅਨਾ ਨਿੱਜੀ ਖ਼ਾਹਿਸ਼ ਅਤੇ ਜ਼ਰੂਰਤ ਦੇ ਪੂਰਾ ਕਰਵਾਉਣ ਵਾਸਤੇ ਰੱਬ ਤੋਂ ਮੰਗਣਾ ਹੈ। ਪੰਜਾਬੀ ਵਿਚ ਅਰਦਾਸਿ ਯਕੀਨੀ ਤੌਰ 'ਤੇ ਫ਼ਾਰਸੀ ਤੋਂ ਆਇਆ ਹੋਏਗਾ। ਸੰਸਕ੍ਰਿਤ ਦੇ ਅਰਦੰਆਸ ਅਤੇ ਫ਼ਾਰਸੀ ਦੇ ਅਰਜ਼ਦਾਸ਼ਤ ਵਿਚੋਂ ਅਰਦਾਸਿ ਅਰਜ਼ਦਾਸਤ ਦੇ ਵਧੇਰੇ ਨੇੜੇ ਜਾਪਦਾ ਹੈ। ਉਂਞ ਵੀ ਸਿੱਖ ਪੰਥ ਜਦੋਂ ਜਮਾਤੀ (Institution-alized) ਹੋਇਆ ਸੀ, ਉਦੋਂ ਸਿੱਖ ਹੋਮਲੈਂਡ ਵਿਚ ਸੰਸਕ੍ਰਿਤ ਦਾ ਏਨਾ ਅਸਰ ਨਹੀਂ ਸੀ। ਪੰਜਾਬ ਦਾ ਆਮ ਹਿੰਦੂ ਸੰਸਕ੍ਰਿਤ ਜ਼ਬਾਨ ਅਤੇ ਸੰਸਕ੍ਰਿਤ ਦੇ ਕਲਚਰ ਦੇ ਨੇੜੇ ਕਦੇ ਵੀ ਨਹੀਂ ਸੀ। ਹਿੰਦੂ ਦੀ ਅਰਦਾਸਿ 'ਆਰਤੀ' ਵਰਗੀ ਸ਼ੈਅ ਸੀ। ਉਦੋਂ ਤਾਂ ਕੀ, ਹੁਣ ਵੀ ਹਿੰਦੂ ਧਰਮ ਵਿਚ ਲਫ਼ਜ਼ ਅਰਦੰਆਸ ਜਾਂ ਅਰਦਾਸਿ ਕਿਤੇ ਨਹੀਂ ਆਉਂਦਾ। ਹਿੰਦੂ ਤੇ ਹਿੰਦੀ ਭਾਈਚਾਰਾ 'ਆਰਤੀ' ਅਤੇ 'ਪ੍ਰਾਰਥਨਾ' ਹੀ ਵਰਤਦਾ ਹੈ।

ਰੱਬ ਅੱਗੇ ਅਰਜ਼ੋਈ ਕਰਨਾ ਯਹੂਦੀਆਂ ਦੇ ਮਜ਼ਹਬ ਦਾ ਜ਼ਰੂਰੀ ਹਿੱਸਾ ਰਿਹਾ ਹੈ। ਯਹੂਦੀ ਦੁਨੀਆਂ ਦਾ ਸਭ ਤੋਂ ਪੁਰਾਣਾ ਜਮਾਤੀ ਅਤੇ ਤਵਾਰੀਖ਼ੀ ਧਰਮ ਹੈ। ਹਿੰਦੂ ਧਰਮ ਨਾ ਤਾਂ ਜਮਾਤੀ ਹੈ ਅਤੇ ਨਾ ਹੀ ਤਵਾਰੀਖ਼ੀ ਹੈ, ਇਹ ਤਾਂ ਵਧੇਰੇ 'ਮਿੱਥ' (Myth) 'ਚ ਲਪੇਟਿਆ ਇਕ ਜਾਲ ਹੈ।

ਯਹੂਦੀਆਂ ਵਿਚ ਰੱਬ ਅੱਗੇ ਅਰਜ਼ ਦੀ ਜਗਹ ਇਸ ਨੂੰ 'ਰੱਬ ਨਾਲ ਰਾਬਤਾ' ਆਖਿਆ ਜਾਂਦਾ ਹੈ। ਯਹੂਦੀ ਤਵਾਰੀਖ਼ ਮੁਤਾਬਿਕ 'ਯਹੂਦੀ-ਅਰਦਾਸਿ' (ਪਰੇਅਰ ਤੇ ਅਰਦਾਸਿ ਵਿਚ ਫ਼ਰਕ ਹੈ, ਪਰ ਮੈਂ ਸਹੂਲਤ ਵਾਸਤੇ ਲਫ਼ਜ਼ 'ਯਹੂਦੀ-ਅਰਦਾਸਿ' ਹੀ ਵਰਤਾਂਗਾ) ਸ਼ੁਰੂ-ਸ਼ੁਰੂ ਵਿਚ ਨਿਜੀ ਖ਼ਾਹਿਸ਼ਾਂ ਪੂਰੀਆਂ ਕਰਵਾਉਣ ਵਾਸਤੇ ਹੀ ਕੀਤੀ ਜਾਇਆ ਕਰਦੀ ਸੀ। ਅੱਜ ਤੋਂ 2 ਹਜ਼ਾਰ ਸਾਲ ਪਹਿਲੋਂ ਜਦੋਂ ਯਹੂਦੀਆਂ ਨੇ ਪਹਿਲਾ ਟੈਂਪਲ ਉਸਾਰਿਆ, ਉਦੋਂ ਕਬਾਇਲੀ-ਭਾਈਚਾਰਕ 'ਯਹੂਦੀ-ਅਰਦਾਸਿ' ਸ਼ੁਰੂ ਹੋਈ। ਯਹੂਦੀ-ਇਬਾਦਤਘਰ ਯਾਨਿ ਸਾਇਨਾਗਾਗ (Synagogue) ਦੀ ਕਾਇਮੀ ਦੇ ਨਾਲ ਹੀ 'ਯਹੂਦੀ-ਅਰਦਾਸਿ' ਉਨ੍ਹਾਂ ਦੀ ਕੌਮੀ ਅਰਦਾਸਿ ਬਣ ਗਈ। ਪਹਿਲੀ ਸਦੀ ਵਿਚ ਇਹ ਇਬਾਦਤ ਦਾ ਇਕ ਜ਼ਰੂਰੀ ਹਿੱਸਾ ਬਣ ਗਈ। 'ਯਹੂਦੀ-ਅਰਦਾਸਿ' ਦਾ ਸਭ ਤੋਂ ਅਹਿਮ ਹਿੱਸਾ 'ਅਮੀਦਾਹ' ਯਾਨਿ ਖੜ੍ਹੇ ਹੋ ਕੇ ਕੀਤੀ ਅਰਦਾਸਿ ਹੈ। ਯਹੂਦੀ ਦਿਨ ਵਿਚ ਘੱਟ-ਘੱਟ ਤਿੰਨ ਵਾਰ ਅਰਦਾਸਿ ਕਰਦੇ ਹਨ।

ਇਸਲਾਮ ਵਿਚ 'ਨਮਾਜ਼ਾਂ' ਅਰਦਾਸਿ ਵਰਗੀ ਹੀ ਗੱਲ ਹਨ। ਮੁਸਲਮਾਨ ਨੂੰ ਦਿਨ ਵਿਚ ਪੰਜ ਨਮਾਜ਼ਾਂ ਪੜ੍ਹਨ ਦੀ ਹਿਦਾਇਤ ਹੈ। ਇਹ ਪੰਜ ਹਨ: ਸਲਾਤੁਲ ਫ਼ਜਰ (ਪ੍ਰਹ-ਫੁਟਾਲੇ ਤੋਂ ਸੂਰਜ ਚੜ੍ਹਨ ਤੱਕ), ਸਲਾਤੁਲ ਜ਼ੁਹਰ (ਸੂਰਜ ਢਲਣ ਲਗਿਆਂ) ਸਲਾਤੁਲ ਅਸਰ (ਤੀਜੇ ਪਹਿਰ ਦੀ), ਸਲਾਤੁਲ ਮਗ਼ਰਿਬ (ਸੂਰਜ ਛਿਪਣ ਤੋਂ ਅਸਮਾਨ ਦੀ ਸੁਰਖੀ ਮਿੱਟਣ ਤਕ ਦੀ) ਅਤੇ ਸਲਾਤੁਲ ਇਸ਼ਾ (ਸੌਣ ਵੇਲੇ ਦੀ)। ਇਨ੍ਹਾਂ ਪੰਜਾਂ ਤੋਂ ਇਲਾਵਾ ਹੋਰ ਤਿੰਨ ਨਮਾਜ਼ਾਂ ਵੀ ਹਨ ਜੋ ਕਿ ਅਖ਼ਤਿਆਰੀ ਹਨ।

ਹਿੰਦੂਆਂ ਵਿਚ ਆਰਤੀ ਸ਼ਾਮ ਵੇਲੇ ਹੀ ਹੁੰਦੀ ਹੈ। ਕਈਆਂ ਵਿਚ ਸਵੇਰੇ ਕਰਨ ਦਾ ਰਿਵਾਜ ਵੀ ਹੈ। ਪਰ ਹਿੰਦੂ ਪ੍ਰਾਰਥਨਾ ਦਾ ਕੋਈ ਵੇਲਾ ਨਹੀਂ। ਰੱਬ ਤੋਂ ਹਰ ਵੇਲੇ ਮੰਗੀ ਜਾਣਾ ਹਿੰਦੂ ਭਾਈਚਾਰੇ ਦਾ ਤਰੀਕਾ ਹੈ। ਹਿੰਦੂ ਗ਼ੈਬੀ ਤਾਕਤ 'ਤੇ ਏਨਾ ਮੁਨੱਸਰ ਕਰਦਾ ਹੈ ਕਿ ਨਿੱਕੀ ਤੋਂ ਨਿੱਕੀ ਗੱਲ ਵੀ ਰੱਬ ਤੋਂ ਹੀ ਕਰਵਾਉਣੀ ਚਾਹੁੰਦਾ ਹੈ।

ਪਰ ਇਕ ਗੱਲ ਯਹੂਦੀਆਂ, ਇਸਲਾਮ ਅਤੇ ਹਿੰਦੂਆਂ ਵਿਚ ਸਾਂਝੀ ਹੈ ਕਿ ਉਨ੍ਹਾਂ ਵਿਚ ਰੱਬ ਅੱਗੇ ਅਰਜ਼ ਦਾ ਖ਼ਾਸ ਮੁੱਦਾਅ ਕੋਈ ਮੰਗ ਮੰਗਣਾ ਹੀ ਹੈ ਅਤੇ ਇਹ ਵਧੇਰੇ ਕਰ ਕੇ ਨਿਜੀ ਖ਼ਾਹਿਸ਼ਾਂ ਦਾ ਪੂਰਾ ਕਰਨਾ ਹੈ। ਇਨ੍ਹਾਂ ਨਿਜੀ ਖ਼ਾਹਿਸ਼ਾਂ ਵਿਚ ਵਧੇਰੇ ਕਰ ਕੇ ਮਾਲੀ, ਸੁਖ ਦੀ, ਖੁਸ਼ੀ ਦੀ, ਤਰੱਕੀ ਦੀ, ਬੇਹਤਰੀ ਦੀ ਅਰਦਾਸਿ ਹੀ ਹੁੰਦੀ ਹੈ।

ਸਿੱਖ ਦੀ ਅਰਦਾਸਿ ਬਾਕੀ ਧਰਮਾਂ ਤੋਂ ਲਾਸਾਨੀ ਹੈ। ਫ਼ਲਸਫ਼ੇ ਵਜੋਂ ਸਿੱਖ ਦੀ ਅਰਦਾਸਿ ਤਾਂ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ:

ਮਨੁ ਤਨੁ ਆਗੈ ਜੀਅੜਾ ਤੁਝ ਪਾਸਿ॥
ਜਿਉ ਭਾਵੈ ਤਿਉ ਰਖਹੁ ਅਰਦਾਸਿ॥ (ਸਫ਼ਾ 1345)
ਜਾ ਤੂੰ ਕਰਣਹਾਰੁ ਕਰਤਾਰੁ॥
ਕਿਆ ਮੁਹਤਾਜੀ ਕਿਆ ਸੰਸਾਰੁ॥ (ਸਫ਼ਾ 349)
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥ (ਸਫ਼ਾ 795)

ਯਾਨਿ, ਸਿੱਖ ਦੀ ਅਰਦਾਸਿ ਖ਼ਾਹਿਸ਼ਾਂ ਦੇ ਪੂਰਿਆਂ ਕਰਨ ਵਾਸਤੇ, ਮਾਲੀ ਤਰੱਕੀ, ਫ਼ਾਇਦੇ ਮੰਗਣਾ ਨਹੀਂ। ਇਹ ਤਾਂ 'ਜਿਉ ਭਾਵੈ ਤਿਉ ਰਾਖ' ਦਾ ਐਲਾਨ-ਨਾਮਾ ਹੈ। ਇਸ ਅਰਦਾਸਿ ਦਾ ਸਾਰ ਗੁਰੂ ਅਰਜਨ ਸਾਹਿਬ ਨੇ ਵੀ ਸੁਖਮਨੀ ਸਾਹਿਬ ਵਿਚ ਦਿੱਤਾ ਹੈ:

ਤੂ ਠਾਕੁਰ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤ॥
ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥
ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥
ਨਾਨਕ ਦਾਸ ਸਦਾ ਕੁਰਬਾਨੀ॥ (ਸਫ਼ਾ 268)

ਇਸ ਸਿੱਖ ਅਰਦਾਸਿ ਵਿਚ ਸਿੱਖ ਦਾ ਯਕੀਨ ਹੈ ਕਿ ਬੰਦੇ ਦਾ ਸਭ ਕੁਝ ਵਾਹਿਗੁਰੂ ਹੈ ਅਤੇ ਉਸੇ ਦੀ ਲੀਲ੍ਹਾ ਹੈ। ਸਿੱਖ ਇਹ ਯਕੀਨ ਕਰਦਾ ਹੈ ਕਿ "ਸਭੇ ਕਾਜ ਸਵਾਰੀਐ, ਜਾ ਤੁਧੁ ਭਾਵੰਦਾ॥" (ਸਫ਼ਾ 1096) ਅਤੇ "ਤੇਰਾ ਕੀਆ ਮੀਠਾ ਲਾਗੈ॥" (ਸਫ਼ਾ 394) ਅਤੇ ਏਸੇ ਕਰ ਕੇ ਸਿੱਖ ਨੂੰ ਨਿੱਜ ਵਾਸਤੇ ਸੁਖ, ਮਾਲੀ ਤਰੱਕੀ, ਖ਼ਾਹਿਸ਼ਾਂ ਦੀ ਪੂਰਤੀ ਦੀ ਅਰਦਾਸਿ ਦੀ ਲੋੜ ਨਹੀਂ ਰਹਿ ਜਾਂਦੀ। ਜੇ ਸਿੱਖ ਨਿੱਜੀ ਲੋੜਾਂ ਦੀ ਅਰਜ਼ ਕਰਦਾ ਹੈ ਤਾਂ ਯਕੀਨਨ ਉਹ ਇਹ "ਤੇਰਾ ਕੀਆ ਮਿਠਾ ਲਾਗੈ" ਨਹੀਂ ਮੰਨਦਾ। ਤਾਂ ਫਿਰ ਸਵਾਲ ਹੈ ਕਿ ਸਿੱਖ ਦੀ ਅਰਦਾਸਿ ਕੀ ਹੈ? ਸਿੱਖਾਂ ਦੀ 'ਕੌਮੀ-ਅਰਦਾਸਿ' ਦੇ ਅਲਫ਼ਾਜ਼ ਇਸ ਦਾ ਜਵਾਬ ਹਨ।

ਕੌਮੀ-ਸਿੱਖ-ਅਰਦਾਸਿ 'ਚ ਸਿੱਖ ਸਭ ਤੋਂ ਪਹਿਲਾਂ ਵਾਹਿਗੁਰੂ ਨੂੰ ਚੇਤੇ ਕਰਦੇ ਹਨ, ਫਿਰ ਦਸ ਗੁਰੂਆਂ ਨੂੰ ਯਾਦ ਕਰਦੇ ਹਨ ਅਤੇ ਨਾਲ ਹੀ ਦਸਾਂ ਪਾਤਿਸ਼ਾਹੀਆਂ ਦੀ ਰੂਹਾਨੀ ਜੋਤਿ ਗੁਰੂ ਗ੍ਰੰਥ ਸਾਹਿਬ ਅਤੇ ਉਸ ਦੇ ਫ਼ਲਸਫ਼ੇ ਅੱਗੇ ਸਿਰ ਝੁਕਾਉਂਦੇ ਹਨ। ਸਿੱਖਾਂ ਦੀ ਕੌਮੀ ਅਰਦਾਸਿ ਦਾ ਪਹਿਲਾ ਹਿੱਸਾ ਸਿੱਖ ਦਾ ਆਪਣੇ ਫ਼ਲਸਫ਼ੇ ਬਾਰੇ ਐਲਾਨਨਾਮਾ ਹੈ। ਸਿੱਖ ਦਾ ਯਕੀਨ ਵਾਹਿਗੁਰੂ, ਦਸ ਗੁਰੂ ਸਾਹਿਬਾਨ ਅਤੇ 'ਸ਼ਬਦ' 'ਤੇ ਹੈ। ਇਕ ਲਫ਼ਜ਼ ਵਿਚ ਆਖਣਾ ਹੋਏ ਤਾਂ ਸਿੱਖ ਦਾ ਯਕੀਨ ਸਿਰਫ਼ ਵਾਹਿਗੁਰੂ 'ਤੇ ਹੀ ਹੈ। ਕਿਉਂਕਿ ਦਸ ਗੁਰੂ ਸਾਹਿਬਾਨ ਵਾਹਿਗੁਰੂ ਦੇ ਨੁਮਾਇੰਦੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਧੁਰ ਦੀ (ਵਾਹਿਗੁਰੂ ਦੀ) ਬਾਣੀ ਹੈ। 'ਸ਼ਬਦ' ਅਕਾਲ ਪੁਰਖ ਦਾ ਹੁਕਮ ਹੈ। ਸਿੱਖ ਆਪਣੀ ਕੌਮੀ-ਅਰਦਾਸਿ ਵਿਚ ਇਹ ਐਲਾਨਨਾਮਾ, ਯਕੀਨ, ਫ਼ਲਸਫ਼ਾ, ਅਕੀਦਾ ਦੁਹਰਾਉਂਦੇ ਹਨ। ਵਾਹਿਗੁਰੂ ਵੱਲੋਂ, ਧੁਰ ਦੀ ਬਾਣੀ, ਗੁਰੂ ਸਾਹਿਬਾਨ ਨੂੰ ਦਿੱਤੀ ਗਈ ਹੈ ਅਤੇ ਗੁਰੂ ਸਾਹਿਬਾਨ ਦੀ ਰੂਹ ਗੁਰੂ ਗ੍ਰੰਥ ਸਾਹਿਬ ਦੇ 'ਸ਼ਬਦ' ਵਿਚ ਹੈ; ਏਸੇ ਕਰ ਕੇ ਸਿੱਖ-ਅਰਦਾਸਿ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ 'ਪਾਠ-ਦੀਦਾਰ' ਦਾ ਧਿਆਨ ਧਰਨ ਦਾ ਐਲਾਨ-ਨਾਮਾ ਹੈ। ਯਾਨਿ ਸਿੱਖ ਵਾਸਤੇ ਗੁਰੂ ਗ੍ਰੰਥ ਸਾਹਿਬ ਨੂੰ ਸੁਹਣੇ ਪੁਸ਼ਾਕਿਆਂ ਵਿਚ, ਸਜਾਵਟ ਵਾਲੀ ਜਗ੍ਹਾ 'ਤੇ ਰੱਖਣ ਨੂੰ ਬ੍ਰਾਹਮਣੀ ਕਰਮ ਕਾਂਡ ਮੰਨਿਆ ਗਿਆ ਹੈ; ਇਸੇ ਕਰ ਕੇ ਸਿੱਖ ਨੂੰ 'ਪਾਠ ਦੀਦਾਰ' ਕਰਨ ਦਾ ਹੁਕਮ ਹੈ। ਸਿੱਖ ਨੇ ਗੁਰੂ ਗ੍ਰੰਥ ਸਾਹਿਬ ਦੇ ਪਾਠ, ਬਾਣੀ, 'ਸ਼ਬਦ' 'ਤੇ ਅਮਲ (ਦੀਦਾਰ) ਕਰਨ ਦਾ ਧਿਆਨ ਧਰਨਾ ਹੈ। ਇਹ ਹੈ ਸਿੱਖ ਦਾ ਐਲਾਨ-ਨਾਮਾ, ਵਾਇਦਾ, ਇਰਾਦਾ, ਕੋਸ਼ਿਸ਼; ਅਤੇ ਇਸ 'ਤੇ ਪੂਰਾ ਉਤਾਰਨ ਵਾਸਤੇ ਵਾਹਿਗੁਰੂ ਕੋਲੋਂ ਹਿੰਮਤ ਮੰਗਣ ਵਾਸਤੇ ਸਿੱਖ ਆਪਣੀ ਅਰਦਾਸਿ ਕਰਦਾ ਹੈ।

ਸਿੱਖ ਦੀ ਕੌਮੀ-ਅਰਦਾਸਿ ਦਾ ਦੂਜਾ ਹਿੱਸਾ ਆਪਣੇ ਵੱਡੇ ਵਡੇਰਿਆਂ ਦੀ ਘਾਲਣਾ, ਦੇਣ ਅਤੇ ਸੇਵਾ ਦਾ ਕਰਜ਼ਾ ਕਬੂਲ ਕਰਨਾ ਹੈ। ਪੰਜ ਪਿਆਰੇ (ਜਿਨ੍ਹਾਂ ਨੇ ਆਪਣਾ ਸਿਰ ਵਾਹਿਗੁਰੂ ਦੇ ਕਦਮਾਂ ਵਿਚ ਸਭ ਤੋਂ ਪਹਿਲਾਂ ਰੱਖਿਆ, ਜਿਹੜੇ ਪਹਿਲੇ ਪੰਜ 'ਖਾਲਸਾ'

ਬਣੇ), ਚਾਰ ਸਾਹਿਬਜ਼ਾਦੇ (ਜਿਨ੍ਹਾਂ ਦੀ ਜ਼ਿੰਦਗੀ ਦੀ ਤਵਾਰੀਖ਼ ਕੌਮ ਦੇ ਬੱਚਿਆਂ ਅਤੇ ਨੌਜਵਾਨਾਂ ਵਾਸਤੇ ਧਰਮ ਨਿਭਾਉਣ, ਨਿਡਰਤਾ ਅਤੇ ਲਗਾਤਾਰ ਜੂਝਣ ਵਾਸਤੇ ਗੁੜ੍ਹਤੀ ਹੈ), ਚਾਲ੍ਹੀ ਮੁਕਤੇ (ਜੋ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ, ਉਹ ਗੁਰੂ ਨਾਲ ਸਾਥ ਨਿਭਾਉਣ ਦੀ ਮਿਸਾਲ ਹਨ। ਚਾਲ੍ਹੀ ਮੁਕਤੇ ਸਿੱਖ ਨੂੰ ਚੇਤੇ ਕਰਵਾਉਂਦੇ ਹਨ ਕਿ ਸਿਰ ਗੁਰੂ ਨੂੰ ਭੇਟ ਕਰਨਾ ਆਖ਼ਰੀ ਸਾਹਾਂ ਤੀਕ ਨਿਭਣਾ ਅਤੇ ਚੇਤੇ ਰਹਿਣਾ ਹੈ। ਅਰਦਾਸਿ ਵਿਚ ਚਾਲ੍ਹੀ ਮੁਕਤੇ (ਚਮਕੌਰ ਅਤੇ ਮੁਕਤਸਰ, ਦੋਹਾਂ ਦੇ ਸ਼ਹੀਦਾਂ ਵਾਸਤੇ ਹੈ), ਸ਼ਹੀਦ (ਕੌਮ ਦੇ ਮਹਿਲ ਦੀ ਨੀਂਹ), ਮੁਰੀਦ (ਜਿਨ੍ਹਾਂ ਗੁਰੂ ਤੋਂ ਮੁਖ ਮੋੜਨਾ ਮੌਤ ਜਾਣਿਆ ਹੈ), ਹਠੀ, ਤਪੀ (ਫ਼ਲਸਫ਼ੇ 'ਤੇ ਅਮਲ ਕਰਨ ਦੇ ਇਰਾਦੇ ਦਾ ਸਿਖਰ), ਜਪੀ (ਨਾਮ ਜਪਣ ਵਾਲੇ, 'ਸ਼ਬਦ' ਨੂੰ ਸਮਝਣ ਅਤੇ ਉਸ 'ਤੇ ਚਲਣ ਵਾਲੇ), ਵੰਡ ਛਕਣ ਵਾਲੇ (ਕੌਮ ਨੂੰ ਇਕ ਭਾਈਚਾਰਾ, ਇਕ ਟੱਬਰ, ਇਕ ਘਰ ਮੰਨਣ ਦੀ ਸੋਚ), ਦੇਗ ਚਲਾਉਣ ਵਾਲੇ (ਆਪਣੇ ਘਰ ਨੂੰ ਧਰਮਸਾਲਾ ਅਤੇ ਕੌਮੀ ਰਸੋਈ ਮੰਨਣਾ), ਤੇਗ਼ ਵਾਹੁਣ ਵਾਲੇ (ਕੌਮੀ ਸ਼ਾਨ ਵਾਸਤੇ ਜੂਝਣਾ), ਦੇਖ ਕੇ ਅਣਡਿੱਠ ਕਰਨ ਵਾਲੇ (ਵੀਰਾਂ ਭੈਣਾਂ ਦੇ ਭੋਲਾਪਣ ਨੂੰ ਨਜ਼ਰ-ਅੰਦਾਜ਼ ਕਰਨਾ, ਉਨ੍ਹਾਂ ਦੀਆ ਭੁੱਲਾਂ ਨੂੰ ਭੁੱਲ ਜਾਣਾ। ਪਰ ਇਸ ਵਿਚ ਜ਼ਾਲਮ ਨੂੰ ਮੁਆਫ਼ ਕਰਨਾ ਹਰਗ਼ਿਜ਼ ਸ਼ਾਮਿਲ ਨਹੀਂ ਹੈ। ਗ਼ਲਤੀ, ਭੁੱਲ, ਭੁਲੇਖਾ, ਗੁੱਸਾ, ਭੋਲਾਪਣ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਸਕਦਾ ਹੈ ਪਰ, ਜ਼ੁਲਮ, ਗੁਰ-ਨਿੰਦਾ, ਰੱਬ ਤੋਂ ਬੇਮੁਖ ਹੋਣਾ ਨੂੰ ਕਿਸੇ ਹਾਲਾਤ ਵਿਚ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ); ਇਨ੍ਹਾਂ ਸਾਰੀਆਂ ਦੀ ਕਮਾਈ, ਸੇਵਾ, ਕੁਰਬਾਨੀ, ਦੇਣ, ਘਾਲਣਾ ਨੂੰ ਚੇਤੇ ਕਰਨਾ ਅਤੇ ਉਨ੍ਹਾਂ ਦੀ ਦੇਣ ਦਾ ਕਰਜ਼ਾ ਮੰਨਣਾ ਤੇ ਕਬੂਲ ਕਰਨਾ ਸਿੱਖ ਦਾ ਦੂਜਾ ਐਲਾਨਨਾਮਾ ਵੀ ਹੈ ਅਤੇ ਕੌਮੀ ਅਰਦਾਸਿ ਦਾ ਹਿੱਸਾ ਵੀ ਹੈ।

ਸਿੱਖ-ਅਰਦਾਸਿ ਦਾ ਤੀਜਾ ਹਿੱਸਾ ਸ਼ਹੀਦਾਂ ਦੀ ਤਵਾਰੀਖ਼ ਨੂੰ ਚੇਤੇ ਕਰਨਾ ਅਤੇ ਉਨ੍ਹਾਂ ਦਾ ਕਰਜ਼ਾ ਕਬੂਲਣਾ ਹੈ। ਸਿੱਖ ਕੌਮ ਨੇ ਵੱਖ ਵੱਖ ਦੌਰਾਂ ਵਿਚ ਜੁਦਾ ਜੁਦਾ ਤਰੀਕੇ ਦੇ, ਇੰਤਹਾ ਦੇ, ਦੁਨੀਆਂ ਦੀ ਤਵਾਰੀਖ਼ 'ਚ ਪਹਿਲੋਂ ਨਾ ਜਾਣੇ ਹੋਏ ਤਸੀਹੇ ਅਤੇ ਜ਼ੁਲਮ ਸਹੇ ਹਨ। ਇਨ੍ਹਾਂ ਵਿਚ ਜਿਸਮ ਦਾ ਪੋਟਾ ਪੋਟਾ ਕੱਟਿਆ ਜਾਣਾ, ਕੇਸਾਂ ਬਦਲੇ ਖੋਪੜੀ ਲਾਹੁਣੀ, ਚਰਖੜੀਆਂ 'ਤੇ ਮਾਸ ਦਾ ਤੂੰਬਾ ਤੂੰਬਾ ਕਰਨਾ, ਆਰਿਆਂ ਨਾਲ ਚੀਰਨਾ ਵਰਗੇ ਜ਼ੁਲਮ ਬਰਦਾਸ਼ਤ ਕੀਤੇ ਹਨ। ਇਨ੍ਹਾਂ ਜ਼ੁਲਮਾਂ ਤੋਂ ਮੁਆਫ਼ੀ ਮਿਲ ਸਕਦੀ ਸੀ ਪਰ ਕੀਮਤ ਰੱਖੀ ਸੀ: ਧਰਮ ਛੱਡਣਾ। ਲੱਖਾਂ ਸਿੱਖਾਂ ਨੇ ਜਾਨਾਂ ਵਾਰ ਦਿੱਤੀਆਂ ਪਰ ਧਰਮ ਨਹੀਂ ਛੱਡਿਆ। ਜਿਨ੍ਹਾਂ ਸਿੱਖਾਂ ਨੇ ਧਰਮ ਵਾਸਤੇ ਸਿਰ ਦਿੱਤੇ, ਉਨ੍ਹਾਂ ਦਾ ਵਿਰਸਾ ਸਿੱਖ ਕੌਮ ਕਿੰਞ ਭੁਲਾ ਸਕਦੀ ਹੈ? ਇਸ ਤੋਂ ਸਿੱਖ ਸਿਖਦਾ ਹੈ ਅਤੇ ਵਾਅਦਾ ਕਰਦਾ ਹੈ ਕਿ ਸਿੱਖਾਂ ਦਾ ਐਲਾਨ-ਨਾਮਾ 'ਕੇਸਾਂ ਸਣੇ' ਤੇ 'ਆਖ਼ਰੀ ਸਾਹਾਂ ਤੀਕ' ਜੀਣਾ ਹੈ। ਕੇਸਾਂ ਬਿਨਾਂ ਸਿੱਖ ਮੁਰਦਾ ਹੈ। ਸੱਚ ਪੁੱਛੋ ਤਾਂ ਉਹ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ ਹੈ। ਸਿੱਖ ਦੀ ਅਰਦਾਸਿ ਵਿਚ ਧਰਮ ਵਾਸਤੇ ਜਾਨ ਵਾਰ ਦੇਣ ਵਾਲੇ ਅਜਿਹੇ ਸ਼ਹੀਦਾਂ ਨੂੰ ਚੇਤੇ ਕੀਤਾ ਜਾਂਦਾ ਹੈ। ਫਿਰ ਇਸ ਦੇ ਨਾਲ ਹੀ ਗੁਰਦੁਆਰਿਆਂ ਦਾ ਪੁਜਾਰੀਆਂ ਤੋਂ ਕਬਜ਼ਾ ਲੈਣ ਵਾਸਤੇ ਸ਼ਹੀਦ ਹੋਣ ਵਾਲੇ ਅਤੇ ਇਸ ਤੋਂ ਮਗਰੋਂ ਮੌਜੂਦਾ ਜੱਦੋ-ਜਹਿਦ ਵਿਚ ਸ਼ਹੀਦ ਹੋਣ ਵਾਲੇ ਅਤੇ ਜੂਝਣ ਵਾਲਿਆਂ ਦਾ ਕਰਜ਼ਾ ਕਬੂਲਣਾ ਸਿੱਖ ਦੀ ਅਰਦਾਸਿ ਦਾ ਤੀਜਾ ਹਿੱਸਾ ਹੈ। ਸਿੱਖ ਆਪਣੇ ਧਰਮ, ਗੁਰਦੁਆਰੇ ਅਤੇ ਸਿਆਸੀ ਖ਼ੁਦਮੁਖ਼ਤਿਆਰੀ ਵਾਸਤੇ ਜੂਝਣ ਵਾਲਿਆਂ ਨੂੰ ਹਰ ਰੋਜ਼, ਘੱਟੋ ਘੱਟ ਦੋ ਵਾਰੀ, ਚੇਤੇ ਕਰਦਾ ਹੈ।

ਇਸ ਤੋਂ ਬਾਅਦ ਸਿੱਖ ਅਕਾਲ ਤਖ਼ਤ ਸਾਹਿਬ (ਕਈ ਬੇਸਮਝ ਲੋਕ ਤਾਂ ਤਖ਼ਤ ਵੀ ਪੰਜ ਮੰਨਦੇ ਹਨ) ਅਤੇ 'ਸਰਬਤ ਗੁਰਦੁਆਰਿਆਂ' ਨੂੰ ਦਿਲ ਵਿਚ ਵਸਾਉਂਦਾ ਹੈ।

ਸਿੱਖ ਵਾਸਤੇ ਹਰ ਗੁਰਦੁਆਰਾ ਇਕੋ ਜਿੰਨੀ ਅਹਿਮੀਅਤ ਰੱਖਦਾ ਹੈ। ਕੋਈ ਵਧੇਰੇ ਪਾਕਿ (ਪਵਿੱਤਰ) ਤੇ ਕੋਈ ਘੱਟ ਪਾਕਿ, ਕੋਈ ਛੋਟਾ ਕੋਈ ਵੱਡਾ, ਕੋਈ ਪਹਿਲੋਂ ਜਾਂ ਕੋਈ ਪਿੱਛੋਂ ਨਹੀਂ। ਤਖ਼ਤ ਤੇ ਸਾਰੇ ਗੁਰਦੁਆਰੇ ਸਿੱਖ-ਅਰਦਾਸਿ ਵਿਚ ਇਕੋ ਫ਼ਿਕਰੇ ਵਿਚ ਚੇਤੇ ਕੀਤੇ ਗਏ ਹਨ ਤਾਂ ਜੋ ਸਿੱਖ ਹਰ ਗੁਰਦੁਆਰੇ ਅਤੇ ਅਕਾਲ ਤਖ਼ਤ ਸਾਹਿਬ ਦਾ ਪਹਿਰੇਦਾਰ ਬਣੇ। ਉਨ੍ਹਾਂ ਦੀ ਹਿਫ਼ਾਜ਼ਤ, ਇੱਜ਼ਤ ਅਤੇ ਸੇਵਾ-ਸੰਭਾਲ ਹਰ ਸਿੱਖ ਦਾ ਕੌਮੀ ਫ਼ਰਜ਼ ਹੈ। ਸਿੱਖ ਆਪਣੀ ਅਰਦਾਸਿ ਵਿਚ ਇਸ ਫ਼ਰਜ਼ ਨੂੰ ਸੰਭਾਲਣ ਦਾ ਐਲਾਨ ਕਰਦਾ ਹੈ।

ਸਿੱਖਾਂ ਦੀ ਕੌਮੀ-ਅਰਦਾਸਿ ਦੇ ਪਹਿਲੇ ਅੱਧ ਵਿਚ ਵਾਹਿਗੁਰੂ, ਗੁਰੂ ਸਾਹਿਬਾਨ, ਸ਼ਬਦ ਗੁਰੂ, ਕੌਮ ਦੇ ਸੇਵਾਦਾਰ, ਸ਼ਹੀਦ, ਜੁਝਾਰੂ, ਤਖ਼ਤ ਦੇ ਗੁਰਦੁਆਰੇ ਚੇਤੇ ਕਰਨ ਦਾ ਮਕਸਦ ਉਨ੍ਹਾਂ 'ਤੇ ਅਕੀਦਾ ਜ਼ਾਹਿਰ ਕਰਨਾ ਅਤੇ ਉਨ੍ਹਾਂ ਦੇ ਵਿਰਸੇ ਦਾ ਹਿੱਸਾ ਬਣਨਾ ਹੈ। ਸਿੱਖਾਂ ਨੇ ਸਿਰਫ਼ ਉਨ੍ਹਾਂ ਨੂੰ ਚੇਤੇ ਹੀ ਨਹੀਂ ਕਰਨਾ, ਬਲਕਿ ਉਨ੍ਹਾਂ ਦੀ ਸਿਖਿਆ 'ਤੇ ਅਮਲ ਵੀ ਕਰਨਾ ਹੈ। ਸਿੱਖ ਰੋਜ਼, ਘੱਟੋ ਘੱਟ ਦੋ ਵਾਰ, ਇਸ ਐਲਾਨਨਾਮੇ ਅਤੇ ਇਸ ਵਿਚ ਸਿੱਖ ਕੌਮ ਦੀ ਤਵਾਰੀਖ਼ ਨੂੰ ਦੁਹਰਾਉਂਦੇ ਹਨ। ਇਸ ਐਲਾਨ-ਨਾਮੇ ਦਾ ਮਾਅਨਾ ਇਹੀ ਹੈ ਕਿ ਸਿੱਖ ਨੇ ਉਨ੍ਹਾਂ ਤੋਂ ਜੋ ਕੁਝ ਸਿੱਖਿਆ ਹੈ, ਉਸ ਮੁਤਾਬਿਕ ਜ਼ਿੰਦਗੀ ਜਿਊਣੀ ਹੈ। ਸਬਕ ਚੇਤੇ ਕਰਨਾ ਅਤੇ ਉਸ 'ਤੇ ਅਮਲ ਕਰਨਾ ਪੂਰਾ ਨੁਕਤਾ ਹੈ। ਸਿਰਫ਼ ਜਾਣਨਾ ਹੀ ਕਾਫ਼ੀ ਨਹੀਂ। ਜਾਣਨ ਮਗਰੋਂ 'ਅਮਲ' ਨਾ ਕਰਨਾ ਦੰਭ ਹੈ, ਬੇਈਮਾਨੀ ਹੈ, ਝੂਠ ਹੈ ਅਤੇ ਵੱਡਾ ਗੁਨਾਹ ਹੈ। ਇੰਵ ਹੀ ਤਖ਼ਤਾਂ ਅਤੇ ਗੁਰਦੁਆਰਿਆਂ ਨੂੰ ਚੇਤੇ ਕਰਨਾ ਪਰ ਉਨ੍ਹਾਂ ਨੂੰ ਆਪਣਾ ਨਾ ਸਮਝਣਾ, ਉਨ੍ਹਾਂ ਦੀ ਸੇਵਾ-ਸੰਭਾਲ ਤੇ ਹਿਫ਼ਾਜ਼ਤ ਤੋਂ ਦੂਰ ਰਹਿਣਾ ਵੀ ਸਿੱਖ ਵਾਸਤੇ ਗੁਨਾਹ ਹੈ। ਗੁਰਦੁਆਰੇ ਤੇ ਤਖ਼ਤਾਂ ਨੂੰ ਅਰਦਾਸਿ ਦੇ ਪਹਿਲੇ ਅੱਧ ਵਿਚ ਸ਼ਹੀਦਾਂ ਨੂੰ ਰੋਜ਼ ਚੇਤੇ ਕਰਨ ਦਾ ਮਾਅਨਾ ਇਹ ਹੈ ਕਿ ਜਿੰਨੀ ਮਹਾਨਤਾ ਸ਼ਹੀਦਾਂ ਦੀ ਹੈ, ਓਨੀ ਹੀ ਗੁਰਦੁਆਰਿਆਂ ਦੀ ਵੀ ਹੈ। ਗੁਰਦੁਆਰੇ 'ਤੇ ਹਮਲਾ ਹੋਣਾ ਸਿੱਖ ਵਾਸਤੇ ਇੰਵ ਹੈ, ਜਿਵੇਂ ਕਿਸੇ ਸ਼ਹੀਦ 'ਤੇ, ਗੁਰੂ 'ਤੇ ਜਾਂ ਵਾਹਿਗੁਰੂ 'ਤੇ ਹਮਲਾ ਹੋਇਆ ਹੋਵੇ। ਜੇ ਇਕ ਸਿੱਖ ਇਸ ਹਮਲੇ ਨੂੰ ਕਬੂਲ ਕਰਦਾ ਹੈ ਤਾਂ ਯਕੀਨਨ ਉਹ ਬੁਜ਼ਦਿਲ, ਝੂਠਾ ਅਤੇ ਦੰਭੀ ਹੈ। ਅਜਿਹਾ ਬੰਦਾ ਤਾਂ ਸਿੱਖ ਹੀ ਨਹੀਂ ਹੋ ਸਕਦਾ।

ਸਿੱਖ-ਅਰਦਾਸਿ ਦਾ ਦੂਜਾ ਅੱਧ ਵਾਹਿਗੁਰੂ ਤੋਂ 'ਮੰਗਣ' ਬਾਰੇ ਹੈ। ਸਿੱਖ ਦੀ 'ਮੰਗ' ਦੂਜੇ ਧਰਮਾਂ ਤੋਂ ਵੱਖਰੀ ਹੈ। ਦੂਜੇ ਧਰਮਾਂ ਵਿਚ ਮਾਲੀ ਖ਼ੁਸ਼ਹਾਲੀ, ਸੁਖ, ਆਰਾਮ, ਤਰੱਕੀ ਵਗੈਰਾ ਮੰਗੀ ਜਾਂਦੀ ਹੈ ਪਰ ਸਿੱਖ ਧਰਮ ਇਸ ਤੋਂ ਅੱਡਰੀ 'ਮੰਗ' ਕਰਦਾ ਹੈ। ਉਂਵ ਇਸ ਨੂੰ 'ਮੰਗਣਾ' ਆਖਣਾ ਵੀ ਪੂਰੀ ਤਰ੍ਹਾਂ ਢੁਕਦਾ ਨਹੀਂ। ਸਿੱਖ ਦੀ ਮੰਗ ਵਿਚ ਕੋਈ ਅਜਿਹੀ ਚੀਜ਼ ਨਹੀਂ, ਜੋ ਦੁਨਿਆਵੀ ਸੌਖ ਜਾਂ ਸੁਖ ਦੀ ਖ਼ਾਹਿਸ਼ ਹੋਵੇ। ਫਿਰ, ਇਹ ਨਿਜੀ ਵੀ ਨਹੀਂ। ਸਿੱਖ ਦੀ ਅਰਦਾਸਿ ਵਿਚ ਕੁਝ ਵੀ ਨਿਜ ਵਾਸਤੇ ਨਹੀਂ। ਸਿੱਖ ਤਾਂ ਸਾਰੀ ਕੌਮ ਵਾਸਤੇ ਮੰਗਦਾ ਹੈ। ਸਿੱਖ ਸਿਰਫ਼ ਕੌਮ ਵਾਸਤੇ ਹੀ ਨਹੀਂ ਸਾਰੀ ਲੋਕਾਈ (ਸਰਬਤ) ਵਾਸਤੇ ਮੰਗਦਾ ਹੈ। ਸਿੱਖ ਦੀ ਅਰਦਾਸਿ ਨੂੰ ਤਾਂ ਸਿੱਖ ਦੀ ਅਰਦਾਸਿ ਆਖਣਾ ਵੀ ਪੂਰਾ ਸਹੀ ਨਹੀਂ ਹੈ। ਇਹ ਤਾਂ ਕੁਲ-ਆਲਮ ਦੀ ਅਰਦਾਸਿ ਹੈ। ਇਹ ਤਾਂ ਸਾਰੀ ਲੋਕਾਈ ਦੀ ਅਰਦਾਸਿ ਹੈ।

ਸਿੱਖ ਦੀ ਕੌਮੀ 'ਮੰਗ' ਕੀ ਹੈ? ਸਿੱਖ ਦੀ ਵਾਹਿਗੁਰੂ ਅੱਗੇ ਅਰਜ਼ ਕੀ ਹੈ? ਹਰ ਵੇਲੇ ਵਾਹਿਗੁਰੂ ਚੇਤੇ ਆਵੇ, ਹਰ ਕੰਮ ਕਰਦਿਆਂ ਵਾਹਿਗੁਰੂ ਦਾ ਨਿਰਮਲ-ਭਉ ਅਤੇ ਭਾਉ (ਪਿਆਰ) ਸਿੱਖ ਦੇ ਸੀਨੇ ਅਤੇ ਰੂਹ ਵਿਚ ਹੋਵੇ (ਤੇ ਫਿਰ ਸਾਰੇ ਸੁਖ ਆਪਣੇ ਆਪ ਜਾਂਦੇ ਹਨ), ਫਿਰ ਜਿਥੇ ਵੀ ਖ਼ਾਲਸਾ (ਨਕਲੀ ਸਿੱਖ ਨਹੀਂ) ਹੋਵੇਗਾ, ਉਥੇ ਹਿਫ਼ਾਜ਼ਤ (ਰੱਖਿਆ

ਰਿਆਇਤ) ਅਤੇ ਨਿਗਾਹਬਾਨੀ ਵਾਹਿਗੁਰੂ ਦੀ ਹੋਣੀ ਹੀ ਹੈ, ਉਥੇ ਮਾਲੀ ਮਸਲਾ ਨਹੀਂ ਹੋਣਾ (ਦੇਗ ਫ਼ਤਹਿ ਹੋਣੀ ਹੈ), ਉਥੇ ਸਿਆਸੀ ਗ਼ੁਲਾਮੀ ਨਹੀਂ ਹੋਣੀ (ਤੇਗ ਫ਼ਤਹਿ ਹੋਣੀ ਹੈ), ਅਜਿਹੀ ਮਾਲੀ ਤੇ ਸਿਆਸੀ (ਦੇਗ ਤੇਗ) ਦੇ ਨਾਲ-ਨਾਲ ਬਿਰਦ (ਫ਼ਰਜ਼) ਦੀ ਪੈਜ (ਸਿੱਖ ਨੇ ਆਪਣੇ 'ਬਿਰਦ' ਦੀ ਤੇ ਵਾਹਿਗੁਰੂ ਨੇ ਆਪਣੇ ਬਿਰਦ ਦੀ ਇੱਜ਼ਤ ਰੱਖਣੀ ਹੀ ਹੈ), ਅਜਿਹੇ ਫ਼ਲਸਫ਼ੇ 'ਤੇ ਚਲਣ ਵਾਲਿਆਂ (ਪੰਥ) ਨੂੰ 'ਜਿੱਤ' ਵਾਹਿਗੁਰੂ ਨੇ ਹੀ ਦੇਣੀ ਹੈ ਅਤੇ ਫੇਰ ਇਸ ਸਭ ਨੂੰ ਬਰਕਰਾਰ ਅਤੇ ਮਹਿਫ਼ੂਜ਼ ਰੱਖਣ ਵਾਸਤੇ ਤਾਕਤ (ਸ੍ਰੀ ਸਾਹਿਬ) ਵੀ ਉਸੇ ਨੇ ਦੇਣੀ ਹੈ। ਇਹ ਸਾਰਾ ਕੁਝ ਹੋਣ ਮਗਰੋਂ ਖ਼ਾਲਸਾ ਜੀ (ਅਕਾਲ ਪੁਰਖ ਦੇ ਸਿੱਧੇ ਵਾਰਿਸ) ਦੇ ਬੋਲ ਬਾਲੇ (ਉਚੇ) ਹੋਣੇ ਹੀ ਹਨ। ਜਾਨਿ ਸਿੱਖਾਂ ਦੀ ਅਰਦਾਸਿ ਵਿਚ, ਸਾਰਾ ਕੁਝ ਕੌਮ ਵਾਸਤੇ ਮੰਗ ਕੇ ਵੀ, ਕੁਝ ਵੀ ਨਹੀਂ ਮੰਗਿਆ ਗਿਆ। ਨਿਚੋੜ ਇਹੀ ਹੈ ਕਿ ਵਾਹਿਗੁਰੂ ਜਿਨ੍ਹਾਂ ਨੂੰ ਆਪਣੇ ਸੱਚੇ-ਵਾਰਿਸ (ਖ਼ਾਲਸਾ) ਮੰਨਦਾ ਹੈ, ਉਨ੍ਹਾਂ ਨੂੰ ਆਪਣੀ ਤਾਕਤ ਦੇਵੇ। ਏਥੇ ਵੀ ਮੰਗਣ ਦੀ ਬਜਾਇ ਵਾਹਿਗੁਰੂ ਦੇ ਹੁਕਮ, ਡਰ ਅਤੇ ਉਸ ਨਾਲ ਪਿਆਰ ਵਿਚ ਰਹਿਣ ਦੀ ਖ਼ਾਹਿਸ਼ ਹੈ। ਇਸ ਨੂੰ 'ਮੰਗਣਾ' ਕਿਵੇਂ ਆਖਾਂਗੇ? ਇਹ ਤਾਂ ਮੁਹੱਬਤ ਅਤੇ ਅਕੀਦੇ ਦੇ ਮਿੱਠੇ ਬੋਲ ਨੇ।

ਅੱਗੇ ਜਾ ਕੇ ਸਿੱਖ ਦੀ ਫ਼ਿਹਰਿਸਤ ਵਿਚ 'ਮੰਗੇ ਦਾਨ' ਵਿਚ ਕੀ ਸ਼ਾਮਿਲ ਹੈ: ਸਿੱਖੀ, ਕੇਸ, ਰਹਿਤ (ਜ਼ਬਾਨੀ ਦਾ ਧਰਮ ਤੇ ਫ਼ਲਸਫ਼ਾ ਨਹੀਂ ਬਲਕਿ ਉਸ 'ਤੇ ਅਮਲ), ਬਿਬੇਕ, (ਸੂਝ, ਸਮਝ, ਪਛਾਣ ਕਿ ਧਰਮ ਅਤੇ ਰਹਿਤ ਕੀ ਹੈ?) ਵਿਸਾਹ ਦਾਨ (ਵਾਹਿਗੁਰੂ 'ਤੇ ਪੂਰਾ ਯਕੀਨ, ਇਸ ਵਿਚ ਕੋਈ ਵੀ, ਕਿਸੇ ਕਿਸਮ ਦੀ ਵੀ ਗੁੰਜਾਇਸ਼ ਨਹੀਂ), ਭਰੋਸਾ ਦਾਨ (ਉਸ ਉੱਤੇ ਅਤੇ ਉਸ ਦੀ ਮਿਹਰ ਤੇ ਬਖ਼ਸ਼ਿਸ਼ ਉੱਤੇ ਪੂਰੀ ਟੇਕ), ਨਾਮ ਦਾਨ (ਉਸ ਦਾ ਹਰ ਵੇਲੇ ਸਿਮਰਨ, ਉਸ ਨੂੰ ਹਰ ਵੇਲੇ ਚੇਤੇ ਰੱਖਣਾ, ਹਰ ਵੇਲੇ ਰੂਬਰੂ ਰੱਖਣਾ)। ਇਹ ਸਿੱਖ ਦੀਆਂ ਮੰਗਾਂ ਦੀ ਲਿਸਟ ਵਿਚ ਸ਼ਾਮਿਲ ਹੈ । ਇਸੇ ਫ਼ਿਹਰਿਸਤ ਦਾ ਛੇਕੜਲਾ ਹਿੱਸਾ ਹੈ: ਅੰਮ੍ਰਿਤਸਰ ਦੇ ਇਸ਼ਨਾਨ (ਇੱਥੇ 'ਅੰਮ੍ਰਿਤਸਰ' ਗੁਰੂ ਦੀ ਬਾਣੀ ਵਾਸਤੇ ਵਰਤਿਆ ਗਿਆ ਹੈ, ਅੰਮ੍ਰਿਤਸਰ ਸਰੋਵਰ ਵਾਸਤੇ ਨਹੀਂ। ਇਹ ਸ਼ਬਦ ਦੇ ਇਸ਼ਨਾਨ ਦੀ ਅਰਦਾਸਿ ਹੈ), ਚੌਕੀਆਂ, ਝੰਡੇ ਬੁੰਗੇ (ਮੀਰੀ ਤੇ ਪੀਰੀ ਦਾ ਐਲਾਨਨਾਮਾ) ਅਟੱਲ ਰਹਿਣ, ਧਰਮ (ਫ਼ਲਸਫ਼ੇ, ਅਸੂਲ, ਸੱਚ) ਦਾ ਜੈਕਾਰ ਸਿੱਖ ਦੀ ਫ਼ਿਹਰਿਸਤ ਵਿਚ ਸ਼ਾਮਿਲ ਹੈ।

ਫਿਰ ਹੋਰ ਸਿੱਖ ਕੀ ਮੰਗਦਾ ਹੈ ? ਬੋਲ ਬਾਲੇ ਨਾਲੇ ਧੌਣ ਆਕੜਨੀ ਨਹੀਂ ਚਾਹੀਦੀ। ਸਿੱਖ ਦਾ ਮਨ ਨੀਵਾਂ ਤੇ ਮੱਤ ਉੱਚੀ ਹੋਣੀ ਚਾਹੀਦੀ ਹੈ ਤੇ ਇਸ ਮੱਤ ਦਾ ਰਾਖਾ (ਮੱਤ ਨੂੰ ਸੇਧ ਦੇਣ ਵਾਲਾ) ਵਾਹਿਗੁਰੂ ਹੈ।

ਸਿੱਖਾਂ ਦੀ ਕੌਮੀ ਅਰਦਾਸਿ ਵਿਚ ਇਕ ਵਕਤੀ ਮੰਗ ਜ਼ਰੂਰ ਮੰਗੀ ਹੋਈ ਹੈ। ਉਹ ਹੈ 'ਪੰਥ ਦੇ ਵਿਛੜੇ ਗੁਰਧਾਮਾਂ ਦੀ ਸੇਵਾ ਸੰਭਾਲ' ਦੀ ਮੰਗ। ਸਿੱਖਾਂ ਤੋਂ ਨਾਨਕਾਣਾ ਸਾਹਿਬ (ਅਤੇ ਪਾਕਿਸਤਾਨ ਵਿਚਲੇ ਗੁਰਦੁਆਰੇ) ਹੀ ਨਹੀਂ ਬਲਕਿ ਸਿੱਖ ਹੋਮਲੈਂਡ ਤੋਂ ਬਾਹਰਲੇ ਕਈ ਗੁਰਦੁਆਰੇ (ਸਣੇ ਹਜ਼ੂਰ ਸਾਹਿਬ, ਪਟਨਾ ਸਾਹਿਬ ਤੇ ਹੋਰ) ਜੋ ਸਿੱਖਾਂ ਤੋਂ "ਖੋਹੇ" ਹੋਏ ਹਨ। ਇਸ ਵਕਤ ਹਰ ਗੁਰਦੁਆਰੇ ਉੱਤੇ ਕਿਸੇ ਟੱਬਰ ਜਾਂ ਧੜੇ ਦਾ ਸਿੱਧਾ ਜਾਂ ਅਸਿੱਧਾ ਕਬਜ਼ਾ ਹੈ। ਸਿੱਖਾਂ ਦੀ ਇਹ ਵਕਤੀ ਮੰਗ ਵੀ ਵਾਹਿਗੁਰੂ ਦੇ ਦੁਆਰੇ ਆਜ਼ਾਦ ਰਹਿਣ ਦੀ ਅਰਦਾਸਿ ਹੈ। ਇਹ ਧਾਰਮਿਕ ਆਜ਼ਾਦੀ ਦੇ ਹੱਕ ਦੀ ਅਰਦਾਸਿ ਵੀ ਆਖੀ ਜਾ ਸਕਦੀ ਹੈ।

ਸਿੱਖ-ਅਰਦਾਸਿ ਦੇ ਆਖ਼ਰੀ ਹਿੱਸੇ ਵਿਚ ਚੜ੍ਹਦੀ ਕਲਾ (ਨਾਮ ਨਾਲ) ਅਤੇ ਕੁਲ ਆਲਮ (ਸਰਬਤ) ਦੀ ਬੇਹਤਰੀ, ਖ਼ੁਸ਼ਹਾਲੀ (ਭਲਾ) ਦੀ ਲੋਚਾ ਕੀਤੀ ਗਈ ਹੈ। ਚੜ੍ਹਦੀ ਕਲਾ, ਨਾਮ ਜਪਣ ਨਾਲ ਹੋਏ ਅਤੇ ਭਲਾ ਕੁਲ ਲੋਕਾਈ ਦਾ ਹੋਏ। ਕਿਹੜਾ ਧਰਮ ਤੇ

ਕਿਹੜੀ ਕੌਮ ਅਜਿਹੀ ਅਰਦਾਸਿ ਕਰਦੀ ਹੈ? ਸਿੱਖ, ਹਰ ਵੇਲੇ, ਕੁਲ ਆਲਮ ਦਾ ਭਲਾ ਮੰਗਦਾ ਹੋਣ ਕਰ ਕੇ, ਸਮੁੱਚੀ ਲੋਕਾਈ ਦਾ ਨੁਮਾਇੰਦਾ ਹੈ।

ਸ਼ਾਇਦ ਇਸੇ ਕਰ ਕੇ ਜੋ ਲੋਕ ਰੱਬ ਤੋਂ ਮੁਨਕਰ ਨੇ, ਉਹ ਕੁਲ ਲੋਕਾਈ ਦੇ ਨੁਮਾਇੰਦਿਆਂ ਦੇ ਪੰਥ ਨੂੰ ਖ਼ਤਮ ਕਰਨਾ ਲੋਚਦੇ ਨੇ। ਭਲਾ ਵਾਹਿਗੁਰੂ ਦਾ ਖਾਲਸਾ ਕਦੇ ਖ਼ਤਮ ਹੋ ਸਕਦਾ ਹੈ! ਜਿਹੜਾ ਵਾਹਿਗੁਰੂ ਦਾ ਆਪਣਾ ਹੈ, ਉਸ ਦੀ ਨਿਗਾਹਬਾਨੀ ਤਾਂ ਵਾਹਿਗੁਰੂ ਨੇ ਆਪ ਹੀ ਕਰਨੀ ਹੈ।

ਅਰਦਾਸਿ ਵਿਚਲੇ ਕੁਝ ਨੁਕਤੇ

ਪੰਜ ਪਿਆਰੇ

ਪੰਜ ਪਿਆਰੇ ਉਹ ਸਿੰਘ ਸਨ, ਜਿਨ੍ਹਾਂ ਨੇ 29 ਮਾਰਚ 1698/1699 ਦੇ ਦਿਨ ਆਪਣਾ ਸਿਰ ਭੇਂਟ ਕੀਤਾ ਸੀ ਅਤੇ ਸਭ ਤੋਂ ਪਹਿਲਾਂ 'ਖੰਡੇ ਦੀ ਪਾਹੁਲ' ਹਾਸਿਲ ਕੀਤੀ। ਇਹ ਪੰਜ ਸਨ: ਭਾਈ ਦਇਆ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ। ਇਹ ਪੰਜੇ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਅਨੰਦਪੁਰ ਸਾਹਿਬ ਕਈ ਸਾਲਾਂ ਤੋਂ ਰਹਿ ਰਹੇ ਸਨ ਤੇ ਗੁਰੂ ਸਾਹਿਬ ਦੇ ਸਭ ਤੋਂ ਵੱਧ ਪਰਖੇ ਸਿੰਘਾਂ ਵਿਚ ਸ਼ਾਮਿਲ ਸਨ। ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਹਿੰਮਤ ਸਿੰਘ 7-8 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦ ਹੋਏ ਸਨ ਅਤੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਨੇ 1708 ਵਿਚ ਨੰਦੇੜ 'ਚ ਚੜ੍ਹਾਈ ਕੀਤੀ ਸੀ।

ਚਾਰ ਸਾਹਿਬਜ਼ਾਦੇ

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਾਰੇ ਸਪੁੱਤਰਾਂ ਨੂੰ ਚਾਰ ਸਾਹਿਬਜ਼ਾਦੇ ਕਿਹਾ ਜਾਂਦਾ ਹੈ। ਇਹ ਸਨ: ਅਜੀਤ ਸਿੰਘ (26.1.1687-7.12.1705), ਜੁਝਾਰ ਸਿੰਘ (14.3.1691-7.12.1705), ਜ਼ੋਰਾਵਰ ਸਿੰਘ (17.11.1696-13.12.1705) ਅਤੇ ਫ਼ਤਹਿ ਸਿੰਘ (27.1.1698-13.12.1705)। ਪਹਿਲੇ ਦੋ ਸਾਹਿਬਜ਼ਾਦੇ ਚਮਕੌਰ 'ਚ ਲੜਦੇ ਸ਼ਹੀਦ ਹੋਏ ਸਨ ਤੇ ਛੋਟੇ ਦੋ ਸਾਹਰਿੰਦ (ਹੁਣ ਸਰਹਿੰਦ) ਵਿਚ ਨੀਹਾਂ ਵਿਚ ਚਿਣੇ ਜਾਣ ਪਿੱਛੋਂ ਸ਼ਹੀਦ ਕੀਤੇ ਗਏ ਸਨ।

ਚਾਲ੍ਹੀ ਮੁਕਤੇ

ਅਰਦਾਸਿ ਵਿਚ ਜਿਨ੍ਹਾਂ ਚਾਲੀ ਮੁਕਤਿਆਂ ਦਾ ਜ਼ਿਕਰ ਆਉਂਦਾ ਹੈ, ਉਹ ਦੋ ਹਨ: ਇਕ ਉਹ ਜੋ 5-6 ਦਸੰਬਰ ਨੂੰ ਗੁਰੂ ਸਾਹਿਬ ਦੇ ਨਾਲ ਅਨੰਦਪੁਰ ਸਾਹਿਬ ਤੋਂ ਟੁਰੇ ਅਤੇ ਜਿਨ੍ਹਾਂ 'ਚੋਂ ਬਹੁਤੇ 7-8 ਦਸੰਬਰ, 1705 ਨੂੰ ਚਮਕੌਰ ਵਿਖੇ ਸ਼ਹੀਦ ਹੋਏ ਤੇ ਦੂਜੇ ਉਹ ਜੋ 29 ਦਸੰਬਰ, 1705 ਦੇ ਦਿਨ ਖਿਦਰਾਣੇ ਦੀ ਢਾਬ (ਮੁਕਤਸਰ) ਵਿਚ ਸ਼ਹੀਦ ਹੋਏ ਸਨ। ਚਮਕੌਰ ਦੇ ਚਾਲ੍ਹੀ ਮੁਕਤਿਆਂ ਦਾ ਜ਼ਿਕਰ ਦਸਵੇਂ ਪਾਤਿਸ਼ਾਹ ਨੇ **ਜ਼ਫ਼ਰਨਾਮਾ** ਵਿਚ ਵੀ ਕੀਤਾ ਹੈ।

ਸਿੱਖ ਕਿਵੇਂ ਮੁਖ਼ਾਤਿਬ ਹੁੰਦੇ ਹਨ

ਸਿੱਖ ਆਪਸ ਵਿਚ ਮਿਲਣ ਆਖਦੇ ਹਨ:

ਵਾਹਿਗੁਰੂ ਜੀ ਕਾ/ਦਾ ਖਾਲਸਾ ॥

ਵਾਹਿਗੁਰੂ ਜੀ ਕੀ/ਦੀ ਫ਼ਤਹਿ ॥

ਸਿੱਖਾਂ ਦਾ ਕੌਮੀ ਤਰਾਨਾ

ਸਿੱਖਾਂ ਦਾ ਕੌਮੀ ਤਰਾਨਾ, ਜੋ ਸਿੱਖ ਰਿਆਸਤਾਂ ਵਿਚ ਅੰਗਰੇਜ਼ੀ ਰਾਜ ਵੇਲੇ ਵੀ ਗਾਇਆ ਜਾਂਦਾ ਸੀ, ਇੰਞ ਹੈ:

ਦੇਗ-ਓ-ਤੇਗ-ਓ-ਫ਼ਤਹਿ
ਓ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ
ਗੁਰੂ ਗੋਬਿੰਦ ਸਿੰਘ॥

ਰਾਜ ਕਰੇਗਾ ਖਾਲਸਾ
ਆਕੀ ਰਹੇ ਨਾ ਕੋਇ॥
ਖੁਆਰ ਹੋਇ ਸਭ ਮਿਲੇਂਗੇ
ਬਚੇ ਸ਼ਰਣ ਜੋ ਹੋਇ ॥

ਕੁਝ ਲਫ਼ਜ਼ ਜੋ ਸਿੱਖਾਂ ਨੂੰ ਕੌੜੇ ਲਗਦੇ ਹਨ

1. ਗੁਰਦੁਆਰਾ 'ਸਿੱਖ ਟੈਂਪਲ' ਨਹੀਂ ਹੈ। ਦਰਬਾਰ ਸਾਹਿਬ 'ਗੋਲਡਨ ਟੈਂਪਲ' ਨਹੀਂ ਹੈ।

2. ਗੁਰੂ ਗ੍ਰੰਥ ਸਾਹਿਬ 'ਕਿਤਾਬ' ਨਹੀਂ "ਗ੍ਰੰਥ" ਹੈ।

3. ਅੰਮ੍ਰਿਤ ਸੰਸਕਾਰ ਬੈਪਤਿਸਮਾ (Baptism) ਨਹੀਂ ਹੈ।

4. ਪੰਜ ਕਕਾਰ 'ਚਿੰਨ੍ਹ' (ਸ਼ੇਮੇਬੋਲਸ) ਜਾਂ ਨਿਸ਼ਾਨੀਆਂ ਨਹੀਂ ਹਨ।

5. ਸਿੱਖ ਦੇ ਨਾਂ ਨਾਲ 'ਸ੍ਰੀ' ਨਹੀਂ 'ਸਿਰਦਾਰ' (ਉਰਦੂ ਵਿਚ ਸਰਦਾਰ) ਲਿਖਿਆ ਜਾਂਦਾ ਹੈ।

ਸਿੱਖ ਤਵਾਰੀਖ਼ ਦੀਆਂ ਕੁਝ ਮਸ਼ਹੂਰ ਤਾਰੀਖ਼ਾਂ

20.10.1469	ਗੁਰੂ ਨਾਨਕ ਸਾਹਿਬ ਦਾ ਜਨਮ।
31.3.1504	(ਗੁਰੂ) ਅੰਗਦ ਸਾਹਿਬ ਦਾ ਜਨਮ।
6.10.1506	ਬਾਬਾ ਬੁੱਢਾ ਜੀ ਦਾ ਜਨਮ।
ਅਕਤੂਬਰ 1504	ਗੁਰੂ ਨਾਨਕ ਸਾਹਿਬ ਸੁਲਤਾਨਪੁਰ ਚਲੇ ਗਏ।
ਸਤੰਬਰ 1507	ਗੁਰੂ ਨਾਨਕ ਸਾਹਿਬ ਨੇ ਪਹਿਲੀ ਉਦਾਸੀ ਸ਼ੁਰੂ ਕੀਤੀ।
15.4.1509	(ਗੁਰੂ) ਅਮਰ ਦਾਸ ਸਾਹਿਬ ਦਾ ਜਨਮ।
1515	ਗੁਰੂ ਨਾਨਕ ਸਾਹਿਬ ਪਹਿਲੀ ਉਦਾਸੀ ਤੋਂ ਵਾਪਸ ਮੁੜੇ।
1517	ਗੁਰੂ ਨਾਨਕ ਸਾਹਿਬ ਨੇ ਦੂਜੀ ਉਦਾਸੀ ਸ਼ੁਰੂ ਕੀਤੀ।
1519	ਗੁਰੂ ਨਾਨਕ ਸਾਹਿਬ ਮੱਕਾ, ਮਦੀਨਾ, ਬਗ਼ਦਾਦ ਵੱਲ ਗਏ।
1522	ਗੁਰੂ ਨਾਨਕ ਸਾਹਿਬ ਨੇ ਕੀਰਤਪੁਰ ਦੀ ਨੀਂਹ ਰੱਖੀ ਤੇ ਉਥੇ ਵਸ ਗਏ।
28.1.1530	ਗੁਰੂ ਨਾਨਕ ਸਾਹਿਬ ਅਚਲ ਵਟਾਲਾ ਗਏ।
ਅਕਤੂਬਰ 1532	ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਕਰਤਾਰਪੁਰ ਆਏ ਤੇ ਗੁਰੂ ਨਾਨਕ ਸਾਹਿਬ ਨੂੰ ਮਿਲੇ।
24.9.1534	(ਗੁਰੂ) ਰਾਮ ਦਾਸ ਸਾਹਿਬ ਦਾ ਜਨਮ।
14.6.1539	ਗੁਰੂ ਨਾਨਕ ਸਾਹਿਬ ਨੇ (ਗੁਰੂ) ਅੰਗਦ ਸਾਹਿਬ ਨੂੰ ਵਾਰਿਸ ਐਲਾਨਿਆ।
22.9.1539	ਗੁਰੂ ਨਾਨਕ ਸਾਹਿਬ ਜੋਤੀ ਜੋਤਿ ਸਮਾਏ।
7.10.1539	ਮਾਤਾ ਸੁਲੱਖਣੀ ਚੜ੍ਹਾਈ ਕਰ ਗਏ।
1544	(ਗੁਰੂ) ਅਮਰ ਦਾਸ ਸਾਹਿਬ ਖਡੂਰ ਸਾਹਿਬ ਆਏ ਅਤੇ ਗੁਰੂ ਅੰਗਦ ਸਾਹਿਬ ਦੇ ਦਰਸ਼ਨ ਕੀਤੇ।
29.3.1552	ਗੁਰੂ ਅੰਗਦ ਸਾਹਿਬ ਜੋਤੀ ਜੋਤਿ ਸਮਾਏ।
1552	ਗੁਰੂ ਅਮਰ ਦਾਸ ਸਾਹਿਬ ਗੋਇੰਦਵਾਲ ਰਹਿਣ ਲੱਗ ਪਏ।
1556	ਗੋਇੰਦਵਾਲ ਸਾਹਿਬ ਵਿਚ ਬਾਉਲੀ ਦੀ ਖੁਦਵਾਈ।
15.4.1563	(ਗੁਰੂ) ਅਰਜਨ ਸਾਹਿਬ ਦਾ ਜਨਮ।
1564	ਭਾਈ ਜੇਠਾ (ਗੁਰੂ ਰਾਮ ਦਾਸ ਸਾਹਿਬ) ਨੇ ਪਿੰਡ ਤੁੰਗ ਵਾਲੀ ਥਾਂ ਸੰਤੋਖਸਰ ਸਰੋਵਰ ਦੀ ਖੁਦਵਾਈ ਸ਼ੁਰੂ ਕਰਵਾਈ।
1570	ਅੰਮ੍ਰਿਤਸਰ ਸਰੋਵਰ ਦੀ ਖੁਦਵਾਈ ਸ਼ੁਰੂ ਹੋਈ।
1.9.1574	ਗੁਰੂ ਅਮਰ ਦਾਸ ਸਾਹਿਬ ਜੋਤੀ ਜੋਤਿ ਸਮਾਏ।
ਅਖ਼ੀਰ 1574	ਗੁਰੂ ਰਾਮ ਦਾਸ ਸਾਹਿਬ 'ਗੁਰੂ ਦਾ ਚੱਕ' (ਅੰਮ੍ਰਿਤਸਰ) ਰਹਿਣ ਲੱਗ ਪਏ।
1.9.1581	ਗੁਰੂ ਰਾਮ ਦਾਸ ਸਾਹਿਬ ਜੋਤੀ ਜੋਤਿ ਸਮਾਏ।

1586	ਅੰਮ੍ਰਿਤਸਰ ਸਰੋਵਰ ਤਿਆਰ ਹੋ ਗਿਆ ਤੇ ਇਸ ਨੂੰ ਪੱਕਾ ਕਰਨਾ ਸ਼ੁਰੂ ਹੋਇਆ।
1587	ਬੀਰਬਲ ਵੱਲੋਂ ਅੰਮ੍ਰਿਤਸਰ 'ਤੇ ਹਮਲਾ ਕਰਨ ਦੀ ਧਮਕੀ।
3.1.1588	ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਿਆ।
1588	ਸੰਤੋਖਸਰ ਸਰੋਵਰ ਤਿਆਰ ਹੋ ਗਿਆ।
13.4.1590	ਤਰਨ ਤਾਰਨ ਸਰੋਵਰ ਦੀ ਖੁਦਾਈ ਸ਼ੁਰੂ ਹੋਈ।
19.6.1590	(ਗੁਰੂ) ਹਰਿਗੋਬਿੰਦ ਸਾਹਿਬ ਦਾ ਜਨਮ।
1593	ਗੁਰੂ ਅਰਜਨ ਸਾਹਿਬ ਨੇ ਕਰਤਾਰਪੁਰ (ਜਲੰਧਰ) ਦੀ ਮੋੜ੍ਹੀ ਗੱਡੀ।
1597	ਗੁਰੂ ਅਰਜਨ ਸਾਹਿਬ ਨੇ ਗੋਬਿੰਦਪੁਰ (ਹੁਣ ਹਰਿਗੋਬਿੰਦਪੁਰ) ਵਸਾਉਣਾ ਸ਼ੁਰੂ ਕੀਤਾ।
24.11.1598	ਅਕਬਰ ਗੋਇੰਦਵਾਲ ਆਇਆ ਤੇ ਗੁਰੂ ਅਰਜਨ ਸਾਹਿਬ ਦੇ ਦਰਸ਼ਨ ਕੀਤੇ।
1601	ਰਾਮਸਰ ਸਰੋਵਰ ਤਿਆਰ ਹੋ ਗਿਆ ਤੇ ਇਸ ਦੇ ਕੰਢੇ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਤਿਆਰੀ ਸ਼ੁਰੂ ਹੋਈ।
31.7.1604	ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਤਿਆਰ ਹੋ ਗਿਆ।
16.8.1604	ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ ਵਿਚ ਕੀਤਾ ਗਿਆ।
1605	ਅਕਬਰ ਦੀ ਮੌਤ। ਜਹਾਂਗੀਰ ਮੁਗ਼ਲ ਬਾਦਸ਼ਾਹ ਬਣਿਆ।
23.5.1606	ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕੀਤਾ।
25.5.1606	ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਦੇ ਕੇ ਗੁਰੂ ਅਰਜਨ ਸਾਹਿਬ ਲਾਹੌਰ ਚਲੇ ਗਏ।
26.5.1606	ਗੁਰੂ ਅਰਜਨ ਸਾਹਿਬ ਦੀ ਗ੍ਰਿਫ਼ਤਾਰੀ। ਜਹਾਂਗੀਰ ਨੇ ਸ਼ਹੀਦ ਕਰਨ ਦਾ ਹੁਕਮ ਦਿੱਤਾ।
30.5.1606	ਚਾਰ ਦਿਨਾਂ ਦੇ ਭਾਰੀ ਤਸੀਹਿਆਂ ਮਗਰੋਂ ਗੁਰੂ ਅਰਜਨ ਸਾਹਿਬ ਨੂੰ ਰਾਵੀ ਦਰਿਆ ਦੇ ਬੁਰਦ ਕਰ ਦਿੱਤਾ ਗਿਆ।
4.6.1606	ਗੁਰੂ ਹਰਿਗੋਬਿੰਦ ਸਾਹਿਬ ਡਰੌਲੀ ਭਾਈ ਚਲੇ ਗਏ।
25.9.1606	ਫ਼ਾਦਰ ਜ਼ੀਰੋਮ ਨੇ ਇਕ ਖ਼ਤ ਵਿਚ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦਾ ਜ਼ਿਕਰ ਕੀਤਾ।
ਦਸੰਬਰ 1607	ਗੁਰੂ ਹਰਿਗੋਬਿੰਦ ਸਾਹਿਬ ਗੋਇੰਦਵਾਲ ਆ ਗਏ।
1609	ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਪਰਗਟ ਕੀਤਾ।
1609	ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ।
1609	ਅੰਮ੍ਰਿਤਸਰ ਵਿਚ ਕਿਲ੍ਹਾ ਲੋਹਗੜ੍ਹ ਦੀ ਉਸਾਰੀ ਸ਼ੁਰੂ ਹੋਈ।
1619	ਕਿਲ੍ਹਾ ਲੋਹਗੜ੍ਹ ਤਿਆਰ ਹੋ ਗਿਆ।
31.12.1612	ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਦਿੱਲੀ ਵੱਲ ਚੱਲ ਪਏ।

ਜਨਵਰੀ 1613	ਦਿੱਲੀ ਵਿਚੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ।
20.10.1619	ਗੁਰੂ ਹਰਿਗੋਬਿੰਦ ਸਾਹਿਬ ਦੀ ਰਿਹਾਈ।
27.1.1620	ਗੁਰੂ ਹਰਿਗੋਬਿੰਦ ਸਾਹਿਬ ਅਤੇ ਜਹਾਂਗੀਰ ਵਿਚ ਗੋਇੰਦਵਾਲ ਵਿਚ ਮੁਖ਼ਤਸਰ (ਸੰਖੇਪ) ਮੁਲਾਕਾਤ।
8.2.1620	ਗੁਰੂ ਹਰਿਗੋਬਿੰਦ ਸਾਹਿਬ ਅਤੇ ਜਹਾਂਗੀਰ ਕਲਾਨੌਰ ਵਿਚ ਫੇਰ ਮਿਲੇ।
28.12.1620	ਗੁਰੂ ਹਰਿਗੋਬਿੰਦ ਸਾਹਿਬ ਸੱਤ ਸਾਲ ਦੇ ਵਕਫ਼ੇ ਮਗਰੋਂ ਗੁਰੂ ਦਾ ਚੱਕ (ਅੰਮ੍ਰਿਤਸਰ) ਪੁੱਜੇ। ਸਿੱਖਾਂ ਨੇ ਦੀਵੇ ਜਗਾ ਕੇ ਗੁਰੂ ਸਾਹਿਬ ਨੂੰ 'ਜੀ ਆਇਆਂ' ਆਖਿਆ। (ਇਸ ਦਿਨ ਹਿੰਦੂਆਂ ਦੀ ਦੀਵਾਲੀ ਨਹੀਂ ਸੀ)।
28.9.1621	ਰੁਹੀਲਾ (ਹਰਿਗੋਬਿੰਦਪੁਰ) ਵਿਖੇ ਲੜਾਈ।
3.10.1621	ਭਾਈ ਧੂਤਾ, ਨਾਨੂ, ਮੱਥਰਾ ਭੱਟ ਤੇ ਪਰਾਗ ਦਾਸ ਛਿਬਰ ਸ਼ਹੀਦ ਹੋ ਗਏ।
18.10.1621	(ਗੁਰੂ) ਤੇਗ਼ ਬਹਾਦਰ ਸਾਹਿਬ ਦਾ ਜਨਮ।
23.2.1624	ਬਾਬਾ ਸ੍ਰੀਚੰਦ ਨੇ ਕੀਰਤਪੁਰ ਦੀ ਮੋੜ੍ਹੀ ਗੱਡੀ (ਨੀਂਹ ਰੱਖੀ)।
16.1.1630	(ਗੁਰੂ) ਹਰਿ ਰਾਇ ਸਾਹਿਬ ਦਾ ਜਨਮ।
18.3.1631	ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਡਰੌਲੀ ਭਾਈ ਚਲੇ ਗਏ।
ਜੁਲਾਈ 1631	ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਚਲੇ ਗਏ।
17.11.1631	ਬਾਬਾ ਬੁੱਢਾ ਜੀ ਚੜ੍ਹਾਈ ਕਰ ਗਏ।
13.4.1634	ਅੰਮ੍ਰਿਤਸਰ 'ਤੇ ਮੁਗ਼ਲ ਫ਼ੌਜਾਂ ਦਾ ਹਮਲਾ। ਭਾਈ ਬੱਲੂ, ਭਾਈ ਕੀਰਤ ਭਟ, ਭਾਈ ਸਿੰਘਾ ਤੇ ਹੋਰਾਂ ਦੀ ਸ਼ਹੀਦੀ।
14.4.1634	ਬੀਬੀ ਵੀਰੋ (ਪੁੱਤਰੀ ਗੁਰੂ ਹਰਿਗੋਬਿੰਦ ਸਾਹਿਬ) ਦਾ ਵਿਆਹ।
16.12.1634	ਮਹਿਰਾਜ ਦੀ ਲੜਾਈ। ਭਾਈ ਜੇਠਾ, ਸੁਖੀਆ ਮਾਂਡਨ ਤੇ ਹੋਰਾਂ ਦੀ ਸ਼ਹੀਦੀ।
26-28.4.1635	ਕਰਤਾਪੁਰ (ਜਲੰਧਰ) ਦੀ ਲੜਾਈ। ਭਾਈ ਫੱਤਾ, ਅਮੀਆ, ਕਿਸ਼ਨਾ, ਮਾਧੋ ਪਰਮਾਰ ਅਤੇ ਹੋਰ ਸਿੱਖ ਸ਼ਹੀਦ।
29.4.1635	ਫਗਵਾੜਾ ਦੀ ਲੜਾਈ। ਭਾਈ ਦਾਸਾ, ਸੁਹੇਲਾ, ਜੱਗੂ ਤੇ ਹੋਰ ਸਿੱਖ ਸ਼ਹੀਦ।
3.5.1635	ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਸਾਹਿਬ ਪਹੁੰਚ ਗਏ।
25.4.1636	ਭਾਈ ਗੁਰਦਾਸ ਚੜ੍ਹਾਈ ਕਰ ਗਏ। ਗੁਰੂ ਹਰਿਗੋਬਿੰਦ ਸਾਹਿਬ ਗੋਇੰਦਵਾਲ ਪੁੱਜੇ।
3.3.1644	ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ ਸਮਾਏ।
17.7.1652	(ਗੁਰੂ) ਹਰਿਕ੍ਰਿਸ਼ਨ ਸਾਹਿਬ ਦਾ ਜਨਮ।
29.3.1661	ਔਰੰਗਜ਼ੇਬ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਦਿੱਲੀ ਸੱਦਿਆ।
ਅਪਰੈਲ 1661	ਗੁਰੂ ਹਰਿ ਰਾਇ ਸਾਹਿਬ ਦਾ ਵੱਡਾ ਪੁੱਤਰ ਰਾਮ ਰਾਇ ਔਰੰਗਜ਼ੇਬ ਨੂੰ ਮਿਲਿਆ।
6.10.1661	ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤਿ ਸਮਾਏ।
18.12.1661	(ਗੁਰੂ) ਗੋਬਿੰਦ ਸਿੰਘ ਸਾਹਿਬ ਦਾ ਪਟਨਾ ਵਿਚ ਜਨਮ।

23.1.1664	ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਔਰੰਗਜ਼ੇਬ ਦੇ ਸੰਮਨ ਪੁੱਜੇ।
20.3.1664	ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਪੁੱਜੇ।
21.3.1664	(ਗੁਰੂ) ਤੇਗ਼ ਬਹਾਦਰ ਸਾਹਿਬ ਪੂਰਬ ਦੇ ਦੌਰੇ ਤੋਂ ਦਿੱਲੀ ਪੁੱਜੇ।
22.3.1664	(ਗੁਰੂ) ਤੇਗ਼ ਬਹਾਦਰ ਸਾਹਿਬ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਮਿਲੇ।
25.3.1664	ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਔਰੰਗਜ਼ੇਬ ਵਿਚ ਮੁਲਾਕਾਤ।
30.3.1664	ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤਿ ਸਮਾ ਗਏ।
11.8.1664	ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਸੌਂਪਣ ਦੀ ਅਰਦਾਸਿ ਕੀਤੀ ਗਈ।
19.6.1665	ਚੱਕ ਨਾਨਕੀ (ਆਨੰਦਪੁਰ ਸਾਹਿਬ) ਦੀ ਨੀਂਹ ਰੱਖੀ ਗਈ।
17.10.1665	ਗੁਰੂ ਤੇਗ਼ ਬਹਾਦਰ ਸਾਹਿਬ, ਭਾਈ ਦਿਆਲ ਦਾਸ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਹੋਰ ਕਈ ਸਿੱਖ ਧਮਤਾਨ (ਜੀਂਦ) ਨੇੜਿਓਂ ਗ੍ਰਿਫ਼ਤਾਰ ਕੀਤੇ ਗਏ ਅਤੇ ਦਿੱਲੀ ਲਿਜਾਏ ਗਏ। 8 ਨਵੰਬਰ ਦੇ ਦਿਨ ਔਰੰਗਜ਼ੇਬ ਕੋਲ ਪੇਸ਼ ਕੀਤੇ ਗਏ।
17.12.1665	ਗੁਰੂ ਸਾਹਿਬ ਅਤੇ ਸਾਥੀ ਸਿੰਘਾਂ ਦੀ ਰਿਹਾਈ।
1666 ਤੋਂ 1670	ਗੁਰੂ ਤੇਗ਼ ਬਹਾਦਰ ਸਾਹਿਬ ਦਾ ਬਿਹਾਰ, ਬੰਗਾਲ, ਆਸਾਮ ਇਲਾਕੇ ਦਾ ਦੌਰਾ।
ਜੂਨ 1670	ਗੁਰੂ ਤੇਗ਼ ਬਹਾਦਰ ਸਾਹਿਬ ਆਗਰੇ ਵਿਚ ਗ੍ਰਿਫ਼ਤਾਰ ਕੀਤੇ ਗਏ, ਦਿੱਲੀ ਲਿਆਂਦੇ ਗਏ ਅਤੇ ਰਿਹਾਅ ਕੀਤੇ ਗਏ।
28.8.1670	(ਗੁਰੂ) ਗੋਬਿੰਦ ਸਿੰਘ ਸਾਹਿਬ ਪਟਨਾ ਤੋਂ ਲਖਨੌਰ ਪੁੱਜੇ।
28.3.1672	(ਗੁਰੂ) ਗੋਬਿੰਦ ਸਿੰਘ ਸਾਹਿਬ ਪਹਿਲੀ ਵਾਰ 'ਚੱਕ ਨਾਨਕੀ' (ਅਨੰਦਪੁਰ ਸਾਹਿਬ) ਪੁੱਜੇ।
25.5.1675	ਕਸ਼ਮੀਰੀ ਬ੍ਰਾਹਮਣ ਭਾਈ ਕਿਰਪਾ ਰਾਮ ਦੱਤ ਦੀ ਅਗਵਾਈ ਵਿਚ 'ਚੱਕ ਨਾਨਕੀ' ਪੁੱਜੇ।
8.7.1675	ਗੁਰੂ ਗੋਬਿੰਦ ਸਿੰਘ ਸਾਹਿਬ ਦਸਵੇਂ ਗੁਰੂ ਬਣੇ।
11.7.1675	ਗੁਰੂ ਤੇਗ਼ ਬਹਾਦਰ ਸਾਹਿਬ ਅਨੰਦਪੁਰ ਸਾਹਿਬ ਤੋਂ ਦਿੱਲੀ ਵੱਲ ਚੱਲ ਪਏ।
12.7.1675	ਗੁਰੂ ਤੇਗ਼ ਬਹਾਦਰ ਸਾਹਿਬ, ਭਾਈ ਦਿਆਲ ਦਾਸ, ਭਾਈ ਮਤੀ ਦਾਸ, ਭਾਈ ਸਤੀ ਦਾਸ ਦੀ ਮਲਿਕਪੁਰ ਰੰਘੜਾਂ 'ਚੋਂ ਗ੍ਰਿਫ਼ਤਾਰੀ।
ਜੁਲਾਈ-ਅਕਤੂਬਰ	ਗੁਰੂ ਸਾਹਿਬ ਅਤੇ ਤਿੰਨ ਸਿੱਖਾਂ ਨੂੰ ਬੱਸੀ ਪਠਾਣਾਂ ਵਿਚ ਕੈਦ ਦੌਰਾਨ ਬੇਪਨਾਹ ਤਸੀਹੇ ਦਿੱਤੇ ਗਏ।
5.11.1675	ਗੁਰੂ ਸਾਹਿਬ ਅਤੇ ਤਿੰਨ ਸਿੱਖ ਦਿੱਲੀ ਪਹੁੰਚਾਏ ਗਏ।
11.11.1675	ਗੁਰੂ ਸਾਹਿਬ ਤੇ ਤਿੰਨੇ ਸਿੱਖ ਸ਼ਹੀਦ ਕਰ ਦਿੱਤੇ ਗਏ।
12.11.1675	ਗੁਰੂ ਸਾਹਿਬ ਦੇ ਧੜ ਦਾ ਭਾਈ ਲੱਖੀ ਰਾਏ ਵਣਜਾਰਾ ਵੱਲੋਂ ਸਸਕਾਰ।
17.11.1675	ਗੁਰੂ ਸਾਹਿਬ ਦੇ ਸੀਸ ਦਾ ਆਨੰਦਪੁਰ ਸਾਹਿਬ ਵਿਚ ਸਸਕਾਰ।
1678	ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਵਿਚ, ਭਾਈ ਮਨੀ ਸਿੰਘ ਹੱਥੋਂ, ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮੁਕੰਮਲ ਕਰਵਾਇਆ।

5.3.1680	ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਰਣਜੀਤ ਨਗਾਰਾ' ਮੜ੍ਹਵਾਇਆ ਅਤੇ ਇਸ ਦਾ ਵਜਾਉਣਾ ਲਾਜ਼ਮੀ ਕੀਤਾ।
28.3.1680	ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਹੁਕਮਨਾਮਾ ਜਾਰੀ ਕਰ ਕੇ ਚੰਗੇ ਘੋੜੇ, ਹਥਿਆਰ ਅਤੇ ਕਿਤਾਬਾਂ ਦੀ ਭੇਟਾ ਲਿਆਉਣ ਵਾਸਤੇ ਆਖਿਆ।
3.3.1683	ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚੱਕ ਨਾਨਕੀ (ਆਨੰਦਪੁਰ ਸਾਹਿਬ) ਵਿਖੇ ਹੋਲਾ ਮਹੱਲਾ ਦੀ ਪਿਰਤ ਸ਼ੁਰੂ ਕੀਤੀ ।
13.4.1685	ਗੁਰੂ ਗੋਬਿੰਦ ਸਿੰਘ ਸਾਹਿਬ ਨਾਹਣ ਪੱਜੇ।
28.4.1685	ਭਾਈ ਰਾਮ ਕੰਵਰ ਨੇ ਪਾਉਂਟਾ ਸਾਹਿਬ ਦੀ ਮੋੜ੍ਹੀ ਗੱਡੀ।
26.1.1687	ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ।
24.7.1688	ਗੁਰੂ ਸਾਹਿਬ ਨੇ ਕ੍ਰਿਸ਼ਨ ਅਵਤਾਰ ਕਿਤਾਬ ਪੂਰੀ ਕੀਤੀ।
18.9.1688	ਭੰਗਾਣੀ ਦੀ ਲੜਾਈ। ਭਾਈ ਸੰਗੋ ਸ਼ਾਹ, ਜੀਤ ਮੱਲ, ਭਾਈ ਊਦੀਆ, ਹਠੀ ਦਾਸ ਸ਼ਹੀਦ ਹੋਏ। ਗੜ੍ਹਵਾਲੀਆ ਹਮਲਾਵਰ ਰਾਜਾ ਫ਼ਤਹਿ ਸ਼ਾਹ ਹਾਰ ਖਾ ਕੇ ਭੱਜ ਗਿਆ।
27.10.1688	ਗੁਰੂ ਗੋਬਿੰਦ ਸਿੰਘ ਸਾਹਿਬ ਪਾਉਂਟਾ ਤੋਂ ਚੱਕ ਨਾਨਕੀ ਵੱਲ ਚੱਲ ਪਏ। 28 ਅਕਤੂਬਰ ਦੇ ਦਿਨ ਕਮਾਲ ਮੋਚਨ ਪਹੁੰਚੇ।
16.11.1688	ਗੁਰੂ ਸਾਹਿਬ ਚੱਕ ਨਾਨਕੀ ਪੁੱਜੇ।
30.3.1689	ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਦੀ ਮੋੜ੍ਹੀ ਗੱਡੀ।
31.3.1689	ਗੁਰੂ ਸਾਹਿਬ ਨੇ ਪੰਜ ਕਿਲ੍ਹੇ ਉਸਾਰਨੇ ਸ਼ੁਰੂ ਕੀਤੇ।
20.3.1690	ਨਦੌਣ ਦੀ ਲੜਾਈ। ਭਾਈ ਸੋਹਣ ਚੰਦ, ਮੂਲ ਚੰਦ ਤੇ ਹੋਰ ਸਿੰਘ ਸ਼ਹੀਦ ਹੋਏ।
14.3.1691	ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ।
12.5.1691	ਰਾਣੀ ਚੰਪਾ ਚੜ੍ਹਾਈ ਕਰ ਗਈ।
28.3.1692	ਗੁਰੂ ਗੋਬਿੰਦ ਸਿੰਘ ਸਾਹਿਬ ਰਵਾਲਸਰ ਪੁੱਜੇ ਅਤੇ ਪਹਾੜੀ ਰਾਜਿਆਂ ਦੇ ਇਕੱਠ ਦੀ ਸਦਾਰਤ ਕੀਤੀ।
29.3.1695	ਗੁਰੂ ਸਾਹਿਬ ਨੇ ਸਿਖਾਂ ਨੂੰ ਕੇਸ ਨਾ ਕਟਾਉਣ ਅਤੇ ਕੜਾ ਪਾਉਣ ਦਾ ਹੁਕਮ ਜਾਰੀ ਕੀਤਾ।
19.8.1695	ਰੁਸਤਮ ਖ਼ਾਨ (ਪੁੱਤਰ ਦਿਲਾਵਰ ਖ਼ਾਨ, ਗਵਰਨਰ ਲਾਹੌਰ) ਵੱਲੋਂ ਆਨੰਦਪੁਰ ਸਾਹਿਬ 'ਤੇ ਹਮਲਾ।
19.2.1696	ਗੁਲੇਰ ਦੀ ਲੜਾਈ। ਭਾਈ ਲਹਿਣੂ, ਸੰਗਤ ਰਾਏ, ਹਨੂਮੰਤ ਤੇ ਹੋਰਾਂ ਦੀ ਸ਼ਹਾਦਤ।
13.7.1696	ਔਰੰਗਜ਼ੇਬ ਨੇ ਸ਼ਹਿਜ਼ਾਦਾ ਮੁਅਜ਼ਮ (ਮਗਰੋਂ ਬਹਾਦਰ ਸ਼ਾਹ) ਨੂੰ ਪਹਾੜੀ ਰਾਜਿਆਂ ਨੂੰ ਨਜਿੱਠਣ ਵਾਸਤੇ ਭੇਜਿਆ। ਮੁਅੱਜ਼ਮ ਨੇ ਗੁਰੂ ਸਾਹਿਬ ਨਾਲ ਮੁਲਾਕਾਤ ਕੀਤੀ।
17.11.1696	ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਜਨਮ।
27.1.1698	ਸਾਹਿਬਜ਼ਾਦਾ ਫ਼ਤਹਿ ਸਿੰਘ ਦਾ ਜਨਮ।
ਮਾਰਚ 1698	ਗੁਰੂ ਸਾਹਿਬ ਨੇ ਮਸੰਦ ਜਮਾਤ ਖ਼ਤਮ ਕਰਨ ਦਾ ਐਲਾਨ ਕੀਤਾ।

29.3.1698	ਗੁਰੂ ਸਾਹਿਬ ਨੇ "ਸੀਸ ਭੇਟ" ਕੌਤਕ ਕੀਤਾ ਤੇ ਖਾਲਸਾ ਪਰਗਟ ਕੀਤਾ। (ਕਈ ਲੇਖਕ 1698 ਦੀ ਥਾਂ 1699 ਮੰਨਦੇ ਹਨ)।
3.5.1698	ਭਾਈ ਮਨੀ ਸਿੰਘ ਨੇ 'ਗੁਰੂ ਦਾ ਚੱਕ' ਦਾ ਇੰਤਜ਼ਾਮ ਸੰਭਾਲਿਆ।
23.6.1698	ਬਲੀਆ ਚੰਦ ਤੇ ਆਲਮ ਚੰਦ ਦੇ ਟੋਲੇ ਵੱਲੋਂ ਗੁਰੂ ਸਾਹਿਬ 'ਤੇ ਸ਼ਿਕਾਰ ਦੌਰਾਨ ਹਮਲਾ।
29.3.1699	ਅਨੰਦਪੁਰ ਸਾਹਿਬ ਵਿਚ ਸਰਬਤ ਖਾਲਸਾ ਦਾ ਪਹਿਲਾ ਇੱਕਠ।
10.5.1699	ਨੂਹ ਦੇ ਰੰਘੜਾਂ ਨੂੰ ਸੋਧਣ ਵਾਸਤੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਗਏ।
23.6.1700	ਪੈਂਦੇ ਖ਼ਾਨ ਤੇ ਦੀਨਾ ਬੇਗ਼ ਵੱਲੋਂ ਅਨੰਦਪੁਰ ਸਾਹਿਬ 'ਤੇ ਹਮਲਾ।
29.8.1700	ਪਹਾੜੀ ਰਾਜਿਆਂ ਵੱਲੋਂ ਅਨੰਦਪੁਰ ਸਾਹਿਬ 'ਤੇ ਹਮਲਾ। ਭਾਈ ਉਦੈ ਸਿੰਘ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਵਿਚ ਸਿੰਘਾਂ ਨੇ ਹਮਲਵਾਰਾਂ ਦਾ ਡੱਟ ਕੇ ਮੁਕਾਬਲਾ ਕੀਤਾ। ਕਿਲ੍ਹਾ ਤਾਰਾਗੜ੍ਹ ਦੀ ਲੜਾਈ ਵਿਚ ਭਾਈ ਈਸ਼ਰ ਸਿੰਘ, ਕਲਿਆਣ ਸਿੰਘ, ਮੰਗਤ ਸਿੰਘ ਸ਼ਹੀਦ ਹੋਏ।
30.8.1700	ਫ਼ਤਹਿਗੜ੍ਹ ਕਿਲ੍ਹਾ (ਅਨੰਦਪੁਰ ਸਾਹਿਬ) ਦੇ ਬਾਹਰ ਘਮਸਾਣ ਦੀ ਲੜਾਈ ਵਿਚ ਭਾਈ ਭਗਵਾਨ ਸਿੰਘ, ਜਵਾਹਰ ਸਿੰਘ, ਨੰਦ ਸਿੰਘ ਸ਼ਹੀਦ ਹੋਏ।
31.8.1700	ਅਗੰਮਗੜ੍ਹ ਕਿਲ੍ਹਾ (ਅਨੰਦਪੁਰ ਸਾਹਿਬ) ਦੀ ਲੜਾਈ 'ਚ ਭਾਈ ਬਾਘ ਸਿੰਘ, ਘਰਬਾਰਾ ਸਿੰਘ ਸ਼ਹੀਦ ਹੋਏ।
1.9.1700	ਭਾਈ ਬਚਿੱਤਰ ਸਿੰਘ ਨੇ ਕਿਲ੍ਹਾ ਲੋਹਗੜ੍ਹ ਦੇ ਬਾਹਰ ਪਹਾੜੀਆਂ ਵੱਲੋਂ ਭੇਜੇ ਸ਼ਰਾਬੀ ਦਾ ਮੂੰਹ ਮੋੜਿਆ। ਭਾਈ ਉਦੈ ਸਿੰਘ ਨੇ ਪਹਾੜੀ ਰਜਵਾੜੇ ਕੇਸਰੀ ਚੰਦ ਦਾ ਸਿਰ ਕੱਟ ਕੇ ਗੁਰੂ ਜੀ ਅੱਗੇ ਭੇਟ ਕੀਤਾ।
8.10.1700	ਨਿਰਮੋਹਗੜ੍ਹ ਦੀ ਲੜਾਈ। ਭਾਈ ਦੀਵਾਨ ਸਿੰਘ, ਸੂਰਤ ਸਿੰਘ, ਸੇਵਾ ਸਿੰਘ, ਸਰੂਪ ਸਿੰਘ, ਅਨੂਪ ਸਿੰਘ ਸ਼ਹੀਦ ਹੋ ਗਏ।
13.10.1700	ਰੁਸਤਮ ਅਲੀ ਖ਼ਾਨ ਤੇ ਨਾਸਰ ਅਲੀ ਖ਼ਾਨ ਨੇ ਵੀ ਨਿਰਮੋਹਗੜ੍ਹ 'ਤੇ ਹਮਲਾ ਕਰ ਦਿੱਤਾ। ਭਾਈ ਰਾਮ ਸਿੰਘ ਕਸ਼ਮੀਰੀ, ਹਿੰਮਤ ਸਿੰਘ, ਮੋਹਰ ਸਿੰਘ ਦੀ ਸ਼ਹੀਦੀ।
14.10.1700	ਰਾਜਾ ਸਾਲਾਹੀ ਚੰਦ ਗੁਰੂ ਸਾਹਿਬ ਨੂੰ ਬਸਾਲੀ ਲੈ ਗਿਆ।
15.3.1701	ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ 'ਚ ਸਿੰਘਾਂ ਨੇ ਬਜ਼ੂਰਤ ਦੇ ਗੁੱਜਰ ਤੇ ਰੰਘੜ ਗੁੰਡਿਆਂ ਦੀ ਸੁਧਾਈ ਕੀਤੀ।
14.1.1703	ਪਹਾੜੀਆਂ ਨੇ ਸਯਦ ਬੇਗ ਤੇ ਆਲਿਫ ਖ਼ਾਨ ਨੂੰ ਭੜਕਾ ਕੇ ਗੁਰੂ ਸਾਹਿਬ 'ਤੇ ਹਮਲਾ ਕਰਵਾਇਆ।
7.3.1703	ਭਾਈ ਉਦੈ ਸਿੰਘ ਤੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਬੱਸੀ ਕਲਾਂ ਦੇ ਚੌਧਰੀ ਜਬਰ ਜੰਗ ਖ਼ਾਨ ਤੋਂ ਪੰਡਤ ਦੇਵਕੀ ਦਾਸ ਦੀ ਬੀਵੀ ਛੁੜਵਾਈ।
2.11.1703	ਬਿਲਾਸਪੁਰ ਦੇ ਰਜਵਾੜੇ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ।
16.1.1704	ਅਜਮੇਰ ਚੰਦ ਨੇ ਅਨੰਦਪੁਰ ਸਾਹਿਬ 'ਤੇ ਫੇਰ ਹਮਲਾ ਕੀਤਾ। ਗੁਰੂ ਸਾਹਿਬ ਨੇ ਦਸਤਾਰ ਵਿਚ ਨਿਸ਼ਾਨ ਸਾਹਿਬ (ਫੱਰਰਾ) ਦੀ ਰਿਵਾਇਤ ਸ਼ੁਰੂ ਕੀਤੀ।

ਜਨਵਰੀ 1705	ਸਾਹਿਬਜ਼ਾਦਾ ਅਜੀਤ ਸਿੰਘ ਦਾ ਬੀਬੀ ਤਾਰਾ ਕੌਰ ਨਾਲ ਵਿਆਹ।
1.3.1705	ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ ਤੇ ਬੀਬੀ ਤਾਰਾ ਕੌਰ ਆਨੰਦਪੁਰ ਤੋਂ ਦਿੱਲੀ ਵੱਲ ਚੱਲ ਪਏ।
13.3.1705	ਬਿਲਾਸਪੁਰੀ ਅਜਮੇਰ ਚੰਦ ਨੇ ਫੇਰ ਅਨੰਦਪੁਰ 'ਤੇ ਹਮਲਾ ਕੀਤਾ।
3.5.1705	ਪਹਾੜੀ ਰਾਜਿਆਂ ਦੀਆਂ ਅਤੇ ਮੁਗਲਾਂ ਦੀਆ ਫ਼ੌਜਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ।
4.12.1705	ਔਰੰਗਜ਼ੇਬ ਵੱਲੋਂ ਲਿਖੀ ਚਿੱਠੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਮਿਲੀ।
5-6.12.1705	ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਛੱਡਿਆ।
6.12.1705	ਸ਼ਾਹੀ ਟਿੱਬੀ (ਨਿਰਮੋਹਗੜ੍ਹ ਦੇ ਨੇੜੇ) ਦੀ ਲੜਾਈ। ਭਾਈ ਉਦੈ ਸਿੰਘ ਤੇ 50 ਸਿੰਘ ਸ਼ਹੀਦ ਹੋਏ।
6.12.1705	ਸਿਰਸਾ ਨਦੀ ਦੇ ਕੰਢੇ ਲੜਾਈ। ਭਾਈ ਜੀਵਣ ਸਿੰਘ ਤੇ 100 ਸਿੰਘ, ਝੱਖੀਆਂ ਪਿੰਡ ਦੀ ਜੂਹ ਵਿਚ ਸ਼ਹੀਦ ਹੋਏ।
6.12.1705	ਮਲਿਕਪੁਰ ਰੰਘੜਾਂ ਵਿਚ ਲੜਾਈ। ਦਰਜਨਾਂ ਸਿੰਘ ਸ਼ਹੀਦ ਹੋਏ। ਭਾਈ ਬਚਿੱਤਰ ਸਿੰਘ ਸਖ਼ਤ ਜ਼ਖ਼ਮੀ ਹੋਏ। ਸਾਹਿਬਜ਼ਾਦਾ ਅਜੀਤ ਸਿੰਘ ਉਸ ਨੂੰ ਚੁੱਕ ਕੇ ਕੋਟਲਾ ਨਿਹੰਗ ਖ਼ਾਨ ਲੈ ਗਏ।
6.12.1705	ਗੁਰੂ ਗੋਬਿੰਦ ਸਿੰਘ ਸਾਹਿਬ ਕੋਟ ਨਿਹੰਗਾਂ 'ਚ ਭਾਈ ਨਿਹੰਗ ਖ਼ਾਨ ਦੇ ਘਰ ਪੁੱਜੇ।
7.12.1705	ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ, ਪੰਜ ਪਿਆਰੇ ਤੇ 45 ਸਿੰਘ ਚਮਕੌਰ ਪੁੱਜੇ।
7-8.12.1705	ਚਮਕੌਰ ਦੀ ਲੜਾਈ। ਦੋ ਸਾਹਿਬਜ਼ਾਦੇ, ਪੰਜ ਪਿਆਰਿਆਂ 'ਚੋ ਤਿੰਨ ਅਤੇ 40 ਸਿੰਘ ਸ਼ਹੀਦ ਹੋ ਗਏ। ਗੁਰੂ ਸਾਹਿਬ ਤੇ ਪੰਜ ਹੋਰ ਸਿੰਘ ਭਾਈ ਨਬੀ ਖ਼ਾਨ ਤੇ ਗ਼ਨੀ ਖ਼ਾਨ ਦੀ ਮਦਦ ਨਾਲ ਮਾਛੀਵਾੜਾ ਪੁੱਜੇ।
8.12.1705	ਭਾਈ ਬਚਿੱਤਰ ਸਿੰਘ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ ਚੜ੍ਹਾਈ ਕਰ ਗਏ।
8.12.1705	ਸਹੇੜੀ ਦੇ ਮਸੰਦਾਂ ਨੇ ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਗ੍ਰਿਫ਼ਤਾਰ ਕਰਵਾਏ।
9.12.1705	ਸਾਹਿਬਜ਼ਾਦਾ ਅਜੀਤ ਸਿੰਘ ਦੇ ਪੁੱਤਰ ਹਠੀ ਸਿੰਘ ਦਾ ਆਗਰਾ ਵਿਚ ਜਨਮ।
11.12.1705	ਚਮਕੌਰ ਦੇ ਸ਼ਹੀਦਾਂ ਦਾ ਸੰਸਕਾਰ।
11.12.1705	ਪੰਜ ਮੁਰੀਦਾਂ ਨਾਲ ਗੁਰੂ ਸਾਹਿਬ 'ਉਚ ਦਾ ਪੀਰ' ਬਣ ਕੇ ਦੀਨਾ ਕਾਂਗੜ ਵੱਲ ਰਵਾਨਾ ਹੋਏ।
12.12.1705	ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਸਰਹਿੰਦ ਵਿਚ ਦੀਵਾਰ ਵਿਚ ਚਿਣੇ ਗਏ। ਦੀਵਾਰਾਂ ਡਿਗਣ ਮਗਰੋਂ ਉਨ੍ਹਾਂ ਨੂੰ ਅਗਲੇ ਦਿਨ ਕਤਲ ਕਰ ਦਿੱਤਾ ਗਿਆ।
13.12.1705	ਮਾਤਾ ਗੁਜਰੀ ਤਸੀਹਿਆਂ ਮਗਰੋਂ ਸ਼ਹੀਦ ਕਰ ਦਿੱਤੇ ਗਏ।
20.12.1705	ਗੁਰੂ ਸਾਹਿਬ ਦੀਨਾ ਕਾਂਗੜ ਪੁੱਜੇ।
21.12.1705	ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਖ਼ਤ ਲਿਖਿਆ।
29.12.1705	ਮੁਕਤਸਰ ਦੀ ਲੜਾਈ। 40 ਸਿੰਘਾਂ ਦੀ ਸ਼ਹੀਦੀ।

16.1.1706 ਗੁਰੂ ਸਾਹਿਬ ਤਲਵੰਡੀ ਸਾਬੋ ਪੁੱਜੇ।

29.3.1706 ਤਲਵੰਡੀ ਸਾਬੋ ਵਿਚ ਅੰਮ੍ਰਿਤ ਸੰਚਾਰ।

30.10.1706 ਗੁਰੂ ਸਾਹਿਬ ਦੱਖਣ ਜਾਣ ਲਈ ਤਲਵੰਡੀ ਸਾਬੋ ਤੋਂ ਰਵਾਨਾ ਹੋਏ।

8.6.1707 ਜਜ਼ਾਊ ਦੀ ਲੜਾਈ। ਸਿੱਖਾਂ ਦੀ ਮਦਦ ਨਾਲ ਬਹਾਦਰ ਸ਼ਾਹ ਦੀ ਜਿੱਤ ਹੋਈ।

23.7.1707 ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਬਹਾਦਰ ਸ਼ਾਹ ਦੀ ਅਗਾਰੇ 'ਚ ਮੁਲਾਕਾਤ।

19.7.1708 ਗੁਰੂ ਸਾਹਿਬ ਨੰਦੇੜ ਪੁੱਜੇ।

3.9.1708 ਗੁਰੂ ਸਾਹਿਬ ਨੇ ਮਾਧੋ ਦਾਸ ਬੈਰਾਗੀ ਨੂੰ ਪਾਹੁਲ ਦਿੱਤੀ ਤੇ ਬੰਦਾ ਸਿੰਘ ਨਾਂ ਰੱਖਿਆ।

5.10.1708 ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦਾ ਜਥੇਦਾਰ ਥਾਪਿਆ। ਉਹ ਭਾਈ ਭਗਵੰਤ ਸਿੰਘ ਬੰਗਸ਼ੇਰੀ ਦੇ ਟਾਂਡੇ ਨਾਲ ਪੰਜਾਬ ਵੱਲ ਚਲ ਪਿਆ।

5.10.1708 ਸ਼ਾਮ ਵੇਲੇ ਜਮਸ਼ੇਦ ਖ਼ਾਨ ਪਠਾਣ ਨੇ ਗੁਰੂ ਸਾਹਿਬ ਨੂੰ ਇਕੱਲੇ ਸੁੱਤਿਆਂ ਵੇਖ ਕੇ ਛੁਰੇ ਦੇ ਲਗਾਤਾਰ ਕਈ ਵਾਰ ਕੀਤੇ। ਸਿੰਘਾਂ ਨੇ ਮੌਕੇ 'ਤੇ ਪੁੱਜ ਕੇ ਉਸ ਵੇਲੇ ਉਸ ਨੂੰ ਪਾਰ ਬੁਲਾ ਦਿੱਤਾ।

6.10.1708 ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ।

7.10.1708 ਗੁਰੂ ਗੋਬਿੰਦ ਸਿੰਘ ਸਾਹਿਬ ਜੋਤੀ-ਜੋਤਿ ਸਮਾ ਗਏ। ਉਨ੍ਹਾਂ ਦਾ ਸੰਸਕਾਰ ਗੋਦਾਵਰੀ ਦੇ ਕੰਢੇ 'ਤੇ ਕੀਤਾ ਗਿਆ ਤੇ ਅਸਥੀਆਂ ਉਸੇ ਦਰਿਆ 'ਚ ਪਾ ਦਿੱਤੀਆਂ ਗਈਆਂ।

17.10.1708 ਗੁਰੂ ਸਾਹਿਬ ਦੀ ਆਖ਼ਰੀ ਰਸਮ ਬਾਰੇ ਭੋਗ ਪਾਇਆ ਗਿਆ।

ਗੁਰੂ ਸਾਹਿਬ ਤੋਂ ਮਗਰੋਂ

26.11.1709 ਬਾਬਾ ਬੰਦਾ ਸਿੰਘ ਬਹਾਦਰ ਨੇ ਸਮਾਣਾ 'ਤੇ ਕਬਜ਼ਾ ਕਰ ਲਿਆ। ਲੜਾਈ ਵਿਚ ਹਜ਼ਾਰਾਂ ਸੱਯਦ, ਪਠਾਣ ਤੇ ਮੁਗ਼ਲ ਸਿਪਾਹੀ ਮਾਰੇ ਗਏ।

5.12.1709 ਬਾਬਾ ਬੰਦਾ ਸਿੰਘ ਨੇ ਸਢੌਰੇ 'ਤੇ ਕਬਜ਼ਾ ਕਰ ਲਿਆ ਅਤੇ ਜ਼ਾਲਮਾਂ ਨੂੰ ਸਜ਼ਾ ਦਿੱਤੀ।

12.5.1710 ਚੱਪੜ ਚਿੜੀ (ਸਰਹਿੰਦ ਕੋਲ) 'ਚ ਘਮਸਾਣ ਦੀ ਲੜਾਈ। ਤਿੰਨ ਹਜ਼ਾਰ ਤੋਂ ਵਧ ਸਿੰਘ ਸ਼ਹੀਦ ਹੋਏ।

14.5.1710 ਸਿੱਖਾਂ ਨੇ ਸਰਹਿੰਦ 'ਤੇ ਕਬਜ਼ਾ ਕਰ ਲਿਆ। ਪੰਜ ਸੌ ਤੋਂ ਵਧ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। ਭਾਈ ਬਾਜ ਸਿੰਘ ਸਰਹਿੰਦ ਦੇ ਸੂਬੇਦਾਰ ਬਣੇ।

27.5.1710 ਬਾਬਾ ਬੰਦਾ ਸਿੰਘ ਨੇ ਸਰਹਿੰਦ ਵਿਚ ਇਕੱਠ ਬੁਲਾ ਕੇ ਖ਼ਾਲਸਾ ਹਕੂਮਤ ਦਾ ਐਲਾਨ ਕੀਤਾ। ਜਗੀਰਦਾਰੀ ਖ਼ਤਮ ਕਰ ਕੇ ਕਿਸਾਨਾਂ ਨੂੰ ਜ਼ਮੀਨਾਂ ਦਿੱਤੀਆਂ।

ਜੂਨ-ਜੁਲਾਈ 1710 ਬਾਬਾ ਬੰਦਾ ਸਿੰਘ ਨੇ ਸਹਾਰਨਪੁਰ, ਨਨੌਤਾ ਵਗੈਰਾ 'ਤੇ ਕਬਜ਼ਾ ਕਰ ਲਿਆ।

15.11.1710	ਮੁਗਲ ਫ਼ੌਜਾਂ ਨੇ ਸਰਹਿੰਦ 'ਤੇ ਦੋਬਾਰਾ ਕਬਜ਼ਾ ਕਰ ਲਿਆ ਸਿੱਖ ਫ਼ੌਜਾਂ ਕਾਫ਼ੀ ਚਿਰ ਮੁਕਾਬਲਾ ਕਰਨ ਮਗਰੋਂ ਲੋਹਗੜ੍ਹ ਕਿਲ੍ਹੇ ਵੱਲ ਚਲੀਆਂ ਗਈਆਂ।
29.11.1710	ਇੱਕ ਵੱਡੀ ਮੁਗਲ ਫ਼ੌਜ ਨੇ ਲੋਹਗੜ੍ਹ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ।
30.11.1710	ਬਾਬਾ ਬੰਦਾ ਸਿੰਘ ਲੋਹਗੜ੍ਹ 'ਚ ਬਚ ਕੇ ਨਿਕਲ ਗਿਆ।
10.12.1710	ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਸਿੱਖਾਂ ਦੇ ਆਮ ਕਤਲੇਆਮ ਦਾ ਹੁਕਮ ਜਾਰੀ ਕੀਤਾ।
29.5.1711	ਬਹਾਦਰ ਸ਼ਾਹ ਨੇ ਸਿੱਖਾਂ ਤੋਂ ਹਿੰਦੂਆਂ ਨਾਲੋਂ ਦੂਣਾ ਜਜ਼ੀਆ ਲੈਣ ਦਾ ਹੁਕਮ ਜਾਰੀ ਕੀਤਾ।
ਜੂਨ 1711	ਬਾਬਾ ਬੰਦਾ ਸਿੰਘ ਪੰਜਾਬ ਵਾਪਿਸ ਪਰਤ ਆਇਆ।
ਅਗਸਤ 1711	ਬਹਾਦਰ ਸ਼ਾਹ ਨੇ ਬੰਦਾ ਸਿੰਘ ਬਹਾਦਰ ਨੂੰ ਕੁਚਲਣ ਵਾਸਤੇ ਲਾਹੌਰ ਡੇਰੇ ਲਾ ਲਏ।
28.2.1712	ਬਹਾਦਰ ਸ਼ਾਹ ਦੀ ਮੌਤ।
ਅਪਰੈਲ 1715	ਬਾਬਾ ਬੰਦਾ ਸਿੰਘ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘਿਰ ਗਿਆ। ਚਾਰੇ ਪਾਸੇ ਮੁਗ਼ਲ ਫ਼ੌਜਾਂ ਨੇ ਘੇਰਾ ਪਾ ਲਿਆ।
7.12.1715	ਬਾਬਾ ਬੰਦਾ ਸਿੰਘ 700 ਸਾਥੀ ਸਿੰਘਾਂ ਸਣੇ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਏ ਗਏ।
5.3.1716	ਬਾਬਾ ਬੰਦਾ ਸਿੰਘ ਦੇ ਸਾਥੀਆਂ ਦਾ, ਰੋਜ਼ ਇਕ ਸੌ ਦੇ ਹਿਸਾਬ ਨਾਲ, ਕਤਲੇਆਮ ਸ਼ੁਰੂ ਹੋਇਆ।
9.6.1716	ਬਾਬਾ ਬੰਦਾ ਸਿੰਘ ਦੇ ਪੁੱਤਰ ਨੂੰ ਕਤਲ ਕਰ ਕੇ ਉਸ ਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਤੁੰਨਿਆ ਗਿਆ। ਮਗਰੋਂ ਬੰਦਾ ਸਿੰਘ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਇਸ ਮੌਕੇ 'ਤੇ ਡੇਢ ਦਰਜਨ ਮੁਖੀ ਸਿੱਖ ਜਰਨੈਲ ਵੀ ਸ਼ਹੀਦ ਕੀਤੇ ਗਏ।
14.1.1723	ਭਾਈ ਤਾਰਾ ਸਿੰਘ ਡੱਲ-ਵਾਂ ਦੀ ਸ਼ਹੀਦੀ।
ਜੂਨ 1723	(ਨਵਾਬ) ਕਪੂਰ ਸਿੰਘ ਬਾਬਾ ਦਰਬਾਰਾ ਸਿੰਘ ਜੇ ਜੱਥੇ ਵਿਚ ਸ਼ਾਮਿਲ ਹੋਏ।
29.3.1733	ਪੰਜਾਬ ਦੇ ਗਵਰਨਰ ਵੱਲੋਂ ਸਿੱਖਾਂ ਨੂੰ ਨੀਮ ਖ਼ੁਦਮੁਖ਼ਤਿਆਰੀ (ਨਵਾਬੀ) ਦੀ ਪੇਸ਼ਕਸ਼ ਸਿੱਖਾਂ ਵੱਲੋਂ ਕਬੂਲ ਕੀਤੀ ਗਈ। ਸਮਝੌਤਾ ਕੁਝ ਮਹੀਨੇ ਹੀ ਚਲਿਆ।
25.10.1733	ਭਾਈ ਮਨੀ ਸਿੰਘ ਨੇ ਦਰਬਾਰ ਸਾਹਿਬ 'ਚ ਸਿੰਘਾਂ ਦਾ ਇਕੱਠ ਬੁਲਾਇਆ।
ਅਪ੍ਰੈਲ 1734	ਭਾਈ ਮਨੀ ਸਿੰਘ ਦੀ ਗ੍ਰਿਫ਼ਤਾਰੀ।
24.6.1734	ਭਾਈ ਮਨੀ ਸਿੰਘ, ਜਗਤ ਸਿੰਘ, ਚਿਤਰ ਸਿੰਘ, ਗੁਰਬਖ਼ਸ਼ ਸਿੰਘ, ਆਲਮ ਸਿੰਘ, ਗੁਲਜ਼ਾਰ ਸਿੰਘ ਤੇ ਹੋਰ ਸਿੰਘ ਲਾਹੌਰ 'ਚ ਸ਼ਹੀਦ ਕੀਤੇ ਗਏ।
11.8.1740	ਭਾਈ ਸੁੱਖਾ ਸਿੰਘ ਮਾੜੀਕੰਬੋ ਤੇ ਮਹਿਤਾਬ ਸਿੰਘ ਮੀਰਾਂਕੋਟ ਨੇ ਦਰਬਾਰ ਸਾਹਿਬ ਦੀ ਬੇਅਦਬੀ ਕਰ ਰਹੇ ਮੱਸਾ ਰੰਘੜ ਦਾ ਸਿਰ ਵੱਢਿਆ।
27.6.1745	ਭਾਈ ਤਾਰੂ ਸਿੰਘ ਦੀ ਖੋਪੜੀ, ਕੇਸਾਂ ਸਣੇ, ਲਾਹੀ ਗਈ।

1.7.1745 ਭਾਈ ਤਾਰੂ ਸਿੰਘ ਸ਼ਹੀਦ ਹੋ ਗਏ।
1.7.1745 ਭਾਈ ਮਹਿਤਾਬ ਸਿੰਘ ਮੀਰਾਂਕੋਟ ਦੀ ਸ਼ਹੀਦੀ।
13.10.1745 ਖਾਲਸਾ ਫ਼ੌਜਾਂ ਨੂੰ 25 ਜਥਿਆਂ ਵਿਚ ਵੰਡਿਆ ਗਿਆ।
10.3.1746 ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਚਰਖੜੀ 'ਤੇ ਚੜ੍ਹਾ ਕੇ ਸ਼ਹੀਦ ਕੀਤੇ ਗਏ।
10.3.1746 ਲਖਪਤ ਰਾਏ ਨੇ ਲਾਹੌਰ ਵਿਚ 1000 ਤੋਂ ਵੱਧ ਸਿੱਖ ਸ਼ਹੀਦ ਕੀਤੇ।
1.5.1746 ਲਖਪਤ ਰਾਏ ਤੇ ਯਹੀਆ ਖ਼ਾਂ ਨੇ ਕਾਹਨੂੰਵਾਨ ਦੀ ਛੰਭ ਵਿਚ ਹਜ਼ਾਰਾਂ ਸਿੰਘ ਸ਼ਹੀਦ ਕੀਤੇ।
30.3.1747 ਸਿੱਖਾਂ ਨੇ ਅੰਮ੍ਰਿਤਸਰ ਵਿਚ 'ਰਾਮ ਰੌਣੀ' ਕਿਲ੍ਹਾ ਉਸਾਰਨਾ ਸ਼ੁਰੂ ਕੀਤਾ।
29.3.1748 ਸਿੱਖ ਫ਼ੌਜਾਂ ਨੂੰ 11 ਮਿਸਲਾਂ ਵਿਚ ਵੰਡਿਆ ਗਿਆ।
10.4.1754 ਸਰਬਤ ਖਾਲਸਾ ਨੇ ਸਿਰਦਾਰ ਜੱਸਾ ਸਿੰਘ ਆਹੂਵਾਲੀਆ ਦੀ ਜਥੇਦਾਰੀ ਦੀ ਮਨਜ਼ੂਰੀ ਦਿੱਤੀ।
ਜੂਨ 1755 ਸਿੱਖ ਫ਼ੌਜਾਂ ਨੇ ਨਾਰਨੌਲ, ਕਰਨਾਲ ਅਤੇ ਜੈਪੁਰ 'ਤੇ ਹਮਲਾ ਕੀਤਾ ਤੇ ਤਾਵਾਨ ਹਾਸਲ ਕੀਤਾ।
ਅਪਰੈਲ 1756 ਸਿੱਖ ਫ਼ੌਜਾਂ ਨੇ ਲਾਹੌਰ 'ਤੇ ਹਮਲਾ ਕੀਤਾ।
11.11.1757 ਅਫ਼ਗਾਨ ਫ਼ੌਜਾਂ ਦਾ ਅੰਮ੍ਰਿਤਸਰ 'ਤੇ ਕਬਜ਼ਾ ਤੇ ਗੁਰਦੁਆਰਿਆਂ ਦੀ ਬੇਅਦਬੀ। ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਦਾ ਅੰਮ੍ਰਿਤਸਰ ਵੱਲ ਕੂਚ। ਸਿੱਖਾਂ ਤੇ ਅਫ਼ਗਾਨ ਫ਼ੌਜਾਂ ਵਿਚ ਘਮਸਾਣ ਦੀ ਲੜਾਈ। ਹਜ਼ਾਰਾਂ ਅਫ਼ਗਾਨ ਮਾਰੇ ਗਏ। ਬਾਬਾ ਦੀਪ ਸਿੰਘ ਜੀ ਤੇ ਹਜ਼ਾਰਾਂ ਸਿੰਘ ਸ਼ਹੀਦ ਹੋਏ।
8.4.1758 ਸਿੱਖਾਂ, ਮਰਹੱਟਿਆਂ ਅਤੇ ਅਦੀਨਾ ਬੇਗ਼ ਦੀ ਸਾਂਝੀ ਫ਼ੌਜ ਨੇ ਲਾਹੌਰ 'ਤੇ ਕਬਜ਼ਾ ਕਰ ਕੇ ਅਹਿਮਦਸ਼ਾਹ ਦੁਰਾਨੀ ਦੇ ਜਰਨੈਲ ਭਜਾ ਦਿੱਤੇ।
ਅਪਰੈਲ 1758 ਦਰਬਾਰ ਸਾਹਿਬ ਦੀ ਮੁੜ ਉਸਾਰੀ ਸ਼ੁਰੂ ਹੋਈ।
30.10.1758 ਸਰਬਤ ਖਾਲਸਾ ਨੇ ਗੁਰਮਤਾ ਕੀਤਾ ਕਿ ਹਰ ਮਿਸਲ ਦੀ 'ਰਾਖੀ' ਹੇਠ ਆਏ ਇਲਾਕੇ ਤੇ ਉਸ ਮਿਸਲ ਦੀ ਸਿਰਦਾਰੀ ਮੰਨੀ ਜਾਏਗੀ।
ਅਪਰੈਲ 1761 ਸਿੱਖਾਂ ਨੇ ਅਹਿਮਦ ਸ਼ਾਹ ਦੁੱਰਾਨੀ ਤੋਂ ਹਜ਼ਾਰਾਂ ਹਿੰਦੂ ਕੁੜੀਆਂ ਛੁੜਵਾਂ ਕੇ ਘਰੋਂ ਘਰੀਂ ਪਹੁੰਚਾਈਆਂ।
ਨਵੰਬਰ 1761 ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰ ਕੇ ਸਿਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ' ਐਲਾਨਿਆ।
5.2.1762 ਕੁੱਪ-ਰਹੀੜ ਵਿਚ ਸਿੱਖਾਂ ਦਾ ਵੱਡਾ ਘੱਲੂਘਾਰਾ। 25 ਤੋਂ 30 ਹਜ਼ਾਰ ਤਕ ਸਿੰਘ ਸ਼ਹੀਦ ਹੋਏ।
11.4.1762 ਅਹਿਮਦ ਸ਼ਾਹ ਦੁਰਾਨੀ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀਆਂ ਇਮਾਰਤਾਂ ਫੇਰ ਢਾਹੀਆਂ।
17.10.1762 ਸਿੱਖਾਂ ਨੇ ਅੰਮ੍ਰਿਤਸਰ ਨੇੜੇ ਦੁਰਾਨੀ ਨੂੰ ਜ਼ਬਰਦਸਤ ਹਾਰ ਦਿੱਤੀ।
12.12.1762 ਸਿੱਖਾਂ ਤੋਂ ਹਾਰਨ ਪਿੱਛੋਂ ਦੁਰਾਨੀ ਪੰਜਾਬ ਛੱਡ ਗਿਆ।
10.4.1763 ਸਰਬਤ ਖਾਲਸਾ ਦੇ ਇਕੱਠ ਵਿਚ ਅਕਾਲ ਤਖ਼ਤ ਸਾਹਿਬ 'ਤੇ ਇਕ ਬ੍ਰਾਹਮਣ ਪੇਸ਼ ਹੋਇਆ ਅਤੇ ਸਿੱਖਾਂ ਨੂੰ ਅਰਜ਼ ਕੀਤੀ ਕਿ ਉਹ ਕਸੂਰ ਦੇ ਚੀਫ਼ ਤੋਂ ਉਸ ਦੀ ਬੀਵੀ ਵਾਪਸ ਦਿਵਾਉਣ। ਮਗਰੋਂ ਸਿੱਖਾਂ ਨੇ ਕਸੂਰ

	'ਤੇ ਹਮਲਾ ਕਰ ਕੇ ਉਥੋਂ ਦੇ ਚੀਫ਼ ਉਸਮਾਨ ਖ਼ਾਨ ਨੂੰ ਮਾਰ ਕੇ ਬ੍ਰਾਹਮਣੀ ਆਜ਼ਾਦ ਕਰਵਾਈ।
20.2.1764	ਸਿੱਖਾਂ ਨੇ ਸਹਾਰਨਪੁਰ 'ਤੇ ਕਬਜ਼ਾ ਕਰ ਲਿਆ।
16.5.1764	ਸਿੱਖਾਂ ਨੇ ਲਾਹੌਰ 'ਤੇ ਹਮਲਾ ਕੀਤਾ। ਦੁਰਾਨੀ ਦੇ ਸਫ਼ੀਰ ਨੇ ਸਿੱਖਾਂ ਨੂੰ ਮੁਲਤਾਨ ਵੱਲੋਂ ਆਉਣ ਵਾਲੇ ਸਮਾਨ 'ਤੇ ਚੁੰਗੀ ਦੀ ਆਮਦਨ ਦੀ ਪੇਸ਼ਕਸ਼ ਕੀਤੀ, ਜੋ ਸਿੱਖਾਂ ਨੇ ਠੁਕਰਾ ਦਿੱਤੀ।
1.12.1764	ਅਹਿਮਦ ਸ਼ਾਹ ਦੁੱਰਾਨੀ ਵੱਲੋਂ ਦਰਬਾਰ ਸਾਹਿਬ 'ਤੇ ਹਮਲਾ। ਜਥੇਦਾਰ ਗੁਰਬਖ਼ਸ਼ ਸਿੰਘ ਅਤੇ ਤੀਹ ਸਿੱਖਾਂ ਨੇ ਸੈਂਕੜੇ ਅਫ਼ਗਾਨ ਸਿਪਾਹੀ ਮਾਰ ਕੇ ਸ਼ਹੀਦੀਆਂ ਹਾਸਲ ਕੀਤੀਆਂ।
17.4.1765	ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ।
18.1.1774	ਬਾਬਾ ਬਘੇਲ ਸਿੰਘ ਦੀ ਅਗਵਾਈ ਵਿਚ ਸਿੱਖ ਦਿੱਲੀ 'ਚ ਦਾਖ਼ਲ ਹੋਏ।
11.3.1783	ਬਾਬਾ ਬਘੇਲ ਸਿੰਘ, ਸਿਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਿਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਕਿਲ੍ਹੇ 'ਤੇ ਕਬਜ਼ਾ ਕਰ ਕੇ ਨੀਲਾ ਨਿਸ਼ਾਨ ਸਾਹਿਬ ਲਹਿਰਾਇਆ ਗਿਆ। ਸ. ਜੱਸਾ ਸਿੰਘ ਦਿੱਲੀ ਦੇ ਤਖ਼ਤ ਦੀ ਸਿੱਲ ਪੁੱਟ ਕੇ ਦਰਬਾਰ ਸਾਹਿਬ ਲੈ ਆਏ।
7.7.1799	ਰਣਜੀਤ ਸਿੰਘ ਨੇ ਭੰਗੀ ਮਿਸਲ ਤੋਂ ਲਾਹੌਰ ਖੋਹ ਲਿਆ।
11.4.1801	ਰਣਜੀਤ ਸਿੰਘ ਨੇ ਆਪਣੇ ਆਪ ਨੂੰ 'ਮਹਾਰਾਜਾ' ਐਲਾਨਿਆ।
1.1.1806	ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚ ਪਹਿਲਾ ਅਹਿਮਦਨਾਮਾ।
15.2.1809	ਅੰਗਰੇਜ਼ਾਂ ਨੇ ਲੁਧਿਆਣਾ ਵਿਚ ਛਾਉਣੀ ਕਾਇਮ ਕੀਤੀ।
25.4.1809	ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚ 'ਅੰਮ੍ਰਿਤਸਰ ਦਾ ਅਹਿਮਦਨਾਮਾ' 'ਤੇ ਦਸਤਖ਼ਤ ਹੋਏ।
3.5.1809	ਅੰਗਰੇਜ਼ਾਂ ਨੇ ਸਤਲੁਜ ਪਾਰ ਸਿੱਖ ਰਿਆਸਤਾਂ ਨੂੰ 'ਰਾਖੀ' ਦੀ ਪੇਸ਼ਕਸ਼ ਕੀਤੀ।
1809-37	ਸਤਲੁਜ ਤਕ ਸਾਰੇ ਸਿੱਖ ਹੋਮਲੈਂਡ 'ਤੇ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ।
11.4.1837	ਸਿਰਦਾਰ ਹਰੀ ਸਿੰਘ ਨਲਵਾ ਨੇ ਰਣਜੀਤ ਸਿੰਘ ਨੂੰ ਆਖਿਆ ਕਿ ਸਿੱਖ ਰਾਜ ਸਿੱਖਾਂ ਦੀਆਂ ਕੁਰਬਾਨੀਆਂ ਨਾਲ ਕਾਇਮ ਹੋਇਆ ਹੈ ਤੇ ਉਹ ਸਿੱਖ ਰਾਜ ਹੁਣ ਪੰਜ ਪਿਆਰਿਆਂ ਨੂੰ ਸੌਂਪ ਦੇਵੇ, ਪਰ ਰਣਜੀਤ ਸਿੰਘ ਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਹਕੂਮਤ ਉਸ ਦੀ ਆਪਣੀ ਹੈ। ਡੋਗਰਿਆਂ ਨੇ ਨਲਵੇ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਰਚੀ।
30.4.1837	ਜਰਨਲ ਹਰੀ ਸਿੰਘ ਨਲਵਾ ਸ਼ਹੀਦ।
27.6.1839	(ਮਹਾਰਾਜਾ) ਰਣਜੀਤ ਸਿੰਘ ਦੀ ਮੌਤ। ਖੜਗ ਸਿੰਘ ਮਹਾਰਾਜਾ ਬਣਿਆ।
10.10.1839	ਖੜਗ ਸਿੰਘ ਦੇ ਪੁੱਤਰ ਨੇ ਡੋਗਰਿਆਂ ਨਾਲ ਰਲ ਕੇ ਹਕੂਮਤ ਸੰਭਾਲੀ।
4.11.1840	ਖੜਗ ਸਿੰਘ ਦੀ ਮੌਤ।
5.11.1840	ਡੋਗਰਿਆਂ ਨੇ ਨੌਨਿਹਾਲ ਸਿੰਘ ਨੂੰ ਕੰਧ ਸੁੱਟ ਕੇ ਜ਼ਖ਼ਮੀ ਕਰਨ ਮਗਰੋਂ ਪੱਥਰ ਮਾਰ-ਮਾਰ ਕੇ ਮਾਰ ਦਿੱਤਾ।
2.12.1840	ਰਾਣੀ ਚੰਦ ਕੌਰ ਨੇ ਹਕੂਮਤ ਸੰਭਾਲੀ।

18.1.1841	ਸ਼ੇਰ ਸਿੰਘ ਮਹਾਰਾਜਾ ਬਣਿਆ।
11.6.1842	ਧਿਆਨ ਸਿੰਘ ਡੋਗਰਾ ਨੇ ਨੌਕਰਾਣੀਆਂ ਤੋਂ ਚੰਦ ਕੌਰ ਮਰਵਾ ਦਿੱਤੀ।
15.9.1843	ਅਜੀਤ ਸਿੰਘ ਤੇ ਲਹਿਣਾ ਸਿੰਘ ਸੰਧਾਵਾਲੀਆ ਨੇ ਮਹਾਰਾਜਾ ਸ਼ੇਰ ਸਿੰਘ, ਕੰਵਰ ਪਰਤਾਪ ਸਿੰਘ ਤੇ ਧਿਆਨ ਸਿੰਘ ਡੋਗਰਾ ਕਤਲ ਕਰ ਦਿੱਤੇ।
18.9.1843	ਦਲੀਪ ਸਿੰਘ ਮਹਾਰਾਜਾ ਬਣਿਆ।
7.5.1844	ਬਾਬਾ ਬੀਰ ਸਿੰਘ ਦੇ ਡੇਰੇ 'ਤੇ ਅਤਰ ਸਿੰਘ ਸੰਧਵਾਲੀਆ ਨੇ ਜਨਰਲ ਗੁਲਾਬ ਸਿੰਘ (ਡੋਗਰਾ ਨਹੀਂ) ਨੂੰ ਕਤਲ ਕਰ ਦਿੱਤਾ। ਗੁਲਾਬ ਸਿੰਘ ਦੇ ਸਾਥੀਆਂ ਨੇ ਅਤਰ ਸਿੰਘ ਨੂੰ ਕਤਲ ਕਰ ਦਿੱਤਾ । ਹੀਰਾ ਸਿੰਹ ਡੋਗਰਾ ਵੱਲੋਂ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਡੇਰੇ 'ਤੇ ਹਮਲਾ। ਬਾਬਾ ਬੀਰ ਸਿੰਘ ਅਤੇ ਕੰਵਰ ਕਸ਼ਮੀਰਾ ਸਿੰਘ ਮਾਰੇ ਗਏ।
18.12.1845	ਮੁਦਕੀ ਦੀ ਲੜਾਈ ਵਿਚ ਸਿੱਖ ਤੇ ਅੰਗਰੇਜ਼ ਆਹਮੋ ਸਾਹਮਣੇ ਹੋਏ।
21.12.1845	ਫ਼ਿਰੋਜ਼ਸ਼ਾਹ ਦੀ ਲੜਾਈ। ਲਾਲ ਸਿੰਹ ਤੇ ਤੇਜਾ ਸਿੰਹ ਦੀ ਅੰਗਰੇਜ਼ਾਂ ਨਾਲ ਮਿਲ ਕੇ ਲਾਹੌਰ ਦਰਬਾਰ ਨਾਲ ਗ਼ਦਾਰੀ। ਅਜੀਤ ਸਿੰਘ ਲਾਡਵਾ ਤੇ ਰਣਜੋਧ ਸਿੰਘ ਮਜੀਠੀਆ ਨੇ ਬੱਦੋਵਾਲ ਛਾਵਣੀ ਅੰਗਰੇਜ਼ਾਂ ਤੋਂ ਖੋਹ ਲਈ।
10.2.1846	ਸਭਰਾਓਂ ਦੀ ਲੜਾਈ। ਸਿਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਸ਼ਹੀਦੀ। ਲਾਲ ਸਿੰਹ, ਤੇਜ ਸਿੰਹ, ਗੁਲਾਬ ਸਿੰਹ ਡੋਗਰਾ ਦੀ ਗ਼ਦਾਰੀ।
9.3.1846	ਅੰਗਰੇਜ਼ਾਂ ਤੇ ਸਿੱਖਾਂ ਵਿਚ ਅਹਿਦਨਾਮਾ ।
11.3.1846	ਅੰਗਰੇਜ਼ਾਂ ਨੇ ਜਲੰਧਰ ਦੋਆਬ 'ਤੇ ਕਬਜ਼ਾ ਕਰ ਲਿਆ ਤੇ ਕਸ਼ਮੀਰ ਦਾ ਇਲਾਕਾ ਗੁਲਾਬ ਸਿੰਹ ਡੋਗਰਾ ਨੂੰ 'ਵੇਚ' ਦਿੱਤਾ। ਗੁਲਾਬ ਸਿੰਹੁ ਨੇ ਲਾਹੌਰ ਦਾ ਚੋਰੀ ਕੀਤਾ ਖ਼ਜ਼ਾਨਾ ਅੰਗਰੇਜ਼ਾਂ ਨੂੰ ਦੇ ਕੇ ਕਸ਼ਮੀਰ ਖ਼ਰੀਦਿਆ।
16.12.1846	ਭਰੋਵਾਲ ਦਾ ਅਹਿਦਨਾਮਾ। ਗੁਲਾਬ ਸਿੰਹ ਕਸ਼ਮੀਰ ਦਾ ਮਹਾਰਾਜਾ ਮੰਨਿਆ ਗਿਆ। ਹੈਨਰੀ ਲਾਰੈਂਸ ਲਾਹੌਰ 'ਚ ਰੈਜ਼ੀਡੈਂਟ ਨਾਮਜ਼ਦ ਹੋਇਆ। ਗ਼ਦਾਰ ਤੇਜਾ ਸਿੰਹ ਮੁੜ ਪ੍ਰਾਈਮ ਮਨਿਸਟਰ ਬਣ ਗਿਆ।
5.10.1848	ਲਾਰਡ ਡਲਹੌਜ਼ੀ ਨੇ ਸਿੱਖਾਂ ਖ਼ਿਲਾਫ਼ ਜੰਗ ਦਾ ਐਲਾਨ ਕੀਤਾ।
9.11.1848	ਜਨਰਲ ਗਫ਼ ਦੀਆਂ ਫ਼ੌਜਾਂ ਸਤਲੁਜ ਪਾਰ ਕਰ ਗਈਆਂ।
22.11.1848	ਰਾਮ ਨਗਰ ਦੀ ਲੜਾਈ।
13.1.1849	ਚੇਲਿਆਂਵਾਲਾ ਦੀ ਲੜਾਈ। ਅੰਗਰੇਜ਼ਾਂ ਦੀ ਬੁਰੀ ਤਰ੍ਹਾਂ ਤਬਾਹੀ ਹੋਈ।
21.2.1849	ਗੁਜਰਾਤ ਦੀ ਲੜਾਈ ਵਿਚ ਸਿੱਖਾਂ ਦੀ ਹਾਰ 'ਤੇ ਉਨ੍ਹਾਂ ਦਾ ਕਤਲੇਆਮ।
14.3.1849	ਸ਼ੇਰ ਸਿੰਘ ਤੇ ਚਤਰ ਸਿੰਘ ਅਟਾਰੀਵਾਲਾ ਨੇ ਹਥਿਆਰ ਸੁੱਟੇ।
29.31849	ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਰਾਜ ਵਿਚ ਸ਼ਾਮਿਲ ਕਰ ਲਿਆ।
28-29.12.1849	ਭਾਈ ਮਹਾਰਾਜ ਸਿੰਘ ਗ੍ਰਿਫ਼ਤਾਰ।
8.3.1853	(ਮਹਾਰਾਜਾ) ਦਲੀਪ ਸਿੰਘ ਈਸਾਈ ਬਣਿਆ।
5.7.1856	ਭਾਈ ਮਹਾਰਾਜ ਸਿੰਘ ਸਿੰਘਾਪੁਰ ਜੇਲ੍ਹ 'ਚ ਸ਼ਹੀਦ ਹੋ ਗਏ।
1.10.1873	ਅੰਮ੍ਰਿਤਸਰ 'ਚ ਸਿੰਘ ਸਭਾ ਕਾਇਮ ਹੋਈ।
5.3.1892	ਖ਼ਾਲਸਾ ਕਾਲਜ ਅੰਮ੍ਰਿਤਸਰ ਕਾਇਮ ਹੋਇਆ।
30.10.1902	ਚੀਫ਼ ਖ਼ਾਲਸਾ ਦੀਵਾਨ ਬਣਿਆ।
22.10.1909	'ਅਨੰਦ ਮੈਰਜਿ ਬਿੱਲ' ਕਾਨੂੰਨ ਬਣਿਆ।

ਮਾਰਚ 1913	ਅਮਰੀਕਾ ਵਿਚ ਗ਼ਦਰ ਪਾਰਟੀ ਕਾਇਮ ਹੋਈ।
14.1.1914	ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਢਾਹੀ ਗਈ।
11.1.1915	ਭਾਈ ਮੇਵਾ ਸਿੰਘ ਨੂੰ ਵੈਨਕੂਵਰ ਦੀ ਜੇਲ੍ਹ ਵਿਚ ਫਾਂਸੀ ਦਿੱਤੀ ਗਈ।
13.4.1919	ਜਲ੍ਹਿਆਂਵਾਲਾ ਬਾਗ਼ ਅੰਮ੍ਰਿਤਸਰ ਵਿਚ, ਜਨਰਲ ਡਾਇਰ ਨੇ ਗੋਲੀ ਚਲਾ ਕੇ, 300 ਤੋਂ ਵਧ ਨਿਹੱਥੇ ਬੇਕਸੂਰ ਬੰਦੇ ਗੋਲੀਆਂ ਨਾਲ ਉਡਾ ਦਿੱਤੇ ਤੇ ਹਜ਼ਾਰਾਂ ਜ਼ਖ਼ਮੀ ਕਰ ਦਿੱਤੇ।
8.12.1919	ਲਾਹੌਰ ਵਿਚ 'ਸੈਂਟਰਲ ਸਿੱਖ ਲੀਗ' ਕਾਇਮ ਹੋਈ।
21.5.1920	ਰੋਜ਼ਾਨਾ 'ਅਕਾਲੀ' ਅਖ਼ਬਾਰ ਛਪਣੀ ਸ਼ੁਰੂ ਹੋਈ।
10-12.10.1920	ਅੰਮ੍ਰਿਤਸਰ ਵਿਚ ਅਖੌਤੀ ਪਛੜੀਆਂ ਜ਼ਾਤਾਂ ਦਾ ਸਮਾਗਮ ।
12.10.1920	ਦਰਬਾਰ ਸਾਹਿਬ ਦੇ ਪੁਜਾਰੀਆਂ ਵੱਲੋਂ ਅਖੌਤੀ ਪਛੜੀਆਂ ਜ਼ਾਤਾਂ ਦਾ ਪ੍ਰਸ਼ਾਦ ਕਬੂਲ ਕਰਨੋਂ ਨਾਂਹ । ਅਖ਼ੀਰ ਗੁਰੂ ਗ੍ਰੰਥ ਸਾਹਿਬ ਦੇ ਹੁਕਮਨਾਮੇ ਮਗਰੋਂ 'ਹਾਂ' ਕਰਨੀ ਪਈ ।
12.10.1920	ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਅਖੌਤੀ-ਪਛੜੀਆਂ ਜ਼ਾਤਾਂ ਦਾ ਜਥਾ ਆਉਂਦਾ ਵੇਖ ਕੇ ਤਖ਼ਤ ਸਾਹਿਬ ਨੂੰ ਛੱਡ ਕੇ ਚਲੇ ਗਏ। ਸਿੱਖ ਸੰਗਤਾਂ ਨੇ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਵਾਸਤੇ 25 ਸਿੰਘਾਂ ਜਥਾ ਕਾਇਮ ਕੀਤਾ। ਜਥੇਦਾਰ ਤੇਜਾ ਸਿੰਘ ਭੁੱਚਰ 'ਇਸ ਜਥੇ ਦੇ' (ਅਕਾਲ ਤਖ਼ਤ ਦੇ ਨਹੀਂ) ਜਥੇਦਾਰ ਬਣਾਏ ਗਏ।
15.10.1920	ਅਕਾਲ ਤਖ਼ਤ ਸਾਹਿਬ 'ਤੇ ਸਰਬਤ ਖਾਲਸਾ ਦੇ ਇੱਕਠ ਵਿਚ 'ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ ਕਾਇਮੀ ।
14.12.1920	ਗੁਰਦੁਆਰਿਆਂ 'ਤੇ ਸ਼੍ਰੋਮਣੀ ਕਮੇਟੀ ਦੇ ਕਬਜ਼ੇ ਬਹਾਲ ਰੱਖਣ ਵਾਸਤੇ 'ਗੁਰਦੁਆਰਾ ਸੇਵਕ ਦਲ' (ਮਗਰੋਂ ਸ਼ਰੋਮਣੀ ਅਕਾਲੀ ਦਲ) ਦੀ ਕਾਇਮੀ।
23.1.1921	ਗੁਰਦੁਆਰਾ ਸੇਵਕ ਦਲ ਦਾ ਨਾਂ 'ਅਕਾਲੀ ਦਲ' ਰੱਖ ਦਿੱਤਾ ਗਿਆ। ਅਗਲੇ ਦਿਨ ਸ: ਸਰਮੁਖ ਸਿੰਘ ਝਬਾਲ ਇਸ ਅਕਾਲੀ ਦਲ ਦੇ ਪਹਿਲੇ ਜਥੇਦਾਰ ਬਣੇ।
25.1.1921	ਤਰਨ ਤਾਰਨ ਵਿਚ ਮਹੰਤਾਂ ਵੱਲੋਂ ਸਿੱਖਾਂ ਦੇ ਨੁਮਾਇੰਦਿਆਂ 'ਤੇ ਹਮਲਾ। ਕਈ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋਏ।
27.1.1921	ਭਾਈ ਹਜ਼ਾਰਾ ਸਿੰਘ ਅਲਾਦੀਪੁਰ (ਅੰਮ੍ਰਿਤਸਰ), ਜੋ ਤਰਨ ਤਾਰਨ 'ਚ ਮਹੰਤਾਂ ਦੇ ਹਮਲੇ 'ਚ ਜ਼ਖ਼ਮੀ ਹੋਏ ਸਨ, ਸ਼ਹੀਦੀ ਜਾਮ ਪੀ ਗਏ। ਉਹ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਬਣੇ।
4.2.1921	25 ਜਨਵਰੀ ਦੇ ਦੂਜੇ ਜ਼ਖ਼ਮੀ ਭਾਈ ਹੁਕਮ ਸਿੰਘ ਵਜਾਊਕੋਟ (ਗੁਰਦਾਸਪੁਰ) ਸ਼ਹੀਦੀ ਜਾਮ ਪੀ ਗਏ।
20.2.1921	ਨਾਨਕਾਣਾ ਸਾਹਿਬ ਵਿਖੇ ਮਹੰਤਾਂ ਨੇ ਸਿੰਘਾਂ ਦਾ ਕਤਲੇਆਮ ਕੀਤਾ। 130 ਤੋਂ ਵੱਧ ਸਿੰਘ ਸ਼ਹੀਦ ਹੋਏ। ਸ਼ਹੀਦਾਂ ਵਿਚ ਭਾਈ ਲਛਮਣ ਸਿੰਘ ਧਾਰੋਵਾਲੀ, ਦਲੀਪ ਸਿੰਘ, ਵਰਿਆਮ ਸਿੰਘ ਵੀ ਸਨ।
29.10.1921	ਸ਼ਿਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆ ਚਾਬੀਆਂ ਸੁੰਦਰ ਸਿੰਘ ਰਾਮਗੜ੍ਹੀਆਂ ਤੋਂ ਲੈਣ ਦਾ ਮਤਾ ਪਾਸ ਕੀਤਾ।
7.11.1921	ਅੰਗਰੇਜ਼ ਸਰਕਾਰ ਨੇ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਤੇ ਹੋਰ 53 ਚਾਬੀਆਂ ਆਪਣੇ ਕਬਜ਼ੇ ਵਿਚ ਲੈ ਲਈਆਂ।

ਨਵੰਬਰ 1921	ਭਾਈ ਕਿਸ਼ਨ ਸਿੰਘ ਗੜਗਜ ਵੱਲੋਂ 'ਚਕਰਵਰਤੀ ਜਥਾ' ਬਣਾਇਆ ਗਿਆ। ਸਿੱਖ-ਦੁਸ਼ਮਣਾਂ ਦੀ ਸੁਧਾਈ ਲਈ ਬਣਿਆ ਇਹ ਜਥਾ ਮਗਰੋਂ 'ਬਬਰ ਅਕਾਲੀ ਲਹਿਰ' ਬਣ ਗਿਆ।
19.1.1922	ਸ਼ਿਰੋਮਣੀ ਕਮੇਟੀ ਨੇ 'ਚਾਬੀਆ ਦਾ ਮੋਰਚਾ' ਜਿੱਤ ਲਿਆ।
8.8.1922	'ਗੁਰੂ ਦਾ ਬਾਗ਼' (ਘੁੱਕੇਵਾਲੀ) ਮੋਰਚਾ ਸ਼ੁਰੂ ਹੋ ਗਿਆ।
18.11.1922	'ਗੁਰੂ ਦਾ ਬਾਗ਼' ਮੋਰਚਾ ਸਰ ਹੋਇਆ।
21.2.1924	ਜੈਤੋ ਮੋਰਚੇ ਦੌਰਾਨ ਸ਼ਹੀਦੀ ਜਥੇ 'ਤੇ ਫ਼ੌਜ ਤੇ ਪੁਲਿਸ ਨੇ ਗੋਲੀਆਂ ਚਲਾ ਕੇ 100 ਸਿੱਖ ਸ਼ਹੀਦ ਤੇ 200 ਜ਼ਖ਼ਮੀ ਕਰ ਦਿੱਤੇ।
9.7.1925	ਗੁਰਦੁਆਰਾ ਬਿੱਲ ਐਕਟ ਬਣ ਗਿਆ।
21.7.1925	ਜੈਤੋ 'ਚ ਆਖੰਡ ਪਾਠ ਤੋਂ ਪਾਬੰਦੀ ਖ਼ਤਮ।
17.7.1926	ਜਥੇਦਾਰ ਤੇਜਾ ਸਿੰਘ ਸਮੁੰਦਰੀ ਲਾਹੌਰ ਕਿਲ੍ਹਾ ਜੇਲ੍ਹ 'ਚ ਚੜ੍ਹਾਈ ਕਰ ਗਏ।
10.8.1928	'ਮੋਤੀ ਲਾਲ ਨਹਿਰੂ ਰਿਪੋਰਟ' ਪੇਸ਼ ਕੀਤੀ ਗਈ।
19.8.1928	ਆਲ ਪਾਰਟੀਜ਼ ਸਿੱਖ ਕਾਨਫ਼ਰੰਸ ਨੇ 'ਨਹਿਰੂ ਰਿਪੋਰਟ' ਰੱਦ ਕੀਤੀ।
29.12.1928	ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਆਲ ਪਾਰਟੀਜ਼ ਕਨਵੈਨਸ਼ਨ 'ਚ ਤਕਰੀਰ ਕਰਦਿਆਂ ਆਖਿਆ ਕਿ "ਜੇ ਸਿੱਖਾਂ ਨੂੰ ਇਨਸਾਫ਼ ਨਾ ਦਿੱਤਾ ਗਿਆ ਤਾਂ ਭਾਰਤ ਦੇ ਮੁਸਤਕਬਿਲ (ਭਵਿੱਖ) ਦਾ ਫ਼ੈਸਲਾ ਕਲਮ ਨਾਲ ਨਹੀਂ ਬਲਕਿ ਤਲਵਾਰ ਨਾਲ ਹੋਵੇਗਾ।"
28-30.12.1929	ਕਾਂਗਰਸ ਪਾਰਟੀ ਦੇ ਲਾਹੌਰ ਸੈਸ਼ਨ ਦਾ ਸਿੱਖਾਂ ਵੱਲੋਂ ਬਾਈਕਾਟ। ਮੋਤੀ ਲਾਲ ਨਹਿਰੂ, ਗਾਂਧੀ ਤੇ ਹੋਰ ਹਿੰਦੂ ਆਗੂ ਅਕਾਲੀ ਦਲ ਦੇ ਆਗੂਆਂ ਨੂੰ ਮਿਲਣ ਗਏ ਤੇ ਵਾਅਦਾ ਕੀਤਾ ਕਿ ਅੱਗੇ ਤੋਂ ਕੋਈ ਅਜਿਹੀ ਗੱਲ, ਜਿਸ ਨਾਲ ਸਿੱਖਾਂ ਤੇ ਹੋਰ ਅਕਲੀਅਤਾਂ (ਘਟ-ਗਿਣਤੀਆਂ) ਦੀ ਤਸੱਲੀ ਨਾ ਹੁੰਦੀ ਹੋਵੇ, ਮਨਜ਼ੂਰ ਨਹੀਂ ਕਰਾਂਗੇ।
20.3.1931	ਰਾਊਂਡ ਟੇਬਲ ਕਾਨਫ਼ਰੰਸ ਵਾਸਤੇ ਸਿੱਖਾਂ ਨੇ 17 ਨੁਕਾਤੀ ਚਾਰਟਰ ਪੇਸ਼ ਕੀਤਾ।
16.8.1932	ਫ਼ਿਰਕੂ ਫ਼ੈਸਲੇ ਦਾ ਐਲਾਨ। ਇਸ ਐਲਾਨ 'ਚ ਸਿੱਖਾਂ ਦੇ ਹੱਕ ਤਸਲੀਮ ਨਹੀਂ ਕੀਤੇ ਗਏ।
27.9.1932	ਸਾਰੀਆਂ ਸਿੱਖ ਪਾਰਟੀਆ ਨੇ ਰਲ ਕੇ 'ਖਾਲਸਾ ਦਰਬਾਰ' ਕਾਇਮ ਕੀਤੀ ਤੇ ਫ਼ਿਰਕੂ ਫ਼ੈਸਲੇ ਦੀ ਮੁਖ਼ਾਲਫ਼ਤ ਦਾ ਫ਼ੈਸਲਾ ਕੀਤਾ। ਫ਼ਿਰਕੂ ਫ਼ੈਸਲੇ ਬਾਰੇ ਬਣੀ 'ਸਿੱਖ ਕੌਂਸਲ ਆਫ਼ ਐਕਸ਼ਨ' ਵੱਲੋਂ 'ਅਕਾਲੀ ਸ਼ਹੀਦੀ ਫ਼ੌਜ' ਬਣਾਉਣ ਦਾ ਐਲਾਨ।
15.7.1934	'ਖਾਲਸਾ ਦਰਬਾਰ' ਦਾ ਡੈਲੀਗੇਸ਼ਨ ਲਾਹੌਰ 'ਚ ਮੋਹਨ ਦਾਸ (ਗਾਂਧੀ) ਨੂੰ ਮਿਲਿਆ। ਗਾਂਧੀ ਨੇ ਮੁੜ ਦੁਹਰਾਇਆ ਕਿ ਕਾਂਗਰਸ ਕੋਈ ਅਜਿਹਾ ਆਈਨ ਕਬੂਲ ਨਹੀਂ ਕਰੇਗੀ, ਜਿਸ ਨਾਲ ਸਿੱਖਾਂ ਦੀ ਤਸੱਲੀ ਨਾ ਹੋਵੇ।
23.3.1940	ਮੁਸਲਮ ਲੀਗ ਨੇ 'ਪਾਕਿਸਤਾਨ' ਦਾ ਮਤਾ ਪਾਸ ਕੀਤਾ।
ਅਪਰੈਲ 1940	ਡਾਕਟਰ ਵੀਰ ਸਿੰਘ ਭੱਟੀ (ਲੁਧਿਆਣਾ) ਨੇ 'ਖਾਲਿਸਤਾਨ' ਦੀ ਸਕੀਮ ਪੇਸ਼ ਕੀਤੀ। ਇਹ ਖਿੱਤਾ ਪਾਕਿਸਤਾਨ ਤੇ ਹਿੰਦੁਸਤਾਨ ਵਿਚਕਾਰ, ਦਰਿਆ ਜਮਨਾ ਤੋਂ ਜਮਰੌਦ ਤਕ, ਇਕ ਸਿੱਖ ਮੁਲਕ ਵਜੋਂ ਖ਼ੁਦਮੁਖ਼ਤਿਆਰ ਦੇਸ਼ ਹੋਣਾ ਸੀ।

16.8.1940	ਮਾਸਟਰ ਤਾਰਾ ਸਿੰਘ ਦੇ ਨਾਂ ਇਕ ਖ਼ਤ ਵਿਚ ਗਾਂਧੀ ਨੇ ਕਿਰਪਾਨ ਬਾਰੇ ਘਟੀਆ ਲੱਫ਼ਾਜ਼ੀ ਵਰਤੀ ਅਤੇ ਆਖਿਆ ਕਿ ਸਿੱਖਾਂ ਨੂੰ ਕਾਂਗਰਸ ਅਤੇ ਕਿਰਪਾਨ ਵਿਚੋਂ ਇਕ ਚੁਣਨਾ ਚਾਹੀਦਾ ਹੈ।
27.3.1942	ਸਿੱਖਾਂ ਨੇ ਕ੍ਰਿਪਸ ਮਿਸ਼ਨ ਨੂੰ ਮੈਮੋਰੰਡਮ ਦੇ ਕੇ ਪੰਜਾਬ ਦੀ ਵੰਡ ਦੀ ਮੰਗ ਕੀਤੀ ।
2.6.1942	ਬਲਦੇਵ ਸਿੰਘ ਵਜ਼ੀਰ ਬਣੇ।
7.6.1943	ਅਕਾਲੀ ਦਲ ਨੇ 'ਆਜ਼ਾਦ ਪੰਜਾਬ' ਸਕੀਮ ਦੀ ਹਿਮਾਇਤ ਕੀਤੀ । 'ਆਜ਼ਾਦ ਪੰਜਾਬ' ਭਾਰਤ ਤੇ ਪਾਕਿਸਤਾਨ 'ਚ ਇਕ ਸਾਂਝਾ ਮੁਲਕ ਹੋਣਾ ਸੀ, ਜਿਸ ਵਿਚ 40 ਫ਼ੀਸਦੀ ਹਿੰਦੂ, 40 ਫ਼ੀਸਦੀ ਮੁਸਲਮਾਨ ਤੇ 20 ਫ਼ੀਸਦੀ ਸਿੱਖ ਹੋਣੇ ਸਨ।
16.7.1944	ਰਾਜ ਗੋਪਾਲਚਾਰੀਆ ਨੇ ਮੁਸਲਮਾਨਾਂ ਨੂੰ ਸਿਆਸੀ ਖ਼ੁਦਮੁਖ਼ਤਿਆਰੀ ਦੀ ਪੇਸ਼ਕਸ਼ ਕੀਤੀ। ਮਗਰੋਂ ਇਸ ਨੂੰ 'ਰਾਜਾ ਜੀ ਫ਼ਾਰਮੂਲਾ' ਵਜੋਂ ਜਾਣਿਆ ਗਿਆ। ਇਸ ਸਕੀਮ ਮੁਤਾਬਿਕ ਪੰਜਾਬ ਦੇ 17 ਜ਼ਿਲ੍ਹੇ ਪਾਕਿਸਤਾਨ ਨੂੰ ਤੇ 12 ਭਾਰਤ ਨੂੰ ਮਿਲਣੇ ਸਨ।
24.7.1944	ਅਕਾਲੀ ਦਲ ਨੇ ਰਾਜਾ ਜੀ ਫ਼ਾਰਮੂਲਾ ਰੱਦ ਕਰ ਦਿੱਤਾ।
5.8.1944	ਜਿਨਾਹ ਨੇ ਕਿਹਾ ਕਿ "ਸਿੱਖ ਇਕ ਵੱਖਰੀ ਕੌਮ ਹਨ ਅਤੇ ਅੰਗਰੇਜ਼ਾਂ ਵੱਲੋਂ ਤਾਕਤ ਸਾਡੇ ਹਵਾਲੇ ਕੀਤੇ ਜਾਣ ਮਗਰੋਂ ਅਸੀ ਉਨ੍ਹਾਂ ਨਾਲ ਆਦਲਾਨਾ ਸਲੂਕ ਕਰਾਂਗੇ।"
5.9.1944	ਮਾਸਟਰ ਤਾਰਾ ਸਿੰਘ ਨੇ ਖ਼ੁਦਮੁਖ਼ਤਿਆਰ ਸਿੱਖ ਸਟੇਟ ਦੀ ਮੰਗ ਕੀਤੀ।
15.7.1945	ਮਾਸਟਰ ਤਾਰਾ ਸਿੰਘ ਨੇ ਇਸਰਾਈਲ ਦੀ ਮਿਸਾਲ ਦੇ ਕੇ ਸਿੱਖ ਸਟੇਟ ਦੀ ਮੰਗ ਕੀਤੀ ਤੇ ਕਿਹਾ ਕਿ ਜੇ 10 ਫ਼ੀਸਦੀ ਯਹੂਦੀਆਂ ਵਾਸਤੇ ਇਸਰਾਈਲ ਬਣ ਸਕਦਾ ਹੈ ਤਾਂ ਸਿੱਖਾਂ ਨੂੰ ਉਨ੍ਹਾਂ ਦਾ ਮੁਲਕ ਕਿਉਂ ਨਹੀਂ ਮਿਲ ਸਕਦਾ।
4.4.1946	ਮਾਸਟਰ ਤਾਰਾ ਸਿੰਘ ਅਤੇ ਮੁਹੰਮਦ ਅਲੀ ਜਿਨਾਹ ਸਿਰਦਾਰ ਤੇਜਾ ਸਿੰਘ ਮਲਿਕ ਦੀ ਕੋਠੀ 'ਤੇ ਮਿਲੇ ਤੇ ਸਿੱਖ-ਮੁਸਲਮ ਸਾਂਝ ਬਾਰੇ ਵਿਚਾਰਾਂ ਕੀਤੀਆਂ।
5.4.1946	ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਬਲਦੇਵ ਸਿੰਘ ਤੇ ਹਰਨਾਮ ਸਿੰਘ ਐਡਵੋਕੇਟ 'ਕੈਬਨਿਟ ਮਿਸ਼ਨ' ਨੂੰ ਮਿਲੇ ਤੇ ਸਿੱਖਾਂ ਦਾ ਕੇਸ ਪੇਸ਼ ਕੀਤਾ।
16.5.1946	ਬ੍ਰਿਟਿਸ਼ ਕੈਬਨਿਟ ਮਿਸ਼ਨ ਨੇ ਆਪਣੀ ਰਿਪੋਰਟ ਜਾਰੀ ਕੀਤੀ ਤੇ ਪਾਕਿਸਤਾਨ ਦੀ ਮੰਗ ਮੰਨ ਲਈ।
9-10.6.1946	ਆਲ ਪਾਰਟੀਜ਼ ਸਿੱਖ ਕਾਨਫ਼ਰੰਸ ਨੇ 'ਕੈਬਨਿਟ ਮਿਸ਼ਨ' ਰਿਪੋਰਟ ਰੱਦ ਕਰ ਦਿੱਤੀ ਤੇ ਪਾਕਿਸਤਾਨ ਦੀ ਮੁਖ਼ਾਲਫ਼ਤ ਦਾ ਫ਼ੈਸਲਾ ਕੀਤਾ।
22.6.1946	ਸਿੱਖਾਂ ਨੇ 'ਇੰਟਰੈਮ ਸਰਕਾਰ' ਦੇ ਬਾਈਕਾਟ ਦਾ ਫ਼ੈਸਲਾ ਕੀਤਾ।
23.6.1946	ਲਾਰਡ ਐਟਲੀ ਨੇ ਸਿੱਖਾਂ ਦੀ ਪ੍ਰਵਾਹ ਕਰਨ ਤੋਂ ਨਾਂਹ ਕਰ ਦਿੱਤੀ।
6.7.1946	ਜਵਾਹਰ ਲਾਲ ਨਹਿਰੂ ਨੇ ਕਿਹਾ, "ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਕਿ ਜੇ ਭਾਰਤ ਦੇ ਉੱਤਰ ਵਿਚ ਸਿੱਖਾਂ ਵਾਸਤੇ ਇਕ ਇਲਾਕਾ

	ਰਾਖਵਾਂ ਕਰ ਦਿੱਤਾ ਜਾਵੇ, ਜਿਥੇ ਕਿ ਸਿੱਖ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ।
14.8.1947	ਪਾਕਿਸਤਾਨ ਆਜ਼ਾਦ ਮੁਲਕ ਕਾਇਮ ਹੋ ਗਿਆ।
15.8.1947	ਬਰਤਾਨੀਆ ਨੇ ਭਾਰਤ ਦੀ ਹਕੂਮਤ ਕਾਂਗਰਸ ਪਾਰਟੀ ਦੇ ਹਵਾਲੇ ਕਰ ਦਿੱਤੀ।
17.8.1947	'ਰੈਡਕਲਿਫ਼ ਐਵਾਰਡ' ਦਾ ਐਲਾਨ ਕਰ ਕੇ ਭਾਰਤ ਤੇ ਪਾਕਿਸਤਾਨ 'ਚ ਸਰਹੱਦ ਦਾ ਫ਼ੈਸਲਾ ਕਰ ਦਿੱਤਾ ਗਿਆ।
10.10.1947	ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ ਇਕ ਸਰਕੂਲਰ ਜਾਰੀ ਕਰ ਕੇ ਸਿੱਖਾਂ ਨੂੰ 'ਇਕ ਜਰਾਇਮ ਪੇਸ਼ਾ ਕੌਮ' ਕਰਾਰ ਦਿੱਤਾ।
23.1.1948	ਡਾਕਟਰ ਅੰਬੇਦਕਰ ਨੇ ਸਿੱਖ ਆਗੂਆਂ ਨੂੰ 'ਪੰਜਾਬੀ ਸੂਬਾ' ਦੀ ਮੰਗ ਸ਼ੁਰੂ ਕਰਨ ਦੀ ਸਲਾਹ ਦਿੱਤੀ।
5.5.1948	ਭਾਰਤ ਸਰਕਾਰ ਨੇ ਪੰਜਾਬ ਦੀਆਂ ਸਿੱਖ ਰਿਆਸਤਾਂ ਤੋੜ ਕੇ 'ਪੈਪਸੂ' ਸੂਬਾ ਬਣਾ ਦਿੱਤਾ।
2.8.1948	ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੀ ਮੰਗ ਕੀਤੀ।
15.11.1948	ਮਾਸਟਰ ਤਾਰਾ ਸਿੰਘ ਨੇ ਆਖਿਆ ਕਿ ਹਿੰਦੂ ਸਿੱਖਾਂ ਨੂੰ ਆਪਣੇ ਵਿਚ ਜਜ਼ਬ ਕਰਨਾ ਚਾਹੁੰਦੇ ਹਨ।
15.11.1948	ਪੰਜਾਬ ਦੇ 33 'ਚੋਂ 32 ਸਿੱਖ ਐਮ.ਐਲ.ਏਜ਼ ਨੇ ਆਈਨੀ ਅਸੈਂਬਲੀ ਨੂੰ 13 ਮੰਗਾਂ ਦਾ ਚਾਰਟਰ ਪੇਸ਼ ਕੀਤਾ। ਸਿਰਫ਼ ਪ੍ਰਤਾਪ ਸਿੰਘ ਕੈਰੋਂ ਨੇ ਹਿੰਦੂ ਹਾਕਮਾਂ ਨੂੰ ਖ਼ੁਸ਼ ਕਰਨ ਵਾਸਤੇ ਦਸਤਖ਼ਤ ਨਾ ਕੀਤੇ।
19.2.1949	ਦਿੱਲੀ ਦੀ ਧਾਰਮਿਕ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਜਾਂਦਿਆਂ ਮਾਸਟਰ ਤਾਰਾ ਸਿੰਘ ਨੂੰ 'ਮੁਲਕ ਨਾਲ ਗ਼ਦਾਰੀ' ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ।
26.5.1949	ਭਾਰਤ ਦੀ ਆਇਨੀ ਅਸੈਂਬਲੀ ਨੇ ਫ਼ਿਰਕੂ ਤਨਾਸਬ (ਸਿੱਖਾਂ ਤੇ ਮੁਸਲਮਾਨਾਂ ਵਾਸਤੇ) ਮੁਤਾਬਿਕ ਰਾਖਵੀਆਂ ਸੀਟਾਂ ਖ਼ਤਮ ਕਰ ਦਿੱਤੀਆਂ।
ਜੂਨ 1949	ਪੰਜਾਬ ਯੂਨੀਵਰਸਿਟੀ ਦੀ ਸੈਨਟ ਨੇ ਪੰਜਾਬੀ 'ਚ ਪੜ੍ਹਾਈ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ।
29.10.1949	'ਥਾਟ' ਵੀਕਲੀ ਦੇ ਐਡੀਟਰ, ਆਰਥਰ ਮੂਰ, ਨੇ ਲਿਖਿਆ ਕਿ ਹਿੰਦੂ ਸਿੱਖਾਂ ਨਾਲ ਉਹੀ ਸਲੂਕ ਕਰ ਰਹੇ ਹਨ, ਜੋ 1940 ਤੋਂ ਪਹਿਲਾਂ ਮੁਸਲਮਾਨਾਂ ਨਾਲ ਕਰਿਆ ਕਰਦੇ ਸਨ।
26.11.1949	ਭਾਰਤ ਦਾ ਨਵਾਂ ਆਈਨ ਤਿਆਰ ਹੋਇਆ। ਅਕਾਲੀ ਦਲ ਦੇ ਨੁਮਾਇੰਦਿਆਂ ਨੇ ਇਸ 'ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ।
26.2.1950	ਲੁਧਿਆਣਾ ਅਕਾਲੀ ਕਾਂਗਰਸ ਕਾਨਫ਼ਰੰਸ ਨੇ ਪੰਜਾਬੀ ਸੂਬੇ ਦੀ ਕਾਇਮੀ ਦਾ ਮਤਾ ਪਾਸ ਕੀਤਾ।
16.12.1950	ਅੰਮ੍ਰਿਤਸਰ ਦੀ ਸਿੱਖ ਕਨਵੈਨਸ਼ਨ ਨੇ ਪੰਜਾਬੀ ਸੂਬੇ ਦੀ ਮੰਗ ਕੀਤੀ।
15.8.1951	ਟਾਈਮਜ਼ ਆਫ਼ ਇੰਡੀਆ ਨੇ ਲਿਖਿਆ ਕਿ ਸਿੱਖ ਕਾਂਗਰਸ ਦੀ ਮੁਖ਼ਾਲਫ਼ਤ ਕਰਦੇ ਹਨ, ਕਿਉਂਕਿ ਕਾਂਗਰਸ ਸਿੱਖਾਂ ਦੀ ਹਰ ਮੰਗ ਦੀ ਮੁਖ਼ਾਲਫ਼ਤ ਕਰਦੀ ਹੈ।

1-2.9.1951	ਪਟਿਆਲਾ 'ਚ 'ਗੁਰਮਤ ਮਹਾਂ ਸਮਾਗਮ' 'ਚ 4 ਲੱਖ ਸਿੱਖ ਸ਼ਾਮਿਲ ਹੋਏ। ਸਮਾਗਮ ਨੇ ਸਿੱਖਾਂ ਦੀ ਅੱਡਰੀ ਹਸਤੀ ਅਤੇ ਪਛਾਣ 'ਤੇ ਹਮਲੇ ਦੀ ਨਿੰਦਾ ਕੀਤੀ।
ਫਰਵਰੀ 1953*	ਆਲ ਪਾਰਟੀਜ਼ ਸਿੱਖ ਕਾਨਫਰੰਸ ਨੇ ਨੌਕਰੀਆਂ ਦੇ ਮਾਮਲੇ 'ਤੇ ਸਿੱਖਾਂ ਨਾਲ ਵਿਤਕਰੇ ਦੀ ਨਿੰਦਾ ਕੀਤੀ ।
30.9.1953	ਸਿੱਖ ਪੱਛੜੀਆਂ ਜ਼ਾਤਾਂ ਨਾਲ ਵਿਕਤਰੇ ਦੇ ਖ਼ਿਲਾਫ਼ ਅਕਾਲੀ ਦਲ ਵੱਲੋਂ ਜੱਦੋ-ਜਹਿਦ ਦਾ ਐਲਾਨ।
17.1.1953	ਭਾਰਤ ਸਰਕਾਰ ਨੇ ਅਕਾਲੀ ਦਲ ਅੱਗੇ ਗੋਡੇ ਟੇਕ ਦਿੱਤੇ ਤੇ ਸਿੱਖ ਪਛੜੀਆਂ ਜ਼ਾਤਾਂ ਨੂੰ ਹਿੰਦੂ ਪਛੜੀਆਂ ਜ਼ਾਤਾਂ ਵਾਲੇ ਹੱਕ ਦੇਣ ਦਾ ਐਲਾਣ ਕੀਤਾ।
24-25.10.1953	ਅੰਮ੍ਰਿਤਸਰ ਵਿਚ ਪੰਜਾਬੀ ਸੂਬਾ ਕਨਵੈਨਸ਼ਨ ਦੀ ਪ੍ਰਧਾਨਗੀ ਡਾ. ਲੰਕਾ ਸੁੰਦਰਮ ਨੇ ਕੀਤੀ।
6.4.1955	ਪੰਜਾਬ ਸਰਕਾਰ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਨਾਅਰੇ 'ਤੇ ਪਾਬੰਦੀ ਲਾ ਦਿੱਤੀ।
10.5.1955	ਅਕਾਲੀ ਦਲ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ 'ਤੇ ਪਾਬੰਦੀ ਦੇ ਖ਼ਿਲਾਫ਼ ਮੋਰਚਾ ਸ਼ੁਰੂ ਕੀਤਾ।
4.7.1955	ਪੁਲਿਸ ਨੇ ਦਰਬਾਰ ਸਾਹਿਬ 'ਚ ਦਾਖ਼ਲ ਹੋ ਕੇ ਸਿੱਖ ਗ੍ਰਿਫ਼ਤਾਰ ਕੀਤੇ ਤੇ ਅਥਰੂ ਗੈਸ ਦੇ ਗੋਲੇ ਪ੍ਰਕਰਮਾ ਵਿਚ ਸੁੱਟੇ। ਤਕਰੀਬਨ ਹਰ ਸਿੱਖ ਨੇ ਇਸ ਹਰਕਤ ਦੀ ਨਿੰਦਾ ਕੀਤੀ।
10.7.1955	'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਤੋਂ ਪਾਬੰਦੀ ਹਟਾ ਲਈ ਗਈ।
1.3.1956	ਭਾਰਤ ਸਰਕਾਰ ਵੱਲੋਂ 'ਰੀਜਨਲ ਫ਼ਾਰੂਮਲਾ' ਸਕੀਮ ਪੇਸ਼ ਕੀਤੀ ਗਈ (ਇਸ ਫ਼ਾਰਮੂਲੇ ਦਾ ਅਸਲ ਜਨਮਦਾਤਾ ਹੁਕਮ ਸਿੰਘ ਸੀ)। ਪੰਜਾਬੀ ਦੇ ਹਿੰਦੀ ਤੇ ਪੰਜਾਬੀ ਦੋਹਾਂ ਰੀਜਨਾਂ ਵਾਸਤੇ ਵੱਖ-ਵੱਖ ਕੌਂਸਲਾ ਬਣਾਉਣ ਦਾ ਫ਼ੈਸਲਾ।
11.3.1956	ਅਕਾਲੀ ਦਲ ਨੇ 'ਰੀਜਨਲ ਫ਼ਾਰੂਮਲਾ' ਨੂੰ ਸ਼ਰਤਾਂ ਹੇਠ ਕਬੂਲ ਕੀਤਾ।
30.9.1956	ਅਕਾਲੀ ਦਲ ਨੇ ਸਿਆਸੀ ਕਾਰਵਾਈਆਂ ਨੂੰ ਆਪਣੇ ਪਾਰਟੀ ਪ੍ਰੋਗਰਾਮ 'ਚੋਂ ਕੱਢਿਆ। ਅਕਾਲੀ ਤੇ ਕਾਂਗਰਸ ਸਾਂਝਾ ਸਿਆਸੀ ਪ੍ਰੋਗਰਾਮ ਰੱਖਣ ਲਈ ਇੱਕਠੇ ਹੋ ਗਏ ।
1.11.1956	ਪੈਪਸੂ ਤੇ ਪੰਜਾਬ ਇਕੱਠੇ ਕਰ ਦਿੱਤੇ ਗਏ।
17.7.1957	ਹਿੰਦੂਆਂ ਨੇ ਅੰਮ੍ਰਿਤਸਰ ਸਰੋਵਰ ਵਿਚ ਸਿਗਰਟਾਂ ਸੁੱਟੀਆਂ
18.7.1957	ਪੰਜਾਬ ਭਰ ਵਿਚ ਸਿੱਖਾਂ ਨੇ ਹੜਤਾਲ ਕਰ ਕੇ ਪ੍ਰੋਟੈਸਟ ਦਿਨ ਮਨਾਇਆ। ਇਸ ਮਗਰੋਂ ਕਈ ਵਾਰੀ ਅਜਿਹੀ ਬੇਹੁਮਰਤੀ ਕੀਤੀ ਗਈ।
11-12.8.1957	ਦਰਬਾਰ ਸਾਹਿਬ ਦੀ ਹਿੰਦੂਆਂ ਵਲੋਂ ਬੇਹੁਰਮਤੀ ਦੇ ਖ਼ਿਲਾਫ਼ ਸਿੱਖਾਂ ਨੇ 11 ਦਿਨ ਪ੍ਰੋਟੈਸਟ ਦਿਨ ਮਨਾਏ ।
ਮਾਰਚ 1959	ਪ੍ਰਤਾਪ ਸ਼ਿੰਘ ਕੈਰੋਂ ਨੇ ਸਰਕਾਰੀ ਮਸ਼ੀਨਰੀ ਵਰਤ ਕੇ ਸ਼੍ਰੋਮਣੀ ਕਮੇਟੀ ਅਕਾਲੀ ਦਲ ਤੋਂ ਖੋਹ ਲਈ।

12.4.1959	ਨਹਿਰੂ ਤੇ ਮਾਸਟਰ ਤਾਰਾ ਸਿੰਘ ਵਿਚ ਪੈਕਟ ਹੋਇਆ ਕਿ ਅੱਗੇ ਤੋਂ (ਕਾਂਗਰਸ) ਸਰਕਾਰ ਗੁਰਦੁਆਰਿਆਂ ਦੇ ਮਾਮਲੇ ਵਿਚ ਦਖ਼ਲ ਨਹੀਂ ਦਿਆ ਕਰੇਗੀ।
7.5.1959	ਅਕਾਲੀ ਦਲ ਨੇ ਗੁਰਦੁਆਰਾ ਚੋਣਾਂ 'ਪੰਜਾਬੀ ਸੂਬਾ' ਸਵਾਲ 'ਤੇ ਲੜਨ ਦਾ ਐਲਾਨ ਕੀਤਾ।
17.1.1960	ਅਕਾਲੀ ਦਲ ਨੇ ਗੁਰਦੁਆਰਾ ਚੋਣਾਂ ਵਿਚ 140 'ਚੋਂ 136 ਸੀਟਾਂ ਜਿੱਤੀਆਂ।
24.1.1960	129 ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਜ਼ਾਰਾਂ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ ਅੱਗੇ 'ਪੰਜਾਬੀ ਸੂਬੇ' ਲਈ ਕੁਰਬਾਨੀਆਂ ਕਰਨ ਦਾ ਪ੍ਰਣ ਕੀਤਾ।
22.5.1960	ਅੰਮ੍ਰਿਤਸਰ ਵਿਚ ਪੰਜਾਬੀ ਸੂਬਾ ਕਨਵੈਨਸ਼ਨ ਹੋਈ। ਡਾ: ਕਿਚਲੂ, ਕੇ.ਜੀ. ਜੋਧ, ਜ਼ਹੀਰ ਕੁਰੈਸ਼ੀ ਤੋਂ ਇਲਾਵਾ ਸੋਸ਼ਲਿਸਟ, ਸੁਤੰਤਰ ਪਾਰਟੀਆਂ ਦੇ ਆਗੂ ਤੇ ਹੋਰ ਲੀਡਰ ਸ਼ਾਮਿਲ ਹੋਏ।
24.5.1960	ਮਾਸਟਰ ਤਾਰਾ ਸਿੰਘ ਤੇ ਹਜ਼ਾਰਾਂ ਸਿੱਖ ਗ੍ਰਿਫ਼ਤਾਰ। ਪੰਜ ਐਮ.ਐਲ.ਏ., ਇਕ ਐਮ.ਐਲ.ਸੀ, ਦਰਜਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਕੈਦ ਕਰ ਦਿੱਤੇ ਗਏ।
26.5.1960	ਅਕਾਲੀ ਅਖ਼ਬਾਰਾਂ ਦੇ ਦਫ਼ਤਰ ਤੇ ਪ੍ਰੈਸਾਂ ਸੀਲ ਕਰ ਦਿੱਤੀਆਂ ਗਈਆਂ।
29.5.1960	ਪ੍ਰਿੰਸੀਪਲ ਇਕਬਾਲ ਸਿੰਘ ਦੀ ਅਗਵਾਈ ਵਿਚ ਪੰਜਾਬੀ ਸੂਬਾ ਮੋਰਚਾ ਵਾਸਤੇ ਜਥੇ ਚਲਣੇ ਸ਼ੁਰੂ।
12.6.1960	ਦਿੱਲੀ 'ਚ ਸਿੱਖ-ਜਲੂਸ ਰੋਕਣ ਵਾਸਤੇ ਗੋਲੀ, ਬੇ-ਤਹਾਸ਼ਾ ਲਾਠੀਚਾਰਜ ਤੇ ਸੈਂਕੜੇ ਗ੍ਰਿਫ਼ਤਾਰੀਆਂ।
13.6.1960	ਦੁਨੀਆਂ ਭਰ ਦੀ ਪ੍ਰੈਸ ਨੇ ਦਿੱਲੀ 'ਚ ਸਿੱਖਾਂ 'ਤੇ ਹੋਏ ਜ਼ੁਲਮ ਦੀ ਜ਼ਬਰਦਸਤ ਨਿੰਦਾ ਕੀਤੀ।
22.9.1960	ਕਰਨਾਲ ਵਿਚ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਨਿੱਕੇ ਜਿਹੇ ਬੱਚੇ ਕਾਕਾ ਇੰਦਰਜੀਤ ਸਿੰਘ ਨੂੰ ਲਾਠੀਆਂ ਮਾਰ ਕੇ ਕਤਲ ਕਰ ਕੇ ਉਸ ਦੀ ਲਾਸ਼ ਨੂੰ ਖੂਹ ਵਿਚ ਸੁੱਟ ਦਿੱਤਾ ਗਿਆ।
24.9.1960	ਸਿੱਖਾਂ ਨੇ ਪੰਜਾਬ ਭਰ ਵਿਚ 'ਕਾਕਾ ਇੰਦਰਜੀਤ ਸਿੰਘ ਦਿਨ' ਮਨਾਇਆ।
9.10.1960	ਪੰਜਾਬ ਦੀਆਂ ਜੇਲ੍ਹਾਂ ਵਿਚ ਥਾਂ ਨਾ ਹੋਣ ਕਰ ਕੇ ਸਰਕਾਰ ਨੇ ਅਕਾਲੀਆਂ ਦੀਆਂ ਰਿਹਾਈਆਂ ਸ਼ੁਰੂ ਕਰ ਦਿੱਤੀਆਂ । ਰਿਹਾਅ ਹੋਣ ਵਾਲਿਆਂ ਨੇ ਸਰਕਾਰ ਤੋਂ ਬਿਨਾਂ ਸ਼ਰਤ ਰਿਹਾਈ ਦੇ ਸਿਰਟੀਫ਼ਿਕੇਟ ਮੰਗੇ। ਇਸ ਦੀ ਸਜ਼ਾ ਵਜੋਂ ਬਠਿੰਡਾ ਜੇਲ੍ਹ 'ਚ ਅਕਾਲੀ ਕੈਦੀਆਂ 'ਤੇ ਗੋਲੀ ਚਲਾਈ ਗਈ, ਮਗਰੋਂ ਲਾਠੀਚਾਰਜ ਵੀ ਕੀਤਾ। ਅੱਧੀ ਦਰਜਨ ਸਿੰਘ ਸ਼ਹੀਦ ਹੋ ਗਏ।
11.10.1960	ਬਠਿੰਡਾ ਕਤਲਾਂ ਦੇ ਖ਼ਿਲਾਫ਼ ਮੁਜ਼ਾਹਰਾ ਕਰਦੇ ਹੋਏ ਪਟਿਆਲੇ ਦੇ ਸਿੱਖਾਂ 'ਤੇ ਗੋਲੀ ਚਲਾ ਕੇ ਦੋ ਸਿੰਘ ਸ਼ਹੀਦ ਤੇ ਬਹੁਤ ਸਾਰੇ ਜ਼ਖ਼ਮੀ ਕਰ ਦਿੱਤੇ ਗਏ।
18.12.1960	ਫ਼ਤਹਿ ਸਿੰਘ ਗੰਗਾਨਗਰ ਨੇ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਸ਼ੁਰੂ ਕਰ ਦਿੱਤਾ।
9.1.1961	ਫ਼ਤਹਿ ਸਿੰਘ ਨੇ ਆਪਣਾ ਵਰਤ ਖੋਲ੍ਹ ਦਿੱਤਾ।

15.8.1961 ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਸ਼ੁਰੂ ਕੀਤਾ।

1.10.1961 ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਖੋਲ੍ਹ ਦਿੱਤਾ। ਸਰਕਾਰ ਨੇ ਸਿੱਖਾਂ ਨਾਲ ਵਿਤਕਰੇ ਬਾਰੇ ਹਾਈ-ਪਾਵਰਡ ਕਮਿਸ਼ਨ ਬਣਾਉਣ ਦਾ ਐਲਾਨ ਕਰ ਦਿੱਤਾ।

8.7.1962 ਅਕਾਲੀ ਦਲ ਦੋ ਹਿੱਸਿਆਂ 'ਚ ਵੰਡਿਆ ਗਿਆ। ਇਕ ਦੇ ਮੁਖੀ ਜਥੇਦਾਰ ਅੱਛਰ ਸਿੰਘ (ਮਾਸਟਰ ਤਾਰਾ ਸਿੰਘ ਧੜਾ) ਤੇ ਦੂਜੇ ਦੇ ਮੁਖੀ ਫ਼ਤਹਿ ਸਿੰਘ ਗੰਗਾਨਗਰ (ਫ਼ਤਹਿ ਸਿੰਘ ਧੜਾ) ਬਣੇ।

23.9.1965 ਭਾਰਤ ਸਰਕਾਰ ਨੇ ਤਿੰਨ ਮੈਂਬਰੀ ਕੈਬਨਿਟ ਕਮੇਟੀ ਬਣਾ ਕੇ ਪੰਜਾਬੀ ਸੂਬੇ ਦਾ ਮਸਲਾ ਉਸ ਦੇ ਹਵਾਲਾ ਕਰ ਦਿੱਤਾ। ਇਸ ਵਿਚ ਇੰਦਰਾ ਗਾਂਧੀ, ਵਾਈ.ਬੀ. ਚੱਵਾਨ ਤੇ ਮਹਾਂਵੀਰ ਤਿਆਗੀ ਸਨ। 22 ਐਮ.ਪੀਜ਼.ਦੀ ਐਡਵਾਇਜ਼ਰੀ ਕਮੇਟੀ ਵੀ ਬਣਾਈ ਗਈ। ਇੰਦਰਾ ਗਾਂਧੀ ਨੇ ਪੰਜਾਬੀ ਸੂਬਾ ਰੋਕਣ ਵਾਸਤੇ ਭਰਪੂਰ ਕੋਸ਼ਿਸ਼ ਕੀਤੀ ਪਰ ਨਾਕਾਮਯਾਬ ਰਹੀ।

9.3.1966 ਕਾਂਗਰਸ ਨੂੰ ਮਜਬੂਰਨ 'ਪੰਜਾਬੀ ਸੂਬਾ' ਬਣਾਉਣਾ ਪਿਆ।

11-15.3.1966 ਹਿੰਦੂ ਦਹਿਸ਼ਤਗਰਦਾਂ ਨੇ ਪੰਜਾਬ ਭਰ 'ਚ ਸਿੱਖਾਂ ਦੇ ਖ਼ਿਲਾਫ਼ ਜਲੂਸ ਕੱਢੇ। ਸਿੱਖਾਂ 'ਤੇ ਪੱਥਰਾਅ, ਸਿੱਖ ਦੁਕਾਨਾਂ ਤੇ ਘਰਾਂ ਦੀ ਅੱਗਜ਼ਨੀ, ਲੁੱਟ-ਮਾਰ ਤੇ ਤਬਾਹੀ ਦੀਆਂ ਕਈ ਹਰਕਤਾਂ ਕੀਤੀਆਂ। ਇਸ ਦਹਿਸ਼ਤਗਰਦੀ ਦੌਰ ਦੀ ਅਗਵਾਈ ਜਨਸੰਘ (ਮਗਰੋਂ ਭਾਰਤੀ ਜਨਤਾ ਪਾਰਟੀ) ਦੇ ਆਗੂ ਕਰ ਰਹੇ ਹਨ।

15.4.1966 ਭਾਰਤੀ ਹੋਮ ਮਨਿਸਟਰ ਨੰਦੇ ਨੇ ਸਾਜ਼ਿਸ਼ ਹੇਠ 1961 ਦੀ ਮਰਦਮਸ਼ੁਮਾਰੀ ਨੂੰ ਪੰਜਾਬ ਤੇ ਹਰਿਆਣਾ ਦੀ ਹੱਦਬੰਦੀ ਦਾ ਅਧਾਰ ਐਲਾਨ ਕਰ ਦਿੱਤਾ। ਜੈ ਪ੍ਰਕਾਸ਼ ਨਾਰਾਇਣ ਨੇ ਇਸ ਦੀ ਨਿੰਦਾ ਕੀਤੀ ਤੇ ਕਿਹਾ ਕਿ ਇਹ ਮਰਦਮਸ਼ੁਮਾਰੀ ਫ਼ਿਰਕੂ ਸੋਚ ਤੇ ਸਾਜ਼ਿਸ਼ ਦਾ ਨਤੀਜਾ ਸੀ।

5.6.1966 ਬਾਊਂਡਰੀ ਕਮਿਸ਼ਨ ਦੇ ਦੋ ਮੈਂਬਰਾਂ ਸ਼ਾਹ ਤੇ ਫ਼ਿਲਿਪ ਨੇ ਚੰਡੀਗੜ੍ਹ ਤੇ ਅੰਬਾਲਾ ਹਰਿਆਣੇ ਨੂੰ ਦਿੱਤੇ ਪਰ ਸੁਬਿਮਲ ਦੱਤ ਨੇ ਚੰਡੀਗੜ੍ਹ ਪੰਜਾਬ ਨੂੰ ਦਿੱਤਾ।

9.6.1966 ਸੈਂਟਰ ਸਰਕਾਰ ਨੇ ਚੰਡੀਗੜ੍ਹ ਨੂੰ ਯੂਨੀਅਨ ਟੈਰੀਟਰੀ ਬਣਾ ਲਿਆ।

1.11.1966 ਨਵਾਂ ਪੰਜਾਬ ਸੂਬਾ ਵਜੂਦ ਵਿਚ ਆ ਗਿਆ।

21.2.1967 ਪੰਜਾਬ ਵਿਚ ਚੋਣਾਂ ਹੋਈਆਂ। 104 ਵਿਚੋਂ 48 ਕਾਂਗਰਸੀ, 26 ਅਕਾਲੀ ਤੇ ਕਈ ਅਕਾਲੀ ਹਿਮਾਇਤ ਜਿੱਤੇ। ਅਕਾਲੀ ਹਿਮਾਇਤੀ ਕੁਲ 53 ਹੋ ਗਏ।

8.3.1967 'ਜਸਟਿਸ' ਗੁਰਨਾਮ ਸਿੰਘ ਚੀਫ਼ ਮਨਿਸਟਰ ਬਣਿਆ।

22.11.1967 ਮਾਸਟਰ ਤਾਰਾ ਸਿੰਘ ਚੜ੍ਹਾਈ ਕਰ ਗਏ। ਗੁਰਨਾਮ ਸਿੰਘ ਦੀ ਸਰਕਾਰ ਟੁੱਟ ਗਈ।

25.11.1967 ਲਛਮਣ ਸਿੰਘ ਗਿੱਲ ਚੀਫ਼ ਮਨਿਸਟਰ ਬਣਿਆ।

8.10.1968 ਮਾਸਟਰ ਤੇ ਫ਼ਤਹਿ ਸਿੰਘ ਅਕਾਲੀ ਦਲ ਇਕ ਹੋ ਗਏ। 'ਖ਼ਾਲਸਾ ਜੀ ਦੇ ਬੋਲ ਬਾਲੇ' ਨਿਸ਼ਾਨਾ ਮਿੱਥਿਆ ਗਿਆ।

15.8.1969	ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਤੇ ਹੋਰ ਮੰਗਾਂ ਵਾਸਤੇ ਮਰਨ ਵਰਤ ਸ਼ੁਰੂ ਕਰ ਦਿੱਤਾ।
27.10.1969	ਜਥੇਦਾਰ ਦਰਸ਼ਨ ਸਿੰਘ ਫੇਰੂਮਾਨ 74 ਦਿਨ ਦੇ ਮਰਨ ਵਰਤ ਮਗਰੋਂ ਸ਼ਹੀਦ ਹੋ ਗਏ।
29.1.1970	ਇੰਦਰਾ ਗਾਂਧੀ ਨੇ ਚੰਡੀਗੜ੍ਹ ਬਾਰੇ ਧੋਖਾ-ਐਵਾਰਡ ਐਲਾਨਿਆ। ਚੰਡੀਗੜ੍ਹ ਪੰਜਾਬ ਨੂੰ ਦੇਣ ਬਦਲੇ ਪੰਜਾਬ ਦੇ 114 ਪਿੰਡ ਹਰਿਆਣੇ ਨੂੰ ਦੇ ਦਿੱਤੇ।
27.3.1970	ਗੁਰਨਾਮ ਸਿੰਘ ਦੀ ਜਗਹ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦਾ ਚੀਫ਼ ਮਨਿਸਟਰ ਬਣਿਆ।
12.3.1972	ਪੰਜਾਬ ਅਸੈਂਬਲੀ ਦੀਆਂ ਚੋਣਾਂ। ਅਕਾਲੀ 104 'ਚੋਂ ਸਿਰਫ਼ 24 ਸੀਟਾਂ ਜਿੱਤ ਸਕੇ।
25.6.1975	ਇੰਦਰਾ ਗਾਂਧੀ ਨੇ ਅੰਦਰੂਨੀ ਐਮਰਜੈਂਸੀ ਲਾ ਦਿੱਤੀ।
9.7.1975	ਅਕਾਲੀ ਦਲ ਨੇ ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ ਸ਼ੁਰੂ ਕਰ ਦਿੱਤਾ।
17.1.1977	ਐਮਰਜੈਂਸੀ ਖ਼ਤਮ ਹੋ ਗਈ। ਲੋਕ ਸਭਾ ਚੋਣਾਂ ਵਿਚ ਕਾਂਗਰਸ ਬੁਰੀ ਤਰ੍ਹਾਂ ਹਾਰ ਗਈ। ਭਾਰਤ ਵਿਚ ਜਨਤਾ ਪਾਰਟੀ ਦੀ ਸਰਕਾਰ ਬਣੀ।
ਜੂਨ 1977	ਪੰਜਾਬ 'ਚ ਅਸੈਂਬਲੀ ਚੋਣਾਂ ਹੋਈਆਂ। ਅਕਾਲੀ ਪਾਰਟੀ ਦੀ ਸਰਕਾਰ ਬਣੀ। ਬਾਦਲ ਫੇਰ ਚੀਫ਼ ਮਨਿਸਟਰ ਬਣਿਆ।
13.4.1978	ਅੰਮ੍ਰਿਤਸਰ 'ਚ ਨਿਰੰਕਾਰੀ ਗਰੁਪ ਨੇ ਭਾਈ ਫ਼ੌਜਾ ਸਿੰਘ ਤੇ ਹੋਰ 12 ਸਿੰਘ ਸ਼ਹੀਦ ਕਰ ਦਿੱਤੇ।
10.6.1978	ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰ ਕੇ ਨਿਰੰਕਾਰੀਆਂ ਨਾਲ ਰੋਟੀ ਬੇਟੀ ਦੀ ਸਾਂਝ 'ਤੇ ਪਾਬੰਦੀ ਲਾ ਦਿੱਤੀ।
24.4.1980	ਨਿਰੰਕਾਰੀ ਚੀਫ਼ ਗੁਰਬਚਨ ਸਿੰਹ ਦਾ ਕਤਲ।
15.3.1981	ਸਿੱਖ ਐਜੂਕੇਸ਼ਨਲ ਕਾਨਫਰੰਸ ਵੱਲੋਂ ਯੂ.ਐਨ.ਓ 'ਚ ਸਿੱਖਾਂ ਵਾਸਤੇ ਐਸੋਸੀਏਟ ਮੈਂਬਰਸ਼ਿਪ ਦੀ ਮੰਗ ।
25.3.1981	ਸ਼੍ਰੋਮਣੀ ਕਮੇਟੀ ਵੱਲੋਂ 'ਸਿੱਖ ਇਕ ਕੌਮ ਹਨ' ਮਤਾ ਪਾਸ।
11.5.1981	ਸ਼੍ਰੋਮਣੀ ਅਕਾਲੀ ਦਲ ਵੱਲੋਂ 'ਸਿੱਖ ਇਕ ਕੌਮ ਹਨ' ਮਤਾ ਪਾਸ।
9.91981	ਲਾਲਾ ਜਗਤ ਨਾਰਾਇਣ ਕਤਲ ਹੋ ਗਿਆ।
20.9.1981	ਚੌਕ ਮਹਿਤਾ 'ਚ ਪੁਲੀਸ ਫ਼ਾਇਰਿੰਗ ਨਾਲ 11 ਸਿੰਘ ਸ਼ਹੀਦ ਹੋਏ।
8.4.1982	ਇੰਦਰਾ ਗਾਂਧੀ ਨੇ ਪੰਜਾਬ ਦਾ ਪਾਣੀ ਖੋਹਣ ਵਾਸਤੇ ਕਪੂਰੀ ਪਿੰਡ'ਚ ਸਤਲੁਜ-ਜਮਨਾ ਲਿੰਕ ਨਹਿਰ ਦਾ ਟੱਕ ਲਾਇਆ। ਸਿੱਖਾਂ ਨੇ ਡਾ. ਰਾਜਿੰਦਰ ਕੌਰ ਦੀ ਅਗਵਾਈ 'ਚ ਮੁਜ਼ਾਹਰਾ ਕੀਤਾ।
24.4.1982	ਅਕਾਲੀ ਦਲ ਨੇ ਸਤਲੁਜ-ਜਮਨਾ ਨਹਿਰ ਦੀ ਖੁਦਾਈ ਦੇ ਖ਼ਿਲਾਫ਼ ਮੋਰਚਾ ਸ਼ੁਰੂ ਕੀਤਾ।
19.7.1982	ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਗ੍ਰਿਫ਼ਤਾਰ।
25.7.1982	ਅਕਾਲੀ ਦਲ ਨੇ ਗ੍ਰਿਫ਼ਤਾਰੀਆਂ ਦੇ ਖ਼ਿਲਾਫ਼ ਮੋਰਚਾ ਸ਼ੁਰੂ ਕੀਤਾ।
19 ਨਵੰਬਰ ਤੋਂ	ਏਸ਼ੀਅਨ ਖੇਡਾਂ ਦੌਰਾਨ ਹਰਿਆਣਾ 'ਚ ਸਿੱਖਾਂ ਨਾਲ ਗੁੰਡਾਗਰਦੀ।
4.12.1982	ਹਰਿਆਣਾ ਵਿਚ ਸਿੱਖ ਫ਼ੌਜੀ ਅਫ਼ਸਰਾਂ, ਜੱਜਾਂ, ਕਾਂਗਰਸੀਆਂ ਨਾਲ ਵੀ ਧੱਕੇਸ਼ਾਹੀ ਹੋਈ। ਹਜ਼ਾਰਾਂ ਸਿੱਖ ਗ੍ਰਿਫ਼ਤਾਰ ਹੋਏ ।

12.4.1983 ਅਕਾਲੀ ਦਲ ਵੱਲੋਂ ਚਲਾਏ ਜਾ ਰਹੇ 'ਧਰਮ ਯੁੱਧ ਮੋਰਚਾ' ਦੌਰਾਨ ਅਖੌਤੀ 'ਮਰਜੀਵੜਿਆਂ' ਦੀ ਭਰਤੀ ਸ਼ੁਰੂ ਹੋਈ। ਛੇਤੀ ਹੀ ਗਿਣਤੀ ਇਕ ਲੱਖ ਤੋਂ ਵੱਧ ਗਈ।

26.5.1984 ਅਕਾਲੀ ਦਲ ਤੇ ਸਰਕਾਰ 'ਚ ਆਖ਼ਰੀ ਮੀਟਿੰਗ। ਪਹਿਲੋਂ 16-17.11.82, 17.1.83, 24.1.84, 27-28-29.3.84, 21.4.84 ਨੂੰ ਵੀ ਮੀਟਿੰਗਾਂ ਹੋਈਆਂ ਸਨ।

1.6.1984 ਭਾਰਤੀ ਸੀ.ਆਰ.ਪੀ.ਐਫ਼ ਵੱਲੋਂ ਦਰਬਾਰ ਸਾਹਿਬ 'ਤੇ ਬੇਵਜਹ ਗੋਲਾਬਾਰੀ। 11 ਸਿੰਘ ਸ਼ਹੀਦ ਹੋਏ।

2.6.1984 ਸੀ.ਆਰ.ਪੀ.ਐਫ਼ ਦੀ ਜਗ੍ਹਾ ਪੰਜਾਬ 'ਚ ਫ਼ੌਜ ਆ ਗਈ। ਤਿੰਨ ਲੱਖ ਫ਼ੌਜੀ ਪੰਜਾਬ ਵਿਚ ਦਾਖ਼ਲ ਹੋ ਗਏ।

3.6.1984 ਭਾਰਤੀ ਫ਼ੌਜ ਵੱਲੋਂ ਪੰਜਾਬ 'ਤੇ ਮੁਕੰਮਲ ਕਬਜ਼ਾ। ਸਾਰੇ ਪੰਜਾਬ ਵਿਚ ਕਰਫ਼ਿਊ ਲਾਗੂ।

4.6.1984 ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ, ਤਰਨ ਤਾਰਨ, ਫ਼ਤਹਿਗੜ੍ਹ ਸਾਹਿਬ, ਮੁਕਤਸਰ ਅਤੇ ਦਰਜਨਾਂ ਹੋਰ ਗੁਰਦੁਆਰਿਆਂ 'ਤੇ ਤੋਪਾਂ ਟੈਂਕਾਂ, ਹੈਲੀਕਾਪਟਰਾਂ ਨਾਲ ਹਮਲੇ। ਹਜ਼ਾਰਾਂ ਸਿੱਖ ਕਤਲ ਕਰ ਦਿੱਤੇ ਗਏ। ਪੰਜਾਬ ਭਰ ਵਿਚੋਂ ਸਿੱਖਾਂ ਦੇ ਕਾਫ਼ਲੇ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਉਨ੍ਹਾਂ ਤੇ ਫ਼ੌਜ ਨੇ ਗੋਲੀਆਂ ਚਲਾ ਕੇ ਸੈਂਕੜੇ ਸਿੱਖ ਕਤਲ ਕਰ ਦਿੱਤੇ। ਸਾਰੇ ਸਿੱਖ ਆਗੂ ਗ੍ਰਿਫ਼ਤਾਰ ਕਰ ਲਏ ਗਏ।

5.6.1984 ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ 'ਤੇ ਬੰਬਾਰੀ ਤੇ ਗੋਲਾਬਾਰੀ ਜਾਰੀ। ਸਰਾਂਵਾਂ ਵਿਚ ਹਾਜ਼ਰ ਹਜ਼ਾਰਾਂ ਸਿੱਖ ਕਤਲ, ਫ਼ੌਜੀਆਂ ਵੱਲੋਂ ਸਿੱਖ ਔਰਤਾਂ ਦਾ ਰੇਪ ਕੀਤਾ ਗਿਆ।

6.6.1984 ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ ਅਤੇ ਹੋਰ ਦਰਜਨਾਂ ਗੁਰਦੁਆਰਿਆਂ 'ਤੇ ਕਬਜ਼ਾ। ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬੁਰੀ ਤਰ੍ਹਾਂ ਤਬਾਹ, ਪਾਣੀ ਦੀ ਟੈਂਕੀ ਤੋਪਾਂ ਦੇ ਗੋਲਿਆਂ ਨਾਲ ਤਬਾਹ, ਹਰਿਮੰਦਰ ਸਾਹਿਬ 'ਤੇ ਚਾਰ ਸੌ ਦੇ ਕਰੀਬ ਗੋਲੀਆਂ ਦੇ ਨਿਸ਼ਾਨ। ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅਕਾਲੀ ਦਲ ਤੇ ਸ਼ਿਰੋਮਣੀ ਕਮੇਟੀ ਦੇ ਦਫ਼ਤਰਾਂ ਦੇ ਰਿਕਾਰਡ ਫ਼ੌਜ ਨੇ ਚੁੱਕ ਲਏ ਤੇ ਮਗਰੋਂ ਇਮਾਰਤਾਂ ਦੇ ਅੰਦਰ ਅੱਗ ਲਾ ਦਿੱਤੀ। ਬਾਬਾ ਜਰਨੈਲ ਸਿੰਘ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ ਵੀ ਸ਼ਹੀਦ ਹੋ ਗਏ।


7.6.1984 ਭਾਰਤੀ ਫ਼ੌਜ ਦੇ ਹਜ਼ਾਰਾਂ ਸਿੱਖ ਸਿਪਾਹੀਆਂ ਵੱਲੋਂ ਬਗ਼ਾਵਤ। ਸਿੱਖ ਫ਼ੌਜੀ ਅੰਮ੍ਰਿਤਸਰ ਵੱਲ ਟੁਰੇ। ਰਸਤੇ ਵਿਚ ਹਿੰਦੂ ਫ਼ੌਜਾਂ ਨਾਲ ਮੁਕਾਬਲਾ। ਕਈ ਫ਼ੌਜੀ ਸ਼ਹੀਦ ਤੇ ਬਾਕੀ ਗ੍ਰਿਫ਼ਤਾਰ। ਕਈ ਫ਼ੌਜੀ ਪਾਕਿਸਤਾਨ ਵੱਲ ਨਿਕਲ ਗਏ। ਸੈਂਕੜੇ ਫ਼ੌਜੀਆਂ ਦਾ ਪਤਾ ਹੀ ਨਾ ਲੱਗਾ (ਸ਼ਾਇਦ ਪਾਕਿਸਤਾਨ ਦੀ ਗ੍ਰਿਫ਼ਤ ਵਿਚ ਹੋਣ)।

8.6.1984 'ਅਪਰੇਸ਼ਨ ਵੁੱਡਰੋਜ਼' ਸ਼ੁਰੂ। ਪਿੰਡਾਂ ਵਿਚੋਂ ਸਿੱਖ ਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਤੇ ਕਤਲੇਆਮ ਸ਼ੁਰੂ। 'ਮੈਕਾਰਥੀ' ਸਟਾਈਲ ਵਿਚ ਪਕੜ ਤੇ ਕਤਲ ਦੀ ਕਾਰਵਾਈ 'ਚ ਹਜ਼ਾਰਾਂ ਜਵਾਨ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ।

10.6.1984	ਦੁਨੀਆਂ ਭਰ ਵਿਚ ਦਰਬਾਰ ਸਾਹਿਬ 'ਤੇ ਹਮਲੇ ਦੇ ਖਿਲਾਫ਼ ਪ੍ਰੋਟੈਸਟ ਮੁਜ਼ਾਹਰੇ। ਲੱਖਾਂ ਸਿੱਖਾਂ ਨੇ ਰੋਹ-ਮੁਜ਼ਾਹਰਿਆਂ 'ਚ ਹਿੱਸਾ ਲਿਆ।
11.6.1984	ਦਲ ਖਾਲਸਾ ਨੇ ਲੰਡਨ 'ਚ ਖਾਲਿਸਤਾਨ ਦੀ ਜਲਾਵਤਨ ਸਰਕਾਰ ਦਾ ਐਲਾਨ ਕੀਤਾ।
11.7.1984	ਭਾਰਤ ਸਰਕਾਰ ਵੱਲੋਂ ਅਖੌਤੀ 'ਵਾਈਟ ਪੇਪਰ' ਜਾਰੀ ਕੀਤਾ ਗਿਆ। ਝੂਠੀਆਂ ਤੇ ਬੇ-ਬੁਨਿਆਦ ਗੱਲਾਂ ਨਾਲ ਭਰਿਆ ਦਸਤਾਵੇਜ਼ ਕੋਈ ਅਸਰ ਨਾ ਪਾ ਸਕਿਆ।
16.7.1984	ਦਰਬਾਰ ਸਾਹਿਬ 'ਚੋ ਫ਼ੌਜ ਕੱਢਣ ਵਾਸਤੇ ਡਾਕਟਰ ਰਾਜਿੰਦਰ ਕੌਰ ਦੇ ਜਥੇ ਵੱਲੋਂ ਗ੍ਰਿਫ਼ਤਾਰੀ।
31.10.1984	ਭਾਈ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਦਾ ਕਤਲ ਕਰਨ ਮਗਰੋਂ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕੀਤਾ। ਫ਼ੌਜੀਆਂ ਨੇ ਗੋਲੀਆਂ ਮਾਰ ਕੇ ਬੇਅੰਤ ਸਿੰਘ ਨੂੰ ਸ਼ਹੀਦ ਕਰ ਦਿੱਤਾ ਤੇ ਸਤਵੰਤ ਸਿੰਘ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ।
31.10-7.11.84	ਦਿੱਲੀ, ਹਰਿਆਣਾ ਅਤੇ ਕਾਂਗਰਸ ਦੀ ਹਕੂਮਤ ਵਾਲੇ ਹੋਰ ਇਲਾਕਿਆਂ ਵਿਚ ਸਰਕਾਰ ਦੀ ਸਰਪਰਸਤੀ ਹੇਠ ਹਜ਼ਾਰਾਂ ਸਿੱਖਾਂ ਦਾ ਵਹਿਸ਼ੀਆਣਾ ਕਤਲ। ਸਿੱਖਾਂ ਨੂੰ ਜੀਊਂਦੇ ਸਾੜਿਆ ਗਿਆ। ਕਤਲ, ਰੇਪ, ਲੁੱਟ, ਅੱਗਜ਼ਨੀ ਦੀਆਂ ਹਜ਼ਾਰਾਂ ਵਾਰਦਾਤਾਂ। ਕਾਂਗਰਸ ਲੀਡਰ, ਐਮ.ਪੀ., ਪੁਲਿਸ ਅਫ਼ਸਰ ਤੇ ਹੋਰ ਚੌਧਰੀਆਂ ਨੇ ਕਾਤਲ ਭੀੜਾਂ ਦੀ ਅਗਵਾਈ ਕੀਤੀ। ਦੁਨੀਆਂ ਭਰ ਦਾ ਸਭ ਤੋਂ ਵਹਿਸ਼ੀ ਕਤਲੇਆਮ। ਦੁਨੀਆਂ ਭਰ ਦੇ ਆਗੂਆਂ ਦੀ ਸ਼ਰਮਨਾਕ ਚੁੱਪ। ਰਾਜੀਵ ਗਾਂਧੀ ਵੱਲੋਂ ਇਸ ਕਤਲੇਆਮ ਨੂੰ ਹੱਕ ਬਜਾਨਬ ਠਹਿਰਾਇਆ ਗਿਆ।
27.11.1984	ਸਿਮਰਨਜੀਤ ਸਿੰਘ ਮਾਨ ਨੇਪਾਲ ਦੀ ਸਰਹੱਦ 'ਤੇ ਗ੍ਰਿਫ਼ਤਾਰ।
ਨਵੰ:-ਦਸੰ: 1984	ਅਕਾਲੀ ਆਗੂਆਂ ਦੀਆਂ ਸਰਕਾਰ ਨਾਲ ਖ਼ੁਫ਼ੀਆ ਮੁਲਾਕਾਤਾਂ ਸ਼ੁਰੂ।
24.7.1985	ਰਾਜੀਵ-ਲੌਂਗੋਵਾਲ ਸਮਝੌਤਾ। ਸਿੱਖਾਂ ਦੀ ਕੋਈ ਵੀ ਮੰਗ ਨਾ ਮੰਨੀ ਗਈ। ਇਹ ਇਕ ਕਿਸਮ ਦਾ 'ਬੇਸ਼ਰਮੀ ਭਰਿਆ ਹਥਿਆਰ ਸੁੱਟਣਾ' ਸੀ।
25.9.1984	ਪੰਜਾਬ ਅਸੈਂਬਲੀ ਦੀਆਂ ਚੋਣਾਂ। ਕਾਂਗਰਸ ਨੇ ਸੁਰਜੀਤ ਬਰਨਾਲਾ ਨੂੰ ਚੀਫ਼ ਮਨਿਸਟਰ ਬਣਾਉਣ ਵਾਸਤੇ ਮੁਕਾਬਲਾ ਹੀ ਨਾ ਕੀਤਾ।
26.1.1986	ਭਿੰਡਰਾਂ-ਮਹਿਤਾ ਜਥਾ ਵੱਲੋਂ ਅਕਾਲ ਤਖ਼ਤ ਸਾਹਿਬ 'ਤੇ ਇਕੱਠ ਕੀਤਾ ਗਿਆ ਤੇ ਇਸ ਨੂੰ 'ਸਰਬਤ ਖਾਲਸਾ' ਦਾ ਨਾਂ ਦਿੱਤਾ ਗਿਆ। ਇਕੱਠ ਨੇ ਸ਼ਿਰੋਮਣੀ ਕਮੇਟੀ ਤੋੜ ਕੇ ਪੰਥਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਸਾਹਿਬ ਦਾ ਅਖੌਤੀ-ਜਥੇਦਾਰ ਬਣਾ ਦਿੱਤਾ। ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਹਿਮਾਇਤੀਆਂ ਨੂੰ 'ਪੰਥ ਵਿਚੋਂ ਖ਼ਾਰਿਜ' ਕਰ ਦਿੱਤਾ ਗਿਆ।
29.4.1986	ਪੰਥਕ ਕਮੇਟੀ ਨੇ 'ਖਾਲਿਸਤਾਨ ਸਰਕਾਰ' ਦਾ ਐਲਾਨ ਕੀਤਾ। ਐਲਾਨ ਮਗਰੋਂ ਉਹ ਦਰਬਾਰ ਸਾਹਿਬ 'ਚੋ ਨਿਕਲ ਗਏ।

30.4.1986	ਸੁਰਜੀਤ ਬਰਨਾਲਾ ਨੇ ਰਾਜੀਵ ਦੀ ਹਿਦਾਇਤ 'ਤੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਤਾਂ ਜੋ 4 ਜੂਨ 1984 ਦਾ ਹਮਲਾ ਜਾਇਜ਼ ਸਾਬਤ ਕੀਤਾ ਜਾ ਸਕੇ। ਬਾਦਲ, ਅਮਰਿੰਦਰ ਸਿੰਘ ਤੇ ਦਰਜਨਾਂ ਅਕਾਲੀ ਐਮ.ਐਲ.ਏ. ਬਰਨਾਲੇ ਨੂੰ ਛੱਡ ਗਏ। ਸੁਰਜੀਤ ਮਿਨਹਾਸ ਸਪੀਕਰ ਨੇ ਕਈ ਐਮ.ਐਲ.ਏ ਅਸੈਂਬਲੀ 'ਚੋ ਖ਼ਾਰਿਜ ਕਰ ਦਿੱਤੇ। ਕਾਂਗਰਸ ਬਰਨਾਲੇ ਨਾਲ ਰਲ ਗਈ।
4.8.1987	ਰਾਗੀ ਦਰਸ਼ਨ ਸਿੰਘ ਵੱਲੋਂ ਅੰਮ੍ਰਿਤਸਰ 'ਚ ਇਕ ਸਿੱਖ ਕਨਵੈਨਸ਼ਨ ਬੁਲਾਈ ਗਈ, ਜਿਸ ਵਿਚ 'ਸੂਬਿਆਂ ਵਾਸਤੇ ਵਧੇਰੇ ਹਕੂਕ' ਦਾ ਮਤਾ ਪਾਸ ਕੀਤਾ ਗਿਆ। ਖਾੜਕੂਆਂ ਨੇ ਇਸ ਮਤੇ ਦੀ ਮੁਖ਼ਾਲਫ਼ਤ ਕੀਤੀ। ਖਾੜਕੂਆਂ ਤੋਂ ਡਰਦਾ ਰਾਗੀ ਅੰਮ੍ਰਿਤਸਰ ਛੱਡ ਕੇ ਆਪਣੇ ਘਰ 'ਚ ਮਹਿਦੂਦ ਹੋ ਗਿਆ।
27.12.1987	ਡਾਕਟਰ ਜਗਦੀਸ਼ ਸਿੰਘ ਬੁਟਰ ਨੇ ਫ਼ਤਹਿਗੜ੍ਹ ਸਾਹਿਬ ਅਕਾਲੀ ਕਾਨਫ਼ਰੰਸ 'ਚ ਖਾਲਿਸਤਾਨ ਦਾ ਮਤਾ ਪਾਸ ਕਰਵਾਇਆ।
9-18.5.1988	ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ 'ਤੇ ਫੇਰ ਹਮਲਾ। 36 ਸਿੱਖ ਮਾਰੇ ਗਏ ਤੇ 500 ਜ਼ਖ਼ਮੀ ਹੋਏ।
6.1.1989	ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਇੰਦਰਾ ਕਤਲ ਕੇਸ 'ਚ ਫ਼ਾਂਸੀ ਦਿੱਤੀ ਗਈ।
26.11.1989	ਲੋਕ ਸਭਾ ਦੀਆਂ ਚੋਣਾਂ 'ਚ ਸਿਮਰਨਜੀਤ ਸਿੰਘ ਮਾਨ ਅਤੇ ਹੋਰ ਖਾਲਿਸਤਾਨੀ ਹਿਮਾਇਤੀਆਂ ਦੀ ਭਾਰੀ ਜਿੱਤ।
12.1.1990	ਸਿਮਰਨਜੀਤ ਸਿੰਘ ਮਾਨ ਰਿਹਾਅ। ਨੌ-ਨੁਕਾਤੀ ਪ੍ਰੋਗਰਾਮ ਜਾਰੀ।
10.11.1990	ਪੰਜਾਬ ਦੇ ਤਿੰਨ ਜ਼ਿਲ੍ਹਿਆਂ 'ਚ ਫ਼ੌਜ ਤਾਇਨਾਤ।
6.12.1992	ਬਾਬਰੀ ਮਸਜਿਦ ਢਾਹ ਦਿੱਤੀ ਗਈ।
1993-94	ਪੰਜਾਬ 'ਚ ਹਜ਼ਾਰਾਂ ਸਿੱਖ ਨੌਜਵਾਨ ਘਰਾਂ 'ਚੋਂ ਫੜ ਕੇ ਨਕਲੀ ਮੁਕਾਬਲਿਆਂ 'ਚ ਸ਼ਹੀਦ ਕੀਤੇ ਗਏ।
14.2.1994	ਬੇਨਜ਼ੀਰ ਭੁੱਟੋ ਨੇ ਸਿੱਖਾਂ ਬਾਰੇ ਕੀਮਤੀ ਵਾਕਫ਼ੀ ਤੇ ਦਸਤਾਵੇਜ਼ ਰਾਜੀਵ ਗਾਂਧੀ ਨੂੰ ਦੇਣ ਵਾਸਤੇ ਉਚੇਚੇ ਤੌਰ 'ਤੇ ਇਕ ਵਜ਼ੀਰ ਭੇਜਣਾ ਮੰਨਿਆ।
1.5.1994	ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲ (ਅੰਮ੍ਰਿਤਸਰ) ਦੀ ਕਾਇਮੀ।
4.6.1994	ਅਮਰੀਕਾ ਦੇ 12 ਕਾਂਗਰਸ-ਮੈਨ ਵਲੋਂ ਖਾਲਿਸਤਾਨ ਦੀ ਹਿਮਾਇਤ।
13.10.1996	ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਅਕਾਲੀ ਦਲ (ਬਾਦਲ-ਟੌਹੜਾ) 151 ਸੀਟਾਂ 'ਤੇ ਅਤੇ ਸਿਮਰਨਜੀਤ ਸਿੰਘ ਮਾਨ 8 ਸੀਟਾਂ 'ਤੇ ਜੇਤੂ ਰਹੇ। ਬਹੁਜਨ ਸਮਾਜ ਪਾਰਟੀ, ਜਸਬੀਰ ਸਿੰਘ ਰੋਡੇ ਅਕਾਲੀ ਦਲ ਤੇ ਪੰਥਕ ਅਕਾਲੀ ਦਲ ਇਕ ਸੀਟ ਵੀ ਨਾ ਜਿੱਤ ਸਕੇ।
8.2.1997	ਪੰਜਾਬ ਅਸੈਂਬਲੀ ਦੀਆ ਚੋਣਾਂ। ਅਕਾਲੀ ਪਾਰਟੀ ਦੀ ਬੇਮਿਸਾਲ ਜਿੱਤ।
12.2.1997	ਪ੍ਰਕਾਸ਼ ਸਿੰਘ ਬਾਦਲ ਪੰਜਾਬ ਦਾ ਚੀਫ਼ ਮਨਿਸਟਰ ਬਣਿਆ।
16.2.1998	ਲੋਕ ਸਭਾ ਚੋਣਾਂ ਹੋਈਆਂ। ਅਕਾਲੀ ਦਲ ਤੇ ਹਿਮਾਇਤੀ, ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਜੇਤੂ ਰਹੇ।
ਦਸੰਬਰ 1998	ਬਾਦਲ ਗਰੁਪ ਨੇ ਟੌਹੜਾ ਦੇ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ।

ਫ਼ਰਵਰੀ 1999	ਬਾਦਲ ਗਰੁਪ ਨੇ ਟੌਹੜਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਲਾਹਿਆ।
ਦਸੰਬਰ 1999	ਲੋਕ ਸਭਾ ਚੋਣਾਂ ਵਿਚ ਬਾਦਲ ਧੜੇ ਨੂੰ ਬੁਰੀ ਤਰ੍ਹਾਂ ਹਾਰ।
ਫ਼ਰਵਰੀ 2002	ਪੰਜਾਬ ਅਸੈਂਬਲੀ ਚੋਣਾਂ ਵਿਚ ਬਾਦਲ ਧੜੇ ਨੂੰ ਬੁਰੀ ਤਰ੍ਹਾਂ ਹਾਰ। ਕੈਪ: ਅਮਰਿੰਦਰ ਸਿੰਘ ਚੀਫ਼ ਮਨਿਸਟਰ ਬਣਿਆ।
ਜੁਲਾਈ 2003	ਬਾਦਲ-ਟੌਹੜਾ ਫਿਰ ਇਕੱਠੇ ਹੋ ਗਏ। ਬਾਦਲ ਨੇ ਟੌਹੜਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਫਿਰ ਮੋੜ ਦਿੱਤੀ।
ਅਕਤੂਬਰ 2003	ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਪਰਮਜੀਤ ਸਿੰਘ ਸਰਨਾ ਨੇ ਬਾਦਲ-ਟੌਹੜਾ ਧੜੇ ਨੂੰ ਹਰਾਇਆ।
ਮਈ 2004	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਵਿਚ ਬਾਦਲ ਧੜੇ ਨੂੰ 170 ਵਿਚੋਂ 130 ਤੇ ਦੂਜਿਆਂ ਨੂੰ 37 ਸੀਟਾਂ ਮਿਲੀਆਂ। ਬਾਦਲ ਧੜੇ ਦੀਆਂ ਫ਼ੀ ਸਦੀ ਵੋਟਾਂ ਸਿਰਫ਼ 57 ਫ਼ੀ ਸਦੀ ਰਹਿ ਗਈਆਂ।
2005-2006	ਬਾਦਲ ਧੜੇ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੰਡਾਂ ਦੀ ਲੁੱਟ-ਖਸੁੱਟ। ਧਰਮ ਪ੍ਰਚਾਰ ਦੇ ਕਰੋੜਾਂ ਰੁਪੈ ਅੱਯਾਸ਼ੀ ਵਾਸਤੇ ਖਰਚੇ।
2005-2006	ਬਾਦਲ ਤੇ ਵੇਦਾਂਤੀ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਘੋਰ ਬੇਅਦਬੀ।



Books by Dr. Harjinder Singh Dilgeer

English :

- Akal Takht Sahib (1980, 1995)
- Who Are the Sikhs ? (1991)
- The Sikhs' Struggle for Sovereignty (1992)
- India Kills the Sikhs (1992, 1994)
- The Sikh Reference Book (1997)
- Who Are the Sikhs ? [New] (2000)
- The Sikh Culture (2002)
- Anandpur Sahib (2003)
- Encyclopeda of Jalandhar (2004)
- Dictionary of Sikh Philosophy (2005)

Punjabi :

- Shiromani Akali Dal (1978, 2000)
- Akal Takht Sahib (1986, 2000, 2005)
- Khalistan Di Twarikh (1988)
- Sikh Hijackers (1989)
- Kharku Lekh (1990)
- Sikh Jujharvaad te Hor Lekh (1991)
- Jujharu Kalaam (1992)
- Sikh Culture (1991, 1994, 1996)
- Akali Lehar Da Kalaam (1998)
- Sikh Masley (1998)
- Anandpur Sahib (1998, 2003)
- Sikh Qaun Han ? (1999, 2007)
- 1955 Da Punjabi Subaa Morcha (1999)
- Shiromani Committee Kiven Bani (2000)
- Anandpur Sahib (Light & Sound play) (2000)
- Guru De Sher (2001)
- Sikh Philosophy Ki Hai Te Hor Lekh (2001)
- Kiratpur Sahib (2002)
- Mata Gujari Char Sahibzade Chalih Muktey (2005)
- Sikh Twarikh-1469-1849 (2007)
- Pahila Sikh Badshah Banda Singh Bahadur
- Sikh Jathebandian (forthcoming)
- Guru Ghar De Lasani Sevadar (forthcoming)

Hindi :

- Emergency Ke Atiyachar (1977)
- Anandpur Sahib Ka Itihas (2000)
- Sikh Sabhyachaar (2002)
- Sikh Quan Hain ? (2005)

Danish :

- Hvem Er Sikherne ? (1994)

Deutch :

- Wie Zijn De Sikhs ? (1994)

Deutch (German), Spanish, Portuguese, Italian, Japanese, Chinese, Thai, Urdu versions of **Who Are the Sikhs ?** are coming very soon.

***C.D.Rom :* Sikh Encyclopedia**
***Audio CDs :* Guru Nanak to Guru Gobind Singh**